# ਤਰਕਵੇਦ



ਨਰਿੰਦਰ ਸਿੰਘ ਕਪੂਰ

**ਲੇਖਕ ਦੀਆਂ ਕੁਝ ਹੋਰ ਪੁਸਤਕਾਂ :**

| | | |
|---|---|---|
| ਵਿਚਾਰ ਸੰਗ੍ਰਹਿ | : | ਮਾਲਾ ਮਣਕੇ |
| ਲੇਖ-ਸੰਗ੍ਰਹਿ | : | ਡੂੰਘੀਆਂ ਸਿਖਰਾਂ<br>ਰਾਹ-ਰਸਤੇ<br>ਅੰਤਰ ਝਾਤ<br>ਆਹਮੋ-ਸਾਹਮਣੇ<br>ਬੂਹੇ-ਬਾਰੀਆਂ<br>ਸੁਖ਼ਨ-ਸੁਨੇਹੇ<br>ਵਿਆਖਿਆ-ਵਿਸ਼ਲੇਸ਼ਣ<br>ਸੱਚੋ-ਸੱਚ<br>ਤਰਕਵੇਦ |
| ਆਲੋਚਨਾ ਅਤੇ ਖੋਜ | : | ਪੰਜਾਬੀ ਕਵਿਤਾ ਵਿਚ ਰਾਸ਼ਟਰੀ ਏਕਤਾ ਦੀ ਭਾਵਨਾ<br>ਗਿਆਨੀ ਦਿੱਤ ਸਿੰਘ-ਜੀਵਨ ਤੇ ਰਚਨਾ<br>ਪੰਜਾਬੀ ਪੱਤਰਕਾਰੀ ਦਾ ਵਿਕਾਸ |
| ਅਨੁਵਾਦ | : | ਤੁਰਗਨੇਵ: ਪਿਉ ਪੁੱਤਰ<br>ਜਵਾਹਰ ਲਾਲ ਨਹਿਰੂ: ਗਾਥਾ ਭਾਰਤ ਦੇਸ਼ ਦੀ<br>ਜੱਸਾ ਸਿੰਘ ਆਹਲੂਵਾਲੀਆ<br>ਮਾਰਟਿਨ ਲੂਥਰ ਕਿੰਗ<br>ਭਾਈ ਵੀਰ ਸਿੰਘ: ਬਾਬਾ ਨੌਧ ਸਿੰਘ (ਅੰਗ੍ਰੇਜ਼ੀ ਵਿਚ) |

# ਤਰਕਵੇਦ

ਨਰਿੰਦਰ ਸਿੰਘ ਕਪੂਰ

# Tarakved

*(A Collection of Essays)*

*by*

**Dr. Narinder Singh Kapoor**
4245, Phase 2, Urban Estate,
PATIALA 147002 India

2009
Published by Lokgeet Parkashan
S.C.O. 26-27, Sector 34 A, Chandigarh-160022
India
Ph.0172-5077427, 5077428
Punjabi Bhawan Ludhiana, 98154-71219
Type Setting & Design PCIS
Printed & bound at Unistar Books (Printing Unit)
11-A, Industrial Area, Phase-2, Chandigarh (India)
98154-71219

# ਲੇਖ-ਸੂਚੀ


| | |
|---|---|
| ➢ ਪਿਆਰ | 11 |
| ➢ ਸੁੰਦਰਤਾ | 17 |
| ➢ ਅਰਦਾਸ | 22 |
| ➢ ਦੋਸਤੀ | 27 |
| ➢ ਦੁੱਖ | 32 |
| ➢ ਰੁੱਸਣਾ | 36 |
| ➢ ਪਿਆਰ ਅਤੇ ਦੀਵਾਨਗੀ | 41 |
| ➢ ਬੱਚੇ | 46 |
| ➢ ਮੰਗੇਤਰਾਂ ਦਾ ਮੇਲ-ਮਿਲਾਪ | 51 |
| ➢ ਅੱਖਾਂ | 56 |
| ➢ ਪਿਆਰ ਅਤੇ ਵਿਆਹ | 60 |
| ➢ ਵਿਧਵਾਪਣ | 65 |
| ➢ ਦੂਜਾ ਵਿਆਹ | 69 |
| ➢ ਔਰਤ ਦੀ ਆਜ਼ਾਦੀ | 74 |
| ➢ ਹੱਸਣਾ | 78 |
| ➢ ਭੋਜਨ | 82 |
| ➢ ਮੁਆਫ਼ ਕਰਨਾ | 87 |
| ➢ ਵਿਆਹ | 92 |
| ➢ ਔਰਤ ਅਤੇ ਪੁਰਸ਼ ਦੀ ਬਰਾਬਰੀ | 98 |
| ➢ ਸੰਗੀਤ | 104 |
| ➢ ਵਿਸ਼ਵਾਸ | 109 |

➢ ਰੋਣਾ 114
➢ ਝਗੜੇ 119
➢ ਸ਼ਰਾਬੀ 124
➢ ਜੰਗ 129
➢ ਸਿਰਜਣਾ 133
➢ ਪੀੜ 138
➢ ਇਤਿਹਾਸ 142
➢ ਪ੍ਰਸਿੱਧੀ 148
➢ ਸਮਾਜਿਕ ਤਬਦੀਲੀ 153
➢ ਐਬ 159
➢ ਫ਼ੈਸਲਾ ਨਾ ਕਰ ਸਕਣਾ 164
➢ ਸਮੇਂ ਦੀ ਪਾਬੰਦੀ 170
➢ ਪ੍ਰਸ਼ੰਸਾ 175

# ਮੁੱਢਲੇ ਸ਼ਬਦ

ਮਨੁੱਖੀ ਸੂਝ ਦੇ ਤਿੰਨ ਪ੍ਰਮੁੱਖ ਯੁੱਗ ਹੋਏ ਹਨ : ਮਿਥਿਹਾਸ, ਧਰਮ ਅਤੇ ਵਿਗਿਆਨ।

ਇਨ੍ਹਾਂ ਤਿੰਨਾਂ ਯੁੱਗਾਂ ਵਿੱਚ ਮਨੁੱਖ ਨੇ ਸੰਸਾਰ ਨੂੰ ਪਰਖਣ, ਸਮਝਣ ਅਤੇ ਬਿਆਨਣ ਦਾ ਵੱਖਰਾ-ਵੱਖਰਾ ਢੰਗ ਅਪਨਾਇਆ ਹੈ, ਸੋ ਇਨ੍ਹਾਂ ਤਿੰਨਾਂ ਯੁੱਗਾਂ ਵਿੱਚ ਮਨੁੱਖੀ ਮਨ ਵਿੱਚ ਉਪਜਣ ਵਾਲੇ ਹਰ ਇੱਕ ਪ੍ਰਸ਼ਨ ਦਾ ਉੱਤਰ ਮਨੁੱਖ ਵਲੋਂ ਵੱਖਰੇ-ਵੱਖਰੇ ਤਰਕ ਨਾਲ ਦਿੱਤਾ ਗਿਆ ਹੈ।

ਉਦਾਹਰਨ ਵਜੋਂ ਭੂਚਾਲ ਸਬੰਧੀ ਮਿਥਿਹਾਸਕ ਯੁੱਗ ਵਿੱਚ ਕਿਹਾ ਗਿਆ ਕਿ ਧਰਤੀ ਇਕ ਬਲਦ ਦੇ ਸਿੰਗਾਂ ਉੱਤੇ ਟਿਕੀ ਹੋਈ ਹੈ ਅਤੇ ਜਦੋਂ ਥੱਕਿਆ ਹੋਇਆ ਬਲਦ ਧਰਤੀ ਨੂੰ ਦੂਜੇ ਸਿੰਗ ਵੱਲ ਕਰਦਾ ਹੈ ਤਾਂ ਧਰਤੀ ਡਗਮਗਾਉਂਦੀ ਹੈ, ਜਿਸ ਨੂੰ ਭੂਚਾਲ ਕਿਹਾ ਜਾਂਦਾ ਰਿਹਾ ਹੈ। ਧਰਮ ਨੇ ਭੂਚਾਲ ਦਾ ਕਾਰਨ ਇਹ ਦੱਸਿਆ ਹੈ ਕਿ ਜਦੋਂ ਸੰਸਾਰ ਵਿੱਚ ਪਾਪਾਂ ਦਾ ਘੜਾ ਭਰ ਜਾਂਦਾ ਹੈ ਤਾਂ ਧਰਤੀ ਪਾਪਾਂ ਦੇ ਬੋਝ ਕਾਰਨ ਡੋਲਦੀ ਹੈ। ਵਿਗਿਆਨ ਨੇ ਭੂਚਾਲ ਦਾ ਕਾਰਨ ਇਹ ਦੱਸਿਆ ਹੈ ਕਿ ਧਰਤੀ ਅੰਦਰਲੀਆਂ ਗੈਸਾਂ ਬਾਹਰ ਨਿਕਲਣ ਲਈ ਜਦੋਂ ਜ਼ੋਰ ਲਾਉਂਦੀਆਂ ਹਨ ਤਾਂ ਧਰਤੀ ਵਿੱਚ ਕਾਂਬਾ ਪੈਂਦਾ ਹੁੰਦਾ ਹੈ।

ਇਵੇਂ ਹੀ ਮਨੁੱਖ ਕਿੱਥੋਂ ਆਉਂਦਾ ਹੈ, ਕਿੱਥੇ ਜਾਂਦਾ ਹੈ, ਇਸ ਸੰਸਾਰ ਦੀ ਉਤਪਤੀ, ਸੂਰਜ, ਚੰਦਰਮਾ ਆਦਿ ਸਬੰਧੀ ਹਰ ਪ੍ਰਸ਼ਨ ਦਾ ਇਨ੍ਹਾਂ ਤਿੰਨਾਂ ਯੁੱਗਾਂ ਦੀਆਂ ਵੱਖਰੀਆਂ ਸੋਚ-ਪ੍ਰਣਾਲੀਆਂ ਨੇ ਵੱਖਰੇ-ਵੱਖਰੇ ਦ੍ਰਿਸ਼ਟੀਕੋਣਾਂ ਨਾਲ ਉੱਤਰ ਦਿੱਤਾ ਹੈ।

ਮਿਥਿਹਾਸਕ ਯੁੱਗ ਦੇ ਸਾਹਿਤ ਦਾ ਨਾਇਕ ਦੇਵਤਾ ਹੈ, ਧਰਮ-ਆਧਾਰਿਤ ਯੁੱਗ ਦੇ ਸਾਹਿਤ ਦਾ ਨਾਇਕ ਰੱਬ ਹੈ ਜਦੋਂ ਕਿ ਵਿਗਿਆਨ ਦੇ ਯੁੱਗ ਦਾ ਨਾਇਕ ਮਨੁੱਖ ਹੈ।

ਮੁੱਢਲਾ ਸੰਸਕ੍ਰਿਤ ਸਾਹਿਤ ਮਿਥਿਹਾਸ-ਪ੍ਰੇਰਿਤ ਹੈ ਪਰ ਪੰਜਾਬੀ ਸਾਹਿਤ ਨੂੰ ਹੋਂਦ ਵਿੱਚ ਆਇਆਂ ਬਹੁਤੀਆਂ ਸਦੀਆਂ ਨਹੀਂ ਬੀਤੀਆਂ ਇਸ ਕਰਕੇ ਪੰਜਾਬੀ ਸਾਹਿਤ ਮੁੱਖ ਤੌਰ ਉੱਤੇ ਧਰਮ-ਪ੍ਰੇਰਿਤ ਹੈ। ਵੱਖ-ਵੱਖ ਸਮੇਂ ਚਲੀਆਂ ਸਮਾਜਿਕ, ਧਾਰਮਿਕ ਅਤੇ ਸਦਾਚਾਰਕ ਲਹਿਰਾਂ ਪੰਜਾਬੀ ਸਾਹਿਤ ਨੂੰ ਪ੍ਰਭਾਵਿਤ ਕਰਦੀਆਂ ਰਹੀਆਂ ਹਨ, ਇਸੇ ਕਰਕੇ ਕਿਹਾ ਜਾਂਦਾ ਹੈ ਕਿ ਪੰਜਾਬੀ ਸਾਹਿਤ, ਪੰਜਾਬ ਵਿੱਚ ਚਲੀਆਂ ਸੁਧਾਰਕ ਲਹਿਰਾਂ ਦੀ ਦੇਣ ਹੈ। ਵੀਹਵੀਂ ਸਦੀ ਦੇ ਆਰੰਭ ਤਕ ਪੰਜਾਬੀ ਸਾਹਿਤ ਦੇ ਪ੍ਰਸਿੱਧ ਲੇਖਕ ਕਿਸੇ ਨਾ ਕਿਸੇ ਪੱਖੋਂ ਧਾਰਮਿਕ ਵਿਚਾਰਾਂ ਅਤੇ ਸਿਧਾਂਤਾਂ ਦਾ ਹੀ ਪ੍ਰਚਾਰ ਕਰਦੇ ਰਹੇ ਹਨ। ਦੇਸ਼ ਦੀ ਵੰਡ ਤਕ ਉਹੀ ਵਿਅਕਤੀ ਸਾਹਿਤ ਦੇ ਖੇਤਰ ਵਿੱਚ ਪ੍ਰਸਿੱਧ ਹੋਏ ਹਨ, ਜਿਨ੍ਹਾਂ ਨੇ ਧਾਰਮਿਕ ਵਿਸ਼ਿਆਂ ਨੂੰ ਸਮਾਜਿਕ ਦ੍ਰਿਸ਼ਟੀ ਤੋਂ ਜਾਂ ਸਮਾਜਿਕ ਵਿਸ਼ਿਆਂ ਨੂੰ ਧਾਰਮਿਕ ਦ੍ਰਿਸ਼ਟੀ ਤੋਂ ਪੇਸ਼ ਕੀਤਾ ਹੈ।

ਦੂਜੇ ਸ਼ਬਦਾਂ ਵਿੱਚ ਇਹ ਕਿਹਾ ਜਾ ਸਕਦਾ ਹੈ ਕਿ ਸਭ ਸਾਹਿਤਕਾਰਾਂ ਨੇ ਆਪਣੀ ਆਪਣੀ ਸੋਚ ਨਾਲ ਧਰਮ ਦੇ ਅਰਥ ਨਿਰਧਾਰਿਤ ਕੀਤੇ ਹਨ। ਇਹ ਹੈਰਾਨੀ ਦੀ ਗੱਲ ਨਹੀਂ ਕਿ ਦੇਸ਼-ਵੰਡ ਤਕ ਉਹੀ ਲੇਖਕ ਪ੍ਰਸਿੱਧ ਹੋਏ, ਜਿਨ੍ਹਾਂ ਨੇ ਧਰਮ ਨੂੰ ਆਪਣੇ ਅਧਿਐਨ ਦਾ ਕੇਂਦਰ ਬਣਾਇਆ ਅਤੇ ਉਹੀ ਪੁਸਤਕਾਂ ਪ੍ਰਸਿੱਧ ਹੋਈਆਂ ਜਿਹੜੀਆਂ ਧਰਮ ਨਾਲ ਸਬੰਧਤ ਸਨ। ਅਨੇਕਾਂ ਖੇਤਰਾਂ ਵਿੱਚ ਇਹ ਪ੍ਰਵਿਰਤੀ ਅਜੇ ਵੀ ਬਲਵਾਨ ਹੈ।

ਸਾਡੀ ਸੋਚ ਅਤੇ ਅਨੁਭਵ ਦਾ ਆਧਾਰ ਧਰਮ ਹੋਣ ਕਰਕੇ ਸਾਡੀ ਸੋਚ ਅਤੇ ਵਰਤਾਰੇ ਵਿੱਚ ਵਿਗਿਆਨ-ਆਧਾਰਿਤ ਵਿਸ਼ਾਲਤਾ ਨਹੀਂ ਆਈ। ਸੱਚ ਤਾਂ ਇਹ ਹੈ ਕਿ ਅਸੀਂ ਵਿਗਿਆਨ ਨੂੰ ਵਿਗਿਆਨ ਵਜੋਂ ਸਵੀਕਾਰ ਹੀ ਨਹੀਂ ਕੀਤਾ ਅਤੇ ਅਸੀਂ ਵਿਗਿਆਨ ਨੂੰ ਵੀ ਧਰਮ ਅਧੀਨ ਕਰ ਲਿਆ ਹੈ। ਪੰਜਾਬੀਆਂ ਨੇ ਆਪਣੀ ਖੁਸ਼ਹਾਲੀ ਨੂੰ ਧਾਰਮਿਕ ਉਦੇਸ਼ਾਂ ਲਈ ਹੀ ਵਰਤਿਆ ਹੈ।

ਉਦਾਹਰਣ ਵਜੋਂ ਪੰਜਾਬੀ ਜਦੋਂ ਵੀ ਸੈਰ-ਸਪਾਟੇ ਲਈ ਨਿਕਲਦਾ ਹੈ ਤਾਂ ਉਹ ਕਿਸੇ ਧਾਰਮਿਕ ਸਥਾਨ ਵੱਲ ਹੀ ਵਧਦਾ ਹੈ। ਗੱਡੀਆਂ, ਬੱਸਾਂ, ਕਾਰਾਂ ਨੂੰ ਅਸੀਂ ਅਧਿਕ ਕਰਕੇ ਰੋਜ਼ਗਾਰ ਜਾਂ ਧਾਰਮਿਕ ਯਾਤਰਾਵਾਂ ਲਈ ਹੀ ਵਰਤਦੇ ਹਾਂ। ਇਵੇਂ ਹੀ ਰੇਡੀਓ-ਟੈਲੀਵਿਜ਼ਨ ਨੂੰ ਵੀ ਗਿਆਨ-ਵਿਗਿਆਨ ਦੇ ਪ੍ਰਸਾਰ ਦੀ ਥਾਂ ਧਾਰਮਿਕ ਪ੍ਰਚਾਰ ਲਈ ਵਰਤਣ ਦੀ ਮੰਗ ਕੀਤੀ ਜਾ ਰਹੀ ਹੈ। ਸਾਡੀਆਂ ਬਹੁਤੀਆਂ ਵਿਦਿਅਕ ਸੰਸਥਾਵਾਂ ਦੇ ਨਾਂ ਅਜੇ ਵੀ ਧਰਮ-ਮੂਲਕ ਹਨ। ਵਿਗਿਆਨ ਦੇ ਪ੍ਰਭਾਵ ਅਧੀਨ ਕੁਝ ਖੇਤਰਾਂ ਵਿੱਚ ਜੀਵਨ ਮਾਣਨ ਦੀ ਇੱਛਾ ਤਾਂ ਉਪਜੀ ਹੈ ਪਰ ਜੀਵਨ ਨੂੰ ਸਮਝਣ ਦੀ ਜਗਿਆਸਾ ਅਜੇ ਉਤਪੰਨ ਨਹੀਂ ਹੋਈ।

ਇਹ ਸਮਝਣ ਦੀ ਬਹੁਤ ਜ਼ਰੂਰੀ ਲੋੜ ਹੈ ਕਿ ਧਰਮ, ਭਾਸ਼ਾ, ਸਾਹਿਤ, ਸਭਿਆਚਾਰ ਆਦਿ ਇਲਾਕਾਈ ਵਰਤਾਰੇ ਹੁੰਦੇ ਹਨ, ਜਦੋਂ ਕਿ ਵਿਗਿਆਨ ਬ੍ਰਹਿਮੰਡੀ ਵਰਤਾਰੇ ਦਾ ਅਧਿਐਨ ਕਰਦਾ ਹੈ। ਵਿਗਿਆਨ ਉਨ੍ਹਾਂ ਨੇਮਾਂ ਅਤੇ ਕਾਨੂੰਨਾਂ ਨੂੰ ਲੱਭਦਾ ਹੈ ਜਿਹੜੇ ਸਭਨੀਂ ਥਾਂਈਂ ਇਕ-ਸਮਾਨ ਲਾਗੂ ਹੁੰਦੇ ਹਨ।

ਅਜੋਕੇ ਯੁੱਗ ਵਿੱਚ ਵਿਗਿਆਨ ਦੇ ਗਿਆਨ ਤੋਂ ਬਿਨਾਂ ਨਾ ਧਰਮ ਦੇ ਕੋਈ ਅਰਥ ਹਨ ਨਾ ਸਾਹਿਤ ਦੇ। ਧਰਮ ਨੇ ਅਤੀਤ ਵਿੱਚ ਨਿਰਸੰਦੇਹ ਬੜਾ ਉਸਾਰੂ, ਲਾਭਕਾਰੀ ਅਤੇ ਮਹੱਤਵਪੂਰਨ ਰੋਲ ਨਿਭਾਇਆ ਹੈ ਪਰ ਭਵਿੱਖ ਵਿਗਿਆਨ ਦਾ ਹੈ।

ਸਾਡਾ ਸਾਹਿਤ ਧਰਮ-ਪ੍ਰੇਰਿਤ ਹੋਣ ਕਾਰਨ ਜੀਵਨ ਪ੍ਰਤਿ ਆਦਰਸ਼ਵਾਦੀ ਦ੍ਰਿਸ਼ਟੀਕੋਣ ਪ੍ਰਚਾਰਦਾ ਰਿਹਾ ਹੈ ਅਤੇ ਆਦਰਸ਼ਵਾਦੀ ਦ੍ਰਿਸ਼ਟੀਕੋਣ ਨੇ ਬਦਲੀਆਂ ਹੋਈਆਂ ਪਰਿਸਥਿਤੀਆਂ ਵਿੱਚ ਸਾਡੇ ਅਨੁਭਵ-ਖੇਤਰ ਨੂੰ ਤਾਂ ਸੀਮਤ ਕੀਤਾ ਹੀ ਹੈ, ਇਸ ਨੇ ਸਾਡੀ ਸੋਚ ਅਤੇ ਅਨੁਭਵ ਨੂੰ ਨਵੀਆਂ ਸੰਭਾਵਨਾਵਾਂ ਅਨੁਸਾਰ ਵਿਕਸਿਤ ਵੀ ਨਹੀਂ ਹੋਣ ਦਿੱਤਾ।

ਧਰਮ ਅਤੇ ਵਿਗਿਆਨ ਵਿੱਚ ਕੋਈ ਸਪਸ਼ਟ ਵਿਰੋਧ ਨਹੀਂ। ਦੋਹਾਂ ਦਾ ਉਦੇਸ਼ ਮਨੁੱਖ ਦੇ ਭਵਿੱਖ ਨੂੰ ਸੁਧਾਰਨਾ ਅਤੇ ਸੰਵਾਰਨਾ ਹੈ। ਧਰਮ ਮਨੁੱਖ ਦੀਆਂ ਆਤਮਕ ਲੋੜਾਂ ਅਤੇ ਵਿਗਿਆਨ ਮਨੁੱਖ ਦੀਆਂ ਪਦਾਰਥਕ ਲੋੜਾਂ ਵਲ ਧਿਆਨ ਦਿੰਦਾ ਹੈ। ਇਵੇਂ ਦੋਹਾਂ ਦੇ ਖੇਤਰ, ਅਧਿਐਨ ਕਰਨ ਦੀਆਂ ਵਿਧੀਆਂ ਅਤੇ ਵਿਸ਼ੇ ਵੱਖਰੇ ਹਨ। ਭੁਲੇਖੇ ਵਸ ਧਾਰਮਿਕ

ਸੋਚ ਵਾਲੇ ਬਹੁਤੇ ਲੋਕ ਵਿਗਿਆਨ ਦੇ ਇਸ ਕਰਕੇ ਵਿਰੋਧੀ ਹਨ, ਕਿਉਂਕਿ ਵਿਗਿਆਨ ਉੱਤੇ ਧਰਮ ਦਾ ਖੰਡਨ ਕਰਨ ਦਾ ਦੋਸ਼ ਲਾਇਆ ਜਾਂਦਾ ਰਿਹਾ ਹੈ।

ਸੱਚ ਤਾਂ ਇਹ ਹੈ ਕਿ ਵਿਗਿਆਨ ਨੇ ਧਰਮ ਦਾ ਵਿਰੋਧ ਨਹੀਂ ਕੀਤਾ ਸਗੋਂ, ਵਿਗਿਆਨ ਦੀ ਜਨਮ-ਭੂਮੀ ਯੋਰਪ ਵਿੱਚ, ਧਰਮ, ਵਿਗਿਆਨ ਦਾ ਵਿਰੋਧ ਕਰਦਾ ਰਿਹਾ ਹੈ, ਕਿਉਂਕਿ ਵਿਗਿਆਨ ਦੇ ਤਰਕ ਦੇ ਆਧਾਰ ਉੱਤੇ ਅਨੇਕਾਂ ਧਾਰਮਿਕ ਧਾਰਨਾਵਾਂ ਗਲਤ ਅਤੇ ਮਨਘੜਤ ਸਿੱਧ ਹੁੰਦੀਆਂ ਰਹੀਆਂ ਹਨ। ਉਦਾਹਰਣ ਵਜੋਂ ਅੰਜੀਲ ਦੇ ਆਰੰਭ ਵਿੱਚ ਕਿਹਾ ਗਿਆ ਹੈ ਕਿ ਰੱਬ ਨੇ ਸਾਰਾ ਬ੍ਰਹਿਮੰਡ ਛੇ ਦਿਨਾਂ ਵਿੱਚ ਬਣਾਇਆ ਅਤੇ ਸੱਤਵੇਂ ਦਿਨ ਰੱਬ ਨੇ ਆਰਾਮ ਕੀਤਾ, ਜਦੋਂ ਕਿ ਵਿਗਿਆਨ ਨੇ ਸਿੱਧ ਕੀਤਾ ਹੈ ਕਿ ਬ੍ਰਹਿਮੰਡ ਲੱਖਾਂ ਕਰੋੜਾਂ ਸਾਲਾਂ ਦੇ ਨਿਰੰਤਰ ਵਿਕਾਸ ਦਾ ਸਿੱਟਾ ਹੈ ਅਤੇ ਇਹ ਵਿਕਾਸ ਅਜੇ ਵੀ ਚਲ ਰਿਹਾ ਹੈ। ਧਰਮ ਨੇ ਮਨੁੱਖ ਨੂੰ ਸਤਿਯੁਗ ਤੋਂ ਡਿੱਗਦਾ ਕਲਿਯੁੱਗ ਤਕ ਨਿਘਰਦਾ ਵਿਖਾਇਆ ਹੈ, ਜਦੋਂ ਕਿ ਵਿਗਿਆਨ ਨੇ ਮਨੁੱਖ ਨੂੰ ਗੁਫ਼ਾਵਾਂ ਵਿੱਚੋਂ ਨਿਕਲ ਕੇ ਚੰਦਰਮਾ ਤਕ ਉਭਰਦਾ ਵਿਖਾਇਆ ਹੈ।

ਧਰਮ ਨੇ ਮਨੁੱਖ ਦੇ ਪਤਨ ਦੀ ਗੱਲ ਕੀਤੀ ਹੈ ਜਦੋਂ ਕਿ ਵਿਗਿਆਨ ਨੇ ਮਨੁੱਖ ਦੇ ਵਿਕਾਸ ਦਾ ਮਹਾਂ-ਕਾਵਿ ਰਚਿਆ ਹੈ। ਸਵਰਗ ਅਤੇ ਆਦਮ ਇਕ ਦੂਜੇ ਲਈ ਬਣਾਏ ਗਏ ਸਨ, ਆਦਮ ਨੂੰ ਤਾਂ ਰੱਬ ਨੇ ਸਵਰਗ ਵਿੱਚੋਂ ਬਾਹਰ ਕੱਢ ਦਿੱਤਾ ਸੀ, ਕੀ ਆਦਮ ਤੋਂ ਬਿਨਾਂ ਸਵਰਗ ਉੱਜੜ ਨਹੀਂ ਗਿਆ ਹੋਵੇਗਾ?

ਨਿਰਸੰਦੇਹ ਧਰਮ ਅਤੇ ਵਿਗਿਆਨ ਮਨੁੱਖ ਅਤੇ ਸੰਸਾਰ ਨੂੰ ਸਮਝਣ ਦੇ ਦੋ ਅਸਲੋਂ ਵੱਖਰੇ ਦ੍ਰਿਸ਼ਟੀਕੋਣ ਹਨ। ਵਿਧੀ ਦੇ ਪੱਖੋਂ ਇਨ੍ਹਾਂ ਵਿੱਚ ਕੁਝ ਵੀ ਸਾਂਝਾ ਨਹੀਂ ਪਰ ਦੋਹਾਂ ਦਾ ਉਦੇਸ਼ ਸੱਚ ਨੂੰ ਲੱਭਣਾ ਹੈ। ਧਰਮ ਦਾ ਵਿਸ਼ਾ ਰੱਬ ਹੈ, ਵਿਗਿਆਨ ਦਾ ਵਿਸ਼ਾ, ਮਾਦਾ ਹੈ। ਧਰਮ ਕਹਿੰਦਾ ਹੈ ਕਿ ਰੱਬ ਦੇ ਹੁਕਮ ਬਿਨਾਂ ਪੱਤਾ ਵੀ ਨਹੀਂ ਹਿੱਲ ਸਕਦਾ, ਵਿਗਿਆਨ ਦੱਸਦਾ ਹੈ ਕਿ ਪਾਣੀ ਦਾ ਥੱਲੇ ਵੱਲ ਵਹਿਣਾ, ਪ੍ਰਕ੍ਰਿਤੀ ਦੇ ਹੋਰ ਅਣਗਿਣਤ ਨੇਮਾਂ ਵਿੱਚੋਂ ਇਕ ਨੇਮ ਹੈ, ਜਿਸ ਨੂੰ ਰੱਬ ਵੀ ਨਹੀਂ ਬਦਲ ਸਕਦਾ।

ਹੁਣ ਸਮਾਂ ਆ ਗਿਆ ਹੈ ਅਤੇ ਸਾਨੂੰ ਨਿਰਣਾ ਕਰਨਾ ਪਵੇਗਾ ਕਿ ਅਸੀਂ ਜੀਵਨ ਅਤੇ ਸੰਸਾਰ ਨੂੰ ਵਿਗਿਆਨਕ ਦ੍ਰਿਸ਼ਟੀਕੋਣ ਤੋਂ ਸਮਝਣਾ ਹੈ ਜਾਂ ਧਾਰਮਿਕ ਦ੍ਰਿਸ਼ਟੀਕੋਣ ਤੋਂ, ਅਸੀਂ ਅਤੀਤਮੁਖੀ ਹੋਣਾ ਹੈ ਜਾਂ ਭਵਿੱਖਵਾਦੀ?

ਸਾਨੂੰ ਇਹ ਵੀ ਯਾਦ ਰੱਖਣਾ ਚਾਹੀਦਾ ਹੈ ਕਿ ਸੁਨਹਿਰੀ ਯੁੱਗ ਬੀਤੇ ਹੋਏ ਕਾਲ ਵਿੱਚ ਨਹੀਂ, ਸਗੋਂ ਆਉਣ ਵਾਲੇ ਯੁੱਗ ਵਿੱਚ ਹੁੰਦੇ ਹਨ।

ਪੰਜਾਬੀ ਵਿੱਚ ਧਰਮ-ਪ੍ਰੇਰਿਤ, ਉਪਭਾਵਕ, ਉਪਦੇਸ਼ਾਤਮਕ ਅਤੇ ਆਦਰਸ਼ਵਾਦੀ ਸਾਹਿਤ ਦੀ ਪਰੰਪਰਾ ਬੜੀ ਵਿਸ਼ਾਲ ਹੈ ਪਰ ਗਿਆਨ-ਵਿਗਿਆਨ ਨਾਲ ਸਬੰਧਤ ਵਿਸ਼ਿਆਂ ਉੱਤੇ ਗੰਭੀਰਤਾ ਨਾਲ ਵਿਸ਼ਾਲ ਪੱਧਰ ਉੱਤੇ ਲਿਖਿਆ ਜਾਣਾ ਅਜੇ ਆਰੰਭ ਨਹੀਂ ਹੋਇਆ ਅਤੇ ਜਦੋਂ ਤਕ ਇਹ ਨਹੀਂ ਹੁੰਦਾ, ਪੰਜਾਬੀ ਬੋਲੀ ਨੂੰ ਸਤਿਕਾਰਯੋਗ ਸਥਾਨ ਦਿਵਾਉਣ ਦੀ ਮੰਗ ਤਰਲਿਆਂ ਦੀ ਪੱਧਰ ਤੋਂ ਅੱਗੇ ਨਹੀਂ ਜਾਵੇਗੀ।

ਪੰਜਾਬੀ ਵਿੱਚ ਕਵਿਤਾ, ਕਹਾਣੀ, ਨਾਵਲ ਆਦਿ ਤਾਂ ਲਿਖੇ ਜਾ ਰਹੇ ਹਨ ਪਰ ਗਿਆਨ-ਆਧਾਰਿਤ ਵਾਰਤਕ ਦਾ ਖੇਤਰ ਅਜੇ ਸੁੰਨਾ ਹੀ ਹੈ। ਹਥਲੀ ਪੁਸਤਕ ਇਸ ਸੁੰਨ-ਸਮਾਧੀ ਨੂੰ ਤੋੜਨ ਦਾ ਨਿਮਾਣਾ ਜਿਹਾ ਯਤਨ ਹੈ। ਇਸ ਪੁਸਤਕ ਵਿੱਚ ਵਿਭਿੰਨ ਆਮ-ਸਾਧਾਰਣ ਵਿਸ਼ਿਆਂ ਸਬੰਧੀ ਪਸਰੀ ਧੁੰਦ ਨੂੰ ਵਿਗਿਆਨਕ ਅਤੇ ਯਥਾਰਥਕ ਦ੍ਰਿਸ਼ਟੀਕੋਣ ਤੋਂ ਦੂਰ ਕਰਨ ਦਾ ਯਤਨ ਕੀਤਾ ਗਿਆ ਹੈ।

ਇਸ ਪੁਸਤਕ ਵਿਚਲੇ ਲੇਖਾਂ ਦਾ ਉਦੇਸ਼ ਨਵੀਂ ਸੋਚ ਵਾਲੇ ਉਸ ਮਨੁੱਖ ਦੀ ਉਸਾਰੀ ਕਰਨਾ ਹੈ, ਜਿਸ ਦੇ ਕਲਾਵੇ ਵਿਚ ਸਾਰਾ ਸੰਸਾਰ ਆ ਜਾਵੇ, ਜਿਸ ਦੇ ਪੈਰ ਧਰਤੀ ਉਤੇ ਵਧੇਰੇ ਵਿਸ਼ਵਾਸ ਨਾਲ ਚਲਣ, ਜਿਸ ਦੀ ਨਜ਼ਰ ਨਵੇਂ ਦੁਮੇਲ ਸਿਰਜੇ ਅਤੇ ਜਿਸ ਦੀ ਦ੍ਰਿਸ਼ਟੀ ਬ੍ਰਹਿਮੰਡ ਜਿਤਨੀ ਵਿਸ਼ਾਲ ਹੋਵੇ।

ਅਜੋਕੇ ਯੁੱਗ ਦੇ ਸੰਤਾਪ, ਸੰਕਟ, ਮੁਸ਼ਕਿਲਾਂ ਅਤੇ ਮੁਸੀਬਤਾਂ ਪਹਿਲੇ ਯੁੱਗਾਂ ਦੀਆਂ ਚਣੌਤੀਆਂ ਨਾਲੋਂ ਵੱਖਰੀਆਂ ਹੀ ਨਹੀਂ ਵਧੇਰੇ ਗੰਭੀਰ ਵੀ ਹਨ, ਸੋ ਸਾਨੂੰ ਅਜਿਹੀ ਨਵੀਂ, ਨਿੱਗਰ ਅਤੇ ਨਰੋਈ ਸੋਚ ਦੀ ਲੋੜ ਹੈ, ਜਿਹੜੀ ਆਫ਼ਤਾਂ ਨੂੰ ਅਵਸਰਾਂ ਵਿਚ ਬਦਲ ਦੇਵੇ ਅਤੇ ਜਿਹੜੀ ਹਨੇਰਿਆਂ ਤੋਂ ਪਾਰ ਵੇਖ ਸਕੇ। ਅਜ ਸਾਨੂੰ ਉਨ੍ਹਾਂ ਵਿਅਕਤੀਆਂ ਦੀ ਲੋੜ ਹੈ, ਜਿਹੜੇ ਸਮੁੱਚੀ ਮਾਨਵਤਾ ਅਤੇ ਸਮੁੱਚੇ ਵਿਸ਼ਵ ਦੇ ਸੰਦਰਭ ਵਿਚ ਸੋਚ ਸਕਣ। ਇਹ ਪੁਸਤਕ ਅਜਿਹੇ ਹੀ ਵਿਅਕਤੀਆਂ ਨੂੰ ਸਮਰਪਿਤ ਹੈ। ਇਹ ਪੁਸਤਕ ਤੁਹਾਡੇ ਵਿਚ ਛੁਪੀਆਂ ਅਜਿਹੀਆਂ ਸੰਭਾਵਨਾਵਾਂ ਜਗਾਉਣ ਦਾ ਵੀ ਉਪਰਾਲਾ ਹੈ।

ਪਾਠਕਾਂ ਦੇ ਪ੍ਰਤੀਕਰਮਾਂ, ਟਿੱਪਣੀਆਂ, ਰਾਵਾਂ ਅਤੇ ਸੁਝਾਵਾਂ ਨੂੰ ਮੈਂ ਆਪਣੀ ਨੇਕ ਕਮਾਈ ਸਮਝਾਂਗਾ।


– ਨਰਿੰਦਰ ਸਿੰਘ ਕਪੂਰ

ਸਾਬਕਾ ਪ੍ਰੋਫ਼ੈਸਰ, ਜਰਨਲਿਜ਼ਮ ਵਿਭਾਗ,

ਪੰਜਾਬੀ ਯੂਨੀਵਰਸਿਟੀ, ਪਟਿਆਲਾ

# ਪਿਆਰ

ਪਿਆਰ, ਪ੍ਰੇਮੀ ਵੱਲੋਂ ਪ੍ਰੇਮਿਕਾ ਦੇ ਹੁਸਨ ਨੂੰ ਅਤੇ ਪ੍ਰੇਮਿਕਾ ਵੱਲੋਂ ਪ੍ਰੇਮੀ ਦੀ ਛੂਹ ਨੂੰ ਮਾਣਨ ਦੇ ਉਪਰਾਲੇ ਦਾ ਨਾਂ ਹੈ।

ਹਰ ਇਕ ਮਨੁੱਖ ਭਾਵਕ ਪੱਖੋਂ ਆਪਣੇ ਆਪ ਨੂੰ ਇਕੱਲਾ ਅਨੁਭਵ ਕਰਦਾ ਹੈ ਅਤੇ ਉਸ ਨੂੰ ਕਿਸੇ ਨਾ ਕਿਸੇ ਦੇ ਸਾਥ ਦੀ ਲੋੜ ਹੁੰਦੀ ਹੈ।

ਇਕੱਲ ਦੂਰ ਕਰਨ ਲਈ ਕੋਈ ਅਜਨਬੀ ਸਾਥੀ, ਕਿਸੇ ਜਾਣੇ-ਪਛਾਣੇ ਸਾਥੀ ਦੇ ਮੁਕਾਬਲੇ, ਵਧੇਰੇ ਸਹਾਈ ਅਤੇ ਲੁਭਾਉਣਾ ਹੁੰਦਾ ਹੈ।

ਸਾਡੀਆਂ ਰਿਸ਼ਤੇਦਾਰੀਆਂ ਜਨਮ ਸਮੇਂ ਹੀ ਸਾਡੇ ਉਤੇ ਥੋਪ ਦਿੱਤੀਆਂ ਜਾਂਦੀਆਂ ਹਨ ਪਰ ਪਿਆਰ ਸਾਡੀ ਆਪਣੀ ਸਹੇੜੀ ਹੋਈ ਰਿਸ਼ਤੇਦਾਰੀ ਹੁੰਦਾ ਹੈ।

ਪਿਆਰ ਕਰਨਾ, ਭਾਵਕ ਖੇਤਰ ਵਿਚ ਆਪਣੇ ਪੈਰਾਂ ਉਤੇ ਖੜ੍ਹੇ ਹੋਣ ਦਾ ਅਮਲ ਹੁੰਦਾ ਹੈ। ਕਈ ਕਵੀਆਂ ਨੇ ਕਿਹਾ ਹੈ ਕਿ ਪਿਆਰ ਪਾਇਆਂ ਨਹੀਂ ਪੈਂਦਾ, ਇਹ ਆਪ-ਮੁਹਾਰੇ ਪੈ ਜਾਂਦਾ ਹੈ ਪਰ ਜੇਕਰ ਨਿਰਭਾਵਕ ਦ੍ਰਿਸ਼ਟੀਕੋਣ ਤੋਂ ਸੋਚਿਆ ਜਾਵੇ ਤਾਂ ਇਹ ਸੰਕਲਪ ਢਹਿ-ਢੇਰੀ ਹੋ ਜਾਵੇਗਾ।

ਪਿਆਰ ਪੈਣ ਵਿਚ ਸਾਡੀ ਸਭਿਆਚਾਰਿਕ ਪੱਧਰ, ਆਰਥਿਕ ਸਥਿਤੀ, ਵਿਦਿਅਕ ਯੋਗਤਾ, ਖ਼ਾਨਦਾਨੀ ਪਿਛੋਕੜ, ਸਾਡੀ ਡੀਲ-ਡੌਲ, ਸਾਡੀ ਚਮੜੀ ਦਾ ਰੰਗ, ਕੱਦ-ਕਾਠ, ਆਵਾਜ਼, ਅੱਖਾਂ, ਸ਼ਬਦਾਵਲੀ, ਜੀਵਨ-ਦ੍ਰਿਸ਼ਟੀਕੋਣ, ਧਰਮ, ਭਾਸ਼ਾ, ਇਲਾਕਾ, ਨੇੜਤਾ, ਸਭਿਆਚਾਰ, ਜੀਵਨ-ਆਦਰਸ਼ ਅਤੇ ਉਮਰ ਆਦਿ ਵਿਭਿੰਨ ਪੱਖ ਅਹਿਮ ਅਤੇ ਫ਼ੈਸਲਾਕੁਨ ਰੋਲ ਅਦਾ ਕਰਦੇ ਹਨ।

ਬਹੁਤੇ ਲੋਕ ਸਰੀਰਕ ਭੁਖਾਅ ਨੂੰ ਹੀ ਪਿਆਰ ਸਮਝ ਲੈਂਦੇ ਹਨ। ਅਸੀਂ ਹਰ ਰੋਜ਼ ਅਨੇਕਾਂ ਪੁਰਸ਼ਾਂ, ਔਰਤਾਂ ਨੂੰ ਮਿਲਦੇ ਹਾਂ ਪਰ ਉਨ੍ਹਾਂ ਨਾਲ ਸਾਡਾ ਪਿਆਰ ਨਹੀਂ ਪੈਂਦਾ।

ਜਦੋਂ ਉਪਰੋਕਤ ਬਿਆਨ ਕੀਤੇ ਪੱਖ ਦੋ ਵਿਅਕਤੀਆਂ ਵਿਚ ਇਕਸੁਰ ਹੋ ਕੇ ਆਹਮੋ-ਸਾਹਮਣੇ ਹੁੰਦੇ ਹਨ ਤਾਂ ਹੀ ਪਿਆਰ ਦੀ ਸੰਭਾਵਨਾ ਉਜਾਗਰ ਹੁੰਦੀ ਹੈ ਪਰ ਤਾਂ ਵੀ ਪਿਆਰ ਪਾਉਣ ਲਈ ਯਤਨ ਜ਼ਰੂਰ ਕਰਨਾ ਪੈਂਦਾ ਹੈ। ਇਹ ਵੱਖਰੀ ਗੱਲ ਹੈ ਕਿ ਅਜਿਹਾ ਯਤਨ ਕਰਦਿਆਂ ਅਸੀਂ ਯਤਨ ਸਬੰਧੀ ਸੁਚੇਤ ਨਹੀਂ ਹੁੰਦੇ।

ਪਿਆਰ ਵਿਚ ਸਾਡੇ ਗਿਆਨ-ਇੰਦਰੇ ਨਿਰਣੇ ਦਾ ਕਾਰਜ ਨਿਭਾਉਂਦੇ ਹਨ।

ਪ੍ਰੇਮੀ ਦੀਆਂ ਅੱਖਾਂ ਨੂੰ ਪ੍ਰੇਮਿਕਾ ਦਾ ਚੰਗਾ ਲੱਗਣਾ ਪਹਿਲੀ ਸ਼ਰਤ ਹੈ।

ਜਿਹੜਾ ਸਾਡੀਆਂ ਅੱਖਾਂ ਨੂੰ ਹੀ ਨਹੀਂ ਜੱਚਿਆ, ਉਸ ਨਾਲ ਪਿਆਰ ਕਰਨ ਦੀ ਸੰਭਾਵਨਾ ਉਜਾਗਰ ਨਹੀਂ ਹੋ ਸਕਦੀ।

ਪਤਨੀਆਂ ਭਾਵੇਂ ਸੋਹਣੀਆਂ ਨਾ ਹੋਣ ਪਰ ਪ੍ਰੇਮਿਕਾਵਾਂ ਦਾ ਸੋਹਣਾ ਹੋਣਾ ਬੜਾ ਜ਼ਰੂਰੀ ਹੈ। ਪਹਿਲਾਂ ਅਸੀਂ ਪ੍ਰੇਮਿਕਾ ਨੂੰ ਵੇਖਦੇ ਹਾਂ ਫਿਰ ਉਸਨੂੰ ਸੁਣਦੇ ਹਾਂ।

ਪਿਆਰ ਵਿਚ ਪੁਰਸ਼ ਵੇਖਣ ਦਾ ਕਾਰਜ ਵਧੇਰੇ ਕਰਦਾ ਹੈ, ਜਦੋਂ ਕਿ ਪ੍ਰੇਮਿਕਾ ਸੁਣਨ-ਬੋਲਣ ਦਾ ਕਾਰਜ ਵਧੇਰੇ ਕਰਦੀ ਹੈ।

ਵੇਖਣਾ ਅਤੇ ਸੁਣਨਾ ਪਿਆਰ ਵਧਾਉਂਦਾ ਹੈ।

ਜਿਸ ਇਸਤਰੀ ਦੀ ਸ਼ਬਦ-ਚੋਣ ਅਤੇ ਉਚਾਰਣ ਸਾਨੂੰ ਪਸੰਦ ਨਹੀਂ ਹੁੰਦਾ, ਉਹ ਭਾਵੇਂ ਕਿੰਨੀ ਵੀ ਸੋਹਣੀ ਹੋਵੇ, ਉਸ ਨਾਲ ਪਿਆਰ ਸੰਭਵ ਨਹੀਂ ਹੁੰਦਾ।

ਪ੍ਰੇਮੀ, ਪ੍ਰੇਮਿਕਾ ਦੀ ਸੁੰਦਰਤਾ ਦਾ ਗੁਣ-ਗਾਇਨ ਕਰਦਾ ਹੈ ਅਤੇ ਪ੍ਰੇਮਿਕਾ ਸੁਣ-ਸੁਣ ਕੇ ਗਦ-ਗਦ ਹੋ ਉੱਠਦੀ ਹੈ।

ਇਤਨੇ ਵਿਕਾਸ ਤੋਂ ਉਪਰੰਤ ਪ੍ਰੇਮੀ ਵਿਚ ਪ੍ਰੇਮਿਕਾ ਨੂੰ ਛੂਹਣ ਦੀ ਇੱਛਾ ਅਤੇ ਪ੍ਰੇਮਿਕਾ ਵਿਚ ਛੂਹੇ ਜਾਣ ਦੀ ਇੱਛਾ ਜਾਗਦੀ ਹੈ। ਛੂਹਣ ਉਪਰੰਤ ਜਾਂ ਇਸ ਦੇ ਨੇੜੇ-ਤੇੜੇ ਪ੍ਰੇਮੀ ਅਤੇ ਪ੍ਰੇਮਿਕਾ ਕੁਝ ਖਾਂਦੇ ਹਨ ਅਰਥਾਤ ਸੁਆਦ ਦੇ ਆਨੰਦ ਦਾ ਸਾਂਝਾ ਗਿਆਨ ਪ੍ਰਾਪਤ ਕਰਦੇ ਹਨ। ਇਸ ਉਪਰੰਤ ਇਕ ਦੂਜੇ ਨੂੰ ਸੁੰਘਣ ਦੀ ਇੱਛਾ ਨਾਲ ਉਹ ਚੁੰਮਦੇ ਹਨ ਅਤੇ ਹੋਰ ਅਜਿਹਾ ਕਾਰਜ ਕਰਦੇ ਹਨ।

ਇਹ ਇਕ ਨੀਮ-ਬੇਹੋਸ਼ੀ ਦੀ ਹਾਲਤ ਹੁੰਦੀ ਹੈ।

ਮਨੋ-ਵਿਗਿਆਨਕ ਪੱਖ ਤੋਂ ਪ੍ਰੇਮੀ ਅਤੇ ਪ੍ਰੇਮਿਕਾ ਰੋਗੀ ਬਣ ਜਾਂਦੇ ਹਨ। ਉਹ ਬੀਮਾਰਾਂ ਵਾਂਗ ਵਿਚਰਦੇ ਹਨ, ਇਕ ਦੂਜੇ ਦਾ ਹਾਲ ਪੁੱਛਦੇ ਹਨ ਅਤੇ ਆਪਣੇ ਮਨ ਦੀਆਂ ਗੱਲਾਂ ਇਵੇਂ ਕਰਨ ਲੱਗ ਪੈਂਦੇ ਹਨ, ਜਿਵੇਂ ਇਕ ਮਰੀਜ਼ ਹੋਵੇ ਅਤੇ ਦੂਜਾ ਡਾਕਟਰ।

ਪਿਆਰ ਅਜਿਹਾ ਰੋਗ ਹੈ, ਜਿਸ ਦਾ ਇਲਾਜ ਕੋਈ ਨਹੀਂ, ਕਿਉਂਕਿ ਜਿਸ ਕੋਲ ਇਸ ਦੇ ਇਲਾਜ ਲਈ ਜਾਣ ਦੀ ਸੰਭਾਵਨਾ ਹੁੰਦੀ ਹੈ, ਉਹ ਆਪ ਇਸ ਰੋਗ ਦਾ ਮਰੀਜ਼ ਹੁੰਦਾ ਹੈ ਜਾਂ ਮਰੀਜ਼ ਬਣਨਾ ਚਾਹੁੰਦਾ ਹੈ।

ਪਿਆਰ ਇਕ ਰੋਗ ਹੋਣ ਦੇ ਬਾਵਜੂਦ, ਇਕ ਰੋਗ ਪ੍ਰਤੀਤ ਨਹੀਂ ਹੁੰਦਾ।

ਪਿਆਰ ਨਾਲ ਸਾਡੇ ਦਿਲ-ਦਿਮਾਗ ਦੇ ਅਨੇਕਾਂ ਬਾਰੀਆਂ-ਦਰਵਾਜ਼ੇ ਖੁੱਲਦੇ ਹਨ।

ਅਸੀਂ ਕਲਪਨਾਸ਼ੀਲ ਹੋ ਜਾਂਦੇ ਹਾਂ ਅਤੇ ਖਿਲਰੀਆਂ ਹੋਈਆਂ ਵਸਤਾਂ ਵਿਚ ਸਾਨੂੰ ਇਕ ਲੜੀ ਪ੍ਰਤੀਤ ਹੋਣ ਲੱਗ ਪੈਂਦੀ ਹੈ।

ਪਿਆਰ ਪੈਂਦਿਆਂ ਹੀ ਸਾਡੇ ਲਈ ਸੰਸਾਰ ਦੇ ਅਰਥ ਬਦਲ ਜਾਂਦੇ ਹਨ।

ਜੀਵਨ ਦਾ ਕੋਈ ਹੋਰ ਅਨੁਭਵ ਅਜਿਹਾ ਨਹੀਂ, ਜਿਸ ਵਿਚ ਸਾਡੇ ਪੰਜੇ ਗਿਆਨ-ਇੰਦਰੇ ਕਾਰਜਸ਼ੀਲ ਹੋ ਜਾਣ। ਇਸੇ ਲਈ ਅਸੀਂ ਪਿਆਰ-ਅਨੁਭਵ ਨੂੰ ਸਭ ਅਨੁਭਵਾਂ ਦਾ ਬਾਦਸ਼ਾਹ ਕਹਿੰਦੇ ਹਾਂ।

ਪਿਆਰ ਕਰਨਾ ਅਸਲ ਵਿਚ ਮਾਪਿਆਂ ਦੇ ਪ੍ਰਭਾਵ ਤੋਂ ਮੁਕਤ ਹੋਣ ਅਤੇ ਉਨ੍ਹਾਂ ਤੋਂ ਸੁਤੰਤਰ ਇਕ ਸੰਸਾਰ ਸਿਰਜਣ ਦੀ ਕਿਰਿਆ ਹੁੰਦਾ ਹੈ।

ਇਸੇ ਲਈ ਪ੍ਰੇਮੀ ਆਪਣੇ ਪਿਆਰ ਨੂੰ ਮਾਪਿਆਂ ਤੋਂ ਗੁਪਤ ਰੱਖਦੇ ਹਨ।

ਮਾਪਿਆਂ ਦਾ ਪ੍ਰਛਾਵਾਂ ਪੈਣ ਨਾਲ ਨਵਾਂ ਸੰਸਾਰ ਗ੍ਰਹਿਣਿਆ ਜਾਂਦਾ ਹੈ।

ਸਮਾਜ ਸਾਡੇ ਮਾਪਿਆਂ ਦਾ ਹੀ ਵਿਸਤਰਿਤ ਰੂਪ ਹੁੰਦਾ ਹੈ, ਸੋ ਪ੍ਰੇਮੀ ਆਪਣੇ ਪਿਆਰ ਨੂੰ ਸਮਾਜ ਤੋਂ ਵੀ ਛੁਪਾਉਂਦੇ ਹਨ।

ਸਾਡੇ ਪਿਆਰ ਦੇ ਸਭ ਤੋਂ ਪਹਿਲੇ ਦੁਸ਼ਮਣ ਸਾਡੇ ਮਾਪੇ ਹੀ ਬਣਦੇ ਹਨ।

ਸਮਾਜ ਦੀ ਲੜਾਈ ਵੀ ਘਰ ਵਿਚ ਹੀ ਲੜੀ ਜਾਂਦੀ ਹੈ। ਮਾਪੇ ਅਤੇ ਸਮਾਜ, ਪਿਆਰ ਦੇ ਉਸਾਰੂ ਨਹੀਂ ਕੇਵਲ ਮਾਰੂ ਪੱਖਾਂ ਪ੍ਰਤਿ ਹੀ ਸੁਚੇਤ ਹੁੰਦੇ ਹਨ।

ਇਥੇ ਪੀੜ੍ਹੀਆਂ ਦਾ ਅੰਤਰ ਭਿੜਦਾ ਹੈ। ਮਾਪੇ ਗਿਆਨ ਅਤੇ ਤਜਰਬੇ ਦੇ ਪ੍ਰਤੀਕ ਬਣ ਜਾਂਦੇ ਹਨ ਜਦੋਂ ਕਿ ਪ੍ਰੇਮੀ ਅਨੁਭਵ, ਕਲਪਨਾ ਅਤੇ ਭਾਵਕਤਾ ਦੇ ਹਥਿਆਰਾਂ ਨਾਲ ਆਪਣੀ ਆਜ਼ਾਦੀ ਦੀ ਲੜਾਈ ਲੜਦੇ ਹਨ।

ਸੱਚੇ ਪਿਆਰ ਦਾ ਮਾਰਗ ਕਦੀ ਸਿੱਧਾ ਨਹੀਂ ਹੁੰਦਾ, ਕਿਉਂਕਿ ਪਿਆਰ ਨੂੰ ਸਮਾਜ ਦੇ ਸਥਾਪਤ ਕਾਨੂੰਨਾਂ ਵਿਰੁਧ ਬਗਾਵਤ ਸਮਝ ਕੇ ਕੁੱਚਲਣ ਦਾ ਯਤਨ ਕੀਤਾ ਜਾਂਦਾ ਹੈ। ਇਹ ਕਠਿਨਾਈਆਂ ਪਿਆਰ ਨੂੰ ਹੋਰ ਮਨਮੋਹਣਾ ਬਣਾਉਂਦੀਆਂ ਹਨ।

ਇਥੇ ਆ ਕੇ ਲਗਭਗ ਸਾਰੇ ਪ੍ਰੇਮੀ, ਕਵੀ ਬਣ ਜਾਂਦੇ ਹਨ ਅਤੇ ਉਨ੍ਹਾਂ ਦੀ ਮੌਖਿਕ ਕਵਿਤਾ ਵਿਚ ਸ਼ਿੰਗਾਰ ਅਤੇ ਕਰੁਣਾ ਰਸ ਅਤੇ ਅਤਿਕਥਨੀ ਅਲੰਕਾਰ ਦੀ ਵਰਤੋਂ ਵੱਧ ਜਾਂਦੀ ਹੈ। ਇਹ ਬਗਾਵਤ ਅਤੇ ਵਿਰੋਧ ਦੀ ਸਥਿਤੀ ਹੁੰਦੀ ਹੈ ਅਤੇ ਸਾਰੀ ਕਹਾਣੀ ਨਾਟਕੀ ਰੂਪ ਧਾਰ ਲੈਂਦੀ ਹੈ।

ਪ੍ਰੇਮੀ-ਪ੍ਰੇਮਿਕਾ ਇਕ-ਦੂਜੇ ਨੂੰ ਰੱਬ ਦੀ ਹੋਂਦ ਦਾ ਸਬੂਤ ਮੰਨਦੇ ਹਨ ਅਤੇ ਪ੍ਰੇਮੀ ਸਾਰੇ ਬ੍ਰਹਿਮੰਡ ਨੂੰ ਸੁੰਗੇੜ ਕੇ ਆਪਣੀ ਪ੍ਰੇਮਿਕਾ ਉਤੇ ਕੇਂਦਰਿਤ ਕਰ ਲੈਂਦਾ ਹੈ ਅਤੇ ਆਪਣੀ ਪ੍ਰੇਮਿਕਾ ਨੂੰ ਫੈਲਾ ਕੇ ਉਸ ਨੂੰ ਬ੍ਰਹਿਮੰਡ ਬਣਾ ਲੈਂਦਾ ਹੈ।

ਦੋਹਾਂ ਲਈ ਸੰਸਾਰ ਅਤੇ ਜੀਵਨ ਦੇ ਅਰਥ ਇਕ ਦੂਜੇ ਦੇ ਸੰਦਰਭ ਵਿਚ ਹੀ ਹੁੰਦੇ ਹਨ। ਇੱਥੇ ਪਹੁੰਚ ਕੇ ਇਕ ਦੂਜੇ ਬਿਨਾਂ ਮਰ ਜਾਣ ਦੀਆਂ ਕਸਮਾਂ ਖਾਧੀਆਂ ਜਾਂਦੀਆਂ ਹਨ।

ਪ੍ਰੇਮੀ ਕਦੀ ਗੱਲਾਂ ਕਰਦੇ ਨਹੀਂ ਥੱਕਦੇ, ਕਿਉਂਕਿ ਉਹ ਆਪਣੀ ਹੀ ਮਹਿਮਾ ਗਾ ਰਹੇ ਹੁੰਦੇ ਹਨ। ਇਵੇਂ ਇਕ ਦੂਜੇ ਦੀ ਹਉਮੈ ਦੀ ਮਾਲਸ਼ ਹੋਣ ਲਗਦੀ ਹੈ। ਪਿਆਰ ਦੇ ਸੇਕ ਅਤੇ ਨਿੱਘ ਨਾਲ ਦੋਵੇਂ ਧਿਰਾਂ ਪੂਰੇ ਜੋਬਨ ਵਿਚ ਆ ਜਾਂਦੀਆਂ ਹਨ।

ਹੁਣ ਪ੍ਰੇਮੀ, ਦੀਵਾਨੇ, ਪ੍ਰਵਾਨੇ ਬਣ ਕੇ ਪਾਗਲਪਣ ਦੇ ਖੇਤਰ ਵਿਚ ਦਾਖਲ ਹੁੰਦੇ ਹਨ ਅਤੇ ਉਨ੍ਹਾਂ ਦੇ ਅਮਲ ਆਲੇ-ਦੁਆਲੇ ਨਾਲ ਬੇਮੇਚ ਹੋ ਜਾਂਦੇ ਹਨ।

ਕਿਉਂਕਿ ਸਾਰਾ ਸਮਾਜਿਕ ਝਗੜਾ ਪ੍ਰੇਮਿਕਾ ਉਤੇ ਕੇਂਦਰਿਤ ਹੁੰਦਾ ਹੈ, ਉਹ ਇਥੇ ਪਹੁੰਚ ਕੇ ਜਾਂ ਤਾਂ ਗੋਡੇ ਟੇਕ ਦਿੰਦੀ ਹੈ ਜਾਂ ਚੰਡੀ ਦਾ ਰੂਪ ਧਾਰ ਲੈਂਦੀ ਹੈ।

ਇਸ ਸਥਿਤੀ ਵਿਚ ਪ੍ਰੇਮੀਆਂ ਲਈ ਕੁਝ ਵੀ ਕਰਨਾ ਅਸੰਭਵ ਨਹੀਂ ਹੁੰਦਾ।

ਉਹ ਨਵੀਆਂ ਤੋਂ ਨਵੀਆਂ ਤਰਕੀਬਾਂ ਸੋਚਦੇ ਹਨ, ਜਿਹੜੀਆਂ ਮਾਪਿਆਂ ਅਤੇ ਵੱਡੀ ਉਮਰ ਦੇ ਲੋਕਾਂ ਨੂੰ ਹਾਸੋਹੀਣੀਆਂ ਪ੍ਰਤੀਤ ਹੁੰਦੀਆਂ ਹਨ।

ਪਰੰਪਰਾਗਤ ਸਮਾਜਾਂ ਵਿਚ ਪਿਆਰ ਪ੍ਰਵਾਨ ਨਹੀਂ ਕੀਤਾ ਜਾਂਦਾ, ਵਿਆਹ ਹੀ ਪ੍ਰਵਾਨ ਕੀਤਾ ਜਾਂਦਾ ਹੈ, ਸੋ ਅਜਿਹੇ ਸਮਾਜਾਂ ਵਿਚ ਪ੍ਰੇਮੀ, ਪਿਆਰ ਪੈਂਦਿਆਂ ਹੀ ਵਿਆਹ ਬਾਰੇ ਵਿਚਾਰਾਂ ਕਰਨ ਲਗ ਪੈਂਦੇ ਹਨ।

ਪਿਆਰ ਦੀ ਇੱਛਾ ਮੁੱਢਲੇ ਰੂਪ ਵਿਚ ਵਿਆਹ ਦੀ ਤਾਂਘ ਅਰਥਾਤ ਕਾਮ-ਇੱਛਾ ਵਿਚੋਂ ਉਪਜਦੀ ਹੈ। ਪ੍ਰੇਮੀ ਇਕ ਦੂਜੇ ਨੂੰ ਬਣਨ ਵਾਲੇ ਪਤੀ-ਪਤਨੀ ਸਮਝ ਕੇ ਆਪਣੇ ਜੀਵਨ ਦੇ ਨਕਸ਼ੇ ਬਣਾਉਂਦੇ ਹਨ ਪਰ ਵਿਆਹ ਦੀ ਦਹਿਲੀਜ਼ ਟੱਪਦਿਆਂ ਹੀ ਪਿਆਰ ਲੋਪ ਹੋ ਜਾਂਦਾ ਹੈ ਅਤੇ ਜੇ ਉਹ ਪੰਜ ਸਾਲ ਪ੍ਰੇਮੀ ਰਹੇ ਹੋਣ ਤਾਂ ਉਨ੍ਹਾਂ ਦਾ ਵਿਆਹ ਇਕ ਦਮ ਪੰਜ ਸਾਲ ਪੁਰਾਣਾ ਹੋ ਜਾਂਦਾ ਹੈ ਅਤੇ ਪੰਜ ਸਾਲ ਦੀ ਥਕਾਵਟ ਉਨ੍ਹਾਂ ਨੂੰ ਆਣ ਘੇਰਦੀ ਹੈ।

ਪ੍ਰੇਮੀਆਂ ਦੇ ਝਗੜੇ ਦਾ ਅੰਤ ਚੁੰਮਣਾਂ ਨਾਲ ਹੁੰਦਾ ਹੈ ਪਰ ਵਿਆਹ ਉਪਰੰਤ ਲਹੂ ਵਿਚ ਤਰੰਗਾਂ ਪੈਦਾ ਕਰਨ ਵਾਲੀ ਚੰਚਲਤਾ ਲੱਭਿਆਂ ਨਹੀਂ ਲੱਭਦੀ ਅਤੇ ਝਗੜੇ ਉਪਜਦੇ ਹਨ, ਵਿਆਹਿਆਂ ਦੇ ਝਗੜਿਆਂ ਦਾ ਅੰਤ ਨਵੇਂ ਝਗੜੇ ਬਣਦਾ ਹੈ।

ਪਿਆਰ ਨੂੰ ਇਸ ਲਈ ਅੰਨ੍ਹਾ ਕਿਹਾ ਜਾਂਦਾ ਹੈ, ਕਿਉਂਕਿ ਪ੍ਰੇਮੀ ਅਤੇ ਪ੍ਰੇਮਿਕਾ ਦੋਵੇਂ ਆਪਣੀ ਸਮਰੱਥਾ ਨਾਲੋਂ ਵੱਡੀ ਛਾਲ ਮਾਰਨ ਸਮੇਂ ਆਪਣੀਆਂ ਅੱਖਾਂ ਮੀਚ ਲੈਂਦੇ ਹਨ।

ਉਨ੍ਹਾਂ ਨੂੰ ਦਿਸਣਾ ਬੰਦ ਨਹੀਂ ਹੋ ਜਾਂਦਾ, ਉਹ ਦੇਖਣਾ ਬੰਦ ਕਰ ਦਿੰਦੇ ਹਨ।

ਉਹ ਕਲਪਨਾ ਦੀ ਆਪਣੀ ਇਕ ਵੱਖਰੀ ਅਤੇ ਵੱਖਰੇ ਰੰਗਾਂ ਵਾਲੀ ਇਕ ਧੁੰਦਲੀ ਦੁਨੀਆਂ ਉਸਾਰ ਲੈਂਦੇ ਹਨ।

ਪਿਆਰ ਇਕ ਅਜਿਹਾ ਰੁਜ਼ਗਾਰ ਹੈ, ਜਿਸ ਵਿਚ ਨਾ ਕੋਈ ਛੁੱਟੀ ਮਿਲਦੀ ਹੈ, ਨਾ ਹੀ ਪ੍ਰੇਮੀ ਕੋਈ ਛੁੱਟੀ ਲੈਣੀ ਚਾਹੁੰਦੇ ਹਨ।

ਪਿਆਰ ਇਕ ਮਹਿੰਗਾ ਸ਼ੌਕ ਹੈ।

ਕਿਸੇ ਨੇ ਅਜੇ ਤਕ ਕਿਸੇ ਕੰਗਾਲ ਨਾਲ ਪਿਆਰ ਨਹੀਂ ਕੀਤਾ।

ਜਿਨ੍ਹਾਂ ਨੇ ਪਿਆਰ ਨਹੀਂ ਕੀਤਾ ਹੁੰਦਾ, ਉਹ ਜੀਵਨ ਵਿਚ ਵੱਡੀਆਂ ਖੁਸ਼ੀਆਂ ਤੋਂ ਵਿਰਵੇ ਰਹਿ ਜਾਂਦੇ ਹਨ ਅਤੇ ਜਿਨ੍ਹਾਂ ਨੇ ਕੀਤਾ ਹੁੰਦਾ ਹੈ, ਉਨ੍ਹਾਂ ਨੂੰ ਦੁੱਖਾਂ ਤੋਂ ਸਿਵਾਏ ਕੁਝ ਪ੍ਰਾਪਤ ਨਹੀਂ ਹੁੰਦਾ।

ਪਿਆਰ ਬੁਖ਼ਾਰ ਜਾਂ ਮੌਸਮ ਵਾਂਗ ਹੁੰਦਾ ਹੈ, ਇਸ 'ਚ ਉਤਰਾਅ-ਚੜ੍ਹਾਅ ਆਉਣੇ ਅਟੱਲ ਨੇਮ ਹਨ ਪਰ ਅਸਫਲਤਾ ਪਿਆਰ ਦੀ ਹੋਣੀ ਹੈ।

ਅਸੀਂ ਪ੍ਰਸਿੱਧ ਪ੍ਰੇਮੀਆਂ ਦੀਆਂ ਕਹਾਣੀਆਂ ਬੜੇ ਚਾਵਾਂ ਨਾਲ ਪੜ੍ਹਦੇ ਹਾਂ ਪਰ ਆਪਣੀ ਪੀੜ੍ਹੀ ਦੇ ਪ੍ਰੇਮੀਆਂ ਨੂੰ ਵੇਖ ਨਹੀਂ ਸੁਖਾਉਂਦੇ। ਇਸ ਦਾ ਅਰਥ ਇਹ ਹੋਇਆ ਕਿ ਅਸੀਂ ਆਪ ਤਾਂ ਪਿਆਰ ਕਰਨਾ ਚਾਹੁੰਦੇ ਹਾਂ ਪਰ ਦੂਜਿਆਂ ਦੇ ਪਿਆਰ ਦੇ ਦੁਸ਼ਮਣ ਹੁੰਦੇ ਹਾਂ।

ਈਰਖਾ, ਪਿਆਰ ਦੀ ਵਾੜ ਹੁੰਦੀ ਹੈ।

ਪਿਆਰ ਇਕ ਅਜਿਹੀ ਕਾਇਆ-ਕਲਪ ਕਰਨ ਵਾਲੀ ਸਿੱਖਿਆ ਹੈ, ਜਿਸ ਨਾਲ ਗੰਵਾਰ, ਸਭਿਅਕ ਬਣ ਜਾਂਦੇ ਹਨ ਅਤੇ ਲੜਾਕੇ, ਸਾਊ ਬਣ ਜਾਂਦੇ ਹਨ।

ਬਹੁਤੇ ਵਿਅਕਤੀ ਕਿਸੇ ਨੂੰ ਪਿਆਰ ਕਰਨ ਦੀ ਥਾਂ ਇਹ ਇੱਛਾ ਕਰਦੇ ਰਹਿੰਦੇ ਹਨ ਕਿ ਕਿਸੇ ਨੂੰ ਉਨ੍ਹਾਂ ਨਾਲ ਪਿਆਰ ਹੋ ਜਾਵੇ।

ਜਦੋਂ ਪ੍ਰੇਮੀ ਖਾਮੋਸ਼ ਹੁੰਦੇ ਹਨ, ਉਦੋਂ ਹੀ ਉਹ ਇਕ ਦੂਜੇ ਨੂੰ ਚੰਗੀ ਤਰ੍ਹਾਂ ਸਮਝਦੇ ਹਨ।

ਪ੍ਰੇਮੀ ਇਕ ਦੂਜੇ ਦੀ ਪ੍ਰਵਾਨਗੀ ਵਾਸਤੇ ਇੰਜ ਲੱਛਦੇ ਹਨ ਜਿਵੇਂ ਬੇਵੱਸ ਬੱਚੇ ਮਾਪਿਆਂ ਲਈ ਤੜਪਦੇ ਹਨ।

ਹਰ ਇਕ ਵਿਅਕਤੀ ਜੀਵਨ ਵਿਚ ਇਕ ਵਾਰੀ ਜ਼ਰੂਰ ਪਿਆਰ ਦੇ ਅਖਾੜੇ ਵਿਚ ਉਤਰਦਾ ਹੈ ਅਤੇ ਇਹ ਅਨੁਭਵ ਕਿਸੇ ਵੀ ਹੋਰ ਅਨੁਭਵ ਦੇ ਮੁਕਾਬਲੇ ਉਸ ਦੀ ਸ਼ਖ਼ਸੀਅਤ ਘੜਨ ਵਿਚ ਵਧੇਰੇ ਯੋਗਦਾਨ ਪਾਉਂਦਾ ਹੈ।

ਪਿਆਰ ਵਿਚੋਂ ਅੰਤਾਂ ਦੀ ਬੇਚੈਨੀ ਜਨਮਦੀ ਹੈ। ਇਹ ਬੇਚੈਨੀ ਕਲਾਤਮਕ ਅਤੇ ਸਿਰਜਣਾਤਮਕ ਸੰਭਾਵਨਾਵਾਂ ਵਾਲੀ ਹੁੰਦੀ ਹੈ। ਪਾਗਲ, ਪ੍ਰੇਮੀ, ਕਵੀ ਅਤੇ ਕਲਾਕਾਰ ਆਦਿ ਪਿਆਰ ਕਰਨ ਦੀ ਸਾਂਝ ਕਾਰਨ ਆਪਸ ਵਿਚ ਸੰਗੀ ਹੁੰਦੇ ਹਨ।

ਪਿਆਰ ਨਾਲ ਔਰਤ ਦੀ ਕੋਮਲਤਾ ਅਤੇ ਪੁਰਸ਼ ਦੀ ਬਹਾਦਰੀ ਇਕ ਦੂਜੇ ਵਿਚ ਪ੍ਰਵੇਸ਼ ਕਰ ਜਾਂਦੀ ਹੈ ਅਤੇ ਪ੍ਰੇਮੀ ਇਕ-ਦੂਜੇ ਦਾ ਕਾਇਆ-ਕਲਪ ਕਰ ਦਿੰਦੇ ਹਨ।

ਪਿਆਰ ਕਰਨ ਵਾਲੀ ਇਸਤਰੀ ਅੰਤਾਂ ਦੀ ਬਹਾਦਰ ਹੋ ਜਾਂਦੀ ਹੈ, ਜਦੋਂ ਕਿ ਪੁਰਸ਼ ਵਿਚ ਕੋਮਲਤਾ ਪਸਰ ਜਾਂਦੀ ਹੈ। ਜਿਹੜੀ ਔਰਤ ਚੂਹੇ ਤੋਂ ਡਰਦੀ ਹੈ, ਪਿਆਰੇ ਨੂੰ ਮਿਲਣ ਲਈ ਉਹ ਕੰਧਾਂ, ਕੋਠੇ ਵੀ ਟੱਪ ਜਾਂਦੀ ਹੈ।

ਪ੍ਰੇਮੀ, ਇਸਤਰੀ ਵਾਂਗ ਹਰ ਵੇਲੇ ਸ਼ੀਸ਼ੇ ਸਾਹਮਣੇ ਖਲੋ ਕੇ ਆਪਣੇ ਰੂਪ ਅਤੇ ਜੋਬਨ ਨੂੰ ਨਿਹਾਰਨ ਲੱਗ ਪੈਂਦਾ ਹੈ।

ਪਿਆਰ ਕਰਦੇ ਵਿਅਕਤੀ ਦੀਆਂ ਅੱਖਾਂ ਲਈ ਹਰ ਵਸਤ ਪਿਆਰ ਦੇ ਪਾਰਸ-ਪੱਥਰ 'ਤੇ ਪਰਖਿਆ ਹੋਇਆ ਸੋਨਾ ਬਣ ਜਾਂਦੀ ਹੈ।

ਪ੍ਰੇਮੀਆਂ ਦੇ ਰੁਸੇਵੇਂ ਪਿਆਰ ਨੂੰ ਪੀਡਾ ਕਰਦੇ ਹਨ ਅਤੇ ਉਨ੍ਹਾਂ ਦਾ ਰੁੱਸਣਾ ਆਪਣੇ ਸੱਚੇ ਹੋਣ ਦਾ ਐਲਾਨਨਾਮਾ ਹੁੰਦਾ ਹੈ ਅਤੇ ਮਨਾਏ ਜਾਣ ਦਾ ਤਰਲਾ।

ਪ੍ਰੇਮੀਆਂ ਨੂੰ ਇਹ ਭੁਲੇਖਾ ਹੁੰਦਾ ਹੈ ਕਿ ਆਲੇ-ਦੁਆਲੇ ਦੇ ਲੋਕਾਂ ਦੀਆਂ ਅੱਖਾਂ ਹੈ ਹੀ ਨਹੀਂ ਜਦੋਂ ਕਿ ਦੂਜੇ ਲੋਕਾਂ ਦੇ ਕੰਨ, ਨੱਕ ਵੀ ਅੱਖਾਂ ਬਣ ਜਾਂਦੇ ਹਨ।

ਪ੍ਰੇਮੀ ਆਜ਼ਾਦੀ ਦੀ ਲੜਾਈ ਲੜਦੇ-ਲੜਦੇ ਇਕ ਦੂਜੇ ਦੇ ਗੁਲਾਮ ਬਣ ਜਾਂਦੇ ਹਨ। ਪ੍ਰੇਮੀ, ਆਪਣੇ ਆਪ ਨੂੰ ਆਜ਼ਾਦ ਉਦੋਂ ਹੀ ਸਮਝਦੇ ਹਨ ਜਦੋਂ ਉਹ ਇਕ-ਦੂਜੇ ਦੀ ਗਲਵਕੜੀ ਵਿਚ ਕਸੇ ਹੋਏ ਹੁੰਦੇ ਹਨ।

ਪਿਆਰ ਅੰਤਾਂ ਦਾ ਥਕਾ ਦੇਣ ਵਾਲਾ ਅਤੇ ਨਿਚੋੜ ਦੇਣ ਵਾਲਾ ਅਨੁਭਵ ਹੁੰਦਾ ਹੈ ਅਤੇ ਇਸ ਖੇਤਰ ਵਿਚ ਹਾਰੀ-ਸਾਰੀ ਪੂਰਾ ਨਹੀਂ ਉਤਰ ਸਕਦਾ।

ਪਿਆਰ-ਮੰਡਲਾਂ ਵਿਚ ਵਿਚਰਦੇ ਪ੍ਰੇਮੀਆਂ ਦੇ ਖੰਭ ਉੱਗ ਆਉਂਦੇ ਹਨ ਪਰ ਵਿਆਹ ਜੀਵਨ-ਭਰ ਫਹੁੜੀਆਂ ਦੇ ਸਹਾਰੇ ਚੱਲਣ ਵਾਲੀ ਕਿਰਿਆ ਬਣ ਜਾਂਦੀ ਹੈ।

ਜਿਹੜੇ ਕੁਝ ਪ੍ਰੇਮੀ ਵਿਆਹ ਕਰਵਾ ਲੈਂਦੇ ਹਨ ਉਹ ਵਿਆਹ ਕਰਵਾਉਣ ਨੂੰ ਹੀ ਆਪਣੀ ਸਰਵੋਤਮ ਪ੍ਰਾਪਤੀ ਸਮਝਦੇ ਹਨ ਅਤੇ ਜੀਵਨ ਭਰ ਆਪਣੇ ਪਿਆਰ ਅਤੇ ਵਿਆਹ ਦੀਆਂ ਕਹਾਣੀਆਂ ਸੁਣਾਉਂਦੇ ਰਹਿੰਦੇ ਹਨ।

ਭਾਵੇਂ ਕਿਸੇ ਨੂੰ ਸਾਰੀ ਉਮਰ ਕਿਸੇ ਨਾਲ ਪਿਆਰ ਰਿਹਾ ਹੋਵੇ ਪਰ ਮਾਣ ਕਰਨਯੋਗ ਕੁਝ ਘੜੀਆਂ ਹੀ ਹੁੰਦੀਆਂ ਹਨ।

ਪਿਆਰ ਨਾਲ ਸਬੰਧਤ ਸਰੂਰ ਦੇਣ ਵਾਲੀਆਂ ਯਾਦਾਂ ਅਕਸਰ ਪਿਆਰ ਦੇ ਮੁੱਢਲੇ ਦੌਰ ਨਾਲ ਸਬੰਧਤ ਹੁੰਦੀਆਂ ਹਨ।

ਪਿਆਰ ਦਾ ਅਨੁਭਵ ਇਸ ਲਈ ਚੰਗਾ ਲਗਦਾ ਹੈ ਕਿਉਂਕਿ ਆਪਣੇ ਲਈ ਕਿਸੇ ਨੂੰ ਤਾਂਘਦੇ ਵੇਖਣ ਤੋਂ ਵਧੇਰੇ ਕੋਈ ਦਿਲਕਸ਼ ਦ੍ਰਿਸ਼ ਨਹੀਂ ਹੁੰਦਾ।

ਸਭ ਤੋਂ ਸੰਘਣਾ ਪਿਆਰ ਪ੍ਰੇਮਿਕਾ ਨੂੰ ਕੀਤਾ ਜਾਂਦਾ ਹੈ ਅਤੇ ਸਭ ਤੋਂ ਲੰਮਾ ਪਿਆਰ ਮਾਂ ਨੂੰ ਅਤੇ ਸਭ ਤੋਂ ਉਪਜਾਊ ਪਿਆਰ ਪਤਨੀ ਨੂੰ ਕੀਤਾ ਜਾਂਦਾ ਹੈ।

ਪਿਆਰ ਨੂੰ ਉਹੀ ਸਮਝ ਸਕਦੇ ਹਨ, ਜਿਨ੍ਹਾਂ ਨੇ ਕਿਸੇ ਨੂੰ ਪਿਆਰ ਕੀਤਾ ਹੋਵੇ।

ਪਿਆਰ ਕਰਨ ਨਾਲ ਸਾਡੀ ਸੋਚ ਵਿਸ਼ਾਲ ਅਤੇ ਸਾਡਾ ਅਨੁਭਵ ਡੂੰਘਾ ਹੋ ਜਾਂਦਾ ਹੈ ਅਤੇ ਇਹ ਪੱਖ ਸਾਡੇ ਵਿਹਾਰ ਦੇ ਸਦੀਵੀ ਲੱਛਣ ਬਣ ਜਾਂਦੇ ਹਨ।

◊◊◊

# ਸੁੰਦਰਤਾ

ਸੁੰਦਰਤਾ ਉਹ ਹੈ ਜਿਸ ਦੀ ਸੌਂਕਣ ਵੀ ਸਿਫ਼ਤ ਕਰੇ।

ਸੁੰਦਰਤਾ ਪਰਮਾਤਮਾ ਦੀ ਮੁਸਕਰਾਹਟ ਹੈ।

ਖ਼ੂਬਸੂਰਤੀ ਕਿਸੇ ਦੀਆਂ ਅੱਖਾਂ ਜਾਂ ਬੁੱਲ੍ਹਾਂ ਜਾਂ ਦੰਦਾਂ ਵਿਚ ਨਹੀਂ ਹੁੰਦੀ, ਇਹ ਇਨ੍ਹਾਂ ਸਭ ਵਿਚਲੇ ਅਤਿਅੰਤ ਉੱਤਮ ਦਰਜੇ ਦਾ ਅਨੁਪਾਤ ਹੁੰਦੀ ਹੈ ਅਤੇ ਇਸ ਵਿਚ ਇਕ ਲੱਛਣ ਦਾ ਲਾਭ ਦੂਜੇ ਨੂੰ ਪ੍ਰਾਪਤ ਹੁੰਦਾ ਹੈ।

ਜਿਵੇਂ ਚੰਦਰਮਾ ਸੂਰਜ ਕਾਰਨ ਖ਼ੂਬਸੂਰਤ ਹੈ, ਤਾਰੇ ਰਾਤ ਕਾਰਨ ਸੋਹਣੇ ਲਗਦੇ ਹਨ, ਇਵੇਂ ਹੀ ਕਿਸੇ ਸੁੰਦਰੀ ਦੇ ਚਿਹਰੇ ਉੱਤੇ ਬਿੰਦੀ ਇਸ ਕਰਕੇ ਸੁੰਦਰ ਲਗਦੀ ਹੈ, ਕਿਉਂਕਿ ਬਿੰਦੀ ਦੇ ਪਿੱਛੇ ਸੋਹਣਾ ਮੱਥਾ ਹੁੰਦਾ ਹੈ।

ਸੁੰਦਰਤਾ ਦਾ ਪ੍ਰਭਾਵ ਅੰਸ਼ਾਂ ਵਿਚ ਨਹੀਂ, ਸਮੁੱਚਤਾ ਵਿਚ ਹੁੰਦਾ ਹੈ।

ਇਵੇਂ ਆਮ ਕਰਕੇ ਅਨੁਪਾਤਸ਼ੀਲਤਾ ਨੂੰ ਸੁੰਦਰਤਾ ਅਤੇ ਅਨੁਪਾਤਹੀਣਤਾ ਨੂੰ ਕੋਹਝਾਪਣ ਜਾਂ ਕਰੂਪਤਾ ਕਹਿੰਦੇ ਹਨ।

ਕਿਸੇ ਵਸਤ ਦਾ ਖ਼ੂਬਸੂਰਤ ਲਗਣਾ ਸਾਡੀਆਂ ਅੱਖਾਂ ਉੱਤੇ ਨਿਰਭਰ ਕਰਦਾ ਹੈ।

ਸਾਡੀਆਂ ਅੱਖਾਂ ਦਿਲ ਨਾਲ ਸਲਾਹ ਕਰਕੇ ਕਿਸੇ ਦੀ ਖ਼ੂਬਸੂਰਤੀ ਦਾ ਪਹਿਲਾ ਅਤੇ ਅੰਤਮ ਫੈਸਲਾ ਦਿੰਦੀਆਂ ਹਨ।

ਜਿਹੜਾ ਸਾਡੀਆਂ ਅੱਖਾਂ ਨੂੰ ਨਹੀਂ ਜੱਚਦਾ, ਉਸ ਨਾਲ ਪਿਆਰ ਕਰਨ ਦੀ ਸੰਭਾਵਨਾ ਨਹੀਂ ਹੁੰਦੀ। ਅੱਖਾਂ ਉਪਰੰਤ ਸੁੰਦਰ ਸ਼ਖ਼ਸੀਅਤ ਸਾਡੇ ਕੰਨਾਂ ਨੂੰ ਭਾਉਂਦੀ ਹੈ।

ਸਰੀਰਕ ਸੁੰਦਰਤਾ ਅਤੇ ਆਵਾਜ਼, ਕਿਸੇ ਦੀ ਸੁੰਦਰਤਾ ਦੇ ਪਹਿਲੇ ਦੋ ਪੜਾਅ ਹੁੰਦੇ ਹਨ। ਇਹ ਦੋਵੇਂ ਪੱਖ ਇੱਕ ਦੂਜੇ ਦੀ ਘਾਟ ਨੂੰ ਕੱਜ ਲੈਂਦੇ ਹਨ ਪਰ ਜਿੱਥੇ ਦੋਵੇਂ ਆਪਣੇ ਜੋਬਨ ਉੱਤੇ ਹੋਣ, ਉਥੇ ਪਾਣੀਆਂ ਨੂੰ ਅੱਗ ਲੱਗ ਜਾਂਦੀ ਹੈ, ਉਥੇ ਸੱਖਣੇ ਭਰੇ ਜਾਂਦੇ ਹਨ, ਉਥੇ ਸਭ ਭੁੱਖਾਂ ਮਿਟ ਜਾਂਦੀਆਂ ਹਨ, ਉਥੇ ਬੁੱਢੇ ਜਵਾਨ ਹੋ ਜਾਂਦੇ ਹਨ, ਉਥੇ ਸਾਰਾ ਸੰਸਾਰ ਸੋਹਣਾ ਸੋਹਣਾ ਲੱਗਣ ਲੱਗ ਜਾਂਦਾ ਹੈ।

ਖ਼ੂਬਸੂਰਤੀ ਉਹ ਨਹੀਂ ਹੁੰਦੀ ਜਿਸ ਦੇ ਸਾਹਮਣੇ ਅਸੀਂ ਹੀਣੇ ਅਨੁਭਵ ਕਰੀਏ ਸਗੋਂ ਖ਼ੂਬਸੂਰਤੀ ਉਹ ਹੈ ਜਿਸ ਦੀ ਹਾਜ਼ਰੀ ਵਿਚ ਸਾਨੂੰ ਆਪਣਾ ਆਪ ਚੰਗਾ ਲੱਗੇ ਅਤੇ ਸਾਨੂੰ ਆਪਣੇ ਸੋਹਣੇ ਹੋਣ ਦਾ ਅਹਿਸਾਸ ਹੋਵੇ।

ਸੁੰਦਰਤਾ ਜਾਂ ਖ਼ੂਬਸੂਰਤੀ ਉਹ ਹੈ ਜਿਸ ਦੀ ਸੇਵਾ ਵਿਚ ਮਨੁੱਖ ਤਨ, ਮਨ, ਧਨ ਲਗਾ ਦੇਵੇ। ਜ਼ਿੰਦਗੀ ਦੇ ਬਹੁਤੇ ਫੈਸਲੇ ਅਸੀਂ ਸੋਚ-ਵਿਚਾਰ ਉਪਰੰਤ ਕਰਦੇ ਹਾਂ, ਪਰ ਖ਼ੂਬਸੂਰਤੀ

ਦੇ ਪ੍ਰਭਾਵ ਅਧੀਨ ਕੀਤਾ ਫੈਸਲਾ ਸੋਚ-ਵਿਚਾਰ ਉੱਤੇ ਨਹੀਂ, ਸਾਡੇ ਮਹਿਸੂਸ ਕਰਨ ਦੀ ਯੋਗਤਾ ਉਤੇ ਨਿਰਭਰ ਕਰਦਾ ਹੈ।

ਖ਼ੂਬਸੂਰਤੀ ਆਪਣੇ ਆਪ ਵਿਚ ਇਕ ਸਿਫਾਰਸ਼ ਹੈ, ਇਸ ਨੂੰ ਕੋਈ ਵੀ ਕੰਮ ਕਰਵਾਉਣ ਲਈ, ਕਿਸੇ ਵੀ ਹੋਰ ਸਹਿਯੋਗ ਦੀ ਲੋੜ ਨਹੀਂ ਹੁੰਦੀ।

ਸੁੰਦਰ ਇਸਤਰੀ ਨੂੰ ਲੰਮੀ ਲਾਈਨ ਵਿਚ ਖੜਨਾ ਨਹੀਂ ਪੈਂਦਾ।

ਖ਼ੂਬਸੂਰਤੀ ਉਹ ਹੈ ਜਿਸ ਦੀ ਇਕ ਨਜ਼ਰ ਦੀ ਪ੍ਰਾਪਤੀ ਲਈ ਪੁਰਸ਼ਾਂ ਵਿਚ ਚੁਪ--ਚੁਪੀਤਾ ਸੰਘਰਸ਼ ਛਿੜ ਪਵੇ।

ਕਹਿੰਦੇ ਹਨ ਸੁੰਦਰ ਲੋਕਾਂ ਨੂੰ ਪੈਸੇ ਜਾਂ ਪਰਸ ਰੱਖਣ ਦੀ ਲੋੜ ਨਹੀਂ, ਕਿਉਂਕਿ ਉਹ ਜਿੱਥੇ ਵੀ ਜਾਣਗੇ, ਪੈਸੇ ਦੇਣ ਵਾਸਤੇ ਕੋਈ ਨਾ ਕੋਈ ਤਿਆਰ ਹੋਵੇਗਾ।

ਸੁੰਦਰਤਾ ਦਾ ਕੋਈ ਕਾਰਨ ਨਹੀਂ ਹੁੰਦਾ।

ਸੁੰਦਰਤਾ ਦਾ ਹੋਣਾ ਹੀ ਇਸ ਦਾ ਤਰਕ ਹੁੰਦਾ ਹੈ, ਜਿਸ ਕਾਰਨ ਸੁੰਦਰਤਾ ਨੂੰ ਕਿਸੇ ਗਵਾਹੀ ਦੀ ਲੋੜ ਨਹੀਂ ਪੈਂਦੀ। ਸੁੰਦਰਤਾ ਹਰ ਹਾਲਤ ਵਿਚ ਪ੍ਰਭਾਵਿਤ ਕਰਦੀ ਹੈ।

ਸੁੰਦਰਤਾ ਉਹ ਹੈ ਜਿਹੜੀ ਸਾਨੂੰ ਚੰਗੇਰੇ ਜੀਵਨ ਦੀ ਲਟਕ ਲਾਵੇ ਅਤੇ ਸਾਡੇ ਲਈ ਚੰਗੇ ਬਣਨਾ ਸੌਖਾ ਕਰ ਦੇਵੇ।

ਸੁੰਦਰਤਾ ਇੱਕ ਅਜਿਹੀ ਖੁਸ਼ਬੂ ਹੈ, ਜਿਸ ਦਾ ਕੋਈ ਨਾਂ ਨਹੀਂ ਹੁੰਦਾ।

ਸੁੰਦਰ ਚਿਹਰਾ ਉਹ ਹੈ ਜਿਸ ਦੇ ਪ੍ਰਗਟ ਹੋਣ ਨਾਲ, ਪੈ ਰਿਹਾ ਸ਼ੋਰ ਬੰਦ ਹੋ ਜਾਵੇ ਅਤੇ ਸਾਰੀਆਂ ਗਰਦਨਾਂ ਉਧਰ ਘੁੰਮ ਜਾਣ।

ਇਵੇਂ ਸੁੰਦਰਤਾ ਵਿਚ ਹੜ੍ਹ ਦੇ ਪਾਣੀਆਂ ਨੂੰ ਦਰਿਆ ਦੇ ਕਿਨਾਰਿਆਂ ਵਿਚ ਲਿਆਉਣ ਦੀ ਸਮਰੱਥਾ ਹੁੰਦੀ ਹੈ।

ਸੁੰਦਰਤਾ ਵਿਚ ਸਥਿਤੀ ਨੂੰ ਬਦਲਣ ਦੀ ਅਥਾਹ ਸ਼ਕਤੀ ਹੁੰਦੀ ਹੈ।

ਸੁੰਦਰਤਾ, ਅਸੰਭਵ ਨੂੰ ਸੰਭਵ ਬਣਾ ਦਿੰਦੀ ਹੈ।

ਸੁੰਦਰਤਾ ਨਾਲ ਸ਼ਾਂਤ ਲੋਕ, ਜਜ਼ਬੇ ਭਰੇ ਕੰਮਾਂ ਵਿਚ ਉੱਛਲਣ ਲੱਗਦੇ ਹਨ ਅਤੇ ਭੜਕੀ ਹੋਈ ਭੀੜ ਸ਼ਾਂਤ ਹੋ ਜਾਂਦੀ ਹੈ। ਸੁੰਦਰਤਾ ਵਿਚ ਮੂਰਖ ਨੂੰ ਸਿਆਣਾ ਅਤੇ ਸਿਆਣੇ ਨੂੰ ਦੀਵਾਨਾ ਬਣਾਉਣ ਦੀ ਸ਼ਕਤੀ ਹੁੰਦੀ ਹੈ। ਖ਼ੂਬਸੂਰਤੀ ਨੂੰ ਵੇਖਕੇ ਨਿਰਜੋਤ ਅੱਖਾਂ ਵੀ ਜਗਮਗਾਉਣ ਲੱਗਦੀਆ ਹਨ, ਕੰਨ ਉਹ ਆਵਾਜ਼ਾਂ ਸੁਣਨ ਲੱਗਦੇ ਹਨ, ਜਿਨ੍ਹਾਂ ਦੀ ਹੋਂਦ ਬਾਰੇ ਵੀ ਅਸੀਂ ਪਹਿਲਾਂ ਸੁਚੇਤ ਨਹੀਂ ਹੁੰਦੇ।

ਸੁੰਦਰਤਾ ਦੀ ਹਾਜ਼ਰੀ ਵਿਚ ਹਰ ਕੋਈ ਜਵਾਨ ਮਹਿਸੂਸ ਕਰਦਾ ਹੈ।

ਕਹਿੰਦੇ ਹਨ; ਸੁੰਦਰਤਾ ਉਹ ਹੈ ਜਿਸ ਵਿਚ ਬਾਂਕੇ, ਸਾਧ ਬਣ ਜਾਣ ਅਤੇ ਜਿਸ ਦੇ ਚਰਖੇ ਦੀ ਘੂਕ ਸੁਣ ਕੇ ਜੋਗੀ ਪਹਾੜੋਂ ਉਤਰ ਆਉਣ।

ਜ਼ਿੰਦਗੀ ਨੂੰ ਜਿਊਣ ਯੋਗ ਬਣਾਉਣ ਲਈ ਸੁੰਦਰਤਾ ਬੜੀ ਜ਼ਰੂਰੀ ਹੈ। ਖ਼ੂਬਸੂਰਤੀ ਦਾ ਉਹੀ ਲਾਭ ਹੁੰਦਾ ਹੈ ਜੋ ਕਿਸੇ ਵੀ ਲਾਭਦਾਇਕ ਵਸਤ ਦਾ ਹੋ ਸਕਦਾ ਹੈ।

ਜ਼ਿੰਦਗੀ ਦਾ ਜਜ਼ਬਾ, ਜੀਵਨ ਦੀ ਲਟਕ ਅਤੇ ਜਿਊਣ ਦਾ ਚਾਅ ਸੁੰਦਰਤਾ ਦੇ ਪ੍ਰਮੁੱਖ ਸੋਮੇ ਹਨ। ਖ਼ੁਦਕੁਸ਼ੀ ਕਰਨ ਵਾਲੇ ਲੋਕ ਕਦੀ ਖ਼ੂਬਸੂਰਤ ਨਹੀਂ ਹੁੰਦੇ, ਕਿਉਂਕਿ ਖ਼ੂਬਸੂਰਤੀ ਸਾਨੂੰ ਜੀਵਨ ਮਾਣਨ ਅਤੇ ਕੁਦਰਤ ਦੇ ਬਲਿਹਾਰੇ ਹੋਣਾ ਸਿਖਾਉਂਦੀ ਹੈ।

ਅਜੋਕੇ ਯੁਗ ਦੇ ਲੋਕਾਂ ਦੀ ਬਹੁ-ਗਿਣਤੀ ਉਚੇਚ ਨਾਲ ਆਪਣੇ ਨੱਕ, ਮੂੰਹ, ਕੰਨ ਆਦਿ ਦੀਆਂ ਤਸਵੀਰਾਂ ਖਿਚਵਾਉਣ ਵਿਚ ਮਗਨ ਹੈ।

ਖ਼ੂਬਸੂਰਤੀ ਵਿਚ ਉਚੇਚ ਨਹੀਂ ਹੁੰਦਾ, ਇਸ ਵਿਚ ਕਾਹਲ ਨਹੀਂ ਹੁੰਦੀ, ਇਸ ਨੂੰ ਕਿਸੇ ਸਜਾਵਟ ਦੀ ਲੋੜ ਨਹੀਂ ਹੁੰਦੀ, ਇਸ ਵਿਚ ਦੂਜਿਆਂ ਦਾ ਧਿਆਨ ਖਿੱਚਣ ਦੀ ਲਾਲਸਾ ਨਹੀਂ ਹੁੰਦੀ, ਇਸ ਵਿਚ ਸਾੜਾ ਜਾਂ ਈਰਖਾ ਨਹੀਂ ਹੁੰਦੀ।

ਖ਼ੂਬਸੂਰਤੀ ਉਹ ਹੈ ਜਿਸ ਦੀ ਮਹਿਕ ਅਗਰਬੱਤੀ ਜਿਹੀ ਹੋਵੇ, ਜਿਸ ਦੀ ਇਕ ਝਲਕ ਨਾਲ ਸਾਡੀ ਧੁਰ ਆਤਮਾ ਤੱਕ ਸ਼ਾਂਤੀ ਪਸਰ ਜਾਵੇ, ਕਿਉਂਕਿ ਖ਼ੂਬਸੂਰਤੀ ਨੂੰ ਅਸੀਂ ਮੱਥੇ ਦੀਆਂ ਅੱਖਾਂ ਨਾਲ ਨਹੀਂ, ਰੂਹ ਦੀਆਂ ਜੋਤਾਂ ਨਾਲ ਨਿਹਾਰਦੇ ਹਾਂ।

ਆਪਣੇ ਆਪ ਨੂੰ ਪੁੱਛ ਕੇ ਵੇਖੋ, ਤੁਹਾਡੇ ਵਿਚਾਰ ਵਿਚ ਕਿਹੜੀ ਚੀਜ਼ ਖ਼ੂਬਸੂਰਤ ਹੈ? ਸ਼ਾਇਦ ਤੁਸੀਂ ਨਾ ਦੱਸ ਸਕੋ। ਦੱਸਣ ਵਾਲੀਆਂ ਗੱਲਾਂ ਦਿਮਾਗ ਨਾਲ ਸੋਚ ਕੇ ਦੱਸੀਆਂ ਜਾ ਸਕਦੀਆਂ ਹਨ ਪਰ ਖ਼ੂਬਸੂਰਤੀ ਦਾ ਦ੍ਰਿਸ਼ ਤਾਂ ਮਹਿਸੂਸ ਹੀ ਕੀਤਾ ਜਾ ਸਕਦਾ ਹੈ, ਦੱਸਿਆ ਨਹੀਂ ਜਾ ਸਕਦਾ।

ਪ੍ਰਕ੍ਰਿਤੀ ਵਿਚ ਸਭ ਕੁਝ ਖ਼ੂਬਸੂਰਤ ਹੈ, ਪ੍ਰਕ੍ਰਿਤੀ ਦੇ ਨੇਮਾਂ ਅਨੁਸਾਰ ਜਿਊਣਾ ਖ਼ੂਬਸੂਰਤ ਮਨ ਦੀ ਨਿਸ਼ਾਨੀ ਹੈ। ਕੁਦਰਤ ਨਿਰੰਤਰ, ਕੋਹਜ ਨੂੰ ਸੋਹਜ ਵਿਚ ਅਤੇ ਕਰੂਪਤਾ ਨੂੰ, ਸੁੰਦਰਤਾ ਵਿਚ ਬਦਲਣ ਦਾ ਕਾਰਜ ਕਰਦੀ ਰਹਿੰਦੀ ਹੈ।

ਲੋਕਾਂ ਦੇ ਚਿਹਰੇ ਜਾਂ ਸਰੀਰ ਖ਼ੂਬਸੂਰਤ ਹੁੰਦੇ ਹਨ ਪਰ ਇਸ ਨਾਲੋਂ ਵੀ ਉਚੇਰੀ ਖ਼ੂਬਸੂਰਤੀ ਮਨ ਦੀ ਖ਼ੂਬਸੂਰਤੀ ਹੁੰਦੀ ਹੈ। ਮਨ ਦੀ ਖ਼ੂਬਸੂਰਤੀ ਵਿਚ ਕੁਦਰਤ ਦੀ ਖ਼ੂਬਸੂਰਤੀ ਦਾ ਵਿਸ਼ੇਸ਼ ਰੋਲ ਹੁੰਦਾ ਹੈ। ਦਰਿਆ ਖ਼ੂਬਸੂਰਤ ਹੁੰਦੇ ਹਨ, ਪਹਾੜ ਖ਼ੂਬਸੂਰਤ ਹੁੰਦੇ ਹਨ, ਸੂਰਜ ਦਾ ਨਿਕਲਣਾ ਤੇ ਡੁੱਬਣਾ ਖ਼ੂਬਸੂਰਤ ਹੁੰਦਾ ਹੈ।

ਆਲੇ-ਦੁਆਲੇ ਖ਼ੂਬਸੂਰਤੀ ਹੀ ਖ਼ੂਬਸੂਰਤੀ ਹੈ, ਪਰ ਸਾਡੇ ਕੋਲ ਉਹ ਅੱਖਾਂ ਨਹੀਂ, ਜਿਨ੍ਹਾਂ ਨਾਲ ਅਜਿਹੀ ਖ਼ੂਬਸੂਰਤੀ ਨੂੰ ਮਾਣ ਸਕੀਏ।

ਖ਼ੂਬਸੂਰਤੀ ਵਿਚ ਆਤਮਕ ਸ਼ਾਂਤੀ ਦੀ ਸਾਦਗੀ ਅਤੇ ਅਮੀਰੀ ਹੁੰਦੀ ਹੈ।

ਜਿਹੜੇ ਖ਼ੂਬਸੂਰਤ ਹਨ, ਉਹ ਭਾਵੇਂ ਬੋਰੀ ਪਹਿਨ ਲੈਣ, ਸੁੰਦਰ ਲੱਗਣਗੇ ਪਰ ਜਿਨ੍ਹਾਂ ਦੇ ਇਰਾਦੇ ਕਰੂਪ ਅਤੇ ਭ੍ਰਿਸ਼ਟੇ ਹੋਏ ਹਨ, ਉਹ ਭਾਵੇਂ ਦੁਸ਼ਾਲੇ ਪਾ ਲੈਣ ਜਾਂ ਇਕ ਹੱਥ ਵਿਚ ਚਾਰ ਛਾਪਾਂ ਪਾ ਲੈਣ, ਉਹ ਕੋਹਝੇ ਚਲਿੱਤਰ ਕਰਦੇ ਪ੍ਰਤੀਤ ਹੋਣਗੇ ਅਤੇ ਹੋਛੇ ਲੱਗਣਗੇ।

ਜਿਵੇਂ ਪਹਾੜਾਂ ਵਿਚ ਕੁਦਰਤ ਦੀ ਸ਼ਾਂਤੀ ਸਾਡੇ ਆਰ-ਪਾਰ ਹੋ ਜਾਂਦੀ ਹੈ, ਜਿਵੇਂ ਸਮੁੰਦਰ ਦੇ ਕਿਨਾਰੇ ਸਾਗਰ ਦੀ ਵਿਸ਼ਾਲਤਾ, ਜੀਵਨ ਦੀਆਂ ਛੋਟੀਆਂ-ਛੋਟੀਆਂ ਗਿਣਤੀਆਂ-ਮਿਣਤੀਆਂ ਤੋਂ ਉਪਰ ਉੱਠਣ ਲਈ ਪ੍ਰੇਰਦੀ ਹੈ, ਉਵੇਂ ਖ਼ੂਬਸੂਰਤੀ ਦੇ ਸਨਮੁਖ ਹੋਣ ਨਾਲ ਜੀਵਨ ਦੀਆਂ ਚਿੰਤਾਵਾਂ ਇਂਜ ਝੜ ਜਾਂਦੀਆਂ ਹਨ ਜਿਵੇਂ ਪੱਤਝੜ ਵਿਚ ਪੀਲੇ ਪਏ ਪੱਤੇ ਝੜਦੇ ਹਨ।

ਖ਼ੂਬਸੂਰਤ ਹੋਣਾ ਅਤੇ ਖ਼ੂਬਸੂਰਤ ਲੱਗਣਾ ਦੋ ਵੱਖਰੀਆਂ ਸਥਿਤੀਆਂ ਹਨ।

ਜਿਸ ਨੂੰ ਆਪਣੀ ਖ਼ੂਬਸੂਰਤੀ ਦਾ ਗੁਮਾਨ ਹੋਵੇ, ਉਹ ਵਿਅਕਤੀ ਕੋਹਝੇ ਵਿਅਕਤੀ ਨਾਲੋਂ ਵੀ ਭੈੜਾ ਲੱਗਦਾ ਹੈ।

ਪੂੰਜੀਵਾਦ ਖ਼ੂਬਸੂਰਤ ਬਣਨ ਦੇ ਸਾਧਨ ਤਾਂ ਪ੍ਰਦਾਨ ਕਰਦਾ ਹੈ ਪਰ ਖ਼ੂਬਸੂਰਤੀ ਸਿਰਜਦਾ ਨਹੀਂ।

ਮਿਲਵਰਤਣ, ਸਨੇਹ, ਹਮਦਰਦੀ, ਤਿਆਗ ਅਤੇ ਰਲ ਕੇ ਜਿਊਣ ਦੀ ਭਾਵਨਾ ਵਿਚੋਂ ਜਿਹੜੇ ਨੈਣ-ਨਕਸ਼ ਉਭਰਨਗੇ, ਉਹ ਸੱਚੇ ਅਰਥਾਂ ਵਿਚ ਖ਼ੂਬਸੂਰਤ ਹੋਣਗੇ।

ਸਮਾਜਵਾਦੀ ਸੁੰਦਰਤਾ, ਪੂੰਜੀਵਾਦੀ ਸੁੰਦਰਤਾ ਦੇ ਮੁਕਾਬਲੇ ਵਧੇਰੇ, ਡੂੰਘੀ, ਵਿਸ਼ਾਲ ਅਤੇ ਹੰਢਣਸਾਰ ਹੋਵੇਗੀ।

ਸਭ ਪ੍ਰਕਾਰ ਦੇ ਭੇਦਭਾਵ ਮਿਟਣ ਦੇ ਬਾਵਜੂਦ ਖ਼ੂਬਸੂਰਤੀ ਦੇ ਆਧਾਰ ਉਤੇ ਮਨੁੱਖਾਂ ਵਿਚ ਵੱਖਰੇਵਾਂ ਬਣਿਆ ਰਹੇਗਾ। ਸੰਸਾਰ ਵਿਚ ਕਾਣੀ-ਵੰਡ ਧਨ ਦੀ ਹੀ ਨਹੀਂ ਹੈ, ਸਗੋਂ ਗਿਆਨ ਅਤੇ ਸੁੰਦਰਤਾ ਦੀ ਵੀ ਹੈ।

ਖ਼ੂਬਸੂਰਤੀ ਮਨ ਦੀ ਅਵਸਥਾ ਹੈ, ਇਹ ਰੂਹ ਦਾ ਗਿੱਧਾ ਹੈ।

ਕਿਸੇ ਚੀਜ਼ ਦੀ ਪਸੰਦ ਉੱਚੀ ਕਰ ਲਵੋ, ਤੁਹਾਨੂੰ ਆਪਣੀ ਪਸੰਦ ਅਤੇ ਪੱਧਰ ਅਨੁਸਾਰ ਚੀਜ਼ਾਂ ਮਿਲਦੀਆਂ ਰਹਿਣਗੀਆਂ।

ਲੋੜ ਪੈਸੇ ਦੀ ਨਹੀਂ, ਆਪਣੀ ਪੱਧਰ ਉੱਚੀ ਕਰਨ ਦੀ ਹੈ। ਪੱਧਰ ਉੱਚੀ ਕਰਨ ਲਈ ਜ਼ਰੂਰੀ ਹੈ ਕਿ ਅਸੀਂ ਕਿਸੇ ਸ਼ੌਕ ਨੂੰ ਪਾਲੀਏ।

ਹਰ ਸ਼ੌਕ ਸਾਡੇ ਮਨ ਨੂੰ ਸਿਧਾਉਂਦਾ ਹੈ ਅਤੇ ਅਨੁਪਾਤ, ਇਕਸੁਰਤਾ ਅਤੇ ਇਕਸਾਰਤਾ ਦਾ ਗਿਆਨ ਕਰਵਾਉਂਦਾ ਹੈ।

ਕਿਸੇ ਵੀ ਸ਼ੌਕ ਦੇ ਪਾਲਣ ਨਾਲ ਸਾਡੀ ਸ਼ਖ਼ਸੀਅਤ ਵਿਚ ਟਿਕਾਓ ਆਉਂਦਾ ਹੈ, ਰੂਹ ਵਿਚ ਸ਼ਾਂਤੀ ਪਸਰਦੀ ਹੈ, ਭਟਕਣ ਘਟਦੀ ਹੈ, ਮਿਹਨਤ ਕਰਨ ਦਾ ਉਤਸ਼ਾਹ ਮਿਲਦਾ ਹੈ ਅਤੇ ਸਭ ਪੱਖੋਂ ਵਿਕਾਸ ਵਾਪਰਦਾ ਹੈ।

ਕੋਈ ਚੰਗਾ ਅਤੇ ਉਸਾਰੂ ਸ਼ੌਕ ਪਾਲਣ ਵਾਲੇ ਲੋਕ ਹੀ ਖ਼ੂਬਸੂਰਤ ਨਹੀਂ ਹੁੰਦੇ, ਸ਼ੌਕ ਪਾਲਦੇ ਹੀ ਖ਼ੂਬਸੂਰਤ ਲੋਕ ਹਨ।

ਲੋਕਾਂ ਦੀ ਬਹੁਗਿਣਤੀ ਖੜਕਦੀ ਹੈ, ਜਦੋਂ ਕਿ ਸੱਚੇ ਅਰਥਾਂ ਵਿਚ ਸੋਹਣੇ ਲੋਕਾਂ ਦੀ ਸ਼ਖ਼ਸੀਅਤ ਸ਼ਹਿਨਾਈ ਵਾਂਗ, ਸ਼ਾਂਤ-ਗੂੰਜ ਵਾਂਗ ਹੁੰਦੀ ਹੈ।

ਜ਼ਿੰਦਗੀ ਦੇ ਸੋਹਜ ਨਾਲ ਅਮੀਰੀ ਆਉਂਦੀ ਹੈ, ਨਾ ਕਿ ਅਮੀਰੀ ਨਾਲ ਸੋਹਜ ਆਉਂਦਾ ਹੈ। ਜਦ ਤਕ ਸਾਡੇ ਦਿਮਾਗਾਂ ਵਿਚ ਰੋਸ਼ਨੀ ਨਹੀਂ ਹੁੰਦੀ, ਬਾਹਰ ਦਿਨ-ਦਿਹਾੜੇ ਵੀ ਹਨੇਰਾ ਰਹੇਗਾ।

ਸੁੰਦਰ ਵਿਅਕਤੀ ਆਪਣੀ ਰੂਹ ਦੀ ਅਮੀਰੀ ਦੇ ਵੇਗ ਨਾਲ ਸੁੰਦਰ ਪ੍ਰਤੀਤ ਹੁੰਦਾ ਹੈ ਅਤੇ ਉਸ ਦੀ ਸੁੰਦਰਤਾ ਉਸ ਦੇ ਠੀਕ ਹੋਣ ਦਾ ਪ੍ਰਮਾਣ ਹੁੰਦੀ ਹੈ।

ਖੂਬਸੂਰਤ ਭਾਵੇਂ ਮਹਾਨ ਨਾ ਹੋਣ ਪਰ ਮਹਾਨ ਜ਼ਰੂਰ ਖੂਬਸੂਰਤ ਹੁੰਦੇ ਹਨ, ਮਹਾਨ ਖੂਬਸੂਰਤ ਲਗਦੇ ਹਨ ਅਤੇ ਅਸੀਂ ਉਨ੍ਹਾਂ ਵਰਗੇ ਬਣਨ ਦਾ ਯਤਨ ਕਰਦੇ ਹਾਂ।

ਹਰ ਮਨੁੱਖ ਨੂੰ ਸਦਾ ਹੀ ਖੂਬਸੂਰਤੀ ਦੀ ਤਲਾਸ਼ ਰਹਿੰਦੀ ਹੈ।

ਸੋਹਣੇ ਮਹਿਮਾਨ ਉਹ ਹੁੰਦੇ ਹਨ, ਜਿਨ੍ਹਾਂ ਦੀ ਸੇਵਾ ਲਈ, ਅਸੀਂ ਉਹ ਕੁਝ ਉਨ੍ਹਾਂ ਅੱਗੇ ਧਰੀਏ ਜੋ ਵਰਤਣ ਜਾਂ ਹੰਢਾਉਣ ਲਈ ਅਸੀਂ ਆਪਣੇ ਆਪ ਨੂੰ ਵੀ ਕਦੀ ਯੋਗ ਨਾ ਸਮਝਿਆ ਹੋਵੇ।

ਭੜਕੀਲੀ ਖੂਬਸੂਰਤੀ ਦੇ ਪ੍ਰੇਮੀ ਤਾਂ ਸਾਰੇ ਬਣਨਾ ਚਾਹੁੰਦੇ ਹਨ ਪਰ ਪਤੀ ਕੋਈ ਨਹੀਂ ਬਣਦਾ। ਇਵੇਂ ਹੀ ਖੋਟੇ ਖੂਬਸੂਰਤਾਂ ਸਬੰਧੀ ਅਫ਼ਵਾਹਾਂ ਅਨੇਕਾਂ ਫ਼ੈਲਦੀਆਂ ਹਨ ਪਰ ਸੱਚ ਕੋਈ ਨਹੀਂ ਹੁੰਦੀ।

ਸੱਚੇ ਅਰਥਾਂ ਵਿਚ ਖੂਬਸੂਰਤੀ ਆਪਣੇ ਆਪ ਵਿਚ ਮਗਨ ਹੁੰਦੀ ਹੈ ਅਤੇ ਉਸ ਨੂੰ ਇਹ ਗਿਆਨ ਨਹੀਂ ਹੁੰਦਾ ਕਿ ਉਹ ਖੂਬਸੂਰਤ ਹੈ।

ਔਰਤਾਂ ਨੂੰ ਆਪਣੀ ਖੂਬਸੂਰਤੀ ਨਾਲ ਹੀ ਪਿਆਰ ਹੁੰਦਾ ਹੈ, ਉਹ ਕਿਸੇ ਹੋਰ ਨੂੰ ਨਹੀਂ ਪਛਾਣਦੀਆਂ।

ਹਰ ਇਕ ਦੀ ਜ਼ਿੰਦਗੀ ਵਿਚ ਖੂਬਸੂਰਤੀ ਦਾ ਮੌਸਮ ਜ਼ਰੂਰ ਆਉਂਦਾ ਹੈ।

ਜਿਹੜੇ ਇਸ ਮੌਸਮ ਵਿਚ ਆਪਣੇ ਆਦਰਸ਼ਾਂ, ਪਸੰਦਗੀਆਂ ਅਤੇ ਪੱਧਰਾਂ ਨੂੰ ਉਚਿਆ ਲੈਂਦੇ ਹਨ, ਉਹ ਖੂਬਸੂਰਤੀ ਭਰਿਆ ਜੀਵਨ ਗੁਜ਼ਾਰਦੇ ਹਨ ਪਰ ਜਿਹੜੇ ਭੁੜਕਦੇ, ਭੜਕਦੇ ਤੇ ਬੁੜ੍ਹਕਦੇ ਹਨ, ਉਹ ਆਪਣੇ ਲਈ ਪਛਤਾਵੇ ਬੀਜਦੇ ਹਨ।

ਆਪ ਨਿਰਣਾ ਕਰਕੇ ਵੇਖੋ ਤੁਸੀਂ ਸੰਸਾਰ ਦੀ ਸੁੰਦਰਤਾ ਜਾਂ ਖੂਬਸੂਰਤੀ ਵਿਚ ਵਾਧਾ ਕੀਤਾ ਹੈ ਜਾਂ ਇਸ ਨੂੰ ਘਟਾਇਆ ਹੈ।

ਤੁਹਾਡੀ ਤਸੱਲੀ ਅਤੇ ਜੀਵਨ ਦੀ ਖੁਸ਼ੀ ਇਸੇ ਅਨੁਪਾਤ ਵਿਚ ਹੋਵੇਗੀ।

# ਅਰਦਾਸ

ਅਰਦਾਸ ਕੇਵਲ ਮਨੁੱਖ ਕਰਦੇ ਹਨ।

ਕੇਵਲ ਮਨੁੱਖਾਂ ਨੂੰ ਅਰਦਾਸ ਕਰਨ ਦੀ ਲੋੜ ਪੈਂਦੀ ਹੈ।

ਅਰਦਾਸ ਕੋਈ ਭਾਸ਼ਣ ਨਹੀਂ ਹੁੰਦੀ, ਇਹ ਅੰਤਾਂ ਦੀ ਸੁਹਿਰਦਤਾ ਵਿਚੋਂ ਉਭਰੀ ਮਨੁੱਖੀ ਆਤਮਾ ਦੀ ਗੂੰਜ ਹੁੰਦੀ ਹੈ।

ਅਰਦਾਸ ਨਿਆਸਰੇਪਣ ਜਾਂ ਨਿਰਾਸਤਾ ਦੀ ਵਿਆਖਿਆ ਨਹੀਂ, ਇਹ ਆਤਮ-ਵਿਸ਼ਵਾਸ ਦਾ ਡੂੰਘਾ ਅਨੁਭਵ ਹੈ।

ਅਰਦਾਸ ਅਲੰਕਾਰਾਂ ਜਾਂ ਵਿਸ਼ੇਸ਼ਣਾਂ ਦਾ ਵੇਰਵਾ ਨਹੀਂ, ਇਹ ਆਪਣੀ ਹੀ ਆਤਮਾ ਸਨਮੁੱਖ ਹੋ ਕੇ ਦਿੱਤਾ ਹਲਫ਼ੀਆ ਬਿਆਨ ਹੁੰਦੀ ਹੈ।

ਅਰਦਾਸ ਗੁਆਚ ਜਾਣ ਦਾ ਭੈਅ ਨਹੀਂ, ਇਹ ਲੱਭ ਪੈਣ ਦੀ ਖ਼ੁਸ਼ੀ ਹੈ।

ਅਰਦਾਸ ਇਕ ਅਜਿਹੀ ਸਥਿਤੀ ਹੈ ਜਦੋਂ ਸਰੀਰ, ਮਨ ਅਤੇ ਆਤਮਾ ਇਕ-ਸੁਰ ਹੋ ਜਾਂਦੇ ਹਨ। ਇਹ ਅੰਤਰ-ਮਨ ਦੀਆਂ ਸਾਰੀਆਂ ਸ਼ਕਤੀਆਂ ਨੂੰ ਇਕ ਨੁਕਤੇ ਉਤੇ ਕੇਂਦਰਿਤ ਕਰਨ ਦਾ ਹੁਨਰ ਹੁੰਦੀ ਹੈ।

ਅਰਦਾਸ ਕਰਦੇ ਹੀ ਉਹ ਹਨ, ਜਿਨ੍ਹਾਂ ਵਿਚ ਸਬਰ ਹੋਵੇ, ਆਸ ਦੀ ਚਿਣਗ ਹੋਵੇ, ਭਰੋਸੇ ਦੀ ਦੌਲਤ ਹੋਵੇ, ਪਿਆਰ ਦੀ ਛਾਂ ਹੋਵੇ।

ਅਰਦਾਸ ਆਪਣੀ ਇੱਛਾ ਦਾ ਮੁਹਾਣ ਰੱਬ ਵੱਲ ਮੋੜਨ ਦਾ ਹੁਨਰ ਹੈ।

ਕਈ ਪਲ ਅਜਿਹੇ ਹੁੰਦੇ ਹਨ ਜਦੋਂ ਸਰੀਰ ਦੀ ਸਥਿਤੀ ਭਾਵੇਂ ਕਿਹੋ ਜਿਹੀ ਹੋਵੇ, ਆਤਮਾ ਆਪ-ਮੁਹਾਰੇ ਅਰਦਾਸ ਵਿਚ ਝੁਕ ਜਾਂਦੀ ਹੈ, ਪੈਰ ਫਰਸ਼ ਉੱਤੇ ਹੁੰਦੇ ਹਨ, ਧਿਆਨ ਅਰਸ਼ ਉੱਤੇ ਹੁੰਦਾ ਹੈ।

ਇਹ ਇੱਕ ਅਜਿਹੀ ਅਗਰਬੱਤੀ ਜਗਾਉਣ ਦਾ ਯਤਨ ਹੈ, ਜਿਸ ਦੀ ਸੁਗੰਧੀ ਅੰਬਰ ਤੱਕ ਪਹੁੰਚ ਜਾਂਦੀ ਹੈ। ਆਕਾਸ਼, ਧਰਤੀ ਉਤੇ ਨਹੀਂ ਆ ਸਕਦਾ ਪਰ ਅਰਦਾਸ ਰਾਹੀਂ, ਅਸੀਂ ਆਪ ਉੱਥੇ ਪਹੁੰਚ ਜਾਂਦੇ ਹਾਂ।

ਅਰਦਾਸ ਦੀ ਸਥਿਤੀ ਵਾਹ ਵਾਲੀ, ਹੌਕੇ ਵਾਲੀ ਜਾਂ ਅੱਥਰੂ ਵਾਲੀ ਹੁੰਦੀ ਹੈ, ਡੂੰਘੀ, ਸੁਹਿਰਦ ਅਤੇ ਸ਼ਰਧਾਮਈ ਭਾਵਾਂ ਵਾਲੀ ਸਥਿਤੀ।

ਅਜੇ ਤਕ ਕੋਈ ਅਜਿਹਾ ਵਿਅਕਤੀ ਨਹੀਂ ਹੋਇਆ, ਜਿਸ ਨੇ ਸੱਚੇ ਮਨ ਨਾਲ ਅਤੇ ਸੁੱਚੇ ਦਿਲ ਨਾਲ ਅਰਦਾਸ ਕੀਤੀ ਹੋਵੇ ਅਤੇ ਉਸ ਦੀ ਆਤਮਾ ਨੇ ਅਨੁਭਵ ਦੀਆਂ ਨਵੀਆਂ ਬੁਲੰਦੀਆਂ ਨਾ ਛੋਹੀਆਂ ਹੋਣ।

ਬਹੁਤੇ ਲੋਕ ਡਰ ਕੇ ਅਰਦਾਸ ਕਰਦੇ ਹਨ ਅਤੇ ਰੱਬ ਤੋਂ ਉਹ ਚੀਜ਼ਾਂ ਮੰਗਦੇ ਹਨ, ਜਿਹੜੀਆਂ ਉਨ੍ਹਾਂ ਦੇ ਘਰ ਦੇ ਨੇੜੇ ਡੀਪੂ ਤੋਂ ਵੀ ਮਿਲ ਸਕਦੀਆਂ ਹੁੰਦੀਆਂ ਹਨ।

ਸਾਧਾਰਨ ਲੋਕ ਅਰਦਾਸ ਨਹੀਂ ਕਰਦੇ, ਆਪਣੀਆਂ ਮੰਗਾਂ ਦੀ ਮਿਸਲ ਪੜ੍ਹਦੇ ਹਨ। ਸਾਧਾਰਨ ਲੋਕ ਮੁਸ਼ਕਿਲਾਂ ਸੌਖੀਆਂ ਕਰਨ ਲਈ ਰੱਬ ਅੱਗੇ ਅਰਦਾਸ ਕਰਦੇ ਹਨ ਜਦੋਂ ਕਿ ਸੁਹਿਰਦ, ਸੱਚੇ ਅਤੇ ਅਨੁਭਵੀ ਵਿਅਕਤੀ ਮੁਸ਼ਕਿਲਾਂ ਦਾ ਸਾਹਮਣਾ ਕਰਨ ਲਈ ਉਚੇਰੀ ਹਿੰਮਤ ਮੰਗਦੇ ਹਨ ਤਾਂ ਜੋ ਉਹ ਜਿੱਤ ਦੇ ਭਰੋਸੇ ਨਾਲ ਸਮਾਜ ਦੇ ਪੱਖ ਵਿਚ ਭੁਗਤ ਸਕਣ।

ਪਰਮਾਤਮਾ ਅੱਗੇ ਝੁਕਣਾ ਆਪਣੇ ਆਪ ਵਿਚ ਅੱਧੀ ਕਾਮਯਾਬੀ ਹੈ।

ਜਿਨ੍ਹਾਂ ਨੂੰ ਅਰਦਾਸ ਕਰਨ ਦੀ ਜਾਚ ਹੈ, ਕੋਈ ਦੁੱਖ ਜਾਂ ਤਸੀਹਾ ਜਾਂ ਜ਼ੁਲਮ ਉਨ੍ਹਾਂ ਨੂੰ ਡਰਾ ਨਹੀਂ ਸਕਦਾ।

ਅਜਿਹੇ ਵਿਅਕਤੀ ਹੀ ਅਰਦਾਸ ਕਰਦੇ ਹਨ: 'ਹੇ ਵਾਹਿਗੁਰੂ! ਜੋ ਕੁਝ ਬਦਲੇ ਜਾਣ ਯੋਗ ਹੈ, ਉਸ ਨੂੰ ਬਦਲਣ ਦੀ ਸ਼ਕਤੀ ਦੇਹ, ਜੋ ਕੁਝ ਬਦਲਿਆ ਨਹੀਂ ਜਾ ਸਕਦਾ, ਉਸ ਨੂੰ ਸਵੀਕਾਰ ਕਰਨ ਦਾ ਬਲ ਦੇਹ ਅਤੇ ਇਨ੍ਹਾਂ ਵਿਚਲੇ ਅੰਤਰ ਨੂੰ ਜਾਣਨ ਦੀ ਸੂਝ ਦੇਹ।'

ਅਜਿਹੇ ਵਿਅਕਤੀ ਹੀ ਮੰਗ ਕਰਦੇ ਹਨ: 'ਮੈਨੂੰ ਆਪਣੀ ਜਿੱਤ ਵਿਚ ਵਿਸ਼ਵਾਸ ਦੀ ਦਾਤ ਦੇਹ ਤਾਂ ਕਿ ਮੈਂ ਜ਼ੁਲਮ ਅਤੇ ਜ਼ਾਲਮ ਵਿਰੁਧ ਇਸ ਨਿਸ਼ਚੇ ਨਾਲ ਟਕਰਾ ਜਾਵਾਂ ਕਿ ਜਿੱਤ ਮੇਰੀ ਹੀ ਹੋਵੇ।'

ਸਰਬੱਤ ਦਾ ਭਲਾ ਮੰਗਣ ਵਾਲੇ ਕਹਿੰਦੇ ਹਨ, 'ਹੇ ਵਾਹਿਗੁਰੂ! ਉਹ ਕੁਝ ਭਾਵੇਂ ਨਾ ਹੋਵੇ ਜੋ ਮੈਂ ਚਾਹੁੰਦਾ ਹਾਂ, ਸਗੋਂ ਉਹ ਕੁਝ ਹੋਵੇ, ਜੋ ਠੀਕ ਹੈ।'

ਅਜਿਹੀ ਅਰਦਾਸ ਵਿਚੋਂ ਤਸੱਲੀ ਮਿਲਦੀ ਹੈ, ਅੰਦਰਲਾ ਰੋਸ਼ਨ ਹੋ ਜਾਂਦਾ ਹੈ ਅਤੇ ਸਬਰ-ਸੰਤੋਖ ਵੱਧ ਜਾਂਦਾ ਹੈ।

ਸਿੱਖ ਧਰਮ ਵਿਚ ਜਦੋਂ ਅਰਦਾਸ ਕੀਤੀ ਜਾਂਦੀ ਹੈ ਤਾਂ ਗੁਰੂਆਂ ਨੂੰ ਧਿਆਇਆ ਜਾਂਦਾ ਹੈ, ਗੁਰੂ ਗ੍ਰੰਥ ਸਾਹਿਬ ਦਾ ਧਿਆਨ ਰਖਿਆ ਜਾਂਦਾ ਹੈ, ਪੰਜਾਂ ਪਿਆਰਿਆਂ, ਚੌਹ ਸਾਹਿਬਜ਼ਾਦਿਆਂ, ਚਾਲ੍ਹੀ ਮੁਕਤਿਆਂ, ਹਠੀਆਂ, ਜਪੀਆਂ, ਤਪੀਆਂ, ਨਾਮ ਜੱਪਣ ਵਾਲਿਆਂ, ਵੰਡ ਛੱਕਣ ਵਾਲਿਆਂ, ਦੇਗ ਚਲਾਉਣ ਵਾਲਿਆਂ, ਤੇਗ ਵਾਹੁਣ ਵਾਲਿਆਂ, ਵੇਖ ਕੇ ਅਣਡਿੱਠ ਕਰਨ ਵਾਲਿਆਂ, ਪਿਆਰਿਆਂ, ਸਚਿਆਰਿਆਂ, ਸ਼ਹੀਦਾਂ, ਮੁਰੀਦਾਂ, ਦਾਨੀਆਂ, ਗਿਆਨੀਆਂ, ਧਿਆਨੀਆਂ ਦੀ ਸਿਫਾਰਸ਼ ਨਾਲ ਅਤੇ ਇਨ੍ਹਾਂ ਨੂੰ ਵਿਚੋਲੇ ਬਣਾ ਕੇ ਅਤੇ ਇਨ੍ਹਾਂ ਦੀ ਮਾਰਫ਼ਤ ਵਾਹਿਗੁਰੂ ਦਾ ਸ਼ੁਕਰਾਨਾ ਕੀਤਾ ਜਾਂਦਾ ਹੈ ਅਤੇ ਅਗਲੇਰੇ ਯਤਨਾਂ ਲਈ ਹਿੰਮਤਾਂ ਮੰਗੀਆਂ ਜਾਂਦੀਆਂ ਹਨ।

ਅਰਦਾਸ ਦਾ ਇਹ ਢੰਗ ਸਭ ਧਰਮਾਂ ਅਤੇ ਫਿਰਕਿਆਂ ਵਿਚ ਸਾਂਝਾ ਹੈ।

ਲਗਭਗ ਸਾਰੇ ਧਰਮਾਂ ਨੇ ਅਰਦਾਸ ਦੀ ਵਿਧੀ, ਭਾਸ਼ਾ ਅਤੇ ਉਚਾਰਣ ਢੰਗ ਨਿਰਧਾਰਤ ਕੀਤੇ ਹੋਏ ਹਨ।

ਅਰਦਾਸ ਵਿਚ ਮੁੱਢਲਾ ਆਧਾਰ ਪਰਮਾਤਮਾ ਦੀ ਸ਼ਕਤੀ ਵਿਚ ਵਿਸ਼ਵਾਸ ਹੁੰਦਾ ਹੈ। ਇਹ ਮੰਨ ਕੇ ਅਰਦਾਸ ਕੀਤੀ ਜਾਂਦੀ ਹੈ ਕਿ ਉਸ ਨਾਲੋਂ ਉਚੇਰੀ ਕੋਈ ਸ਼ਕਤੀ ਨਹੀਂ ਅਤੇ ਉਸ ਕੋਲ ਸਾਡੀ ਹਰ ਮੁਸ਼ਕਿਲ ਹੱਲ ਕਰਨ ਦੇ ਸਾਧਨ ਹਨ।

ਅਰਦਾਸ ਦਾ ਅਸਰ ਪਰਮਾਤਮਾ ਵਿਚ ਪ੍ਰਗਟਾਏ ਗਏ ਵਿਸ਼ਵਾਸ ਦੇ ਅਨੁਪਾਤ ਵਿਚ ਹੀ ਹੁੰਦਾ ਹੈ। ਅਰਦਾਸ ਕਿਸੇ ਤਰਕ ਉੱਤੇ ਆਧਾਰਤ ਨਹੀਂ ਹੁੰਦੀ, ਇਸ ਦੀ ਸਮੁੱਚੀ ਉਸਾਰੀ ਵਿਸ਼ਵਾਸ ਦੀਆਂ ਨੀਹਾਂ ਉਤੇ ਹੁੰਦੀ ਹੈ। ਜਿੱਥੇ ਸ਼ੰਕਾ ਹੈ, ਉੱਥੇ ਅਰਦਾਸ ਨਹੀਂ ਕੀਤੀ ਜਾ ਸਕਦੀ, ਕਿਉਂਕਿ ਜੇ ਪਰਮਾਤਮਾ ਵਿਚ ਵਿਸ਼ਵਾਸ ਹੀ ਨਹੀਂ ਤਾਂ ਅਰਦਾਸ ਦਾ ਖਿਆਲ ਹੀ ਨਹੀਂ ਆਵੇਗਾ।

ਅਰਦਾਸ ਦੀ ਭਾਵਨਾ ਸੰਪੂਰਨ ਵਿਸ਼ਵਾਸ ਦੀ ਭਾਵਨਾ ਵਿਚੋਂ ਜਨਮਦੀ ਹੈ। ਸੱਚੀ ਅਰਦਾਸ, ਅਰਦਾਸ ਦੇ ਸ਼ਬਦ ਬੋਲਣ ਤੋਂ ਪਹਿਲਾਂ ਹੀ ਮੰਨੀ ਜਾ ਚੁੱਕੀ ਹੁੰਦੀ ਹੈ।

ਅਰਦਾਸ ਵਿਚਲੇ ਸ਼ਬਦ ਥੋੜ੍ਹਾ ਜਿਹਾ ਮੂੰਹ ਉੱਚਾ ਕਰ ਕੇ ਇਸ ਵਿਸ਼ਵਾਸ ਨਾਲ ਉਚਾਰੇ ਜਾਂਦੇ ਹਨ ਜਿਵੇਂ ਉਹ ਰੱਬ ਨੂੰ ਸੁਣਾਈ ਦੇ ਰਹੇ ਹੋਣ। ਅੱਖਾਂ ਬੰਦ ਹੋ ਜਾਂਦੀਆਂ ਹਨ ਤਾਂ ਜੋ ਅਦਿੱਖ ਸ਼ਕਤੀ ਦੇ ਸਨਮੁਖ ਹੋਇਆ ਜਾ ਸਕੇ। ਹੱਥ ਅਤੇ ਪੈਰ ਜੁੜ ਜਾਂਦੇ ਹਨ ਤਾਂ ਜੋ ਸਰੀਰ ਅਤੇ ਮਨ ਵਿਚ ਇਕਾਗਰਤਾ ਆ ਸਕੇ।

ਅਰਦਾਸ ਨਾਲ ਰੱਬ ਵਿਚ ਕੋਈ ਤਬਦੀਲੀ ਨਹੀਂ ਆਉਂਦੀ, ਤਬਦੀਲੀ ਤਾਂ ਅਰਦਾਸ ਕਰਨੇ ਵਾਲੇ ਵਿਚ ਆਉਂਦੀ ਹੈ।

ਅਸੀਂ ਅਰਜ਼ੀ-ਨਵੀਸਾਂ ਵਾਂਗ ਅਰਦਾਸੀਏ ਪੈਦਾ ਕਰ ਲਏ ਹਨ ਪਰ ਅਰਦਾਸ ਉਹ ਹੈ, ਜਿਹੜੀ ਆਪ ਕੀਤੀ ਜਾਵੇ। ਇਕੱਲਿਆਂ, ਇਕਾਂਤ ਵਿਚ ਚੁਪ-ਚਪੀਤੇ ਕੀਤੀ ਅਰਦਾਸ ਨਾਲ ਸਾਡੀ ਸ਼ਖ਼ਸੀਅਤ ਰੂਹਾਨੀ ਖੇੜੇ ਵਿਚ ਆ ਜਾਂਦੀ ਹੈ।

ਬਹੁਤ ਘੱਟ ਲੋਕ ਹਨ ਜਿਹੜੇ ਠੋਕ ਵਜਾ ਕੇ ਦੁਨੀਆਂ ਨੂੰ ਦੱਸ ਸਕਣ ਕਿ ਉਨ੍ਹਾਂ ਨੇ ਅਰਦਾਸ ਵਿਚ ਕੀ ਕੀ ਮੰਗਿਆ ਹੈ। ਕਈ ਅਰਦਾਸਾਂ ਬੜੀਆਂ ਅਜੀਬ ਹੁੰਦੀਆਂ ਹਨ।

ਪ੍ਰਸਿੱਧ ਫਰਾਂਸੀਸੀ ਚਿੰਤਕ ਵਾਲਟੇਅਰ ਨੇ ਅਰਦਾਸ ਕੀਤੀ ਸੀ: 'ਹੇ ਪਰਮਾਤਮਾ! ਮੇਰੇ ਦੁਸ਼ਮਣਾਂ ਨੂੰ ਹਾਸੋਹੀਣਾ ਬਣਾ ਦੇ।'

ਇਕ ਨਾਸਤਿਕ ਨੇ ਅਰਦਾਸ ਕੀਤੀ ਸੀ: 'ਹੇ ਵਾਹਿਗੁਰੂ! ਮੈਂ ਤੈਨੂੰ ਤੰਗ ਨਹੀਂ ਕਰਦਾ, ਤੂੰ ਮੈਨੂੰ ਤੰਗ ਨਾ ਕਰਿਆ ਕਰ।'

ਇਕ ਫ਼ਿਲਾਸਫ਼ਰ ਨੇ ਕਿਹਾ ਸੀ: 'ਹੇ ਖ਼ੁਦਾ! ਮੈਂ ਤੇਰਾ ਸ਼ੁਕਰ ਗੁਜ਼ਾਰ ਹਾਂ ਕਿ ਤੂੰ ਮੇਰੀਆਂ ਸਾਰੀਆਂ ਅਰਦਾਸਾਂ ਅਤੇ ਬੇਨਤੀਆਂ ਨਹੀਂ ਮੰਨੀਆਂ।'

ਅਰਦਾਸ ਆਮ ਕਰਕੇ ਉਦੋਂ ਕੀਤੀ ਜਾਂਦੀ ਹੈ, ਜਦੋਂ ਅਸੀਂ ਮੁਸ਼ਕਿਲਾਂ ਵਿਚ ਘਿਰੇ ਹੁੰਦੇ ਹਾਂ। ਅਰਦਾਸ ਨਾਲ ਮੁਸ਼ਕਿਲਾਂ ਹੱਲ ਨਹੀਂ ਹੁੰਦੀਆਂ, ਮੁਸ਼ਕਿਲਾਂ ਨਾਲ ਵਧੇਰੇ ਜਾਣ-ਪਛਾਣ ਹੋ ਜਾਂਦੀ ਹੈ।

ਅਰਦਾਸ ਨਾਲ ਅਸੀਂ ਆਪਣਾ ਸਬਰ ਵਧਾ ਲੈਂਦੇ ਹਾਂ ਅਤੇ ਮੁਸ਼ਕਿਲ-ਮੁਸ਼ਕਿਲ ਪ੍ਰਤੀਤ ਹੋਣੋਂ ਹਟ ਜਾਂਦੀ ਹੈ। ਉਂਜ ਵੀ ਅਰਦਾਸ ਵਿਚ ਗੁਜ਼ਾਰਿਆ ਹੋਇਆ ਸਮਾਂ, ਸਮੇਂ ਦੀ ਸਭ ਤੋਂ ਉੱਤਮ ਵਰਤੋਂ ਹੁੰਦੀ ਹੈ।

ਇਸ ਨਿਰਮਾਣਤਾ ਨਾਲ ਅਰਦਾਸ ਕਰਨੀ ਚਾਹੀਦੀ ਹੈ, ਜਿਵੇਂ ਸਾਡੇ ਕੋਲ ਕੁਝ ਵੀ ਨਹੀਂ ਅਤੇ ਇਸ ਵਿਸ਼ਵਾਸ ਨਾਲ ਅਰਦਾਸ ਕਰਨੀ ਚਾਹੀਦੀ ਹੈ ਕਿ ਪਰਮਾਤਮਾ ਦੀ

ਮਿਹਰ ਅਤੇ ਆਪਣੀ ਹਿੰਮਤ ਨਾਲ ਅਸੀਂ ਸਭ ਕੁਝ ਪ੍ਰਾਪਤ ਕਰ ਲਵਾਂਗੇ।

ਜਿਹੜੇ ਲੋਕ ਅਰਦਾਸ ਉਪਰੰਤ ਅਰਦਾਸੇ ਗਏ ਕਾਰਜ ਵਿਚ ਰੁਝ ਜਾਂਦੇ ਹਨ, ਉਹ ਸਦਾ ਸਫਲ ਹੁੰਦੇ ਹਨ।

ਅਰਦਾਸ ਕਰ ਕੇ ਸੌਂ ਜਾਣ ਵਾਲਿਆਂ ਦੀ ਅਰਦਾਸ ਕਿਸੇ ਲੇਖੇ ਨਹੀਂ ਲਗਦੀ।

ਅਰਦਾਸ ਨਾਲ ਹਿੰਮਤ ਨਹੀਂ ਆਉਂਦੀ, ਅਰਦਾਸ ਕਰਦੇ ਹੀ ਹਿੰਮਤ ਵਾਲੇ ਹਨ।

ਅਰਦਾਸ ਨਾਲ ਕੋਈ ਅਯੋਗ ਸਫਲਤਾ ਨਹੀਂ ਮਿਲਦੀ, ਅਰਦਾਸ ਉਹੀ ਕਰਦੇ ਹਨ, ਜਿਨ੍ਹਾਂ ਨੂੰ ਆਪਣੀ ਮਿਹਨਤ ਵਿਚ ਭਰੋਸਾ ਹੁੰਦਾ ਹੈ। ਜਿਨ੍ਹਾਂ ਨੂੰ ਜ਼ਿੰਦਗੀ ਨਾਲ ਪਿਆਰ ਕਰਨ ਦੀ ਜਾਚ ਹੁੰਦੀ ਹੈ, ਉਹੀ ਅਰਦਾਸ ਕਰਦੇ ਹਨ।

ਅਰਦਾਸ ਦਾ ਤਰਕ ਸਭ ਤਰਕਾਂ ਤੋਂ ਉਪਰਲਾ ਤਰਕ ਹੈ। ਅਰਦਾਸ ਨਾਲ ਅਰਦਾਸ ਕਰਨ ਵਾਲੇ ਦਾ ਆਪਣੇ ਆਪ ਉੱਤੇ ਕਾਬੂ ਅਤੇ ਵਿਸ਼ਵਾਸ ਵੱਧ ਜਾਂਦਾ ਹੈ ਅਤੇ ਇਹ ਸਵੈ-ਕਾਬੂ ਹੀ ਸਭ ਮੁਸ਼ਕਿਲਾਂ ਦਾ ਰਾਹ ਖੋਲ੍ਹਦਾ ਹੈ।

ਬੱਚਿਆਂ ਨੂੰ ਪਰਮਾਤਮਾ ਵਿਚ ਵੱਡਿਆਂ ਦੇ ਮੁਕਾਬਲੇ ਵਧੇਰੇ ਵਿਸ਼ਵਾਸ ਹੁੰਦਾ ਹੈ।

ਇਸਤਰੀਆਂ ਆਪਣੇ ਆਪ ਨੂੰ, ਜਾਣੀ-ਜਾਣ ਪਰਮਾਤਮਾ ਦੇ ਨੇੜੇ ਸਮਝਦੀਆਂ ਹਨ, ਸੋ ਉਹ ਅਕਸਰ ਅਰਦਾਸ ਕਰਦੀਆਂ ਹਨ।

ਅਰਦਾਸ ਕਰਨ ਵੇਲੇ ਅਰਦਾਸ ਕਰਨ ਵਾਲੇ ਦੀ ਸਥਿਤੀ ਮਾਸੂਮ ਬੱਚੇ ਦੇ ਮਨ ਵਾਲੀ ਹੁੰਦੀ ਹੈ। ਅਰਦਾਸ ਵਿਚ ਕੋਈ ਚਲਾਕੀ ਜਾਂ ਚਤੁਰਾਈ ਨਹੀਂ ਚਲਦੀ, ਚਲਾਕ ਬੰਦੇ ਵੀ ਅਰਦਾਸ ਕਰਦਿਆਂ ਸਾਊ ਅਤੇ ਸੁਹਿਰਦ ਹੋ ਜਾਂਦੇ ਹਨ।

ਇਹ ਸਾਡੀ ਹੋਂਦ ਦੀ ਉਹ ਅਵਸਥਾ ਹੁੰਦੀ ਹੈ ਜਦੋਂ ਸਾਡਾ ਸਰੀਰ ਸੌਂ ਜਾਂਦਾ ਹੈ ਅਤੇ ਸਾਡੀ ਆਤਮਾ ਜਾਗ ਪੈਂਦੀ ਹੈ।

ਸੰਸਾਰ ਵਿਚ ਜਿੱਥੇ ਜੀਵਨ ਵਧੇਰੇ ਕਠਿਨ ਅਤੇ ਕਠੋਰ ਹੈ, ਉੱਥੇ ਅਰਦਾਸ ਕਰਨ ਦੀ ਬਿਰਤੀ ਵਧੇਰੇ ਹੈ। ਤਿੱਬਤ ਵਿਚ ਪ੍ਰਕ੍ਰਿਤਕ ਮੁਸ਼ਕਿਲਾਂ ਕਾਰਨ ਲਾਮਾ ਲੋਕਾਂ ਦਾ ਸਾਰਾ ਜੀਵਨ ਹੀ ਅਰਦਾਸ ਵਿਚ ਲੰਘਦਾ ਹੈ। ਜਿੱਥੇ ਭੂਚਾਲ ਜਾਂ ਹੜ੍ਹ ਜਾਂ ਸੋਕਾ ਜਾਂ ਜਵਾਲਾਮੁਖੀ ਆਦਿ ਕਾਰਨ ਜੀਵਨ ਮੁਸ਼ਕਿਲ ਹੁੰਦਾ ਹੈ, ਉੱਥੇ ਲੋਕ ਰਲ ਕੇ ਜਾਂ ਗਾ ਕੇ ਅਰਦਾਸ ਕਰਦੇ ਹਨ। ਸੁਭਾਵਿਕ ਹੀ ਅਜਿਹੇ ਲੋਕ ਦਿਮਾਗ ਦੀ ਨਹੀਂ, ਦਿਲ ਦੀ ਬੋਲੀ ਬੋਲਦੇ ਹਨ।

ਕਈ ਥਾਂਵਾਂ ਉੱਤੇ ਅਰਦਾਸ ਵੱਖਰੀਆਂ ਵੱਖਰੀਆਂ ਸ਼ਕਤੀਆਂ ਦੇ ਪ੍ਰਤੀਕ, ਦੇਵੀ-ਦੇਵਤਿਆਂ ਸਾਹਮਣੇ ਕੀਤੀ ਜਾਂਦੀ ਹੈ।

ਬੱਚੇ, ਅਨਪੜ੍ਹ ਅਤੇ ਸਾਧਾਰਣ ਬੁੱਧੀ ਵਾਲੇ ਲੋਕ, ਪਰਮਾਤਮਾ ਨੂੰ ਆਪਣੇ ਅੰਦਰ ਨਹੀਂ, ਬਾਹਰ ਕਿਸੇ ਉੱਚੀ ਥਾਂ ਖਿਆਲ ਕਰਦੇ ਹਨ, ਇਸੇ ਲਈ ਅਰਦਾਸ ਉੱਚੀ ਬੋਲ ਕੇ ਕੀਤੀ ਜਾਂਦੀ ਹੈ।

ਨਾਸਤਿਕ ਲੋਕਾਂ ਦਾ ਅਰਦਾਸ ਵਿਚ ਵਿਸ਼ਵਾਸ ਨਹੀਂ ਹੁੰਦਾ, ਕਿਉਂਕਿ ਉਹ ਸਾਰੀ ਪ੍ਰਕ੍ਰਿਤੀ ਨੂੰ ਨੇਮਾਂ ਵਿਚ ਬੱਝਾ ਹੋਇਆ ਵੇਖਦੇ ਹਨ ਅਤੇ ਉਨ੍ਹਾਂ ਦੇ ਮੱਤ ਅਨੁਸਾਰ ਅਰਦਾਸ ਵਿਚ ਅਸੀਂ ਰੱਬ ਨੂੰ ਉਸ ਦੇ ਆਪਣੇ ਹੀ ਬਣਾਏ ਹੋਏ ਕਾਨੂੰਨ ਤੋੜਨ ਲਈ ਕਹਿੰਦੇ ਹਾਂ।

ਜੰਗ ਵਿਚ ਦੋਵੇਂ ਧਿਰਾਂ ਆਪਣੀ-ਆਪਣੀ ਜਿੱਤ ਲਈ ਅਰਦਾਸ ਕਰਦੀਆਂ ਹਨ। ਆਮ ਜੀਵਨ ਵਿਚ ਜੇ ਇਕ ਵਿਅਕਤੀ ਮੀਂਹ ਲਈ ਅਰਦਾਸ ਕਰਦਾ ਹੈ, ਦੂਜਾ ਮੀਂਹ ਨਾ ਪੈਣ ਦੀ ਅਰਦਾਸ ਕਰਦਾ ਹੈ ਜਦੋਂ ਕਿ ਸੱਚ ਇਹ ਹੈ ਕਿ ਮੀਂਹ ਤਾਂ ਪ੍ਰਕ੍ਰਿਤਕ ਨੇਮਾਂ ਅਨੁਸਾਰ ਹੀ ਪੈ ਸਕਦਾ ਹੈ। ਕਿਸੇ ਚਿੱਠੀ ਲਈ ਅਰਦਾਸ ਕੀਤੀ ਜਾਂਦੀ ਹੈ ਪਰ ਚਿੱਠੀ ਰੱਬ ਵਲੋਂ ਨਹੀਂ, ਡਾਕਖਾਨੇ ਰਾਹੀਂ ਹੀ ਆ ਸਕਦੀ ਹੈ।

ਪ੍ਰਕ੍ਰਿਤਕ ਨੇਮ ਅਟੱਲ ਹਨ, ਰੱਬ ਵੀ ਇਨ੍ਹਾਂ ਵਿਚ ਦਖਲ ਨਹੀਂ ਦੇ ਸਕਦਾ।

ਨਾਸਤਿਕਾਂ ਅਨੁਸਾਰ ਅਰਦਾਸ ਕਰਨ ਨਾਲ ਮਨੁੱਖ ਕਮਜ਼ੋਰ ਹੋ ਜਾਂਦਾ ਹੈ। ਉਹ ਕਹਿੰਦੇ ਹਨ ਕਿ ਜੇ ਕਿਸੇ ਵਿਅਕਤੀ ਦਾ ਆਪਣੇ ਆਪ ਵਿਚ ਵਿਸ਼ਵਾਸ ਹੈ ਤਾਂ ਉਸ ਨੂੰ ਅਰਦਾਸ ਕਰਨ ਦੀ ਲੋੜ ਨਹੀਂ।

ਇਸ ਗੱਲ ਤੋਂ ਨਾਸਤਿਕ ਵੀ ਇਨਕਾਰ ਨਹੀਂ ਕਰਦੇ ਕਿ ਅਰਦਾਸ ਰਾਹੀਂ ਆਤਮਾ ਨਵੀਆਂ ਬੁਲੰਦੀਆਂ ਛੋਂਹਦੀ ਹੈ।

ਨਾਸਤਿਕ ਵੀ ਅਕਸਰ ਆਪਣੇ ਜੀਵਨ ਦੇ ਅੰਤਲੇ ਸਾਲਾਂ ਵਿਚ ਆਸਤਿਕ ਬਣ ਜਾਂਦੇ ਹੈਨ ਅਤੇ ਅਰਦਾਸ ਕਰਨ ਲਗ ਪੈਂਦੇ ਹਨ। ਨਾਸਤਿਕਾਂ ਦਾ ਇਤਰਾਜ਼ ਅਰਦਾਸ ਪ੍ਰਤਿ ਨਹੀਂ, ਉਸ ਸ਼ਕਤੀ ਪ੍ਰਤਿ ਹੁੰਦਾ ਹੈ, ਜਿਸ ਅੱਗੇ ਅਰਦਾਸ ਕੀਤੀ ਜਾਂਦੀ ਹੈ ਪਰ ਪ੍ਰਕ੍ਰਿਤੀ ਨੂੰ ਨਾਸਤਿਕ ਵੀ ਮੰਨਦੇ ਹਨ।

ਉਨ੍ਹਾਂ ਅਨੁਸਾਰ ਮਰੀਜ਼ ਦੀ ਅਰਦਾਸ ਰੱਬ ਪ੍ਰਤਿ ਨਹੀਂ ਡਾਕਟਰ ਪ੍ਰਤਿ ਹੋਣੀ ਚਾਹੀਦੀ ਹੈ। ਉਹ ਮੰਨਦੇ ਹਨ ਕਿ ਅਰਦਾਸ ਨਾਲ ਕਈ ਭਰਮ-ਭੁਲੇਖੇ ਦੂਰ ਹੁੰਦੇ ਹਨ ਅਤੇ ਸਮੂਹਿਕ ਯਤਨਾਂ ਨਾਲ ਸਭ ਕੁਝ ਸੰਭਵ ਹੋ ਜਾਂਦਾ ਹੈ।

ਇਸ ਗੱਲ ਤੋਂ ਕੋਈ ਵੀ ਇਨਕਾਰ ਨਹੀਂ ਕਰਦਾ ਕਿ ਅਰਦਾਸ ਨਾਲ ਸੰਸਿਆਂ ਤੋਂ ਮੁਕਤੀ, ਦੁਚਿੱਤੀਆਂ ਤੋਂ ਛੁੱਟਕਾਰਾ, ਮਾਨਸਿਕ ਸ਼ਾਂਤੀ, ਸਮੂਹਿਕ ਭਾਵਨਾ ਦੀ ਪ੍ਰਾਪਤੀ ਅਤੇ ਸਵੈ-ਵਿਸ਼ਵਾਸ ਵਿਚ ਵਾਧਾ ਹੁੰਦਾ ਹੈ ਅਤੇ ਸਰਬਤ ਦੇ ਭਲੇ ਵੱਲ ਰੁਚਿਤ ਹੋਣ ਦੀ ਪ੍ਰੇਰਨਾ ਮਿਲਦੀ ਹੈ।

ਨਿਰਸੰਦੇਹ ਅਰਦਾਸ ਰੱਬ ਨੂੰ ਭਰਮਾਉਣ ਦਾ ਨਹੀਂ ਆਪਣੇ ਆਪ ਨੂੰ ਸਮਝਣ ਦਾ ਯਤਨ ਹੁੰਦੀ ਹੈ। ਅਰਦਾਸ ਕੁਝ ਮੰਗਣ ਲਈ ਨਹੀਂ ਕੀਤੀ ਜਾਣੀ ਚਾਹੀਦੀ, ਕਿਉਂਕਿ ਜੋ ਕੁਝ ਸਾਨੂੰ ਲੋੜ ਹੈ, ਉਹ ਪਰਮਾਤਮਾ ਨੇ ਪਹਿਲਾਂ ਹੀ ਦਿੱਤਾ ਹੋਇਆ ਹੈ।

ਅਰਦਾਸ ਰਾਹੀਂ ਮਿਲੇ ਹੋਏ ਦਾ ਧੰਨਵਾਦ ਕਰਨ ਨਾਲ ਮਨ ਖਿੜਦਾ ਹੈ, ਹਿੰਮਤ ਵੱਧਦੀ ਹੈ ਅਤੇ ਸਫਲਤਾ ਮਿਲਦੀ ਹੈ।

◊◊◊

# ਦੋਸਤੀ

ਦੋਸਤ ਅਤੇ ਦੁਸ਼ਮਣ ਦੋਵੇਂ ਦੁੱਖ ਦਿੰਦੇ ਹਨ।

ਦੋਸਤ ਵਿੱਛੜ ਕੇ ਦੁੱਖ ਦਿੰਦੇ ਹਨ ਅਤੇ ਦੁਸ਼ਮਣ ਮਿਲ ਕੇ ਦੁੱਖ ਦਿੰਦੇ ਹਨ।

ਦੋਸਤੀ ਦਾ ਦਾਅਵਾ ਤਾਂ ਸਾਰੇ ਕਰਦੇ ਹਨ ਪਰ ਤਰਬੂਜ਼ ਅਤੇ ਖ਼ਰਬੂਜ਼ੇ ਵਾਂਗ ਕੋਈ ਕੋਈ ਦੋਸਤ ਹੀ ਮਿੱਠਾ ਹੁੰਦਾ ਹੈ।

ਸਾਡੀ ਖੁਸ਼ਹਾਲੀ ਦੇ ਦਿਨਾਂ ਵਿਚ ਸਾਨੂੰ ਦੋਸਤ ਮਿਲਦੇ ਹਨ ਅਤੇ ਮੁਸੀਬਤ ਵੇਲੇ ਉਹ ਪਰਖੇ ਜਾਂਦੇ ਹਨ।

ਆਪਣੇ ਆਪ ਨੂੰ ਪਛਾਣਨ ਲਈ ਦੋਸਤਾਂ ਦੀ ਹੋਂਦ ਜ਼ਰੂਰੀ ਹੈ। ਕਿਸੇ ਵਿਅਕਤੀ ਦੇ ਕਾਹਲੇ ਤੇ ਚਿੜਚਿੜੇ ਸੁਭਾ ਦਾ ਅਸਲ ਕਾਰਨ ਇਹ ਹੁੰਦਾ ਹੈ ਕਿ ਉਸ ਨੂੰ ਸਹੀ ਦੋਸਤ ਨਹੀਂ ਮਿਲੇ। ਸਾਡੀ ਸ਼ਖ਼ਸੀਅਤ ਲਈ ਸਾਡੇ ਦੋਸਤਾਂ ਦਾ ਉਹੀ ਰੋਲ ਹੁੰਦਾ ਹੈ ਜੋ ਸਾਡੀ ਬੀਮਾਰੀ ਦੀ ਹਾਲਤ ਵਿਚ ਡਾਕਟਰ ਦਾ ਹੁੰਦਾ ਹੈ। ਸਾਡੇ ਦੋਸਤ ਦਾ ਪਹਿਲਾ ਕੰਮ ਇਹ ਹੈ ਕਿ ਉਹ ਸਾਨੂੰ ਉਲਾਰ ਨਾ ਹੋਣ ਦੇਵੇ ਅਤੇ ਸਾਡਾ ਸੰਤੁਲਨ ਬਣਾਈ ਰੱਖੇ।

ਇਵੇਂ ਸਾਡਾ ਦੋਸਤ ਸਾਡੀ ਹੀ ਤਕੜੀ ਦਾ ਦੂਜਾ ਪਲੜਾ ਹੁੰਦਾ ਹੈ।

ਸਾਡੇ ਦੋਸਤ ਸਾਡੇ ਆਪਣੇ ਵਿਚਾਰਾਂ ਦੇ ਪੱਕਣ ਅਤੇ ਸਾਡੀ ਸ਼ਖ਼ਸੀਅਤ ਦੇ ਰੱਸਣ ਵਿਚ ਮਹੱਤਵਪੂਰਨ ਰੋਲ ਅਦਾ ਕਰਦੇ ਹਨ, ਕਿਉਂਕਿ ਆਪਣੇ ਵਿਚਾਰਾਂ ਦਾ ਸਭ ਤੋਂ ਪਹਿਲਾ ਪ੍ਰਗਟਾਵਾ ਅਸੀਂ ਆਪਣੇ ਦੋਸਤਾਂ ਸਾਹਮਣੇ ਹੀ ਕਰਦੇ ਹਾਂ।

ਦੋਸਤੀ ਇਕ ਲੋਕਤੰਤਰਕ ਰਿਸ਼ਤਾ ਹੈ।

ਅਸੀਂ ਜੀਵਨ ਵਿਚ ਤਿੰਨ ਪ੍ਰਕਾਰ ਦੇ ਲੋਕਾਂ ਨੂੰ ਮਿਲਦੇ ਹਾਂ, ਆਪਣੇ ਤੋਂ ਉੱਚਿਆਂ ਨੂੰ, ਆਪਣੇ ਵਰਗਿਆਂ ਨੂੰ ਅਤੇ ਆਪਣੇ ਤੋਂ ਨੀਵਿਆਂ ਨੂੰ। ਦੋਸਤ ਸਾਡੇ ਵਰਗੇ ਹੁੰਦੇ ਹਨ।

ਦੋਸਤ ਸਾਡੀ 'ਮੈਂ' ਦਾ ਹੀ ਹੋਰ-ਹੋਰ ਰੂਪ ਹੁੰਦੇ ਹਨ।

ਦੋਸਤ ਇਕ ਹੀ ਦੀਵੇ ਵਿਚੋਂ ਬਲਣ ਵਾਲੀਆਂ ਕਈ ਬੱਤੀਆਂ ਹੁੰਦੀਆਂ ਹਨ।

ਇਕ ਦੋਸਤ ਹੀ ਕਾਫੀ ਹੁੰਦਾ ਹੈ, ਦੋ ਦੋਸਤਾਂ ਜਿਹੀ ਕੋਈ ਰੀਸ ਨਹੀਂ, ਤਿੰਨ ਦੋਸਤ ਕਰਮਾਂ ਵਾਲਿਆਂ ਦੇ ਹੁੰਦੇ ਹਨ, ਚਾਰ ਦੋਸਤ ਸੰਭਵ ਨਹੀਂ ਹੁੰਦੇ।

ਦੋਸਤ ਕਦੇ ਗਿਣੇ ਨਹੀਂ ਜਾਂਦੇ, ਕਿਉਂਕਿ ਇਤਨੇ ਦੋਸਤ ਹੁੰਦੇ ਹੀ ਨਹੀਂ ਕਿ ਉਨ੍ਹਾਂ ਨੂੰ ਗਿਣਨ ਦੀ ਲੋੜ ਪਏ।

ਆਪਣੇ ਆਪ ਬਾਰੇ ਸੋਚੋ, ਕੀ ਕੁਝ ਅਜਿਹਾ ਹੈ ਜੋ ਤੁਸੀਂ ਇਸ ਕਰਕੇ ਕਰਦੇ ਹੋ, ਕਿਉਂਕਿ ਉਹ ਤੁਹਾਡੇ ਦੋਸਤ ਨੂੰ ਚੰਗਾ ਲੱਗਦਾ ਹੈ ਜਾਂ ਕੁਝ ਅਜਿਹਾ ਹੈ ਜੋ ਤੁਸੀਂ ਇਸ ਲਈ ਨਹੀਂ ਕਰਦੇ ਕਿਉਂਕਿ ਉਹ ਤੁਹਾਡੇ ਦੋਸਤ ਨੂੰ ਚੰਗਾ ਨਹੀਂ ਲੱਗਦਾ।

ਸਾਡੇ ਦੋਸਤਾਂ ਦਾ ਸਾਡੇ ਉਤੇ ਅਚੇਤ ਪ੍ਰਭਾਵ ਅਤੇ ਦਬਾਓ ਹੁੰਦਾ ਹੈ। ਉਹ ਸਾਡੀ ਸੋਚ ਅਤੇ ਸਾਡੇ ਵਰਤਾਰੇ ਨੂੰ ਬੜੇ ਸੂਖਮ ਢੰਗ ਨਾਲ ਪ੍ਰਭਾਵਿਤ ਕਰਦੇ ਹਨ।

ਸਾਡੇ ਸਾਰੇ ਰਿਸ਼ਤੇ, ਸਮਾਜ ਜਾਂ ਸਾਡੇ ਮਾਪੇ ਨਿਸ਼ਚਿਤ ਕਰਦੇ ਹਨ, ਦੋਸਤੀ ਸਾਡਾ ਆਪ ਸਿਰਜਿਆ ਰਿਸ਼ਤਾ ਹੁੰਦੀ ਹੈ।

ਅੰਤਮ ਨਿਰਣੇ ਅਨੁਸਾਰ ਸਾਨੂੰ ਉਹੀ ਦੋਸਤ ਮਿਲਦੇ ਹਨ, ਜਿਨ੍ਹਾਂ ਦੇ ਅਸੀਂ ਯੋਗ ਹੁੰਦੇ ਹਾਂ। ਦੋਸਤ ਸਾਡਾ ਆਪਣਾ ਵਿਸਥਾਰ ਹੁੰਦੇ ਹਨ।

ਚੜ੍ਹਦੀ ਜਵਾਨੀ ਵਿਚ ਦੋਸਤੀਆਂ ਪੈਂਦੀਆਂ ਹਨ। ਦੋਹਾਂ ਧਿਰਾਂ ਦੇ ਵਿਕਾਸ ਕਰਨ ਨਾਲ ਦੋਸਤੀਆਂ ਵਿਕਾਸ ਕਰਦੀਆਂ ਹਨ। ਜਿਸ ਧਿਰ ਦਾ ਵਿਕਾਸ ਰੁਕ ਜਾਵੇ, ਉਸ ਧਿਰ ਦੇ ਖਾਰਜ ਹੋਣ ਦੀ ਪ੍ਰਕਿਰਿਆ ਸ਼ੁਰੂ ਹੋ ਜਾਂਦੀ ਹੈ।

ਦੋਸਤੀ ਦੋ ਬਰਾਬਰ ਧਿਰਾਂ ਵਿਚ ਹੀ ਸੰਭਵ ਹੁੰਦੀ ਹੈ।

ਜਿਥੇ ਇਕ ਦੋਸਤ ਦੀਆਂ ਕੀਤੀਆਂ ਦਾ ਬਦਲਾ ਚੁਕਾਉਣ ਦੀ ਦੂਜੇ ਵਿਚ ਸਮਰੱਥਾ ਜਾਂ ਸੰਭਾਵਨਾ ਨਾ ਹੋਏ, ਉਥੇ ਦੋਸਤੀ ਦਾ ਸੰਤੁਲਨ ਵਿਗੜ ਜਾਂਦਾ ਹੈ ਅਤੇ ਦੋਵੇਂ ਧਿਰਾਂ ਊਚ-ਨੀਚ ਦਾ ਸ਼ਿਕਾਰ ਹੋ ਜਾਂਦੀਆਂ ਹਨ।

ਦੋਸਤੀ ਇਕ ਅਜਿਹਾ ਵਾਤਾਵਰਨ ਸਿਰਜਦੀ ਹੈ, ਜਿਸ ਵਿਚ ਸੰਪੂਰਨ ਸੁਰੱਖਿਆ ਦਾ ਅਹਿਸਾਸ ਹੁੰਦਾ ਹੈ ਅਤੇ ਕਿਸੇ ਵੀ ਹੋਰ ਥਾਂ ਦੇ ਮੁਕਾਬਲੇ, ਜਿਥੇ ਵੀ ਦੋਸਤ ਹਾਜ਼ਰ ਹੋਵੇ, ਉਥੇ ਸਾਹ ਸੌਖਾ ਆਉਂਦਾ ਹੈ।

ਕਿਉਂਕਿ ਦੋਸਤੀ ਬਰਾਬਰੀ ਦਾ ਰਿਸ਼ਤਾ ਹੁੰਦੀ ਹੈ, ਸੋ ਨਾ ਕਦੇ ਦੋਸਤ ਨੂੰ ਆਪਣਾ ਨੌਕਰ ਰੱਖਣਾ ਚਾਹੀਦਾ ਹੈ ਅਤੇ ਨਾ ਹੀ ਉਸ ਦੀ ਨੌਕਰੀ ਕਰਨੀ ਚਾਹੀਦੀ ਹੈ।

ਦੋਸਤੀ ਵਿਚ ਨਿੱਘ ਉਦੋਂ ਤੱਕ ਹੀ ਰਹਿੰਦਾ ਹੈ, ਜਦੋਂ ਤੱਕ ਇਹ ਪਵਿੱਤਰ ਰਿਸ਼ਤਾ ਨਫ਼ੇ-ਨੁਕਸਾਨ ਤੋਂ ਮੁਕਤ ਰਹਿੰਦਾ ਹੈ।

ਦੋਸਤ ਅਤੇ ਦੁਸ਼ਮਣ ਵਿਚ ਮੁਸਕਰਾਹਟ ਅਤੇ ਤਿਊੜੀ ਵਾਲਾ ਅੰਤਰ ਹੁੰਦਾ ਹੈ।

ਊਚ-ਨੀਚ ਦਾ ਸ਼ਿਕਾਰ ਹੋਈ ਦੋਸਤੀ 'ਚ ਸਾਹ ਲੈਣਾ ਔਖਾ ਹੋ ਜਾਂਦਾ ਹੈ।

ਦੋਸਤੀ ਨੂੰ ਘੁਣ ਉਦੋਂ ਲਗਦਾ ਹੈ, ਜਦੋਂ ਉਸ ਵਿਚ ਅਜਿਹੇ ਛੋਟੇ-ਛੋਟੇ ਦੋਸ਼ ਉਪਜ ਪੈਣ ਕਿ ਉਨ੍ਹਾਂ ਦੀ ਸ਼ਿਕਾਇਤ ਕਰਨੀ ਠੀਕ ਪ੍ਰਤੀਤ ਨਾ ਹੋਏ ਪਰ ਇਹ ਦੋਸ਼ ਇਤਨੇ ਵੱਧ ਜਾਣ ਕਿ ਉਨ੍ਹਾਂ ਸਬੰਧੀ ਚੁੱਪ ਰਹਿਣਾ ਔਖਾ ਹੋ ਜਾਏ।

ਰਾਜਨੀਤਕ ਸ਼ਕਤੀ ਵਾਲੇ ਵਿਅਕਤੀਆਂ ਵਿਚ ਦੋਸਤੀ ਸੰਭਵ ਨਹੀਂ ਹੁੰਦੀ, ਕਿਉਂਕਿ ਕੁਰਸੀ ਉਤੇ ਬੈਠਾ ਹਾਕਮ ਬਾਕੀ ਸਾਰਿਆਂ ਨੂੰ ਆਪਣੇ ਅਧੀਨ ਜਾਂ ਆਪਣੇ ਦੁਸ਼ਮਣ ਮਿਥ ਲੈਂਦਾ ਹੈ ਅਤੇ ਉਨ੍ਹਾਂ ਨੂੰ ਮਜਬੂਰ ਕਰ ਦਿੰਦਾ ਹੈ ਕਿ ਉਹ ਅਧੀਨ ਵਿਅਕਤੀਆਂ ਵਾਂਗ ਜਾਂ ਦੁਸ਼ਮਣਾਂ ਵਾਂਗ ਵਿਚਰਨ।

ਜੂਲੀਅਸ ਸੀਜ਼ਰ ਅਤੇ ਬਰੂਟਸ ਦੀ ਉਦਾਹਰਣ ਸਾਡੇ ਸਾਹਮਣੇ ਹੈ।

ਬੇਨੇਮੀ ਮਿਹਰਬਾਨੀ ਵੀ ਦੋਸਤੀ ਨੂੰ ਖ਼ਤਮ ਕਰਦੀ ਹੈ।

ਸੁਦਾਮਾ ਜਦੋਂ ਆਪਣੇ ਦੋਸਤ ਕ੍ਰਿਸ਼ਨ ਕੋਲ ਗਿਆ ਸੀ ਤਾਂ ਉਸ ਦੀ ਦੋਸਤੀ ਦਾ ਦਾਅਵਾ ਅਸਲ ਵਿਚ ਦੋਸਤੀ ਦਾ ਵਾਸਤਾ ਸੀ। ਦੋਸਤੀ ਦੇ ਜਾਰੀ ਰੱਖਣ ਲਈ ਜ਼ਰੂਰੀ ਹੈ ਕਿ ਦੋਵਾਂ ਧਿਰਾਂ ਦੀ ਆਰਥਿਕ ਅਤੇ ਮਾਨਸਿਕ ਪੱਧਰ ਇਕ ਹੋਏ, ਨਹੀਂ ਤਾਂ ਇੱਕ ਧਿਰ, ਦੂਜੀ ਨੂੰ ਖਿੱਚ ਰਹੀ ਪ੍ਰਤੀਤ ਹੋਵੇਗੀ।

ਦੋਸਤ ਨੇੜੇ-ਨੇੜੇ ਉੱਗ ਰਹੇ ਦਰੱਖ਼ਤਾਂ ਵਾਂਗ ਹੁੰਦੇ ਹਨ, ਉਨ੍ਹਾਂ ਦਾ ਬਹੁਤ ਅਧਿਕ ਨੇੜੇ ਹੋਣਾ ਉਨ੍ਹਾਂ ਦੇ ਵਿਕਾਸ ਨੂੰ ਰੋਕ ਦੇਵੇਗਾ ਤੇ ਉਨ੍ਹਾਂ ਦਾ ਬਹੁਤ ਦੂਰ ਹੋਣਾ, ਉਨ੍ਹਾਂ ਦੀ ਸਾਂਝ ਨੂੰ ਮੁਕਾ ਦੇਵੇਗਾ।

ਦੋਸਤੀ ਉਸ ਵਾਤਾਵਰਨ ਵਿਚ ਪੈਂਦੀ ਹੈ, ਜਿਸ ਵਿਚ ਦੋਵੇਂ ਧਿਰਾਂ ਆਪਸੀ ਮੁਕਾਬਲੇ ਤੋਂ ਮੁਕਤ ਹੋਣ। ਜਮਾਤੀਆਂ ਦੀ ਦੋਸਤੀ ਜਾਂ ਇਕ ਦਫ਼ਤਰ ਵਿਚ ਕੰਮ ਕਰਦੇ ਕਰਮਚਾਰੀਆਂ ਦੀ ਦੋਸਤੀ, ਦੋਸਤੀ ਨਹੀਂ ਹੁੰਦੀ, ਇਹ ਅਸਲ ਵਿਚ ਸਾਂਝੇ ਹਿੱਤਾਂ ਲਈ ਜਾਂ ਸਾਂਝੇ ਦੁਸ਼ਮਣ ਵਿਰੁੱਧ ਮੋਰਚੇਬੰਦੀ ਹੁੰਦੀ ਹੈ।

ਇੱਕ ਡਾਕਟਰ ਅਤੇ ਇੱਕ ਇੰਜੀਨੀਅਰ ਦੋਸਤ ਹੋ ਸਕਦੇ ਹਨ, ਦੋ ਡਾਕਟਰ ਜਾਂ ਦੋ ਇੰਜੀਨੀਅਰ ਅਕਸਰ ਸ਼ਰੀਕ ਹੀ ਹੁੰਦੇ ਹਨ।

ਨਿਕੰਮੇ ਲੋਕ ਦੋਸਤੀ ਨੂੰ ਮਿਲਣ ਵਾਲੇ ਲਾਭਾਂ ਨਾਲ ਮਿਣਦੇ ਹਨ, ਜਦੋਂ ਕਿ ਦੋਸਤੀ ਪ੍ਰਾਪਤੀ ਦਾ ਨਹੀਂ ਦੇਣ ਜਾਂ ਤਿਆਗ ਦਾ ਰਿਸ਼ਤਾ ਹੁੰਦੀ ਹੈ।

ਸੱਚੇ ਦੋਸਤ ਦੀ ਪਛਾਣ ਇਹ ਹੈ ਕਿ ਸਵੇਰੇ ਤਿੰਨ ਵਜੇ ਬੁਲਾਓ, ਆਵੇਗਾ।

ਦੋਸਤੀ ਦਾ ਸਮੁੱਚਾ ਸੰਕਲਪ ਸਾਮੰਤਵਾਦੀ ਯੁਗ ਦੀ ਦੇਣ ਹੈ।

ਪੂੰਜੀਵਾਦ ਨੇ ਹਰ ਖੇਤਰ ਵਿਚ ਅਤੇ ਹਰ ਵਿਅਕਤੀ ਵਿਚ ਮੁਕਾਬਲੇ ਅਤੇ ਸੁਆਰਥ ਦੀ ਰੁਚੀ ਇਸ ਹੱਦ ਤੱਕ ਬਲਵਾਨ ਕਰ ਦਿੱਤੀ ਹੈ ਕਿ ਦੋਸਤੀ ਜਿਹਾ ਸੁਭਾਵਕ ਰਿਸ਼ਤਾ ਇੱਕ ਅਜੂਬਾ ਬਣ ਗਿਆ ਹੈ।

ਬਹੁਤ ਸਾਰੀਆਂ ਅਜੋਕੀਆਂ ਮਾਨਸਿਕ ਬੀਮਾਰੀਆਂ ਦਾ ਕਾਰਨ ਇਹ ਹੈ ਕਿ ਆਪਣੇ ਦਿਲ ਦੀ ਵੇਦਨਾ ਦੱਸਣ ਲਈ ਸਾਡਾ ਕੋਈ ਦੋਸਤ ਨਹੀਂ ਹੁੰਦਾ।

ਜੋ ਕੁਝ ਇਕ ਦੋਸਤ ਨੂੰ ਦੂਜੇ ਲਈ ਆਪ-ਮੁਹਾਰੇ ਕਰਨਾ ਚਾਹੀਦਾ ਹੈ, ਉਸ ਨੂੰ ਕਰਨ ਦੀ ਹੁਣ ਅਖ਼ਬਾਰਾਂ ਵਿਚ ਖ਼ਬਰ ਛੱਪਦੀ ਹੈ।

ਦੋਸਤਾਂ ਨੂੰ ਦੱਸਿਆਂ ਸਾਡੀਆਂ ਖੁਸ਼ੀਆਂ ਵੱਧਣੀਆਂ ਚਾਹੀਦੀਆਂ ਹਨ, ਉਨ੍ਹਾਂ ਨਾਲ ਵੰਡਿਆਂ ਸਾਡੇ ਦੁੱਖ ਘੱਟਣੇ ਚਾਹੀਦੇ ਹਨ ਪਰ ਸਾਡੀਆਂ ਅਜੋਕੀਆਂ ਅਨੇਕਾਂ ਨਿੱਜੀ ਸਮੱਸਿਆਵਾਂ ਬਹੁਤ ਕਰ ਕੇ ਸਾਡੇ ਦੋਸਤਾਂ ਦੀਆਂ ਮਿਹਰਬਾਨੀਆਂ ਸਦਕਾ ਹੀ ਉਪਜਦੀਆਂ ਅਤੇ ਉਲਝਦੀਆਂ ਹਨ।

ਪੱਕੇ ਦੁਸ਼ਮਣ ਬਣ ਹੀ ਉਹ ਸਕਦੇ ਹਨ, ਜੋ ਕਿਸੇ ਸਮੇਂ ਪੱਕੇ ਦੋਸਤ ਰਹੇ ਹੋਣ।

ਪੂੰਜੀਵਾਦ ਹਰ ਵਸਤ ਅਤੇ ਰਿਸ਼ਤੇ ਨੂੰ ਪੈਸੇ ਦੀ ਤੱਕੜੀ ਵਿਚ ਤੋਲਦਾ ਹੈ। ਸੱਚ ਤਾਂ ਇਹ ਹੈ ਕਿ ਅਜੋਕੇ ਯੁਗ ਵਿਚ ਦੋਸਤੀ ਸੰਭਵ ਹੀ ਨਹੀਂ। ਰਾਜਨੀਤੀ ਵੀ 'ਮੇਰੇ ਦੁਸ਼ਮਣ ਦਾ

ਦੁਸ਼ਮਣ, ਮੇਰਾ ਦੋਸਤ ਹੈ' ਦੇ ਅਸੂਲ ਉੱਤੇ ਉਸਰਦੀ ਜਾ ਰਹੀ ਹੈ। ਸਾਡੇ ਦੁਸ਼ਮਣ ਦਰਜਨਾਂ ਦੇ ਹਿਸਾਬ ਉਪਜ ਰਹੇ ਹਨ ਪਰ ਦੋਸਤ ਲੱਭਿਆਂ ਨਹੀਂ ਲੱਭਦੇ।

ਸਾਡੇ ਆਪਣੇ ਵਿਚ ਹੀ ਕਿਸੇ ਦਾ ਦੋਸਤ ਬਣਨ ਦੀਆਂ ਸੰਭਾਵਨਾਵਾਂ ਸੁੰਗੜ ਰਹੀਆਂ ਹਨ। ਇਸੇ ਕਰਕੇ ਦੁਸ਼ਮਣਾਂ ਵਰਗੇ ਦੋਸਤਾਂ ਤੋਂ ਬਚਣ ਦੇ ਨਵੇਂ ਤੋਂ ਨਵੇਂ ਸੰਕਲਪ ਉਸਰ ਰਹੇ ਹਨ, ਜਿਵੇਂ ਕਹਿੰਦੇ ਹਨ ਕਿ ਦੁਸ਼ਮਣਾਂ 'ਤੇ ਭਾਵੇਂ ਇਤਬਾਰ ਕਰ ਲਵੋ ਪਰ ਆਪਣੇ ਨਾਰਾਜ਼ ਦੋਸਤ ਉਤੇ ਨਹੀਂ। ਇਵੇਂ ਹੀ ਕਹਿੰਦੇ ਹਨ ਕਿ ਦੁਸ਼ਮਣ ਨੂੰ ਇੰਜ ਮਿਲੋ, ਜਿਵੇਂ ਉਸ ਨੇ ਇਕ ਦਿਨ ਦੋਸਤ ਬਣ ਜਾਣਾ ਹੋਏ।

ਇਹ ਵੀ ਕਿਹਾ ਜਾਂਦਾ ਹੈ ਕਿ ਅਹੁਦੇਦਾਰ ਦੋਸਤ ਅਤੇ ਕੁਆਰੇ ਦਾ ਵਿਆਹਿਆ ਦੋਸਤ, ਦੋਸਤ ਨਹੀਂ ਰਹਿੰਦੇ।

ਅਸੀਂ ਆਪਣੇ ਦੁਸ਼ਮਣਾਂ ਨੂੰ ਮਾਫ਼ ਕਰ ਸਕਦੇ ਹਾਂ, ਆਪਣੇ ਦੋਸਤਾਂ ਨੂੰ ਨਹੀਂ। ਪੁਰਾਣੇ ਦੋਸਤ ਪੁਰਾਣੇ ਬੂਟਾਂ ਵਾਂਗ ਸੁੱਖਦਾਈ ਤਾਂ ਹੁੰਦੇ ਹਨ ਪਰ ਪੁਰਾਣੇ ਹੋਣ ਕਰ ਕੇ ਉਨ੍ਹਾਂ ਦਾ ਤਿਆਗ ਭਾਵੇਂ ਨਾ ਕਰੀਏ, ਪਰ ਉਨ੍ਹਾਂ ਦੀ ਵਰਤੋਂ ਘੱਟ ਜਾਂਦੀ ਹੈ।

ਮਹਿੰਗਾਈ ਦੇ ਜ਼ਮਾਨੇ ਵਿਚ ਦੋਸਤੀਆਂ ਵੀ ਮਹਿੰਗੀਆਂ ਹੋ ਗਈਆਂ ਹਨ।

ਸਾਡਾ ਆਲਾ-ਦੁਆਲਾ ਇਸ ਹੱਦ ਤੱਕ ਭ੍ਰਿਸ਼ਟ ਗਿਆ ਹੈ ਕਿ ਅਸੀਂ ਸਾਰੇ ਕਿਸੇ ਸੱਚੇ ਮਿੱਤਰ ਨੂੰ ਮਿਲਣ ਲਈ ਸਹਿਕੇ ਹੋਏ ਫਿਰਦੇ ਹਾਂ।

ਹੁਣ ਤਾਂ ਆਪਣੇ ਦੋਸਤਾਂ ਦੀਆਂ ਵਧੀਕੀਆਂ ਬਿਆਨ ਕਰਨ ਲਈ, ਸਾਨੂੰ ਹੋਰ ਦੋਸਤਾਂ ਦੀ ਲੋੜ ਬਣੀ ਰਹਿੰਦੀ ਹੈ।

ਸੱਚ ਤਾਂ ਇਹ ਹੈ ਕਿ ਦੋਸਤੀ ਨੂੰ ਜੀਵਿਤ ਰੱਖਣ ਲਈ ਬੜੀ ਮਿਹਨਤ ਅਤੇ ਗੁਣਾਂ ਦੀ ਲੋੜ ਹੁੰਦੀ ਹੈ ਅਤੇ ਦੋਸਤੀ ਦੇ ਵਿਕਾਸ ਅਤੇ ਵਾਧੇ ਲਈ ਕਈ ਸੰਕਟ ਲੋੜੀਂਦੇ ਹਨ।

ਜਿਵੇਂ ਅਸੀਂ ਹੱਕਾਂ ਪ੍ਰਤਿ ਵਧੇਰੇ ਸੁਚੇਤ ਹੋ ਕੇ ਫ਼ਰਜ਼ਾਂ ਪ੍ਰਤਿ ਅਵੇਸਲੇ ਹੋ ਗਏ ਹਾਂ, ਇਵੇਂ ਹੀ ਅਸੀਂ ਦੋਸਤਾਂ ਦੀਆਂ ਵਧੀਕੀਆਂ ਤਾਂ ਯਾਦ ਰੱਖਦੇ ਹਾਂ ਪਰ ਆਪਣੀਆਂ ਕੀਤੀਆਂ ਵਧੀਕੀਆਂ ਭੁੱਲ ਜਾਂਦੇ ਹਾਂ।

ਕਈ ਦੋਸਤੀਆਂ ਵਿਚ ਕੇਵਲ ਮੂਰਖਤਾ ਦੀ ਹੀ ਸਾਂਝ ਹੁੰਦੀ ਹੈ।

ਦੋਸਤੀ ਦੀਆਂ ਉਦਾਹਰਣਾਂ ਦੇਣ ਲਈ ਸਾਨੂੰ ਮਨੁੱਖੀ ਅਨੁਭਵ ਦੇ ਅਤੀਤ ਵੱਲ ਮੁੜਨਾ ਪੈਂਦਾ ਹੈ। ਇਕ ਵਾਰੀ ਰੋਮ ਵਿਚ ਇਕ ਮੁਜਰਿਮ ਨੂੰ ਬਾਦਸ਼ਾਹ ਨੇ ਪੁੱਛਿਆ: 'ਤੂੰ ਮੁੜ-ਮੁੜ ਆਪਣੀ ਦੋਸਤੀ ਦਾ ਦਾਅਵਾ ਕਰ ਰਿਹਾ ਹੈਂ, ਦਸ ਤੂੰ ਆਪਣੇ ਦੋਸਤ ਵਾਸਤੇ ਕੀ ਕਰਨ ਲਈ ਤਿਆਰ ਹੈਂ?' ਉੱਤਰ ਮਿਲਿਆ 'ਸਭ ਕੁਝ'। 'ਕੀ ਸਭ ਕੁਝ?' ਫਿਰ ਉੱਤਰ ਮਿਲਿਆ 'ਸਭ ਕੁਝ'। ਤਾਂ ਬਾਦਸ਼ਾਹ ਨੇ ਕਿਹਾ, 'ਜੇ ਉਹ ਤੈਨੂੰ ਕਹੇ ਕਿ ਪਵਿੱਤਰ ਮੰਦਰਾਂ ਨੂੰ ਅੱਗ ਲਾ ਦੇ, ਕੀ ਤੂੰ ਇਵੇਂ ਹੀਂ ਕਰੇਂਗਾ?' ਉੱਤਰ ਮਿਲਿਆ, 'ਮੈਂ ਆਪਣੇ ਦੋਸਤ ਨੂੰ ਜਾਣਦਾ ਹਾਂ, ਉਹ ਕਦੇ ਅਜਿਹਾ ਨਹੀਂ ਕਹੇਗਾ।' 'ਪਰ ਜੇ ਉਹ ਅਜਿਹਾ ਕਹੇ ਤਾਂ?' ਦੋਸਤ ਨੇ ਬੜੇ ਮਾਣ ਨਾਲ ਕਿਹਾ, 'ਹਾਂ, ਉਸ ਦੇ ਕਹਿਆਂ, ਮੈਂ ਪਵਿੱਤਰ ਮੰਦਰਾਂ ਨੂੰ ਵੀ ਅੱਗ ਲਾ ਦੇਵਾਂਗਾ।'

ਇਵੇਂ ਹੀ, ਇਕ ਹੀ ਸ਼ਹਿਰ ਵਿਚ, ਹੜ੍ਹ ਵਿਚ ਘਿਰੇ ਦੋ ਦੋਸਤਾਂ ਨੇ ਜਦੋਂ ਤੀਜੇ ਨੂੰ ਬਹੁੜਨ ਲਈ ਸੁਨੇਹਾ ਭੇਜਿਆ ਤਾਂ ਵਿਚਾਰਾ ਤੀਜਾ ਦੋਸਤ ਇਸ ਦੁਚਿੱਤੀ ਵਿਚ ਹੀ ਪਾਗਲ ਹੋ ਗਿਆ ਕਿ ਪਹਿਲਾਂ ਕਿਸ ਵੱਲ ਜਾਵਾਂ।

ਇੱਕ ਹੋਰ ਮਿਸਾਲ ਹੈ : ਇਕ ਦੋਸਤ ਨੇ ਮਰਨ ਲੱਗਿਆਂ ਕਿਹਾ, 'ਆਪਣੀ ਮਾਂ ਦੀ ਦੇਖਭਾਲ ਕਰਨ ਦਾ ਮਾਣ ਮੈਂ ਉਮਰ ਵਿਚ ਵੱਡੇ ਦੋਸਤ ਨੂੰ ਦਿੰਦਾ ਹਾਂ ਅਤੇ ਆਪਣੀ ਧੀ ਦਾ ਵਿਆਹ ਕਰਨ ਦਾ ਮਾਣ ਛੋਟੇ ਦੋਸਤ ਨੂੰ।' ਇਸ ਮਾਣ ਭਰੇ ਦਾਅਵੇ ਉਤੇ ਲੋਕ ਤਾਂ ਹੱਸੇ ਪਰ ਦੋਸਤ ਖੁਸ਼ ਹੋਏ। ਛੋਟੇ ਦੋਸਤ ਨੇ ਆਪਣੀ ਧੀ ਅਤੇ ਦੋਸਤ ਦੀ ਧੀ ਦਾ ਇੱਕ ਹੀ ਦਿਹਾੜੇ ਆਪਣੀ ਅੱਧੀ-ਅੱਧੀ ਜਾਇਦਾਦ ਦਾ ਦਾਜ ਦੇ ਕੇ ਵਿਆਹ ਕੀਤਾ।

ਇਨ੍ਹਾਂ ਮਿਸਾਲਾਂ ਦਾ ਉਦੇਸ਼ ਇਹ ਦੱਸਣਾ ਹੈ ਕਿ ਦੋਸਤੀ ਕੀ ਹੋਇਆ ਕਰਦੀ ਸੀ ਅਤੇ ਅੱਜ ਕੱਲ੍ਹ ਇਹ ਕੀ ਬਣ ਗਈ ਹੈ।

ਦੋਸਤ ਇਕ ਅਜਿਹਾ ਵਿਅਕਤੀ ਹੁੰਦਾ ਹੈ, ਜਿਸ ਦੀ ਕਿਸੇ ਨਾਲ ਤੁਲਨਾ ਨਹੀਂ ਕੀਤੀ ਜਾ ਸਕਦੀ। ਦੋਸਤੀ ਵਿਚ ਮੱਦਦ ਕਰਨ ਵਾਲੇ ਦਾ ਧੰਨਵਾਦ ਨਹੀਂ ਕੀਤਾ ਜਾਂਦਾ, ਮੱਦਦ ਕਰਨ ਵਾਲਾ, ਮੱਦਦ ਲੈਣ ਵਾਲੇ ਦਾ ਧੰਨਵਾਦ ਕਰਦਾ ਹੈ।

ਇਕ ਵਾਰੀ ਜਦੋਂ ਫ਼ਿਲਾਸਫਰ ਡਾਇਓਜੀਨੀਸ ਨੂੰ ਮਾਲੀ ਸੰਕਟ ਆਣ ਬਣਿਆ ਤਾਂ ਉਸ ਨੇ ਆਪਣੀ ਪਤਨੀ ਨੂੰ ਕਿਹਾ, 'ਆਪਣੇ ਦੋਸਤਾਂ ਕੋਲ ਚੱਲਿਆਂ ਹਾਂ ਤਾਂ ਕਿ ਉਨ੍ਹਾਂ ਤੋਂ 'ਆਪਣੇ' ਪੈਸੇ ਲੈ ਆਵਾਂ।'

ਇਕ ਵਾਰੀ ਇਕ ਦੋਸਤ ਕੋਲ ਇਕ ਅਜਿਹਾ ਭੇਤ ਸੀ, ਜਿਸ ਦੇ ਦੱਸਿਆਂ ਇਕ ਦੋਸਤ ਨੂੰ ਲਾਭ ਹੁੰਦਾ ਸੀ ਤੇ ਦੂਜੇ ਨੂੰ ਨੁਕਸਾਨ।

ਅਜਿਹੀਆਂ ਸਥਿਤੀਆਂ ਵਿਚ ਹੀ ਦੋਸਤੀ ਪਰਖੀ ਜਾਂਦੀ ਹੈ।

ਪਿਆਰ ਅਸਲ ਵਿਚ ਖੂਬਸੂਰਤੀ ਦੀ ਭਾਵਨਾ ਵਿਚੋਂ ਉਪਜੀ ਦੋਸਤੀ ਹੁੰਦਾ ਹੈ। ਅਜੋਕੇ ਯੁਗ ਵਿਚ ਸੱਚਾਈ ਅਤੇ ਈਮਾਨਦਾਰੀ ਵਾਂਗ ਦੋਸਤੀ ਵੀ ਦੁਰਲੱਭ ਹੋ ਗਈ ਹੈ।

ਉਹ ਦੋਸਤ ਕਿਥੇ ਹਨ, ਜਿਹੜੇ ਨਿਪੱਤਿਆਂ ਦੀ ਪੱਤ ਸਨ ਅਤੇ ਨਿਓਟਿਆਂ ਦੀ ਓਟ ਸਨ, ਉਹ ਦੋਸਤ ਕਿਥੇ ਹਨ, ਜਿਨ੍ਹਾਂ ਬਾਰੇ ਅਰਦਾਸ ਵਿਚ ਕਿਹਾ ਜਾਂਦਾ ਹੈ 'ਸੋਈ ਪਿਆਰੇ ਮੇਲ, ਜਿਨ੍ਹਾਂ ਮਿਲਿਆਂ ਤੇਰਾ ਨਾਮ ਚਿਤ ਆਵੇ।'

# ਦੁੱਖ

ਜ਼ਿੰਦਗੀ ਦੀਆਂ ਬਹਾਰਾਂ ਵਿਚੋਂ ਗੁਜ਼ਰਦਿਆਂ ਅਚਾਨਕ ਕੋਈ ਅਣਕਿਆਸੀ ਘਟਨਾ ਵਾਪਰਦੀ ਹੈ, ਜਿਸ ਨਾਲ ਸਾਡੇ ਪੈਰਾਂ ਥੱਲਿਓਂ ਜ਼ਮੀਨ ਨਿਕਲ ਜਾਂਦੀ ਹੈ ਅਤੇ ਹਰੇ-ਭਰੇ ਬਾਗ, ਸ਼ਮਸ਼ਾਨਘਾਟ ਦਿਸਣ ਲੱਗ ਪੈਂਦੇ ਹਨ।

ਇਸ ਅਨੁਭਵ ਨੂੰ ਦੁੱਖ ਕਹਿੰਦੇ ਹਨ।

ਦੁੱਖ ਇਕ ਮਾਨਸਿਕ ਸੰਕਲਪ ਹੈ, ਜਿਸ ਨਾਲ ਸਾਡੀ ਬਾਹਰੀ ਜਗਤ ਨੂੰ ਵੇਖਣ ਦੀ ਦ੍ਰਿਸ਼ਟੀ ਹੀ ਬਦਲ ਜਾਂਦੀ ਹੈ, ਕਿਉਂਕਿ ਸਤਰੰਗੀ ਪੀਂਘ ਉੱਤੇ ਦੌੜਦੇ-ਦੌੜਦੇ ਅਸੀਂ ਧਰਤੀ ਉੱਤੇ ਆ ਡਿਗਦੇ ਹਾਂ।

ਭਾਵੇਂ ਕੋਈ ਦੁੱਖ ਅਜਿਹਾ ਨਹੀਂ ਜਿਹੜਾ ਸਮੇਂ ਦੇ ਬੀਤਣ ਨਾਲ ਮਿਟ ਨਹੀਂ ਜਾਂਦਾ ਪਰ ਕਈ ਦੁੱਖ ਅਜਿਹੇ ਹੁੰਦੇ ਹਨ ਜਿਹੜੇ ਸਾਨੂੰ ਸਦੀਆਂ ਤਕ ਹੰਢਾਉਣੇ ਪੈਂਦੇ ਹਨ। ਸਰਹੰਦ ਦੀਆਂ ਕੰਧਾਂ ਵਿਚ ਚਿਣੇ ਹੋਏ ਸਾਹਿਬਜ਼ਾਦਿਆਂ ਦੇ ਮਾਸੂਮ ਚਿਹਰਿਆਂ ਉੱਤੇ ਸੰਜਮ ਅਤੇ ਸੰਤੋਖ ਦੀ ਮਿੱਠੀ-ਮਿੱਠੀ ਮੁਸਕਰਾਹਟ ਦੇ ਅਰਥ ਸ਼ਬਦਾਂ ਵਿਚ ਬਿਆਨ ਨਹੀਂ ਕੀਤੇ ਜਾ ਸਕਦੇ, ਉਨ੍ਹਾਂ ਦੀ ਵਿਥਿਆ ਦੱਸਣ ਲਈ ਸਦੀਆਂ ਦਾ ਸਮਾਂ ਚਾਹੀਦਾ ਹੈ।

ਉਨ੍ਹਾਂ ਦੇ ਕੰਧਾਂ ਵਿਚ ਚਿਣੇ ਜਾਣ ਦੇ ਦੁੱਖ ਨੂੰ ਸ਼ਬਦਾਂ ਦਾ ਜਾਮਾ ਪਹਿਨਾਣ ਵਾਲਾ ਲੇਖਕ ਜਾਂ ਕਵੀ ਅਜੇ ਪੈਦਾ ਨਹੀਂ ਹੋਇਆ।

ਦੁੱਖ ਵਿਚੋਂ ਵਿਰਲਾਪ ਉਪਜਦਾ ਹੈ। ਵਿਰਲਾਪ ਨਾਲ ਸਾਡਾ ਮਨ ਝੁਕਦਾ ਹੈ।

ਝੁਕਣ ਨਾਲ ਸਾਡੇ ਵਿਚੋਂ ਹਉਮੈ ਅਤੇ ਆਕੜ ਮਿੱਟਦੀ ਹੈ।

ਮਹਾਨ ਦੁੱਖ, ਭਰਿਸ਼ਟ ਹੋਈਆਂ ਆਤਮਾਵਾਂ ਨੂੰ ਵੀ ਸਿੱਧੇ ਰਾਹ ਲੈ ਆਉਂਦਾ ਹੈ। ਇਵੇਂ ਦੁੱਖ, ਮਨੁੱਖੀ ਆਤਮਾ ਨੂੰ ਮਾਂਜਣ ਦਾ ਕਾਰਜ ਕਰਦਾ ਹੈ।

ਦੁੱਖ ਹੀ ਗਿਆਨ ਦਾ ਪ੍ਰਮੁੱਖ ਸਰੋਤ ਹੈ। ਦੁੱਖ ਵਿਚ ਅਸੀਂ ਦੂਜਿਆਂ ਦੇ ਸਾਥ ਲਈ ਭਟਕਦੇ ਹਾਂ। ਇਹੀ ਭਟਕਣ ਹਮਦਰਦੀ ਦੀ ਬੁਨਿਆਦ ਹੈ।

ਮਨੁੱਖੀ ਰਿਸ਼ਤਿਆਂ ਦੇ ਖੇਤਰ ਵਿਚ ਸਾਡੀ ਕਮਾਈ ਦੁੱਖਾਂ ਸਮੇਂ ਹੀ ਵੇਖਣ ਵਿਚ ਆਉਂਦੀ ਹੈ। ਇਕ ਵਿਧਵਾ ਨੂੰ ਆਪਣੇ ਪੈਰਾਂ 'ਤੇ ਖਲੋਣ ਵਿਚ ਲਗਭਗ ਅੱਠ ਸਾਲ ਲਗਦੇ ਹਨ, ਇਹ ਵਰ੍ਹੇ ਉਸ ਦੇ ਦੁੱਖਾਂ ਦੇ ਵਰ੍ਹੇ ਹੁੰਦੇ ਹਨ ਪਰ ਇਹੀ ਕਾਲ ਉਸ ਦੇ ਅਤਿਅੰਤ ਡੂੰਘੇ ਅਨੁਭਵਾਂ ਦਾ ਸਮਾਂ ਹੁੰਦਾ ਹੈ।

ਜਿਊਂਦੇ ਰਹਿਣ ਲਈ ਸਬਰ, ਸੰਤੋਖ ਅਤੇ ਹੌਸਲਾ ਜ਼ਰੂਰੀ ਹੁੰਦੇ ਹਨ ਪਰ ਇਨ੍ਹਾਂ ਦੀ ਪ੍ਰਾਪਤੀ ਦੁੱਖਾਂ ਤੋਂ ਬਿਨਾਂ ਸੰਭਵ ਨਹੀਂ ਹੁੰਦੀ।

ਸੰਸਾਰ ਵਿਚ ਵੱਡਾ ਯੋਗਦਾਨ ਦੁਖੀ ਵਿਅਕਤੀਆਂ ਨੇ ਹੀ ਪਾਇਆ ਹੈ।

ਗੁਰੂ ਗੋਬਿੰਦ ਸਿੰਘ ਨੇ ਉਸੇ ਦਿਨ ਤਲਵਾਰ ਚੁੱਕ ਲਈ ਸੀ, ਜਿਸ ਦਿਨ ਗੁਰੂ ਤੇਗ ਬਹਾਦਰ ਨੂੰ ਚਾਂਦਨੀ ਚੌਕ ਵਿਚ ਸ਼ਹੀਦ ਕੀਤਾ ਗਿਆ ਸੀ। ਰਾਜਾ ਰਾਮ ਮੋਹਨ ਰਾਏ ਦੀ ਭਰਜਾਈ ਨੂੰ ਜਦੋਂ ਜ਼ਬਰਦਸਤੀ ਸਤੀ ਕੀਤਾ ਗਿਆ, ਉਸੇ ਵੇਲੇ ਉਸ ਦੀ ਸੋਚ ਵਿਚ ਸਤੀ ਦੇ ਵਿਰੁੱਧ ਅੰਦੋਲਨ ਪੈਦਾ ਹੋਇਆ। ਲੈਨਿਨ ਦੇ ਭਰਾ ਨੂੰ ਜਦੋਂ ਜ਼ਾਰਸ਼ਾਹੀ ਨੇ ਮਾਰਿਆ ਤਾਂ ਲੈਨਿਨ ਦੇ ਮਨ ਵਿਚ ਇਨਕਲਾਬ ਨੇ ਅੰਗੜਾਈ ਲਈ।

ਦੁੱਖ ਸਾਡੀ ਪ੍ਰਤਿਭਾ ਨੂੰ ਚਮਕਾਉਣ ਦਾ ਇੱਕ ਵਸੀਲਾ ਹੁੰਦੇ ਹਨ।

ਸੁਖੀ ਵਿਅਕਤੀਆਂ ਨੇ ਸੰਸਾਰ ਵਿਚ ਅਯਾਸ਼ੀ ਫੈਲਾਈ ਹੈ ਜਦੋਂ ਕਿ ਦੁੱਖਾਂ ਨੇ ਮਨੁੱਖਤਾ ਵਿਚ ਮਨੁੱਖੀ ਕਦਰਾਂ-ਕੀਮਤਾਂ ਦਾ ਨਿਰਮਾਣ ਕੀਤਾ ਹੈ।

ਦੁੱਖਾਂ ਨੇ ਹੀ ਸੁੱਖਾਂ ਦੇ ਅਰਥ ਨਿਰਧਾਰਤ ਕੀਤੇ ਹਨ।

ਭੋਜਨ ਹੋਣਾ ਪਰ ਭੁੱਖ ਨਾ ਲੱਗਣੀ, ਭੁੱਖ ਹੋਣੀ ਪਰ ਭੋਜਨ ਨਾ ਹੋਣਾ ਆਦਿ ਸਰੀਰਕ ਦੁੱਖ ਦੀਆਂ ਸਰਬ ਸਾਧਾਰਣ ਉਦਾਹਰਣਾਂ ਹਨ।

ਵੱਡੇ ਵਿਅਕਤੀਆਂ ਦੇ ਦੁੱਖ ਵੱਡੇ ਹੁੰਦੇ ਹਨ।

ਕੋਈ ਦੁੱਖ ਅਜਿਹਾ ਨਹੀਂ, ਜਿਸ ਨੂੰ ਮਨੁੱਖ ਬਰਦਾਸ਼ਤ ਨਾ ਕਰ ਸਕੇ ਪਰ ਵੇਖਣਾ ਇਹ ਹੈ ਕਿ ਦੁੱਖ ਨਾਲ ਵਿਅਕਤੀ ਡੁੱਬਦਾ ਹੈ ਜਾਂ ਦੁੱਖ ਦੀ ਸਵਾਰੀ ਕਰਦਾ ਹੈ।

ਆਮ ਕਰਕੇ ਸਾਨੂੰ ਆਪਣੀ ਸਮੱਸਿਆ, ਦੁੱਖ ਅਤੇ ਦੂਜੇ ਦਾ ਦੁੱਖ, ਇੱਕ ਸਮੱਸਿਆ ਹੀ ਪ੍ਰਤੀਤ ਹੁੰਦੀ ਹੈ।

ਜੇਕਰ ਅਸੀਂ ਸਾਰੇ ਆਪਣੇ-ਆਪਣੇ ਦੁੱਖਾਂ ਨੂੰ ਇਕ ਥਾਂ ਇਕੱਠੇ ਕਰ ਦੇਈਏ ਅਤੇ ਸਭ ਨੂੰ ਬਰਾਬਰ ਵੰਡਣ ਦਾ ਯਤਨ ਕਰੀਏ ਤਾਂ ਲਗਭਗ ਸਾਰੇ ਆਪਣੇ-ਆਪਣੇ ਦੁੱਖ, ਵਾਪਸ ਲੈ ਕੇ ਖੁਸ਼ ਹੋ ਜਾਣਗੇ।

ਮਨੋਵਿਗਿਆਨਕ ਤੌਰ ਉੱਤੇ ਦੂਜਿਆਂ ਦੇ ਪ੍ਰਤੱਖ ਦੁੱਖ ਸਾਨੂੰ ਆਪਣੇ ਦੁੱਖ ਬਰਦਾਸ਼ਤ ਕਰਨ ਵਿਚ ਸਹਾਈ ਹੁੰਦੇ ਹਨ।

ਮਹਾਨ ਦੁੱਖਾਂ ਵਿਚ ਮਹਾਨ ਨਾਇਕ ਸਿਰਜਣ ਦੀ ਸਮਰੱਥਾ ਹੁੰਦੀ ਹੈ।

ਗੁਰੂ ਅਰਜਨ ਦੇਵ ਜੀ ਦੁੱਖਮਈ ਸਥਿਤੀਆਂ ਵਿਚੋਂ ਉਪਜੀ ਇਕ ਸ਼ਾਂਤ ਨਾਇਕ-ਆਤਮਾ ਸਨ।

ਡੁੱਬ ਰਹੇ ਬੱਚਿਆਂ ਨੂੰ ਬਚਾਉਂਦਾ-ਬਚਾਉਂਦਾ ਜਦੋਂ ਇਕ ਸਾਧਾਰਣ ਵਿਅਕਤੀ ਆਪ ਡੁੱਬ ਜਾਂਦਾ ਹੈ ਤਾਂ ਉਹ ਕਰਤਵ, ਤਿਆਗ ਅਤੇ ਕੁਰਬਾਨੀ ਦੀਆਂ ਨਵੀਆਂ ਸਿਖਰਾਂ ਛੋਹ ਜਾਂਦਾ ਹੈ।

ਦੁੱਖ ਸਿਰਜਣਾਤਮਿਕ ਸ਼ਕਤੀ ਦਾ ਸਰੋਤ ਹੁੰਦੇ ਹਨ।

ਦੁੱਖਾਂ ਵਿਚ ਮਨੁੱਖ ਦੀ ਅਸਲੀ ਧਾਤ ਪਛਾਣੀ ਜਾਂਦੀ ਹੈ।

ਪੋਰਸ ਵਲੋਂ ਸਿਕੰਦਰ ਨੂੰ ਦਿੱਤਾ ਜਵਾਬ ਦੁੱਖ ਦੀ ਕੁੱਖ ਵਿਚੋਂ ਸੂਰਜ ਵਾਂਗ ਉਗਮਿਆ

ਇਕ ਅਜਿਹਾ ਵਾਕ ਸੀ, ਜਿਸ ਨੇ ਜਿੱਤੇ ਹੋਏ ਸਿਕੰਦਰ ਦੇ ਮੁਕਾਬਲੇ, ਹਾਰੇ ਹੋਏ ਪੋਰਸ ਨੂੰ ਮਹਾਨ ਬਣਾ ਦਿੱਤਾ।

ਭਾਰਤ ਦੇ ਇਤਿਹਾਸ ਵਿਚ ਕੇਵਲ ਸਿਕੰਦਰ ਅਜਿਹਾ ਹੈ, ਜਿਹੜਾ ਭਾਰਤ ਉੱਤੇ ਹਮਲਾਵਰ ਹੋਣ ਦੇ ਬਾਵਜੂਦ ਭਾਰਤੀਆਂ ਦੇ ਸਤਿਕਾਰ ਦਾ ਪਾਤਰ ਹੈ, ਕਿਉਂਕਿ ਉਸ ਨੇ ਪੋਰਸ ਦੇ ਦੁੱਖ ਨੂੰ ਸਮਝਿਆ ਸੀ।

ਦੁੱਖ ਬਰਦਾਸ਼ਤ ਕਰਨ ਨਾਲ ਸਾਡੀ ਦੁੱਖ ਬਰਦਾਸ਼ਤ ਕਰਨ ਦੀ ਸਮਰੱਥਾ ਵੱਧਦੀ ਹੈ।

ਦੁੱਖਾਂ ਦੇ ਬਰਦਾਸ਼ਤ ਕੀਤੇ ਜਾਣ ਨੂੰ ਨੇਮਬਧ ਕਰਨ ਲਈ ਮਨੁੱਖ ਨੇ ਕਈ ਰਸਮਾਂ-ਰੀਤਾਂ ਅਤੇ ਵਿਧੀਆਂ ਦਾ ਨਿਰਮਾਣ ਕੀਤਾ ਹੈ।

ਕਿਹਾ ਜਾਂਦਾ ਹੈ ਕਿ ਦੁੱਖ ਇਕੱਲੇ ਨਹੀਂ ਆਉਂਦੇ ਪਰ ਇਹ ਵੀ ਕਿਹਾ ਜਾਂਦਾ ਹੈ ਕਿ ਪੱਤਝੜ ਮਗਰੋਂ ਬਹਾਰ ਨੇ ਆਉਣਾ ਹੀ ਆਉਣਾ ਹੈ ਅਰਥਾਤ ਦੁੱਖ, ਸੁੱਖ ਇਕ ਦੂਜੇ ਨਾਲ ਲੁਕਣਮੀਚੀ ਖੇਡਦੇ ਰਹਿੰਦੇ ਹਨ।

ਸਵੈ-ਵਿਰੋਧੀ ਸ਼ਕਤੀਆਂ ਜ਼ਿੰਦਗੀ ਨੂੰ ਚਲਦੇ ਰੱਖਣ ਵਿਚ ਸਹਾਈ ਹੁੰਦੀਆਂ ਹਨ। ਜਿਵੇਂ ਅੰਤਾਂ ਦੀ ਖੁਸ਼ੀ ਸ਼ਬਦਾਂ ਵਿਚ ਨਹੀਂ ਪ੍ਰਗਟਾਈ ਜਾ ਸਕਦੀ, ਇਵੇਂ ਹੀ ਅੰਤਾਂ ਦੇ ਦੁੱਖ ਸਮੇਂ ਸਾਧਾਰਣ ਬੋਲੀ ਨੂੰ ਆਪਣੇ ਪ੍ਰਗਟਾਵੇ ਦਾ ਸਾਧਨ ਨਹੀਂ ਬਣਾਇਆ ਜਾ ਸਕਦਾ।

ਦੂਜਿਆਂ ਦੇ ਦੁੱਖੜੇ ਸੁਣ ਕੇ ਸਾਨੂੰ ਇਕ ਵਿਸ਼ੇਸ਼ ਪ੍ਰਕਾਰ ਦੀ ਢਾਰਸ ਮਿਲਦੀ ਹੈ।

ਕਿਸੇ ਦਾ ਬੱਚਾ ਡੁੱਬ ਕੇ ਮਰਨ ਦੀ ਖ਼ਬਰ ਨਾਲ ਸਾਨੂੰ ਆਪਣੇ ਬੱਚੇ ਵਧੇਰੇ ਪਿਆਰੇ ਲੱਗਣ ਲੱਗ ਪੈਂਦੇ ਹਨ। ਕਿਸੇ ਵਿਧਵਾ ਨੂੰ ਵੇਖ ਕੇ ਆਪਣਾ ਪਤੀ ਵਧੇਰੇ ਚੰਗਾ ਲੱਗਣ ਲੱਗ ਪੈਂਦਾ ਹੈ। ਕਿਸੇ ਦੀ ਪਤਨੀ ਦੀ ਮੌਤ ਦੀ ਖ਼ਬਰ ਸੁਣਕੇ ਸਾਨੂੰ ਆਪਣੀ ਪਤਨੀ ਦੁਬਾਰਾ ਪ੍ਰਾਪਤ ਹੋਈ ਪ੍ਰਤੀਤ ਹੋਣ ਲੱਗ ਪੈਂਦੀ ਹੈ।

ਦੁੱਖ ਨਾਲ ਮਨੁੱਖ ਵਿਚ ਕੰਮ ਕਰਨ ਲਈ ਉਤਸ਼ਾਹ ਪੈਦਾ ਹੁੰਦਾ ਹੈ, ਪਰ ਇਹ ਸੰਭਵ ਤਾਂ ਹੀ ਹੁੰਦਾ ਹੈ ਜੇ ਉਸ ਸਾਹਮਣੇ ਕੋਈ ਉਦੇਸ਼ ਹੋਵੇ। ਦੁੱਖ ਨੂੰ ਭੁਲਾਉਣ ਅਤੇ ਘਟਾਉਣ ਦਾ ਉੱਤਮ ਢੰਗ ਆਪਣੇ ਆਪ ਨੂੰ ਕੰਮ ਵਿਚ ਲਾਉਣਾ ਹੁੰਦਾ ਹੈ ਅਰਥਾਤ ਮਨ ਵਿਚ ਪੈਦਾ ਹੋਏ ਖਾਲੀਪਣ ਨੂੰ ਕੰਮ ਦੀ ਸੰਤੁਸ਼ਟਤਾ ਨਾਲ ਭਰਨਾ।

ਇਕ ਗਰਭਵਤੀ ਔਰਤ ਕਿਸੇ ਦੀ ਮੌਤ ਉੱਤੇ ਇਸ ਲਈ ਸਬਰ-ਸੰਤੋਖ ਕਰ ਲੈਂਦੀ ਹੈ, ਕਿਉਂਕਿ ਉਸ ਨੂੰ ਆਪਣਾ ਆਪ ਭਰਿਆ-ਭਰਿਆ ਲੱਗਦਾ ਹੈ।

ਦੁੱਖ ਸਮੇਂ ਸਾਡਾ ਵਰਤਾਰਾ, ਸਾਡੀ ਸ਼ਖ਼ਸੀਅਤ ਦੀ ਕਿਸਮ, ਪੱਧਰ, ਡੂੰਘਾਈ ਅਤੇ ਵਿਸ਼ਾਲਤਾ ਨੂੰ ਨਿਰਧਾਰਤ ਕਰਦਾ ਹੈ। ਦੁੱਖ ਵਿਚ ਅਚਾਨਕ ਇਕੱਲੇ ਰਹਿ ਜਾਣ ਦਾ ਅਨੁਭਵ ਹੁੰਦਾ ਹੈ। ਇਵੇਂ ਦੁੱਖ ਵਿਚ ਅਸੀਂ ਆਪਣੇ ਆਪ ਨੂੰ ਮਿਲਦੇ ਹਾਂ। ਇਸ ਸਮੇਂ ਸਾਡੀ ਸ਼ਖ਼ਸੀਅਤ ਦੇ ਕਈ ਟੋਏ-ਟਿੱਬੇ ਪੱਧਰੇ ਹੋ ਜਾਂਦੇ ਹਨ।

ਦੁੱਖ ਵਿਚ ਅਸੀਂ ਸਾਰੇ ਸਾਊ ਅਤੇ ਸਭਿਅਕ ਭਾਸ਼ਾ ਬੋਲਦੇ ਹਾਂ ਅਤੇ ਆਪਣੀ ਪਦਵੀ, ਆਮਦਨ ਜਾਂ ਗਿਆਨ ਦੇ ਆਧਾਰ ਉੱਤੇ ਨਹੀਂ, ਮਨੁੱਖਤਾ ਦੀ ਪੱਧਰ ਉੱਤੇ ਇਕ

ਦੂਜੇ ਨਾਲ ਵਿਚਰਦੇ ਹਾਂ। ਇਨ੍ਹਾਂ ਪਲਾਂ ਵਿਚ ਸਾਨੂੰ ਗਿਆਨ ਹੋ ਜਾਂਦਾ ਹੈ ਕਿ ਮਨੁੱਖ ਦੀ ਹੋਣੀ ਵਿਚ ਅੰਤ ਨੂੰ ਦੁੱਖ ਹੈ।

ਦੁੱਖ ਇਕ ਸਦੀਵੀ ਅਤੇ ਸਰਬਵਿਆਪਕ ਅਨੁਭਵ ਹੈ, ਜਦੋਂ ਕਿ ਸੁੱਖ, ਛਿਨ-ਭੰਗਰ ਦਾ ਭੁਲੇਖਾ ਬਣ ਕੇ ਰਹਿ ਜਾਂਦਾ ਹੈ।

ਦੁੱਖ ਵਿਚ ਰੋਣ ਨਾਲ ਸਾਡੀ ਰੂਹ ਧੋਤੀ ਜਾਂਦੀ ਹੈ ਅਤੇ ਅਸੀਂ ਸਭ ਪ੍ਰਕਾਰ ਦੀ ਮਿਲਾਵਟ ਅਤੇ ਖੋਟ ਤੋਂ ਮੁਕਤ ਹੋ ਜਾਂਦੇ ਹਾਂ।

ਦੁੱਖ ਵਿਚ ਛੋਟੀ ਤੋਂ ਛੋਟੀ ਆਸ ਵੀ ਸੂਰਜ ਦਾ ਦਰਜਾ ਰੱਖਦੀ ਹੈ।

ਗੁੱਸਾ, ਦੁੱਖ ਦਾ ਵਿਗੜਿਆ ਰੂਪ ਹੁੰਦਾ ਹੈ।

ਦੁੱਖ ਸਾਨੂੰ ਦੂਜਿਆਂ ਨਾਲ ਜੋੜਦਾ ਹੈ, ਜਦੋਂ ਕਿ ਗੁੱਸਾ ਸਾਨੂੰ ਨਿਖੇੜਦਾ ਹੈ।

ਇਹ ਦੁੱਖ ਦੀ ਪੱਧਰ ਅਤੇ ਸਾਡੀ ਸ਼ਖ਼ਸੀਅਤ ਉੱਤੇ ਨਿਰਭਰ ਕਰਦਾ ਹੈ ਕਿ ਅਸੀਂ ਦੁੱਖ ਦੇਣ ਵਾਲੇ ਨੂੰ ਤਬਾਹ ਕਰਨ ਦੇ ਮਨਸੂਬੇ ਬਣਾਉਂਦੇ ਹਾਂ ਕਿ ਉਸ ਨੂੰ ਮੁਆਫ਼ ਕਰ ਦਿੰਦੇ ਹਾਂ। ਅਸੀਂ ਸਾਰੇ ਇਸ ਭਰਮ ਦਾ ਸ਼ਿਕਾਰ ਹਾਂ ਕਿ ਸਾਡੇ ਦੁੱਖਾਂ ਜਿਹਾ ਕੋਈ ਦੁੱਖ ਨਹੀਂ।

ਸੱਚ ਤਾਂ ਇਹ ਹੈ ਕਿ ਸਾਡੇ ਨੈਣ-ਨਕਸ਼ਾਂ ਵਾਂਗ ਸਾਡੇ ਦੁੱਖਾਂ ਦੀ ਵੀ ਆਪਣੀ ਹੀ ਨਿਵੇਕਲੀ ਅਤੇ ਨਿਜੀ ਕਿਸਮ ਹੁੰਦੀ ਹੈ।

ਸਭ ਤੋਂ ਵਧੇਰੇ ਅਸਹਿ ਦੁੱਖ ਅਕ੍ਰਿਤਘਣਤਾ ਵਿਚੋਂ ਜਨਮਦੇ ਹਨ।

ਬੇਵਫ਼ਾਈ, ਖ਼ੁਦਕੁਸ਼ੀ, ਤਲਾਕ ਆਦਿ ਅਕ੍ਰਿਤਘਣਤਾ ਦੀਆਂ ਉਦਾਹਰਣਾਂ ਹਨ।

ਪਰਮਾਤਮਾ ਨੇ ਜਿਸ ਨੂੰ ਮਹਾਨ ਬਣਾਉਣਾ ਹੁੰਦਾ ਹੈ, ਉਸ ਨੂੰ ਪਹਿਲਾਂ ਉਹ ਆਪ, ਦੁੱਖਾਂ ਵਿਚੋਂ ਲੰਘਾ ਕੇ ਪਰਖਦਾ ਹੈ।

ਦੁਸ਼ਮਣਾਂ ਦੇ ਪੱਥਰ ਅਸੀਂ ਖਿੜੇ ਮੱਥੇ ਬਰਦਾਸ਼ਤ ਕਰ ਲੈਂਦੇ ਹਾਂ ਪਰ ਸੱਜਣਾਂ ਦੇ ਫੁੱਲ ਲੱਗਣ ਨਾਲ ਵੀ ਮਨਸੂਰ ਵਾਂਗ ਸਾਡੀ ਰੂਹ ਅੰਬਰਾਂ ਤੱਕ ਕੁਰਲਾ ਉਠਦੀ ਹੈ।

ਆਪਣੇ-ਆਪਣੇ ਦੁੱਖ ਦੀਆਂ ਗੱਲਾਂ ਕਰਦਿਆਂ ਭਾਵੇਂ ਦੁੱਖ ਕਿਸੇ ਨਾਲ ਵੰਡਾਇਆ ਨਹੀਂ ਜਾ ਸਕਦਾ ਪਰ ਬਹੁਤ ਸਾਰੇ ਵਿਅਕਤੀ ਇੱਕ ਥਾਂ ਇਕੱਠੇ ਹੋ ਕੇ, ਆਪਣੇ-ਆਪਣੇ ਦੁੱਖਾਂ ਦੀਆਂ ਗੱਲਾਂ ਕਰਕੇ, ਇਹ ਭਾਵ ਉਸਾਰਦੇ ਹਨ ਕਿ ਸਾਰੇ ਹੀ ਦੁੱਖੀ ਹਨ, ਸੋ ਦੁੱਖ ਨੂੰ ਬਰਦਾਸ਼ਤ ਹੀ ਕਰਨਾ ਚਾਹੀਦਾ ਹੈ।

ਪੁਰਸ਼ਾਂ ਦੇ ਮੁਕਾਬਲੇ ਇਸਤਰੀਆਂ ਨੂੰ ਦੁੱਖਮਈ ਸਥਿਤੀਆਂ ਦਾ ਵਧੇਰੇ ਸਾਹਮਣਾ ਕਰਨਾ ਪੈਂਦਾ ਹੈ, ਇਸੇ ਲਈ ਉਹ ਪਿਆਰ, ਸਨੇਹ ਅਤੇ ਹਮਦਰਦੀ ਦੀਆਂ ਪ੍ਰਤੀਕ ਹਨ ਅਤੇ ਉਹ ਇਨ੍ਹਾਂ ਭਾਵਾਂ ਨੂੰ ਵਧੇਰੇ ਨਿਪੁੰਨਤਾ ਨਾਲ ਪ੍ਰਗਟਾਉਂਦੀਆਂ ਹਨ।

ਦੁੱਖ ਜੀਵਨ ਦਾ ਇਕ ਸੁਭਾਵਿਕ ਅਨੁਭਵ ਹੈ। ਇਸ ਤੋਂ ਬਚਣ ਦੀ ਥਾਂ ਇਸ ਨੂੰ ਹੰਢਾਉਣ ਦਾ ਜਿਗਰਾ ਅਤੇ ਹੌਸਲਾ ਉਸਾਰਨਾ ਚਾਹੀਦਾ ਹੈ ਅਤੇ ਇਸ ਰਾਹੀਂ ਆਪਣੇ ਵਿਚ ਇਨਸਾਨੀ ਗੁਣਾਂ ਨੂੰ ਉਪਜਾਉਣਾ ਚਾਹੀਦਾ ਹੈ।

# ਰੁੱਸਣਾ

ਰੁੱਸਣਾ ਕਿਸੇ ਸਥਿਤੀ ਜਾਂ ਵਿਅਕਤੀ ਪ੍ਰਤਿ ਵਿਰੋਧ ਅਤੇ ਅਪ੍ਰਵਾਨਗੀ ਦਾ ਐਲਾਨ ਅਤੇ ਪ੍ਰਗਟਾਵਾ ਹੁੰਦਾ ਹੈ।

ਹਰ ਇਕ ਵਿਅਕਤੀ ਜੀਵਨ ਵਿਚ ਅਨੇਕਾਂ ਵਾਰੀ ਰੁੱਸਦਾ ਹੈ।

ਕਈ ਰੋਸੇ ਅਜਿਹੇ ਹੁੰਦੇ ਹਨ, ਜਿਨ੍ਹਾਂ ਵਿਚ ਅਸੀਂ ਚੁੱਪ-ਗੜੁੱਪ ਹੋ ਜਾਂਦੇ ਹਾਂ ਅਤੇ ਅੰਦਰੋ-ਅੰਦਰ ਧੁੱਖਦੇ ਰਹਿੰਦੇ ਹਾਂ ਅਤੇ ਕਈ ਰੋਸੇ ਅਜਿਹੇ ਹੁੰਦੇ ਹਨ, ਜਿਨ੍ਹਾਂ ਕਾਰਨ ਅਸੀਂ ਹਰ ਵੇਲੇ ਆਪਣੇ ਨਾਲ ਹੋਈ ਵਧੀਕੀ ਦੀ ਕਹਾਣੀ ਦੂਜਿਆਂ ਨੂੰ ਸੁਣਾਉਂਦੇ ਰਹਿੰਦੇ ਹਾਂ।

ਆਪਣੇ ਪਿਆਰੇ ਨਾਲ ਰੁੱਸਣਾ ਪਿਆਰ ਦੇ ਖੇਤਰ ਵਿਚਲਾ ਇਕ ਸਾਧਾਰਣ ਅਤੇ ਸਰਬ-ਵਿਆਪਕ ਅਨੁਭਵ ਹੈ।

ਮਨੁੱਖੀ ਸ਼ਖ਼ਸੀਅਤ ਵਿਚ ਰੁੱਸਣ ਦਾ ਵਿਸ਼ੇਸ਼ ਮਹੱਤਵ ਹੈ ਅਤੇ ਸ਼ਖ਼ਸੀਅਤ ਨੂੰ ਢਾਲਣ ਵਿਚ ਇਸ ਦਾ ਮਹੱਤਵਪੂਰਨ ਰੋਲ ਹੁੰਦਾ ਹੈ।

ਕਲਾਕਾਰ, ਸਾਹਿਤਕਾਰ ਅਤੇ ਵਿਸ਼ੇਸ਼ ਕਰਕੇ ਕਵੀ ਅਤੇ ਸਮਾਜ-ਸੁਧਾਰਕ ਆਦਿ ਸਮਾਜ ਵਿਚ ਰਹਿਣ ਦੇ ਬਾਵਜੂਦ ਰੁੱਸੇ ਹੋਏ ਵਿਅਕਤੀ ਹੁੰਦੇ ਹਨ। ਕਿਉਂਕਿ ਉਨ੍ਹਾਂ ਦੇ ਰੋਸੇ ਦੀ ਪੱਧਰ ਉੱਚੀ ਹੁੰਦੀ ਹੈ ਅਤੇ ਉਨ੍ਹਾਂ ਦੇ ਅਨੁਭਵ ਦੀ ਸ਼ਿੱਦਤ ਗਹਿਰ-ਗੰਭੀਰ ਹੁੰਦੀ ਹੈ, ਉਹ ਮਹਾਨ ਕਾਰਜ ਕਰ ਜਾਂਦੇ ਹਨ।

ਮਹਾਤਮਾ ਬੁੱਧ ਆਪਣੀ ਐਸ਼-ਇਸ਼ਰਤ ਨਾਲ ਰੁੱਸ ਗਏ ਸਨ। ਗੁਰੂ ਗੋਬਿੰਦ ਸਿੰਘ ਮੁਗ਼ਲ ਹਕੂਮਤ ਨਾਲ ਰੁੱਸ ਗਏ ਸਨ।

ਇਵੇਂ ਹੋਰ ਅਨੇਕਾਂ ਮਿਸਾਲਾਂ ਦਿੱਤੀਆਂ ਜਾ ਸਕਦੀਆਂ ਹਨ।

ਕਾਰਲ ਮਾਰਕਸ, ਲੈਨਿਨ, ਭਗਤ ਸਿੰਘ, ਸੁਭਾਸ਼ ਚੰਦਰ ਬੋਸ, ਮਹਾਤਮਾ ਗਾਂਧੀ ਆਦਿ ਸਾਰੇ ਮਹਾਨ ਪੁਰਸ਼ ਆਪਣੀਆਂ ਸਮਕਾਲੀ ਆਰਥਿਕ, ਰਾਜਨੀਤਕ, ਸਮਾਜਿਕ ਸਥਿਤੀਆਂ ਨਾਲ ਰੁੱਸੇ ਹੋਏ ਸਨ।

ਕਿਹਾ ਜਾ ਸਕਦਾ ਹੈ ਕਿ ਜਿੰਨਾ ਵੱਡਾ ਰੋਸਾ, ਉਨੀ ਵੱਡੀ ਜੱਦੋ-ਜਹਿਦ ਉਪਰੰਤ ਹੀ ਪ੍ਰਾਪਤੀ ਹੋਵੇਗੀ ਪਰ ਪ੍ਰਾਪਤੀ ਹੋਣ ਦੀ ਸੰਭਾਵਨਾ ਅਤੇ ਸਮਰੱਥਾ ਹੋਣੀ ਜ਼ਰੂਰੀ ਹੈ।

ਆਤਮਘਾਤ ਕਰਨ ਵਾਲਾ ਵਿਅਕਤੀ ਵੀ ਰੁੱਸਿਆ ਹੁੰਦਾ ਹੈ ਪਰ ਉਹ ਕਿਸੇ ਜੀਵਨ ਆਦਰਸ਼ ਪ੍ਰਤਿ ਪ੍ਰੇਰਿਤ ਨਾ ਹੋਣ ਕਰਕੇ ਅਤੇ ਜ਼ਿੰਦਗੀ ਦੇ ਯਥਾਰਥ ਨਾਲ ਆਹਮੋ-ਸਾਹਮਣੇ ਹੋਣ ਦੀ ਹਿੰਮਤ ਨਾ ਹੋਣ ਕਰਕੇ ਜੀਵਨ-ਪਿੜ ਵਿਚੋਂ ਵਾਕ-ਆਊਟ ਕਰ ਜਾਂਦਾ ਹੈ।

ਗੁੱਸਾ, ਸਾੜਾ, ਈਰਖਾ, ਦੁਸ਼ਮਣੀ, ਲੜਾਈ, ਝਗੜਾ, ਅਪਰਾਧ, ਹਿੰਸਾ ਆਦਿ ਰੁੱਸਣ ਦੇ ਵੱਖ-ਵੱਖ ਰੂਪ ਹਨ।

ਜਿਹੋ ਜਿਹਾ ਸਾਡਾ ਪਿਛੋਕੜ ਹੋਵੇਗਾ, ਉਸੇ ਪ੍ਰਕਾਰ ਦਾ ਸਾਡਾ ਰੋਸਾ ਹੋਵੇਗਾ।

ਗੁੱਸਾ, ਸਾੜਾ, ਈਰਖਾ ਆਦਿ ਰੁੱਸਣ ਦੇ ਵਿਗੜੇ ਹੋਏ ਰੂਪ ਹੁੰਦੇ ਹਨ।

ਜਦੋਂ ਇਹ ਬਹੁਤ ਹੀ ਵਿਗੜ ਜਾਣ ਤਾਂ ਇਹ ਦੁਸ਼ਮਣੀ, ਲੜਾਈ ਅਤੇ ਹਿੰਸਾ ਵਿਚ ਪ੍ਰਗਟ ਹੁੰਦੇ ਹਨ। ਸਭ ਪ੍ਰਕਾਰ ਦੇ ਅੰਦੋਲਨ ਵੀ ਮਾਨਸਿਕ ਅਤੇ ਸਰੀਰਕ ਰੋਸੇ ਦਾ ਜਥੇਬੰਦਕ ਪ੍ਰਗਟਾਵਾ ਹੁੰਦੇ ਹਨ।

ਰੁੱਸਣ ਦਾ ਆਧਾਰ ਹੀ ਇਹ ਹੈ ਕਿ ਇਸ ਵਿਚ ਘੱਟੋ-ਘੱਟ ਦੋ ਧਿਰਾਂ ਹੁੰਦੀਆਂ ਹਨ।

ਇਕ ਧਿਰ ਰੁੱਸਦੀ ਹੈ, ਇਸ ਆਸ ਨਾਲ ਕਿ ਦੂਜੀ ਧਿਰ ਉਸ ਦੀ ਸ਼ਿਕਾਇਤ ਦੂਰ ਕਰਕੇ ਉਸ ਨੂੰ ਮਨਾ ਲਵੇਗੀ।

ਮਨਾਉਣ ਵਾਲੀ ਧਿਰ ਦਾ ਧਿਆਨ ਖਿੱਚਣ ਲਈ, ਰੁੱਸੀ ਹੋਈ ਧਿਰ ਕਈ ਹਰਕਤਾਂ ਅਤੇ ਹੀਲੇ ਕਰਦੀ ਹੈ।

ਰੁੱਸਣ ਵਾਲੀ ਧਿਰ ਉਪਰੋਂ ਭਾਵੇਂ ਕੁਝ ਕਹੀ ਅਤੇ ਕਰੀ ਜਾਵੇ ਪਰ ਅੰਦਰੋਂ ਉਸ ਦਾ ਦਿਲ ਕਰ ਰਿਹਾ ਹੁੰਦਾ ਹੈ ਕਿ ਉਸ ਨੂੰ ਕਿਵੇਂ ਨਾ ਕਿਵੇਂ ਮਨਾ ਲਿਆ ਜਾਵੇ।

ਭਾਵੇਂ ਇਹ ਕੁਝ ਸ਼ਰਤਾਂ ਉਤੇ ਮੰਨਣਾ ਚਾਹੁੰਦੀ ਹੈ ਪਰ ਇਹ ਸ਼ਰਤਾਂ ਅਸੰਭਵ ਨਹੀਂ ਹੁੰਦੀਆਂ। ਮਨਾਉਣ ਵਾਲੀ ਧਿਰ ਜਦੋਂ ਜਾਣ ਬੁੱਝ ਕੇ ਅਵੇਸਲੀ ਬਣੀ ਰਹੇ ਤਾਂ ਰੁੱਸਣ ਵਾਲੀ ਧਿਰ ਦਾ ਹੱਠ ਮਜ਼ਬੂਤ ਹੁੰਦਾ ਰਹਿੰਦਾ ਹੈ ਅਤੇ ਉਹ ਆਪਣੇ ਦਿਲ ਵਿਚ ਦੂਜੀ ਧਿਰ ਪ੍ਰਤਿ ਵਿਸ ਘੋਲਦੀ ਰਹਿੰਦੀ ਹੈ ਅਤੇ ਹਰ ਨਿੱਕੀ ਵੱਡੀ ਵਧੀਕੀ ਨੂੰ ਇਕ ਲੰਮੀ ਲੜੀ ਵਿਚ ਪਰੋਂਦੀ ਰਹਿੰਦੀ ਹੈ।

ਇਕ ਹੱਦ ਹੁੰਦੀ ਹੈ, ਜਿਥੇ ਤਕ ਰੁੱਸਣ ਵਾਲੀ ਧਿਰ ਉਡੀਕ ਸਕਦੀ ਹੈ।

ਸਥਿਤੀ ਦੀ ਲੋੜ ਅਨੁਸਾਰ ਇਸ ਹੱਦ ਦੀਆਂ ਸਰਹੱਦਾਂ ਹੋਰ ਪਰ੍ਹੇ ਕੀਤੀਆਂ ਜਾ ਸਕਦੀਆਂ ਹਨ ਪਰ ਜੇ ਰੋਸੇ ਦੀ ਮਿਆਦ ਬਹੁਤ ਲੰਮੀ ਹੋ ਜਾਵੇ ਤਾਂ ਰੁੱਸੀ ਧਿਰ ਨੂੰ ਰੋਸੇ ਵਾਲੀ ਸਥਿਤੀ ਨਾਲ ਹੀ ਮੋਹ ਪੈ ਜਾਂਦਾ ਹੈ ਅਤੇ ਉਹ ਕਿਸੇ ਵੀ ਕੀਮਤ ਉਤੇ ਮਨਾਏ ਜਾਣ ਲਈ ਤਿਆਰ ਨਹੀਂ ਹੁੰਦੀ।

ਇਵੇਂ ਬਹੁਤ ਸਾਰੀਆਂ ਦੋਸਤੀਆਂ, ਰਿਸ਼ਤੇਦਾਰੀਆਂ ਆਦਿ ਟੁੱਟ ਜਾਂਦੀਆਂ ਹਨ।

ਰਾਜਨੀਤਕ ਪਾਰਟੀਆਂ, ਟਰੇਡ ਯੂਨੀਅਨਾਂ ਆਦਿ ਵਿਚ ਵੀ ਉਪਰੋਕਤ ਢੰਗ ਨਾਲ ਪਾਟ ਪੈ ਜਾਂਦੇ ਹਨ।

ਮੁਕੱਦਮੇਬਾਜ਼ੀ ਦੇ ਆਧਾਰ ਵੀ ਉਪਰੋਕਤ ਕਾਰਨ ਹੀ ਹੁੰਦੇ ਹਨ।

ਪ੍ਰਸ਼ਨ ਪੈਦਾ ਹੁੰਦਾ ਹੈ ਕਿ ਮਨਾਉਣ ਵਾਲੀ ਧਿਰ, ਮਨਾਉਂਦੀ ਕਿਉਂ ਨਹੀਂ?

ਪਹਿਲੀ ਗੱਲ ਤਾਂ ਇਹ ਹੁੰਦੀ ਹੈ ਕਿ ਮਨਾਉਣ ਵਾਲੀ ਧਿਰ ਮੰਨਦੀ ਹੀ ਨਹੀਂ ਕਿ ਰੁੱਸਣ ਵਾਲੀ ਧਿਰ ਦੀ ਸ਼ਿਕਾਇਤ ਜਾਇਜ਼ ਹੈ।

ਦੂਜੀ ਗੱਲ ਇਹ ਕਿ ਰੁੱਸਣ ਵਾਲੀ ਧਿਰ, ਮਨਾਉਣ ਵਾਲੀ ਧਿਰ ਉਤੇ ਅਜਿਹੀਆਂ ਤੋਹਮਤਾਂ ਅਤੇ ਦੋਸ਼ ਲਾ ਚੁੱਕੀ ਹੁੰਦੀ ਹੈ ਕਿ ਮਨਾਉਣ ਵਾਲੀ ਧਿਰ, ਰੁੱਸਣ ਵਾਲੀ ਧਿਰ ਨਾਲ ਆਪਣੇ ਤੌਰ ਤੇ ਰੁੱਸ ਜਾਂਦੀ ਹੈ ਅਤੇ ਦੋਵੇਂ ਧਿਰਾਂ ਇਸ ਉਡੀਕ ਵਿਚ ਰਹਿੰਦੀਆਂ ਹਨ ਕਿ ਮਨਾਉਣ ਦਾ ਕੰਮ ਦੂਜੀ ਧਿਰ ਕਰੇ।

ਇਸ ਸਮੇਂ ਕਈ ਵਿਚੋਲੇ ਪੈਦਾ ਹੁੰਦੇ ਹਨ, ਜਿਹੜੇ ਭਾਵੇਂ ਢੰਡੋਰਾ ਨਿਰਪੱਖਤਾ ਦਾ ਹੀ ਪਿੱਟਣ ਪਰ ਉਹ ਵੀ ਪੱਖਪਾਤ ਤੋਂ ਪ੍ਰੇਰਿਤ ਹੁੰਦੇ ਹਨ। ਸਮਝੌਤਾ ਹੋਣ ਦੀ ਸੰਭਾਵਨਾ, ਵਿਚੋਲੇ ਦੀ (ਪਿਛੋਕੜ ਦੇ ਆਧਾਰ ਉਤੇ) ਸੁਹਿਰਦਤਾ, ਈਮਾਨਦਾਰੀ ਅਤੇ ਦੋਹਾਂ ਧਿਰਾਂ ਨੂੰ ਖਰੀਆਂ-ਖਰੀਆਂ ਸੁਣਾਉਣ ਦੀ ਸਮਰੱਥਾ ਉਤੇ ਆਧਾਰਤ ਹੁੰਦੀ ਹੈ।

ਸੱਸ-ਨੂੰਹ, ਪਤੀ-ਪਤਨੀ, ਮਜ਼ਦੂਰ-ਮਾਲਕ, ਸਰਕਾਰ-ਵਿਰੋਧੀ ਧਿਰਾਂ ਆਦਿ ਉਪਰੋਕਤ ਆਧਾਰਾਂ ਉਤੇ ਹੀ ਮਨਾਈਆਂ ਜਾਂਦੀਆਂ ਹਨ।

ਕਈ ਵਾਰੀ ਰੋਸੇ ਦਾ ਕਾਰਨ ਕੇਵਲ ਮੂਰਖਤਾ ਹੁੰਦੀ ਹੈ।

ਅਜਿਹੀ ਸਥਿਤੀ ਵਿਚ ਮਨਾਉਣ ਦੀ ਇੱਛਾ ਦੇ ਬਾਵਜੂਦ ਮਨਾਉਣ ਵਾਲੀ ਧਿਰ ਤਿਆਰ ਨਹੀਂ ਹੁੰਦੀ ਅਤੇ ਰਿਸ਼ਤਾ ਟੁੱਟਦਾ-ਟੁੱਟਦਾ ਟੁੱਟ ਜਾਂਦਾ ਹੈ।

ਕਈ ਵਾਰੀ ਮਨਾਉਣ ਵਾਲੀ ਧਿਰ ਦੂਜੀ ਧਿਰ ਦੇ ਬਾਰ-ਬਾਰ ਰੁੱਸਣ ਅਤੇ ਨਿਤ-ਨਵੀਂ ਸਮੱਸਿਆ ਉਪਜਾਉਣ ਕਰਕੇ, ਉਸ ਨੂੰ ਇਸ ਦੇ ਯੋਗ ਹੀ ਨਹੀਂ ਸਮਝਦੀ ਕਿ ਉਸ ਨੂੰ ਮਨਾਇਆ ਜਾਵੇ ਅਤੇ ਨਤੀਜਾ ਇਹ ਹੁੰਦਾ ਹੈ ਕਿ ਦੋਵੇਂ ਧਿਰਾਂ ਤਣ ਜਾਂਦੀਆਂ ਹਨ।

ਅਜਿਹੀਆਂ ਸਥਿਤੀਆਂ ਵਿਚੋਂ ਹੀ ਖ਼ਾਨਦਾਨੀ ਦੁਸ਼ਮਣੀਆਂ, ਰਾਜਨੀਤਕ ਵੈਰ-ਵਿਰੋਧ, ਲੜਾਈਆਂ ਅਤੇ ਜੰਗਾਂ ਜਨਮਦੀਆਂ ਹਨ।

ਜਦੋਂ ਮੰਨਣ-ਮਨਾਉਣ ਦੀ ਸੰਭਾਵਨਾ ਮੁੱਕ ਜਾਵੇ ਤਾਂ ਇਕ-ਦੂਜੇ ਨੂੰ ਝੁਕਾਉਣ ਦਾ ਯਤਨ ਕੀਤਾ ਜਾਂਦਾ ਹੈ। ਮਨੁੱਖ ਦੀ ਸਮੁੱਚੀ ਹਿੰਸਕ-ਪ੍ਰਵਿਰਤੀ ਇਸ ਸੰਦਰਭ ਵਿਚ ਸਹਿਜੇ ਹੀ ਸਮਝੀ ਜਾ ਸਕਦੀ ਹੈ।

ਰਾਹ ਜਾਂਦੇ ਵਿਅਕਤੀਆਂ ਨਾਲ ਰੁੱਸਿਆ ਨਹੀਂ ਜਾ ਸਕਦਾ। ਉਥੇ ਹੀ ਰੁੱਸਿਆ ਜਾ ਸਕਦਾ ਹੈ ਜਿਥੇ ਕੋਈ ਸਬੰਧ, ਰਿਸ਼ਤਾ ਜਾਂ ਪਿਆਰ ਹੋਵੇ।

ਪ੍ਰੇਮੀ ਆਮ ਰੁੱਸਦੇ ਰਹਿੰਦੇ ਹਨ।

ਜਦੋਂ ਇਕ ਧਿਰ ਅਨੁਭਵ ਕਰਦੀ ਹੈ ਕਿ ਦੂਜੀ ਧਿਰ ਉਸ ਵੱਲ ਯੋਗ ਧਿਆਨ ਨਹੀਂ ਦੇ ਰਹੀ ਤਾਂ ਪੀੜਤ ਧਿਰ ਰੁੱਸ ਜਾਂਦੀ ਹੈ।

ਖਿੜੇ-ਮੱਥੇ ਨਾ ਮਿਲਣਾ, ਜ਼ੁਕਾਮ ਲੱਗ ਜਾਣਾ, ਬੀਮਾਰ ਪੈ ਜਾਣਾ, ਕੋਈ ਨੁਕਸਾਨ ਜਾਂ ਹਾਦਸਾ ਕਰ ਬੈਠਣਾ ਆਦਿ ਰੁੱਸਣ ਵਾਲੇ ਵਲੋਂ, ਮਨਾਉਣ ਵਾਲੀ ਧਿਰ ਦਾ ਧਿਆਨ ਖਿੱਚਣ ਦੇ ਕੁਝ ਢੰਗ ਹੁੰਦੇ ਹਨ।

ਪਿਆਰ ਦੇ ਖੇਤਰ ਵਿਚ ਵੀ ਸ਼ੋਸ਼ਣ ਹੁੰਦਾ ਹੈ।

ਤਕੜੀ ਧਿਰ, ਕਮਜ਼ੋਰ ਧਿਰ ਨੂੰ ਸਤਾਉਂਦੀ ਹੈ।

ਤਕੜੀ ਧਿਰ ਲੜਕੀ ਵੀ ਹੋ ਸਕਦੀ ਹੈ ਅਤੇ ਲੜਕਾ ਵੀ।

ਬੁਲਾਏ ਜਾਣ 'ਤੇ ਨਾ ਆਉਣਾ, ਵਕਤ ਦੇ ਕੇ ਨਾ ਮਿਲਣਾ, ਖ਼ਤ ਵਿਚ ਪੁੱਛੀਆਂ ਗੱਲਾਂ ਨੂੰ ਟਾਲਣਾ, ਦੂਜਿਆਂ ਨਾਲ ਉਠਣਾ-ਬੈਠਣਾ ਅਤੇ ਅਣਬੋਲ ਹੀ ਬੇਇੱਜ਼ਤੀ ਕਰ ਦੇਣੀ, ਪ੍ਰੇਮੀਆਂ ਦੇ ਰੋਸਿਆਂ ਦੇ ਕੁਝ ਆਧਾਰ ਹੁੰਦੇ ਹਨ।

ਕਈ ਵਾਰੀ ਸਹੇਲੀਆਂ ਜਾਂ ਦੋਸਤ ਵਿਚੋਲੇ ਦਾ ਰੋਲ ਅਦਾ ਕਰਕੇ ਸਮਝੌਤਾ ਵੀ ਕਰਵਾ ਦਿੰਦੇ ਹਨ ਪਰ ਕਈ ਵਾਰੀ ਇਹੀ ਵਿਚੋਲੇ ਸੁਆਰਥੀ ਰੁਚੀਆਂ ਕਾਰਨ, ਸਮਝੌਤੇ ਵਿਚ ਰੁਕਾਵਟ ਵੀ ਬਣ ਜਾਂਦੇ ਹਨ।

ਮੰਨੇਵਾਂ ਅਕਸਰ ਹਰ ਰੋਸੇ ਦੀ ਹੋਣੀ ਹੁੰਦਾ ਹੈ।

ਹਰ ਰੋਸੇ ਦੀ ਮਿਆਦ ਹੁੰਦੀ ਹੈ। ਇਸ ਮਿਆਦ ਉਪਰੰਤ ਹੀ ਮੰਨੇਵਾਂ ਸੰਭਵ ਹੁੰਦਾ ਹੈ।

ਰੁੱਸੇ ਹੋਏ ਵਿਅਕਤੀ ਦੀ ਮਾਨਸਿਕ ਸਥਿਤੀ ਦੁਚਿੱਤੀ ਵਾਲੀ ਹੁੰਦੀ ਹੈ। ਉਹ ਰੁੱਸਿਆ ਰਹਿਣਾ ਵੀ ਚਾਹੁੰਦਾ ਹੈ ਤਾਂ ਕਿ ਉਸ ਦੀ ਸ਼ਿਕਾਇਤ ਨੂੰ ਪਛਾਣਿਆ ਜਾਵੇ ਪਰ ਉਹ ਇਹ ਵੀ ਚਾਹੁੰਦਾ ਹੈ ਕਿ ਉਸ ਨੂੰ ਮਨਾ ਲਿਆ ਜਾਵੇ।

ਰੁੱਸੇ ਹੋਏ ਵਿਅਕਤੀ ਨੂੰ ਝੱਟਪੱਟ ਬੁਲਾਉਣਾ ਉਸ ਨੂੰ ਗੁੱਸਾ ਚੜ੍ਹਾਉਂਦਾ ਹੈ, ਕਿਉਂਕਿ ਉਹ ਸਮਝਦਾ ਹੈ ਕਿ ਸ਼ਾਇਦ ਉਹ ਠੀਕ ਤਰ੍ਹਾਂ ਰੁੱਸਿਆ ਨਹੀਂ।

ਪਤਨੀ ਰੁੱਸ ਕੇ ਰਸੋਈ ਵਿਚ ਅਤੇ ਪਤੀ ਆਪਣੇ ਕਮਰੇ ਵਿਚ ਬੰਦ ਹੋ ਜਾਂਦਾ ਹੈ ਤਾਂ ਜੁ ਦੂਜੀ ਧਿਰ ਦਖ਼ਲ ਨਾ ਦੇ ਸਕੇ ਪਰ ਦੋਹਾਂ ਦੇ ਕੰਨ ਇਕ-ਦੂਜੀ ਧਿਰ ਵੱਲ ਲੱਗੇ ਹੁੰਦੇ ਹਨ। ਰੁੱਸੀ ਹੋਈ ਤੀਵੀਂ ਭਾਂਡੇ ਵਧੇਰੇ ਖੜਕਾਉਂਦੀ ਹੈ ਜਦੋਂ ਕਿ ਪਤੀ ਕਿਸੇ ਵਿਗੜੀ ਚੀਜ਼ ਨੂੰ ਠੀਕ ਕਰਨ ਦਾ ਫਾਲਤੂ ਕੰਮ ਕਰਨ ਲੱਗ ਪੈਂਦਾ ਹੈ।

ਰੁੱਸਿਆ ਹੋਇਆ ਵਿਅਕਤੀ ਇਕੱਲਾ ਰਹਿਣਾ ਚਾਹੁੰਦਾ ਹੈ ਤਾਂ ਕਿ ਉਹ ਆਪਣੇ ਆਪ ਨਾਲ ਗੱਲਾਂ ਕਰ ਸਕੇ। ਆਪਣੇ ਆਪ ਨਾਲ ਸਵਾਲ-ਜਵਾਬ ਕਰਕੇ, ਉਸ ਨੂੰ ਆਪਣੇ ਰੁੱਸਣ ਦੇ ਯੋਗ ਹੋਣ ਦਾ ਭਰਮ ਉਪਜਦਾ ਹੈ।

ਰਾਤ ਨੂੰ ਉਸ ਦੀ ਨੀਂਦਰ ਉਖੜ ਜਾਂਦੀ ਹੈ ਅਤੇ ਉਹ ਆਪਣੇ ਮਨ ਵਿਚ ਅਨੇਕਾਂ ਪੈਂਤੜੇ ਵਿਚਾਰਦਾ ਹੈ।

ਉਹ ਬੜੇ ਪੱਕੇ ਫੈਸਲੇ ਕਰਦਾ ਹੈ ਪਰ ਉਸ ਨੂੰ ਪਤਾ ਹੁੰਦਾ ਹੈ ਕਿ ਦੂਜੀ ਧਿਰ ਦੇ ਸਾਹਮਣੇ ਹੁੰਦਿਆਂ ਹੀ ਇਹ ਫੈਸਲੇ ਉਡਪੁਡ ਜਾਣਗੇ।

ਰੁੱਸਣ ਵਾਲਾ ਆਪਣੇ ਮਨ ਵਿਚ ਮਨਾਏ ਜਾਣ ਲਈ ਤਰਲੇ ਲੈਂਦਾ ਹੈ ਪਰ ਉਹ ਇਹ ਵੀ ਚਾਹੁੰਦਾ ਹੈ ਕਿ ਉਸ ਦੀ ਇੱਜ਼ਤ ਵੀ ਰਹਿ ਜਾਵੇ।

ਕਿਸੇ ਖੁਲ੍ਹੀ-ਖੁਲਾਸੀ ਘੜੀ, ਕਿਸੇ ਫਿਲਮ, ਕਿਤਾਬ ਜਾਂ ਗੀਤ ਆਦਿ ਦੇ ਪ੍ਰਭਾਵ ਅਧੀਨ, ਰੁੱਸੀ ਹੋਈ ਧਿਰ ਆਪਣੇ ਰੋਸੇ ਦਾ ਤਿਆਗ ਵੀ ਕਰ ਦਿੰਦੀ ਹੈ ਅਤੇ ਕਈ ਵਾਰੀ ਦੂਜੀ ਧਿਰ ਇਸ ਤਰ੍ਹਾਂ ਪਸੀਜ ਕੇ ਵੇਖਦੀ ਹੈ ਕਿ ਰੁੱਸੇ ਹੋਏ ਵਿਅਕਤੀ ਨੂੰ ਹੋਰ ਰੁੱਸਿਆ ਰਹਿਣਾ ਚੰਗਾ ਨਹੀਂ ਲੱਗਦਾ।

ਜੀਵਨ ਦਾ ਤਜਰਬਾ ਦਸਦਾ ਹੈ ਕਿ ਰੁੱਸਣਾ ਸ਼ੌਕ ਹੀ ਰਹਿਣਾ ਚਾਹੀਦਾ ਹੈ, ਇਹ ਆਦਤ ਨਹੀਂ ਬਣਨਾ ਚਾਹੀਦਾ।

ਰੁੱਸਣ ਦਾ ਦਰਜਾ ਭੋਜਨ ਵਿਚ ਖੱਟੀ-ਮਿੱਠੀ ਚੱਟਣੀ ਵਾਲਾ ਹੀ ਹੋਣਾ ਚਾਹੀਦਾ ਹੈ, ਇਹ ਮਿਰਚਾਂ ਦੀ ਚੱਟਣੀ ਨਹੀਂ ਬਣਨੀ ਚਾਹੀਦੀ।

ਅਕਸਰ ਜਦੋਂ ਦੋਵੇਂ ਧਿਰਾਂ ਅੱਕ ਜਾਂਦੀਆਂ ਹਨ ਤਾਂ ਉਹ ਆਪਣਾ ਵਿਰੋਧ ਤਿਆਗ ਦਿੰਦੀਆਂ ਹਨ। ਬੱਚਿਆਂ ਕਾਰਨ ਜਾਂ ਕਿਸੇ ਮਹਿਮਾਨ ਕਾਰਨ ਉਹ ਆਪਸ ਵਿਚ ਬੋਲਣ, ਹੂੰ-ਹਾਂ ਕਰਨ ਉਪਰੰਤ ਕੁਝ ਦਿਨਾਂ ਵਿਚ ਪਹਿਲੇ ਵਾਲੀ ਸਥਿਤੀ ਵਿਚ ਆ ਜਾਂਦੀਆਂ ਹਨ ਅਤੇ ਦੋਵੇਂ ਧਿਰਾਂ ਸਹਿਕ ਕੇ ਮਿਲਦੀਆਂ ਹਨ ਅਤੇ ਪਿਆਰ ਅਤੇ ਸਤਿਕਾਰ ਦੇ ਪ੍ਰਗਟਾਵੇ ਵਿਚ, ਇਕ ਦੂਜੇ ਤੋਂ ਅੱਗੇ ਲੰਘਣ ਦਾ ਸਿਰ ਤੋੜ ਯਤਨ ਕਰਦੀਆਂ ਹਨ।

ਅਜਿਹੀ ਸਥਿਤੀ ਵਿਚ ਕਸਿਆ ਹੋਇਆ ਸਰੀਰ ਢਿੱਲਾ ਹੋ ਜਾਂਦਾ ਹੈ। ਤਣੇ ਹੋਏ ਨੈਣ-ਨਕਸ਼ ਢਿੱਲੇ ਹੋ ਕੇ ਮੁਸਕਰਾਹਟਾਂ ਵੰਡਦੇ ਹਨ। ਦੋਹਾਂ ਧਿਰਾਂ ਦੀ ਸ਼ਰਮ ਲਹਿ ਜਾਂਦੀ ਹੈ ਅਤੇ ਉਨ੍ਹਾਂ ਦੀ ਗੱਲਬਾਤ ਵਿਚ ਵਧੇਰੇ ਅਪਣੱਤ ਆ ਜਾਂਦੀ ਹੈ, ਜਿਵੇਂ ਉਹ ਕਹਿ ਰਹੀਆਂ ਹੋਣ, 'ਅਸੀਂ ਦੋਵੇਂ ਕਿੰਨੇ ਮੂਰਖ ਸਾਂ, ਇਸ ਛੋਟੀ ਜਿਹੀ ਗੱਲ ਉੱਤੇ ਅਸੀਂ ਕਿੰਨਾ ਸਮਾਂ ਵਿਅਰਥ ਗੁਆਇਆ ਹੈ, ਹੁਣ ਅਸੀਂ ਸਿਆਣੇ ਹੋ ਗਏ ਹਾਂ, ਹੁਣ ਅੱਗੇ ਤੋਂ ਆਪਾਂ ਕਦੀ ਨਹੀਂ ਰੁੱਸਣਾ।'

ਜੇ ਜੀਵਨ ਵਿਚ ਰੋਸਾ ਨਾ ਹੋਵੇ ਤਾਂ ਅਸੀਂ ਮਨਾਏ ਜਾਣ ਦੇ ਆਨੰਦ ਤੋਂ ਵਿਰਵੇ ਰਹਿ ਜਾਵਾਂਗੇ।

ਰੁੱਸਣਾ ਅਤੇ ਮੰਨਣਾ ਗਰਮੀ ਅਤੇ ਸਰਦੀ ਦੀ ਰੁੱਤ ਵਾਂਗ ਹੁੰਦੇ ਹਨ। ਦੋਹਾਂ ਦਾ ਆਪਣਾ ਮਹੱਤਵ ਹੈ ਅਤੇ ਦੋਵੇਂ ਇਕ-ਦੂਜੇ ਦੇ ਮਹੱਤਵ ਨੂੰ ਵਧਾਉਂਦੇ ਹਨ।

ਜੇ ਤੁਹਾਡੇ ਨਾਲ ਕੋਈ ਰੁੱਸਿਆ ਹੋਇਆ ਹੈ ਤਾਂ ਉਸ ਨੂੰ ਮਨਾ ਲਵੋ, ਕਿਉਂਕਿ ਉਹ ਤੁਹਾਡੇ ਵਲੋਂ ਮਨਾਏ ਜਾਣ ਦੀ ਉਡੀਕ ਕਰ ਰਿਹਾ ਹੈ।

# ਪਿਆਰ ਅਤੇ ਦੀਵਾਨਗੀ

ਪ੍ਰੇਮੀ ਆਪਣੇ ਆਪ ਨੂੰ ਰੱਬ ਦੇ ਰਿਸ਼ਤੇਦਾਰ ਸਮਝਦੇ ਹਨ।

ਉਨ੍ਹਾਂ ਨੂੰ ਪਿਆਰ ਕਰਨ ਦੇ ਪਖੋਂ ਆਪਣੇ ਸਫਲ ਹੋਣ ਦਾ ਮਾਣ ਤਾਂ ਹੁੰਦਾ ਹੀ ਹੈ, ਇਸ ਦੇ ਨਾਲ ਹੀ ਉਹ ਇਹ ਵੀ ਅਨੁਭਵ ਕਰਨ ਲੱਗ ਪੈਂਦੇ ਹਨ ਕਿ ਇਸ ਸੰਸਾਰ ਵਿਚ ਕੁਝ ਵੀ ਅਸੰਭਵ ਨਹੀਂ।

ਇਕੱਲੇ ਹੋਣ ਦੀ ਸੂਰਤ ਵਿਚ ਪ੍ਰੇਮੀਆਂ ਨੂੰ ਆਪਣੇ ਆਪ ਨਾਲ ਗੱਲਾਂ ਕਰਨ ਦੀ ਆਦਤ ਪੈ ਜਾਂਦੀ ਹੈ ਅਤੇ ਉਹ ਹਰ ਸਮੇਂ ਮਿਲਣ-ਮਿਲਾਉਣ ਦੇ ਮਨਸੂਬੇ ਬਣਾਉਣ ਵਿਚ ਰੁੱਝੇ ਰਹਿੰਦੇ ਹਨ।

ਪ੍ਰੇਮੀ ਇਹ ਅਨੁਭਵ ਕਰਦੇ ਹਨ ਕਿ ਉਹ ਆਪਣੇ ਪੈਰਾਂ ਉਤੇ ਖੜ੍ਹੇ ਹੋਣ ਦੇ ਸਮਰੱਥ ਹੋ ਗਏ ਹਨ ਅਤੇ ਨਤੀਜੇ ਵਜੋਂ ਭਾਵਕ ਖੇਤਰ ਵਿਚ ਮਾਪਿਆਂ ਉਤੇ ਉਨ੍ਹਾਂ ਦੀ ਨਿਰਭਰਤਾ ਘੱਟਣ ਲੱਗ ਪੈਂਦੀ ਹੈ।

ਅਸਲ ਵਿਚ ਪ੍ਰੇਮ ਕੀਤਾ ਆਪਣੇ ਆਪ ਨੂੰ ਹੀ ਜਾਂਦਾ ਹੈ ਪਰ ਇਹ ਕੀਤਾ ਦੂਜੇ ਦੇ ਰਾਹੀਂ ਜਾਂਦਾ ਹੈ।

ਇਕ ਦੂਜੇ ਨੂੰ ਪ੍ਰੇਮੀ, ਸ਼ੀਸ਼ੇ ਵਾਂਗ, ਆਪਣੇ ਆਪ ਨੂੰ ਵੇਖਣ ਲਈ ਵਰਤਦੇ ਹਨ ਅਤੇ ਦੋਵੇਂ ਇਕ ਦੂਜੇ ਤੋਂ ਆਪਣੀ ਮਹਿਮਾ ਸੁਣਨੀ ਚਾਹੁੰਦੇ ਹਨ।

ਸੱਚ ਤਾਂ ਇਹ ਹੈ ਕਿ ਬਹੁਤੀਆਂ ਹਾਲਤਾਂ 'ਚ ਪਿਆਰ ਜਿਹੀ ਕੋਈ ਚੀਜ਼ ਨਹੀਂ ਹੁੰਦੀ, ਸਗੋਂ ਇਕ ਪ੍ਰਕਾਰ ਦੀ ਦੀਵਾਨਗੀ ਦਾ ਦੌਰਾ ਪੈਂਦਾ ਹੈ ਅਤੇ ਆਪਣੀ ਸੀਮਤ ਸੂਝ-ਬੂਝ ਕਾਰਨ ਦੋਵੇਂ ਧਿਰਾਂ ਇਸ ਨੀਮ-ਬੇਹੋਸ਼ੀ ਵਾਲੀ ਸਥਿਤੀ ਨੂੰ ਪ੍ਰੇਮ ਜਾਂ ਪਿਆਰ ਜਾਂ ਇਸ਼ਕ ਜਾਂ ਮੁਹੱਬਤ ਦਾ ਨਾਂ ਦੇਣ ਲੱਗ ਪੈਂਦੀਆਂ ਹਨ।

ਦੀਵਾਨਗੀ ਵਿਚ ਦੋਹਾਂ ਧਿਰਾਂ 'ਚ ਇਕ-ਦੂਜੇ ਨੂੰ ਪ੍ਰਾਪਤ ਕਰਨ ਦੇ ਭਾਂਬੜ ਬਲ ਪੈਂਦੇ ਹਨ। ਪਿਆਰ ਵਿਚ ਪੱਕੇ ਹੋਏ ਫਲ ਵਾਲੀ ਮਿਠਾਸ ਅਤੇ ਸਰਦੀਆਂ ਦੀ ਧੁੱਪ ਵਾਲਾ ਨਿੱਘ ਹੁੰਦਾ ਹੈ ਪਰ ਦੀਵਾਨਗੀ ਵਿਚ ਅਸੁਰੱਖਿਆ ਦੀ ਤਿੱਖੀ ਪੀੜ ਹੁੰਦੀ ਹੈ।

ਪ੍ਰੇਮੀ, ਦੀਵਾਨਗੀ ਦੀ ਅਵਸਥਾ ਵਿਚ ਜੋਸ਼ੀਲੇ ਜਗਿਆਸੂ ਤਾਂ ਹੁੰਦੇ ਹਨ ਪਰ ਉਹ ਪ੍ਰਸੰਨ ਨਹੀਂ ਹੁੰਦੇ। ਦੀਵਾਨੇ ਬਹੁਤ ਸਾਰੇ ਸ਼ੰਕਿਆਂ ਦਾ ਸ਼ਿਕਾਰ ਹੁੰਦੇ ਹਨ, ਉਨ੍ਹਾਂ ਦੇ ਮਨ ਵਿਚ ਦੂਜੀ ਧਿਰ ਸਬੰਧੀ ਕਈ ਪ੍ਰਸ਼ਨ ਉਪਜਦੇ ਹਨ, ਜਿਨ੍ਹਾਂ ਦੇ ਉਨ੍ਹਾਂ ਕੋਲ ਉੱਤਰ ਨਹੀਂ ਹੁੰਦੇ ਅਤੇ ਖੇਡ ਦੇ ਵਿਗੜ ਜਾਣ ਦੇ ਡਰ ਕਾਰਨ, ਦੂਜੀ ਧਿਰ ਤੋਂ ਬਹੁਤੇ ਪ੍ਰਸ਼ਨ ਪੁੱਛਣ ਤੋਂ ਸੰਕੋਚ ਹੀ ਕੀਤਾ ਜਾਂਦਾ ਹੈ।

ਸੱਚਾ ਪਿਆਰ ਬਿਨ-ਬੋਲੇ ਇਕ ਦੂਜੇ ਨੂੰ ਸਮਝਣ ਦਾ ਹੁਨਰ ਅਤੇ ਦੂਜੀ ਧਿਰ ਦੀਆਂ ਘਾਟਾਂ ਨੂੰ ਖਿੜੇ-ਮੱਥੇ ਸਵੀਕਾਰ ਕਰਨ ਦੀ ਕਮਾਲ-ਯੋਗਤਾ ਹੁੰਦਾ ਹੈ।

ਪਿਆਰ ਵਿਚ ਪ੍ਰਸ਼ਨਾਂ-ਭਰੀ ਗੱਲਬਾਤ ਦੀ ਥਾਂ ਵਿਸ਼ਵਾਸ-ਭਰੇ ਵਾਕ ਬੋਲੇ ਜਾਂਦੇ ਹਨ, ਜਿਨ੍ਹਾਂ ਕਾਰਨ ਦੋਵੇਂ ਧਿਰਾਂ ਮਜ਼ਬੂਤ ਹੁੰਦੀਆਂ ਜਾਂਦੀਆਂ ਹਨ।

ਦੀਵਾਨਗੀ ਵਿਚ ਗੈਰ-ਹਾਜ਼ਰੀ ਦੀ ਸਥਿਤੀ ਵਿਚ ਦੋਵੇਂ ਧਿਰਾਂ ਸੰਸਿਆਂ ਨਾਲ ਭਰੀਆਂ ਹੋਣ ਕਾਰਨ ਲੱਛਦੀਆਂ ਅਤੇ ਵਿਲ੍ਹਕਦੀਆਂ ਹਨ ਪਰ ਪਿਆਰ ਵਿਚ ਦੂਰੀ ਦੇ ਬਾਵਜੂਦ ਇਕ ਦੂਜੇ ਨੂੰ ਨਿੱਘ ਭਰੀ ਧਰਵਾਸ ਹੁੰਦੀ ਹੈ। ਇਕ ਧਿਰ ਕਿਧਰੇ ਵੀ ਹੋਵੇ, ਦੂਜੀ ਧਿਰ ਨੂੰ ਵਿਸ਼ਵਾਸ ਹੁੰਦਾ ਹੈ ਕਿ ਉਹ ਮੇਰਾ ਹੈ, ਉਹ ਮੇਰੀ ਹੈ।

ਪਿਆਰ ਵਿਚ ਇਹ ਵਿਸ਼ਵਾਸ ਹੁੰਦਾ ਹੈ ਕਿ ਮੇਰੇ ਬਿਨਾਂ ਉਸ ਦਾ ਦਿਲ ਲਗਣਾ ਹੀ ਨਹੀਂ ਪਰ ਦੀਵਾਨਗੀ ਵਿਚ ਇਹ ਸ਼ੱਕ ਹੁੰਦਾ ਹੈ ਕਿ 'ਕਿਧਰੇ ਉਹ ਕਿਸੇ ਹੋਰ ਨਾਲ ਤਾਂ ਨਹੀਂ!' ਪਿਆਰ 'ਚ ਉਡੀਕ ਕਰਨ ਦੀ ਅਥਾਹ ਸਮਰੱਥਾ ਹੁੰਦੀ ਹੈ ਜਦੋਂ ਕਿ ਦੀਵਾਨਗੀ ਜਾਂ ਦਿਲ-ਲਗੀ ਵਿਚ ਕਾਹਲ ਹੁੰਦੀ ਹੈ।

ਪਿਆਰ ਵਿਚ ਆਪਣੇ ਆਪ ਨੂੰ ਚੁੱਪ-ਚੁਪੀਤੇ ਲੁਟਾਉਣ ਦਾ ਸ਼ਹਾਨਾ ਕਿਰਦਾਰ ਹੁੰਦਾ ਹੈ ਪਰ ਦਿਲ-ਲਗੀ ਵਿਚ ਦੂਜੇ ਨੂੰ ਲੁੱਟ ਲੈਣ ਦੀ ਸਾਜਸ਼ ਹੁੰਦੀ ਹੈ।

ਦਿਲ-ਲਗੀ ਇਕ ਚਲਿੱਤਰ ਭਰੀ ਚਾਲ ਹੁੰਦੀ ਹੈ ਜਦੋਂ ਕਿ ਪਿਆਰ ਸਬਰ, ਸੰਤੋਖ, ਸਿਦਕ, ਸਿਰੜ, ਸਹਿਜ ਅਤੇ ਸੁਭਾਵਿਕਤਾ ਦੀ ਸ਼ਾਂਤ ਸਮਾਧੀ ਹੁੰਦਾ ਹੈ।

ਦੀਵਾਨਿਆਂ ਦੀ ਆਵਾਜ਼ ਵਿਚ ਤਿੱਖੀ ਤੜਪ ਹੁੰਦੀ ਹੈ, ਜਦੋਂ ਕਿ ਪ੍ਰੇਮੀਆਂ ਦੀ ਆਵਾਜ਼ ਗੂੰਜ ਭਰੀ ਹੁੰਦੀ ਹੈ।

ਦੀਵਾਨੇ ਰੋਗੀ ਹੁੰਦੇ ਹਨ, ਪ੍ਰੇਮੀ ਤਿਆਗੀ ਹੁੰਦੇ ਹਨ।

ਦੀਵਾਨਗੀ ਕੱਚੀ ਅੰਬੀ ਦਾ ਸੁਆਦ ਹੈ, ਜਦੋਂ ਕਿ ਪ੍ਰੇਮ ਦੋਹਾਂ ਧਿਰਾਂ ਦੇ ਪੱਕਣ ਤੇ ਰੱਸਣ ਦਾ ਸਹਿਜ-ਸੁਭਾਵਕ ਅਮਲ ਹੁੰਦਾ ਹੈ।

ਪਿਆਰ ਦੋਸਤੀ ਦੇ ਪੱਕਣ ਦਾ ਨਾਂ ਹੈ। ਇਹ ਆਪ-ਮੁਹਾਰੇ ਵਿਆਹ ਵੱਲ ਵਿਕਾਸ ਕਰਦਾ ਹੈ ਜਦੋਂ ਕਿ ਦੀਵਾਨਗੀ ਫੱਸਣ ਜਾਂ ਫਸਾਉਣ ਦੀ ਜ਼ਿੱਦ ਹੁੰਦੀ ਹੈ ਅਤੇ ਇਕ-ਦੂਜੇ ਨੂੰ ਮੱਲੋਜ਼ੋਰੀ ਵਿਆਹ ਵੱਲ ਖਿੱਚਣ-ਧਰੂਹਣ ਦੀ ਅੜੀ ਹੁੰਦੀ ਹੈ।

ਪਿਆਰ ਵਿਚ ਦੂਜੀ ਧਿਰ ਦੀਆਂ ਮਜਬੂਰੀਆਂ ਨੂੰ ਸਮਝਿਆ ਜਾਂਦਾ ਹੈ, ਜਦੋਂ ਕਿ ਦੀਵਾਨਗੀ ਵਿਚ ਦੂਜੀ ਧਿਰ ਉਤੇ ਤੋਹਮਤਾ ਲਾਈਆਂ ਜਾਂਦੀਆਂ ਹਨ, ਜਿਨ੍ਹਾਂ ਕਾਰਨ ਰਿਸ਼ਤਾ ਵਿਗੜਦਾ ਹੈ।

ਦੀਵਾਨਗੀ ਦਾ ਬੁਖਾਰ ਉੱਤਰ ਜਾਣ ਪਿੱਛੋਂ ਦੋਵੇਂ ਧਿਰਾਂ ਆਪਣੇ ਕੀਤੇ ਉਤੇ ਪਛਤਾਉਂਦੀਆਂ ਹਨ ਪਰ ਪਿਆਰ ਵਿਚ ਕਦੀ ਪਛਤਾਵਾ ਨਹੀਂ ਹੁੰਦਾ।

ਪਿਆਰ ਵਿਚ ਸਾਡੀ ਸੋਚ ਉਡਾਰੀਆਂ ਲਾਉਂਦੀ ਹੈ।

ਪ੍ਰੇਮੀ ਉੱਚਾ-ਉੱਚਾ ਸੋਚਦੇ ਹਨ ਅਤੇ ਮਿੱਠਾ-ਮਿੱਠਾ ਬੋਲਦੇ ਹਨ। ਪ੍ਰੇਮੀ ਅਗਰਬੱਤੀ ਦੀ ਸੁਗੰਧ ਵਾਂਗ ਫੈਲ ਜਾਂਦੇ ਹਨ ਅਤੇ ਸ਼ਹਿਨਾਈ ਦੀ ਗੂੰਜ ਬਣ ਜਾਂਦੇ ਹਨ।

ਪ੍ਰੇਮੀਆਂ ਬਾਰੇ ਹੀ ਕਿਹਾ ਜਾਂਦਾ ਹੈ, 'ਰਾਂਝਾ ਹੀਰ ਅਤੇ ਹੀਰ ਰਾਂਝਾ ਬਣ ਜਾਂਦੀ ਹੈ।'

ਪ੍ਰੇਮੀਆਂ ਦੀ ਸੀਰਤ ਅਤੇ ਸੂਰਤ ਦੋਵੇਂ ਸੋਹਣੀਆ ਹੋ ਜਾਂਦੀਆ ਹਨ।

ਪ੍ਰੇਮੀ ਇਕ-ਦੂਜੇ ਦੇ ਦੋਸ਼ਾਂ ਨੂੰ ਦੇਖ ਕੇ ਅਣਡਿੱਠ ਕਰਦੇ ਹਨ।

ਉਨ੍ਹਾਂ ਦੇ ਹੱਥੀਂ ਕਈਆਂ ਦੀਆਂ ਪਾਟੀਆਂ ਕਿਸਮਤਾਂ ਸੀਤੀਆਂ ਜਾਂਦੀਆਂ ਹਨ ਅਤੇ ਕਈਆਂ ਦੇ ਵਿਗੜੇ ਨਸੀਬ ਸੰਵਰਦੇ ਹਨ। ਪਿਆਰ ਨਾਲ ਮਨੁੱਖੀ ਸ਼ਖ਼ਸੀਅਤ ਵਿਚੋਂ ਖੋਟ ਨਿਕਲ ਜਾਂਦੀ ਹੈ ਅਤੇ ਸਾਧਾਰਨ ਜਿਹੇ ਮਨੁੱਖ ਵੀ ਪਿਆਰ ਦੀ ਜਾਗ ਨਾਲ ਆਦਰਸ਼ ਇਨਸਾਨ ਬਣ ਜਾਂਦੇ ਹਨ।

ਦੀਵਾਨਗੀ ਸੁਜਾਖਿਆਂ ਨੂੰ ਅੰਨ੍ਹਾਂ ਕਰ ਦਿੰਦੀ ਹੈ, ਜਦੋਂ ਕਿ ਪਿਆਰ ਅੰਨ੍ਹਿਆਂ ਨੂੰ ਵੀ ਸੁਜਾਖਾ ਬਣਾ ਦਿੰਦਾ ਹੈ।

ਸੱਚੇ ਅਰਥਾਂ ਵਿਚ ਖੁਸ਼ਹਾਲ ਮੁਲਕ ਜਾਂ ਘਰ ਉਹ ਹੁੰਦਾ ਹੈ ਜਿਸ ਬਾਰੇ ਇਤਿਹਾਸਕਾਰਾਂ ਜਾਂ ਗੁਆਂਢੀਆਂ ਕੋਲ ਕਹਿਣ ਲਈ ਕੁਝ ਵੀ ਨਾ ਹੋਵੇ। ਅਜਿਹੀ ਸਥਿਤੀ ਵਿਚ ਅਸੀਂ ਆਪ-ਮੁਹਾਰੇ ਪ੍ਰਸ਼ੰਸਾ ਵਾਲੇ ਵਾਕ ਬੋਲਣ ਲੱਗ ਪੈਂਦੇ ਹਾਂ।

ਉਪਰੋਕਤ ਪਿਆਰ ਅਤੇ ਦੀਵਾਨਗੀ ਵਿਚਲੇ ਵੱਖਰੇਵੇਂ ਦੇ ਉਲੇਖ ਦਾ ਉਦੇਸ਼ ਇਹ ਸਿੱਧ ਕਰਨਾ ਹੈ ਕਿ ਬਹੁਤੀਆਂ ਹਾਲਤਾਂ ਵਿਚ ਅਸੀਂ ਦੀਵਾਨਗੀ ਨੂੰ ਹੀ ਪ੍ਰੇਮ ਅਤੇ ਦੀਵਾਨਿਆਂ ਨੂੰ ਹੀ ਪ੍ਰੇਮੀ ਕਹਿਣ ਦਾ ਭੁਲੇਖਾ ਖਾ ਲੈਂਦੇ ਹਾਂ।

ਬਹੁਤੇ ਵਿਅਕਤੀ ਅਨੁਭਵਾਂ ਦੇ ਕਬਾੜੀ ਬਜ਼ਾਰ ਵਿਚ ਹੀ ਸਾਰੀ ਉਮਰ ਗੁਜ਼ਾਰ ਦਿੰਦੇ ਹਨ ਅਤੇ ਉਹ ਸਰੀਰਕ ਭੁੱਖਾਂ ਸ਼ਾਂਤ ਕਰਨ ਵਿਚ ਹੀ ਲੱਗੇ ਰਹਿੰਦੇ ਹਨ।

ਕਿਉਂਕਿ ਬਹੁਤੇ ਵਿਅਕਤੀਆਂ ਨੂੰ ਪਿਆਰ ਦਾ ਅਨੁਭਵ ਹੀ ਨਹੀਂ ਹੋਇਆ ਹੁੰਦਾ, ਸੋ ਉਹ ਦੀਵਾਨਗੀ ਨੂੰ ਹੀ ਪ੍ਰੇਮ ਸਮਝ ਲੈਂਦੇ ਹਨ।

ਅਜਿਹੇ ਦੀਵਾਨੇ-ਪ੍ਰੇਮੀ ਆਮ ਸ਼ਿਕਾਇਤ ਕਰਦੇ ਹਨ ਕਿ ਉਨ੍ਹਾਂ ਨੂੰ ਨੀਂਦ ਨਹੀਂ ਆਉਂਦੀ। ਅਸਲੀਅਤ ਇਹ ਹੁੰਦੀ ਹੈ ਕਿ ਅਜਿਹੇ ਪ੍ਰੇਮੀ ਦਿਨ ਵਿਚ ਹੀ ਅੱਧ-ਸੁੱਤੀ ਅਵਸਥਾ ਵਿਚ ਵਿਚਰਦੇ ਹਨ ਅਰਥਾਤ ਉਹ ਰਾਤ ਵਾਲੀ ਨੀਂਦਰ ਨੂੰ ਦਿਨ ਵਿਚ ਹੀ ਪੂਰੀ ਕਰ ਲੈਂਦੇ ਹਨ।

ਅਜਿਹੇ ਦੀਵਾਨੇ-ਪ੍ਰੇਮੀ ਆਪਣੀ ਸਰੀਰਕ ਕਿਰਿਆ ਨੂੰ ਇਸ ਹੱਦ ਤਕ ਘਟਾ ਲੈਂਦੇ ਹਨ ਕਿ ਵਾਸਤਵ ਵਿਚ ਸਭ ਕੰਮ ਤਿਆਗ ਦੇਣ ਕਾਰਨ ਉਨ੍ਹਾਂ ਦੇ ਸਰੀਰ ਨੂੰ ਕਿਸੇ ਪ੍ਰਕਾਰ ਦੀ ਥਕਾਵਟ ਹੋਈ ਹੀ ਨਹੀਂ ਹੁੰਦੀ।

ਸਪਸ਼ਟ ਹੈ ਕਿ ਕੰਮ ਨਾ ਕਰਨ ਵਾਲੇ ਅਤੇ ਦਿਨ ਵਿਚ ਹੀ ਸੁੱਤੇ ਰਹਿਣ ਵਾਲੇ ਵਿਹਲੇ ਵਿਅਕਤੀਆਂ ਨੂੰ ਰਾਤ ਨੂੰ ਨੀਂਦਰ ਕਿਵੇਂ ਆ ਸਕਦੀ ਹੈ? ਹੈਰਾਨੀ ਦੀ ਗੱਲ ਨਹੀਂ ਕਿ ਅਜਿਹੇ ਦੀਵਾਨੇ ਦਿਨੇ ਵੀ ਸੁਪਨੇ ਵੇਖਦੇ ਰਹਿੰਦੇ ਹਨ।

ਇਵੇਂ ਹੀ ਦੀਵਾਨਿਆਂ ਦੀ ਸ਼ਿਕਾਇਤ ਹੁੰਦੀ ਹੈ ਕਿ ਉਨ੍ਹਾਂ ਨੂੰ ਭੁੱਖ ਨਹੀਂ ਲੱਗਦੀ।

ਅਸਲੀਅਤ ਇਹ ਹੁੰਦੀ ਹੈ ਕਿ ਉਹ ਕੋਈ ਸਰੀਰਕ ਕਿਰਿਆ ਤਾਂ ਕਰਦੇ ਨਹੀਂ ਅਤੇ ਨਾ ਹੀ ਉਨ੍ਹਾਂ ਦਾ ਦਿਮਾਗ ਕਿਸੇ ਸਮੱਸਿਆ ਬਾਰੇ ਸੋਚਦਾ ਹੈ। ਸਰੀਰ ਜਾਂ ਦਿਮਾਗ ਥੱਕਦਾ ਨਹੀਂ, ਇਸੇ ਕਰਕੇ ਘੱਟ ਖੁਰਾਕ ਨਾਲ ਗੁਜ਼ਾਰਾ ਹੋ ਜਾਂਦਾ ਹੈ।

ਸਾਨੂੰ ਭੁੱਖ ਲੱਗੇਗੀ ਹੀ ਤਾਂ ਜੇ ਅਸੀਂ ਕੋਈ ਕੰਮ ਕਰੀਏ।

ਦੀਵਾਨੇ-ਪ੍ਰੇਮੀ ਆਪਣੀ ਦੀਵਾਨਗੀ ਦੇ ਪਰਦੇ ਥੱਲੇ ਆਪਣੇ ਵਿਹਲੇਪਣ ਨੂੰ ਛੁਪਾਉਂਦੇ ਹਨ। ਇਵੇਂ ਹੀ ਉਹ ਕਹਿੰਦੇ ਹਨ ਕਿ ਉਨ੍ਹਾਂ ਦਾ ਕਿਧਰੇ ਦਿਲ ਨਹੀਂ ਲਗਦਾ। ਕਾਰਨ ਇਹ ਹੁੰਦਾ ਹੈ ਕਿ ਦੀਵਾਨਗੀ ਇਕ ਮਨੋਵਿਗਿਆਨਕ ਰੋਗ ਹੈ ਅਤੇ ਰੋਗੀਆਂ ਦੇ ਦਿਲ ਕਿਧਰੇ ਨਹੀਂ ਲਗਦੇ ਹੁੰਦੇ। ਇਸ ਰੋਗ ਕਾਰਨ ਹੀ ਦੀਵਾਨੇ ਅੰਤਾਂ ਦੀ ਇਕੱਲਤਾ ਅਨੁਭਵ ਕਰਦੇ ਹਨ।

ਪਾਗਲ ਦਾ ਕੋਈ ਸੰਗੀ-ਸਾਥੀ ਨਹੀਂ ਹੋ ਸਕਦਾ।

ਕਦੀ ਤੁਸੀਂ ਦੋ ਪਾਗਲਾਂ ਨੂੰ ਇਕੱਠੇ ਜਾਂਦੇ ਵੇਖਿਆ ਹੈ ?

ਦੀਵਾਨਗੀ ਨੀਮ-ਪਾਗਲਪੁਣੇ ਦੀ ਅਵਸਥਾ ਹੁੰਦੀ ਹੈ ਜਦੋਂ ਕਿ ਪਿਆਰ ਵਿਚ ਭੁੱਖ ਵੀ ਲਗਦੀ ਹੈ, ਵਧੇਰੇ ਕੰਮ ਕਰਨ ਦਾ ਜੋਸ਼ ਵੀ ਉਪਜਦਾ ਹੈ, ਦੂਜੀ ਧਿਰ ਨੂੰ ਕੁਝ ਕਰ ਕੇ ਦਿਖਾਉਣ ਦੀ ਇੱਛਾ ਵੀ ਜਾਗਦੀ ਹੈ, ਸਾਰਾ ਸੰਸਾਰ ਸੋਹਣਾ ਲਗਦਾ ਹੈ ਅਤੇ ਜੀਵਨ-ਉਦੇਸ਼ ਜੱਦੋ-ਜਹਿਦ ਲਈ ਵੰਗਾਰਦਾ ਰਹਿੰਦਾ ਹੈ।

ਕਹਿੰਦੇ ਹਨ ਕਿ ਦੀਵਾਨਿਆਂ ਨੂੰ ਆਪਣੇ ਆਪ ਨਾਲ ਗੱਲਾਂ ਕਰਨ ਦੀ ਆਦਤ ਪੈ ਜਾਂਦੀ ਹੈ। ਇਸ ਆਦਤ ਦੇ ਵੀ ਕਾਰਨ ਹਨ।

ਦੀਵਾਨੇ-ਪ੍ਰੇਮੀ ਅਸਲ ਵਿਚ ਆਪਣੇ ਆਪ ਨੂੰ ਹੀ ਪਿਆਰਦੇ ਹਨ ਅਤੇ ਸਭ ਪ੍ਰਕਾਰ ਦੀ ਵਿਰੋਧਤਾ ਤੋਂ ਡਰਦੇ ਹਨ। ਇਸੇ ਲਈ ਉਹ ਆਪਣੇ ਆਪ ਨਾਲ ਗੱਲਾਂ ਕਰ ਕੇ ਗੱਲਬਾਤ ਵਿਚ ਆਪਣੇ ਜਿੱਤ ਜਾਣ ਦਾ ਭੁਲੇਖਾ ਸਿਰਜਦੇ ਹਨ।

ਪ੍ਰੇਮ ਕਰਨ ਦੀ ਹਰ ਪ੍ਰਕਾਰ ਦੀ ਉਦਾਹਰਣ ਵਿਚ ਦੋ ਧਿਰਾਂ ਦਾ ਹੋਣਾ ਲਾਜ਼ਮੀ ਹੁੰਦਾ ਹੈ ਪਰ ਦੀਵਾਨਗੀ ਵਿਚ ਰਿਸ਼ਤਾ ਉਦੋਂ ਰੋਚਕ ਬਣਦਾ ਹੈ ਜਦੋਂ ਕੋਈ ਤੀਜੀ ਧਿਰ ਵੀ ਉਤਪੰਨ ਹੋ ਜਾਵੇ।

ਦੀਵਾਨਗੀ ਵਿਚ ਤੀਜੀ ਧਿਰ ਦਾ ਉਪਜ ਪੈਣਾ ਲਗਭਗ ਲਾਜ਼ਮੀ ਹੁੰਦਾ ਹੈ।

ਇਹ ਤੀਜੀ ਧਿਰ ਪਹਿਲੀਆਂ ਦੋ ਧਿਰਾਂ ਵਿਚੋਂ ਕਿਸੇ ਇਕ ਧਿਰ ਵਿਚ ਸਾੜਾ ਜਾਂ ਈਰਖਾ ਉਪਜਾਉਂਦੀ ਹੈ।

ਸਾੜੇ ਅਤੇ ਈਰਖਾ ਦੇ ਵੀ ਠੋਸ ਆਧਾਰ ਹੁੰਦੇ ਹਨ। ਜੇ ਪ੍ਰੇਮਿਕਾ ਦਾ ਕਿਸੇ ਹੋਰ ਪੁਰਸ਼ ਵੱਲ ਰੁਝਾਣ ਹੋ ਜਾਵੇ ਤਾਂ ਦੀਵਾਨਾ-ਪ੍ਰੇਮੀ ਕੌੜਾ ਰਾਖ਼ਸ਼ ਬਣ ਜਾਂਦਾ ਹੈ।

ਦੀਵਾਨਗੀ ਵਿਚ ਦੋਹਾਂ ਧਿਰਾਂ ਨੇ ਆਪਣੀਆਂ ਯੋਗਤਾਵਾਂ ਨੂੰ ਵਧਾ-ਚੜ੍ਹਾ ਕੇ ਦੱਸਿਆ ਹੁੰਦਾ ਹੈ, ਸੋ ਡਰ ਹੁੰਦਾ ਹੈ ਕਿ ਤੀਜੀ ਧਿਰ ਆਪਣੀਆਂ 'ਯੋਗਤਾਵਾਂ' ਨੂੰ ਹੋਰ ਵਧੇਰੇ ਵਧਾ-ਚੜ੍ਹਾ ਕੇ ਅਤੇ ਦੱਸ ਕੇ ਪ੍ਰੇਮੀ ਜਾਂ ਪ੍ਰੇਮਿਕਾ ਨੂੰ ਭਰਮਾਉਣ ਵਿਚ ਸਫਲ ਹੋ

ਜਾਵੇਗੀ। ਇਸ ਦੇ ਨਾਲ ਹੀ ਦੀਵਾਨਗੀ ਵਿਚ ਝੂਠ ਬੋਲੇ ਹੋਣ ਕਾਰਨ ਦੋਵੇਂ ਧਿਰਾਂ ਦੀ ਭਰਮ-ਨਵਿਰਤੀ ਵੀ ਹੋਣੀ ਆਰੰਭ ਹੋ ਜਾਂਦੀ ਹੈ।

ਦੋਵੇਂ ਧਿਰਾਂ ਹੀਲੇ-ਬਹੀਲੇ ਇਕ ਦੂਜੇ ਨੂੰ ਛੱਡਣ ਅਤੇ ਕਿਸੇ ਹੋਰ ਨੂੰ ਭਰਮਾਉਣ ਦੇ ਰਾਹ ਲੱਭਣ ਲੱਗ ਪੈਂਦੀਆਂ ਹਨ।

ਜਿਹੜੀ ਧਿਰ ਪਹਿਲਾਂ ਕਾਮਯਾਬ ਹੋ ਜਾਵੇ ਉਸ ਉਤੇ ਬੇਵਫ਼ਾਈ ਦਾ ਇਲਜ਼ਾਮ ਲੱਗ ਜਾਂਦਾ ਹੈ ਅਤੇ ਨਾਕਾਮਯਾਬ ਧਿਰ ਆਪਣੇ ਅਯੋਗ ਹੋਣ ਦਾ ਸੋਗ ਮਨਾਉਂਦੀ ਹੈ, ਜਿਸ ਨੂੰ ਆਮ ਕਰਕੇ ਉਦਾਸੀ ਕਿਹਾ ਜਾਂਦਾ ਹੈ।

ਇਸ ਅਵਸਥਾ ਵਿਚ ਸਾਧਾਰਣ ਸਾਹ ਹੌਕੇ ਬਣ ਜਾਂਦੇ ਹਨ, ਸਾਰੇ ਰੰਗ ਫਿੱਕੇ ਪ੍ਰਤੀਤ ਹੁੰਦੇ ਹਨ, ਗੱਡੀ ਲੰਘਣ ਪਿੱਛੋਂ ਪਲੇਟਫ਼ਾਰਮ ਵਾਲੀ ਹਾਲਤ ਹੁੰਦੀ ਹੈ ਅਤੇ ਸੋਗੀ ਗੀਤ-ਸੰਗੀਤ ਨਾਲ ਮੋਹ ਵੱਧਦਾ ਹੈ।

ਦੀਵਾਨਗੀ ਵਿਚ ਦੋਵੇਂ ਧਿਰਾਂ ਇਕ ਦੂਜੇ ਨੂੰ ਪਿਆਰ ਦੇਣ ਦੀ ਥਾਂ ਲੈਣ ਦਾ ਦੰਗਲ ਰਚਾਉਂਦੀਆਂ ਹਨ। ਇਹ ਇਕ ਭਾਵਕ ਭਾਈਵਾਲੀ ਹੁੰਦੀ ਹੈ ਅਤੇ ਇਸ ਦਾ ਟੁੱਟਣਾ ਲਾਜ਼ਮੀ ਹੁੰਦਾ ਹੈ, ਕਿਉਂਕਿ ਹਰੇਕ ਭਾਈਵਾਲੀ ਦੀ ਬੁਨਿਆਦ ਵਿਚ ਸੁਹਿਰਦਤਾ ਦੀ ਥਾਂ ਸੁਆਰਥ ਪ੍ਰਧਾਨ ਹੁੰਦਾ ਹੈ।

ਪਿਆਰ ਦਾ ਰਾਹ ਕਦੇ ਵੀ ਸਿੱਧਾ ਨਹੀਂ ਹੁੰਦਾ।

ਇਸ ਉੱਤੇ ਚੱਲਣ ਲਈ ਅੰਤਾਂ ਦੀ ਮਿਹਨਤ ਅਤੇ ਸਦੀਵੀ ਸਿਰੜ ਦੀ ਲੋੜ ਹੁੰਦੀ ਹੈ। ਪ੍ਰੇਮ ਵਿਚ ਦੋਹਾਂ ਧਿਰਾਂ ਦਾ ਨਿਰੰਤਰ ਵਿਕਾਸ ਪਹਿਲੀ ਲੋੜ ਹੈ। ਇਹ ਵਿਕਾਸ ਬੜੀ ਸਖ਼ਤ ਮਿਹਨਤ ਵਿਚੋਂ ਉਪਜਦਾ ਹੈ।

ਜਦੋਂ ਦੋ ਮਿਹਨਤੀ ਅਤੇ ਸਿਦਕੀ ਪ੍ਰੇਮੀ ਜੱਦੋ-ਜਹਿਦ ਕਰਕੇ ਇਕ-ਦੂਜੇ ਦੇ ਯੋਗ ਬਣਨ ਦਾ ਉਪਰਾਲਾ ਕਰਨ ਉਪਰੰਤ ਵਿਆਹ ਸਬੰਧਾਂ ਵਿਚ ਬੰਨ੍ਹੇ ਜਾਣ ਤਾਂ ਸਾਰਾ ਸਮਾਜ ਲਾਭ ਉਠਾਉਂਦਾ ਹੈ ਪਰ ਜਦੋਂ ਦੋ ਦੀਵਾਨੇ ਵਿਆਹ ਵਿਚ ਜਕੜੇ ਜਾਣ ਤਾਂ ਉਨ੍ਹਾਂ ਦੀਆਂ ਰਾਤਾਂ ਭਾਵੇਂ ਰੰਗੀਨ ਹੋਣ ਪਰ ਉਨ੍ਹਾਂ ਦੇ ਦਿਨ ਬੜੇ ਫਿੱਕੇ ਹੁੰਦੇ ਹਨ।

◊◊◊

# ਬੱਚੇ

ਭਾਰਤੀਆਂ ਕੋਲ ਹੋਰ ਕਿਸੇ ਵੀ ਉਮਰ ਦਾ ਸੰਕਲਪ ਤਾਂ ਹੋ ਸਕਦਾ ਹੈ ਪਰ ਬਚਪਨ ਦਾ ਸੰਕਲਪ ਅਸੀਂ ਉਸਾਰ ਨਹੀਂ ਸਕੇ।

ਅਸੀਂ ਬੱਚਿਆਂ ਨੂੰ ਬੱਚਿਆਂ ਵਜੋਂ ਨਹੀਂ ਸਗੋਂ ਛੋਟੇ ਪੁਰਸ਼-ਔਰਤਾਂ ਵਜੋਂ ਹੀ ਨਿਰਖਦੇ ਪਰਖਦੇ ਹਾਂ ਅਤੇ ਜਦੋਂ ਉਨ੍ਹਾਂ ਨੂੰ ਪਿਆਰ ਕਰਦੇ ਹਾਂ ਤਾਂ ਉਨ੍ਹਾਂ ਦੀ ਭੋਲੀ ਨਹੀਂ, ਸਗੋਂ ਕਿਸੇ ਸਿਆਣੀ ਅਦਾ ਕਰਕੇ ਹੀ ਕਰਦੇ ਹਾਂ।

ਜਦੋਂ ਬੱਚਿਆਂ ਨੂੰ ਕੁੱਟ ਪੈਂਦੀ ਹੈ ਜਾਂ ਸਜ਼ਾ ਮਿਲਦੀ ਹੈ ਤਾਂ ਉਸ ਦਾ ਇਕ ਕਾਰਨ ਇਹ ਵੀ ਹੁੰਦਾ ਹੈ ਕਿ ਉਹ ਇਕ ਸਿਆਣੇ ਵਿਅਕਤੀ ਵਾਲਾ ਵਰਤਾਰਾ ਕਰਨ ਵਿਚ ਅਸਫ਼ਲ ਹੋਏ ਹੁੰਦੇ ਹਨ।

ਬੱਚਿਆਂ ਅਤੇ ਬਚਪਨ ਸਬੰਧੀ ਸਪਸ਼ਟ ਅਤੇ ਉਸਾਰੂ ਸੰਕਲਪਾਂ ਦੀ ਅਣਹੋਂਦ ਕਾਰਨ ਬਹੁਤ ਘੱਟ ਵਿਅਕਤੀਆਂ ਨੂੰ ਆਪਣਾ ਬਚਪਨ ਯਾਦ ਹੁੰਦਾ ਹੈ ਜਾਂ ਆਪਣੇ ਬਚਪਨ ਉਤੇ ਮਾਣ ਹੁੰਦਾ ਹੈ।

ਬੱਚਿਆਂ ਪ੍ਰਤਿ ਅਭਿਲਾਸ਼ਾ ਵੀ ਬਹੁਤ ਕਰ ਕੇ ਆਪਣੇ ਉੱਤਰ-ਅਧਿਕਾਰੀ ਸਿਰਜਣ ਦੀ ਹੀ ਹੁੰਦੀ ਹੈ। ਉਨ੍ਹਾਂ ਨੂੰ ਦੇਸ਼, ਕੌਮ ਜਾਂ ਮਨੁੱਖ ਦਾ ਸਰਮਾਇਆ ਸਮਝਣ ਦੀ ਅਜੇ ਤੱਕ ਨਾ ਤਾਂ ਸਾਡੇ ਵਿਚ ਸਮਰੱਥਾ ਉਪਜੀ ਹੈ ਅਤੇ ਨਾ ਹੀ ਇਸ ਪਾਸੇ ਵੱਲ ਅਸੀਂ ਕੋਈ ਯਤਨ ਕਰਦੇ ਪ੍ਰਤੀਤ ਹੁੰਦੇ ਹਾਂ।

ਕਿਸੇ ਨੂੰ ਉਸ ਦੇ ਬਚਪਨ ਬਾਰੇ ਪੁੱਛੋ, ਉਹ ਕਹੇਗਾ: ਉਦੋਂ ਫੋੜੇ ਬੜੇ ਨਿਕਲੇ ਸਨ। ਇਸ ਤੋਂ ਵੱਧ ਉਸ ਨੂੰ ਕੁਝ ਵੀ ਯਾਦ ਨਹੀਂ ਹੁੰਦਾ।

ਬੱਚੇ ਮਨੁੱਖਤਾ ਦੀਆਂ ਆਸਾਂ-ਉਮੀਦਾਂ ਹੁੰਦੇ ਹਨ।

ਸਾਰੇ ਇਨਕਲਾਬ ਬੱਚਿਆਂ ਨੂੰ ਸਮਰਪਿਤ ਹੁੰਦੇ ਹਨ।

ਬੱਚੇ ਸੱਚਾਈ, ਭੋਲੇਪਣ, ਨਿਰਛਲਤਾ, ਪਿਆਰ, ਈਮਾਨਦਾਰੀ ਅਤੇ ਸਾਂਝੀਵਾਲਤਾ ਦੇ ਪ੍ਰਤੀਕ ਹੁੰਦੇ ਹਨ। ਮਨੁੱਖੀ ਦੁੱਖਾਂ ਦਾ ਪ੍ਰਮੁੱਖ ਸਰੋਤ ਅਕ੍ਰਿਤਘਣਤਾ ਹੈ ਪਰ ਬੱਚੇ ਕਦੀ ਅਕ੍ਰਿਤਘਣ ਨਹੀਂ ਹੁੰਦੇ।

ਅਰਬੀ ਦਾ ਮੁਹਾਵਰਾ ਹੈ ਕਿ ਜਿਸ ਘਰ 'ਚ ਬੱਚੇ ਨਹੀਂ ਹੁੰਦੇ, ਉਸ ਘਰ 'ਚ ਰੋਸ਼ਨੀ ਨਹੀਂ ਹੁੰਦੀ।

ਬੱਚੇ ਸਾਡੀਆਂ ਅਪੂਰਨ ਇਛਾਵਾਂ ਦੀ ਪੂਰਤੀ ਦੀ ਆਸ ਬਨ੍ਹਾਉਂਦੇ ਹਨ।

ਮਾਂਵਾਂ ਨੂੰ ਪੁੱਤਰ ਇਸ ਲਈ ਪਿਆਰੇ ਲੱਗਦੇ ਹਨ ਕਿਉਂਕਿ ਇਨ੍ਹਾਂ ਰਾਹੀਂ ਉਹ

ਆਪਣੇ ਪਤੀ ਨੂੰ ਮਿਲਣ ਤੋਂ ਪਹਿਲੇ ਸਮੇਂ ਦੇ ਉਸ ਦੇ ਜੀਵਨ ਨਾਲ ਪ੍ਰੀਚਿਤ ਹੁੰਦੀਆਂ ਹਨ। ਪਿਉ ਨੂੰ ਧੀ ਇਸ ਲਈ ਪਿਆਰੀ ਹੁੰਦੀ ਹੈ ਕਿਉਂਕਿ ਉਹ ਆਪਣੀ ਪਤਨੀ ਨੂੰ ਮਿਲਣ ਤੋਂ ਪਹਿਲੇ ਵਾਲੇ ਉਸ ਦੇ ਜੀਵਨ ਨਾਲ ਜਾਣ ਪਛਾਣ ਕਰਨੀ ਚਾਹੁੰਦਾ ਹੈ।

ਜਿਸ ਉਮਰ ਵਿਚ ਪਤਨੀ ਨੂੰ ਪਤੀ ਮਿਲਿਆ ਹੁੰਦਾ ਹੈ ਉਸੇ ਉਮਰ ਵਿਚ ਜਦੋਂ ਪੁੱਤਰ ਅਪੜਦਾ ਹੈ ਤਾਂ ਉਸ ਦੇ ਮਾਂ ਤੋਂ ਵਿਛੜਨ ਦਾ, ਅਰਥਾਤ ਉਸ ਦਾ ਆਪਣੀ ਪਤਨੀ ਨਾਲ ਮਿਲਣ ਦਾ, ਅਰਥਾਤ ਵਿਆਹ ਦਾ ਸਮਾਂ ਆ ਜਾਂਦਾ ਹੈ।

ਫਰਾਇਡ ਨੇ ਪਿਉ ਦੀ ਧੀ ਲਈ ਤੇ ਮਾਂ ਦੀ ਪੁੱਤਰ ਲਈ ਖਿੱਚ ਨੂੰ ਭਾਵੇਂ ਵੱਖਰੇ ਅਰਥਾਂ ਵਿਚ ਪਰ ਉਪਰੋਕਤ ਆਧਾਰਾਂ ਉੱਤੇ ਹੀ ਪ੍ਰਗਟਾਇਆ ਹੈ।

ਕਹਿੰਦੇ ਹਨ ਕਿ ਭਾਵੇਂ ਕਿਤਨੇ ਵੀ ਬੱਚੇ ਹੋਣ, ਕਿਸੇ ਘਰ ਦੀ ਛੱਤ ਅਜੇ ਤੱਕ ਬੱਚਿਆਂ ਦੇ ਬੋਝ ਨਾਲ ਨਹੀਂ ਡਿੱਗੀ।

ਜਦੋਂ ਪਰਿਵਾਰ ਖੁੱਲ੍ਹੇ-ਖੁਲਾਸੇ ਸਨ ਤਾਂ ਲੋਕਾਂ ਦਾ ਸੁਭਾਅ ਵੀ ਖੁੱਲ੍ਹਾ-ਖੁਲਾਸਾ ਸੀ। ਹੁਣ ਟੱਬਰ ਸੁੰਗੜ ਗਏ ਹਨ ਅਤੇ ਲੋਕਾਂ ਦੇ ਦਿਲਾਂ ਦੇ ਵਿਹੜੇ ਵੀ ਸੌੜੇ ਹੋ ਗਏ ਹਨ। ਹੁਣ ਬੱਚਿਆਂ ਨੂੰ ਕੁਝ ਕਰਨ ਲਈ ਘੱਟ ਆਖਿਆ ਜਾਂਦਾ ਹੈ ਪਰ ਉਨ੍ਹਾਂ ਨੂੰ ਰੋਕਣ-ਹਟਕਣ ਲਈ ਮਾਪੇ ਹਰ ਵੇਲੇ ਕਮਰਕੱਸੇ ਕਰੀ ਰੱਖਦੇ ਹਨ।

ਬੱਚੇ ਹੀ ਸਾਡੇ ਦੁੱਖਾਂ ਦਾ ਸਰੋਤ ਹੁੰਦੇ ਹਨ ਅਤੇ ਇਹੀ ਸਾਡੀ ਖੁਸ਼ੀ ਦਾ ਪ੍ਰਮੁੱਖ ਸੋਮਾ ਵੀ ਹੁੰਦੇ ਹਨ। ਬੱਚਾ ਪੈਦਾ ਹੋਣ ਦੀ ਸਥਿਤੀ ਵਿਚ ਮਾਪਿਆਂ ਲਈ ਸੰਸਾਰ, ਜੀਵਨ ਆਦਿ ਦੇ ਅਰਥ ਹੀ ਬਦਲ ਜਾਂਦੇ ਹਨ।

ਪਰਿਵਾਰ ਬਾਰੇ ਅਸੀਂ ਜੋ ਕੁਝ ਵੀ ਸੋਚਦੇ ਹਾਂ ਉਹ ਵਾਸਤਵ ਵਿਚ ਬੱਚਿਆਂ ਦੇ ਸੰਦਰਭ ਵਿਚ ਹੀ ਸੋਚਦੇ ਹਾਂ। ਇਕ ਬੋਧੀ ਅਖਾਣ ਅਨੁਸਾਰ ਬੱਚਾ ਘਰ ਵਿਚ ਉਵੇਂ ਹੀ ਲਿਸ਼ਕਦਾ ਹੈ, ਜਿਵੇਂ ਅਸਮਾਨ ਵਿਚ ਸੂਰਜ।

ਚੰਗੇ ਅਤੇ ਮਾੜੇ ਬੱਚਿਆਂ ਸਬੰਧੀ ਕਿਹਾ ਗਿਆ ਹੈ ਕਿ ਜੇ ਸੰਤਾਨ ਨਾਲਾਇਕ ਹੈ ਤਾਂ ਉਹ ਜਾਇਦਾਦ ਦਿਤੇ ਜਾਣ ਯੋਗ ਨਹੀਂ ਅਤੇ ਜੇ ਸੰਤਾਨ ਚੰਗੀ ਅਤੇ ਲਾਇਕ ਹੈ ਤਾਂ ਉਹ ਜਾਇਦਾਦ ਆਪੇ ਬਣਾ ਲਵੇਗੀ, ਉਸ ਨੂੰ ਤੁਹਾਡੀ ਜਾਇਦਾਦ ਦੀ ਲੋੜ ਨਹੀਂ।

ਸਪੱਸ਼ਟ ਹੈ ਕਿ ਬੱਚਿਆਂ ਦੀ ਸ਼ਖਸੀਅਤ ਘੜਨ ਵਿਚ ਸਰਮਾਇਆ ਜਾਂ ਸੰਪਤੀ ਫੈਸਲਾਕੁਨ ਰੋਲ ਅਦਾ ਨਹੀਂ ਕਰਦੀ।

ਲੋੜ ਹੈ ਬੱਚਿਆਂ ਅਤੇ ਬਚਪਨ ਸਬੰਧੀ ਉਸਾਰੂ ਦ੍ਰਿਸ਼ਟੀਕੋਣ ਦੀ।

ਸਮਾਜਵਾਦੀ ਮੁਲਕਾਂ ਨੇ ਬੱਚਿਆਂ ਦੇ ਮਹੱਤਵ ਨੂੰ ਭਲੀਭਾਂਤ ਜਾਣ ਲਿਆ ਹੈ। ਇਹੀ ਕਾਰਨ ਹੈ ਕਿ ਸਮਾਜਵਾਦੀ ਮੁਲਕਾਂ 'ਚ ਬੱਚੇ ਬਾਦਸ਼ਾਹਾਂ ਵਾਂਗ ਪਲ ਰਹੇ ਹਨ। ਦੂਜੇ ਪਾਸੇ ਪੂੰਜੀਵਾਦੀ ਅਰਥਚਾਰੇ ਵਾਲੇ ਮੁਲਕਾਂ ਵਿਚ ਬੱਚਿਆਂ ਨੂੰ ਗਾਹਕਾਂ ਦੇ ਰੂਪ ਵਿਚ ਹੀ ਵੇਖਿਆ ਜਾ ਰਿਹਾ ਹੈ ਤੇ ਉਨ੍ਹਾਂ ਨੂੰ ਵੱਧ ਤੋਂ ਵੱਧ ਚੀਜ਼ਾਂ ਵੇਚ ਕੇ ਵਧੇਰੇ ਮੁਨਾਫ਼ਾ ਕਮਾਉਣ ਦੇ ਯਤਨ ਕੀਤੇ ਜਾ ਰਹੇ ਹਨ।

ਸਰਮਾਏਦਾਰੀ ਉਨ੍ਹਾਂ ਖਿਡੌਣਿਆਂ ਦੇ ਨਿਰਮਾਣ ਵਿਚ ਲਗੀ ਹੋਈ ਹੈ ਜਿਹੜੇ ਖੁਦਗਰਜ਼ੀ, ਸਾੜੇ, ਪੱਖਪਾਤ 'ਤੇ ਈਰਖਾ ਨੂੰ ਵਧਾਉਂਦੇ ਹਨ।

ਸਾਡੇ ਦੇਸ਼ ਵਿਚ ਹਵਾਈ ਜਹਾਜ਼, ਪਿਸਤੌਲ, ਬੰਦੂਕ ਆਦਿ ਖਿਡੌਣੇ ਸਾਡੇ ਬੱਚਿਆਂ 'ਚ ਇਕ ਵਿਸ਼ੇਸ਼ ਪ੍ਰਕਾਰ ਦੀ ਰੁਚੀ ਉਪਜਾ ਰਹੇ ਹਨ, ਜਿਹੜੀ ਹਿੰਸਾ 'ਚ ਪ੍ਰਗਟ ਹੋ ਰਹੀ ਹੈ।

ਖੇਡਾਂ ਬੱਚਿਆਂ ਦੀ ਮੁੱਢਲੀ ਸਿੱਖਿਆ ਦਾ ਸਰੋਤ ਹੁੰਦੀਆਂ ਹਨ।

ਅਸੀਂ ਬੱਚਿਆਂ ਲਈ ਉਹ ਭਾਰਤੀ ਖੇਡਾਂ ਨਹੀਂ ਉਸਾਰ ਸਕੇ, ਜਿਨ੍ਹਾਂ ਨਾਲ ਉਨ੍ਹਾਂ ਦਾ ਸਰੀਰਕ ਅਤੇ ਮਾਨਸਿਕ ਵਿਕਾਸ ਹੋਵੇ। ਦੂਜੇ ਖੇਤਰਾਂ ਵਾਂਗ ਅਸੀਂ ਖੇਡਾਂ ਅਤੇ ਖਿਡੌਣਿਆਂ ਦੇ ਖੇਤਰ ਵਿਚ ਵੀ ਬਾਹਰਲਿਆਂ ਦੀ ਨਕਲ ਕਰਨ ਲੱਗ ਪਏ ਹਾਂ।

ਬੱਚੇ ਆਪਣੀਆਂ ਖੇਡਾਂ ਵਿਚ ਹੀ ਸਭ ਤੋਂ ਵੱਧ ਖੁਸ਼ ਹੁੰਦੇ ਹਨ।

ਉਹ ਆਪਣੀ ਖੇਡ ਦੇ ਮਤਵਾਲੇ ਹੁੰਦੇ ਹਨ।

ਬੱਚੇ ਜਿੱਥੇ ਜਾਂਦੇ ਹਨ ਉੱਥੇ ਹੀ ਖੇਡ ਸਿਰਜ ਲੈਂਦੇ ਹਨ, ਕਿਉਂਕਿ ਖੇਡ ਬੱਚਿਆਂ ਦੇ ਅੰਦਰ ਹੁੰਦੀ ਹੈ। ਦੁਰਭਾਗਵਸ ਬਹੁਤੇ ਮਾਪੇ ਬੱਚਿਆਂ ਵੱਲੋਂ ਖੇਡ 'ਚ ਗੁਜ਼ਾਰੇ ਸਮੇਂ ਨੂੰ ਵਿਅਰਥ ਗਿਆ ਸਮਾਂ ਸਮਝਦੇ ਹਨ। ਉਹ ਭੁੱਲ ਜਾਂਦੇ ਹਨ ਕਿ ਖੇਡਾਂ ਨਾਲ ਬੱਚਿਆਂ ਵਿਚ ਮਿਲਵਰਤਣ ਵੱਧਦੀ ਹੈ, ਉਨ੍ਹਾਂ ਵਿਚ ਪੱਖਪਾਤ ਘੱਟਦੇ ਹਨ, ਉਨ੍ਹਾਂ ਵਿਚ ਹਾਰਨ ਦਾ ਜਿਗਰਾ ਉਪਜਦਾ ਹੈ ਅਤੇ ਬੱਚਿਆਂ ਵਿਚ ਜਿੱਤ ਮਾਣਨ ਦਾ ਅਨੁਭਵ ਉਸਰਦਾ ਹੈ।

ਸਮਾਜਵਾਦੀ ਮੁਲਕਾਂ ਵਿਚ ਉਹ ਖਿਡੌਣੇ ਹੀ ਬਣਾਏ ਜਾਂਦੇ ਹਨ, ਜਿਨ੍ਹਾਂ ਨੂੰ ਖੇਡਣ ਲਈ ਘੱਟ-ਘੱਟ ਦੋ ਬੱਚਿਆਂ ਦੀ ਹਾਜ਼ਰੀ ਜ਼ਰੂਰੀ ਹੋਵੇ।

ਖੇਡਾਂ ਇਸ ਲਈ ਵੀ ਜ਼ਰੂਰੀ ਹਨ ਕਿਉਂਕਿ ਇਨ੍ਹਾਂ ਰਾਹੀਂ ਡਰ, ਸੁਆਰਥ, ਪੱਖਪਾਤ ਅਤੇ ਸਹਿਮ ਤੋਂ ਛੁਟਕਾਰਾ ਮਿਲਦਾ ਹੈ।

ਬੱਚਿਆਂ ਕੋਲ ਤਰਕ ਨਹੀਂ ਹੁੰਦਾ, ਉਨ੍ਹਾਂ ਕੋਲ ਖੁਸ਼ਕ ਸਿਧਾਂਤ ਨਹੀਂ ਹੁੰਦੇ, ਇਸੇ ਲਈ ਉਹ ਖੁਸ਼ੀ ਦੇ ਨੰਗੇ ਹੁਸਨ ਨੂੰ ਮਾਣਦੇ ਹਨ।

ਉਹ ਹਰ ਪ੍ਰਕਾਰ ਦੀ ਮਿਲਾਵਟ ਤੋਂ ਕੋਰੇ ਹੁੰਦੇ ਹਨ, ਇਸੇ ਲਈ ਉਨ੍ਹਾਂ ਦੀਆਂ ਖੁਸ਼ੀਆਂ ਨਿੱਕੀਆਂ ਪਰ ਸੱਚੀਆਂ ਹੁੰਦੀਆਂ ਹਨ।

ਉਮਰ ਵਜੋਂ ਵੱਡੇ ਵਿਅਕਤੀ ਜੀਵਨ ਨੂੰ ਸਿਧਾਂਤਾਂ ਜਾਂ ਅਸੂਲਾਂ ਦੇ ਆਧਾਰ ਉਤੇ ਪਰਖਦੇ ਹਨ ਜਦੋਂ ਕਿ ਬੱਚੇ ਜੀਵਨ ਅਤੇ ਸੰਸਾਰ ਨੂੰ ਇਕ ਨੁਮਾਇਸ਼, ਤਮਾਸ਼ਾ ਜਾਂ ਮੇਲਾ ਸਮਝਦੇ ਹਨ। ਇਸ ਸਥਿਤੀ ਵਿਚ ਸਹਿਜੇ ਹੀ ਅਨੁਮਾਨ ਲਾਇਆ ਜਾ ਸਕਦਾ ਹੈ ਕਿ ਜਿਨ੍ਹਾਂ ਮਾਪਿਆਂ ਦਾ ਆਪਣਾ ਜੀਵਨ ਬੇਰੰਗਾ ਹੈ, ਉਹ ਬੱਚਿਆਂ ਦੇ ਜੀਵਨ ਵਿਚ ਕੀ ਖੁਸ਼ੀਆਂ ਵਰਤਾ ਸਕਦੇ ਹਨ?

ਛੁੱਟੀਆਂ ਵਿਚ ਭਾਰਤੀ ਬੱਚਿਆਂ ਦੀ ਹਾਲਤ ਬੜੀ ਤਰਸਯੋਗ ਹੁੰਦੀ ਹੈ। ਉਨ੍ਹਾਂ ਕੋਲ ਸਮਾਂ ਹੁੰਦਾ ਹੈ ਪਰ ਨਾ ਖੇਡ ਹੁੰਦੀ ਹੈ ਨਾ ਖੇਡਣ ਦੀ ਥਾਂ।

ਆਦਰਸ਼ਕ ਸਥਿਤੀ ਉਹ ਕਹੀ ਜਾ ਸਕਦੀ ਹੈ ਜਦੋਂ ਮਾਪੇ ਬੱਚਿਆਂ ਨਾਲ ਖੇਡਣ। ਇਵੇਂ ਬੱਚਿਆਂ ਦੇ ਮਨ ਵਿਚ ਮਾਪਿਆਂ ਪ੍ਰਤਿ ਸਤਿਕਾਰ ਅਤੇ ਪਿਆਰ ਵੀ ਜਨਮਦਾ ਹੈ ਅਤੇ ਉਨ੍ਹਾਂ ਵਿੱਚੋਂ ਮਾਪਿਆਂ ਦਾ ਨਿਰਆਧਾਰ ਡਰ ਵੀ ਜਾਂਦਾ ਰਹਿੰਦਾ ਹੈ।

ਮਨੋਵਿਗਿਆਨਕ ਪੱਖੋਂ ਬੱਚਿਆਂ ਦੀਆਂ ਸ਼ਰਾਰਤਾਂ ਉਨ੍ਹਾਂ ਨੂੰ ਕਿਸੇ ਖੇਡ ਵਿਚ ਨਾ

ਰਿਸ਼ਤਾ ਸਕਣ ਦੀ ਉਪਰਾਮਤਾ ਵਿਚੋਂ ਉਪਜੀਆਂ ਕੁਚੱਜੀਆਂ ਹਰਕਤਾਂ ਹੁੰਦੀਆਂ ਹਨ। ਜਦੋਂ ਬੱਚੇ ਖੇਡ ਵਿਚ ਰੁੱਝੇ ਹੁੰਦੇ ਹਨ ਤਾਂ ਉਹ ਸਭ ਪਾਸੇ ਤੋਂ ਅਵੇਸਲੇ ਹੋ ਜਾਂਦੇ ਹਨ। ਇਹ ਅਵੇਸਲਾਪਣ ਉਨ੍ਹਾਂ ਦੀ ਸ਼ਖ਼ਸੀਅਤ ਵਿਚ ਸੁਤੰਤਰਤਾ ਦਾ ਆਧਾਰ ਬਣਦਾ ਹੈ। ਤੁਸੀਂ ਕਦੀ ਦੇਖਿਆ ਹੈ ਕਿ ਤਿੰਨ ਸਾਲ ਦਾ ਬੱਚਾ ਕਿਸੇ ਚੀਜ਼ ਨੂੰ ਕਿੰਨੇ ਧਿਆਨ ਨਾਲ ਵੇਖਦਾ ਹੈ ਜਾਂ ਸੁਣਦਾ ਹੈ। ਮਾਸੂਮਤਾ ਅਤੇ ਧਿਆਨ ਦੀ ਇਹ ਗਹਿਰਾਈ ਬੱਚੇ ਨੂੰ ਪ੍ਰਭਾਵਸ਼ਾਲੀ ਅਤੇ ਪਿਆਰਾ ਬਣਾਉਂਦੀ ਹੈ।

ਲੋੜ ਹੈ ਸੰਸਾਰ ਨੂੰ ਬੱਚੇ ਦੀ ਦ੍ਰਿਸ਼ਟੀ ਨਾਲ ਵੇਖਣ ਦੀ।

ਸਾਨੂੰ ਬੱਚਿਆਂ ਨਾਲ ਬੱਚਿਆਂ ਵਾਂਗੂ ਬੋਲਣਾ ਸਿਖਣਾ ਚਾਹੀਦਾ ਹੈ।

ਤੁਸੀਂ ਵੇਖਿਆ ਹੋਵੇਗਾ ਕਿ ਕੁਝ ਵਿਅਕਤੀਆਂ ਕੋਲ ਬੱਚੇ ਹੱਸਦੇ-ਹੱਸਦੇ ਚਲੇ ਜਾਂਦੇ ਹਨ ਅਤੇ ਕਈਆਂ ਦੇ ਹੱਥ ਲਾਉਣ ਉਤੇ ਹੀ ਰੋ ਪੈਂਦੇ ਹਨ।

ਬੱਚਿਆਂ ਸਾਹਮਣੇ ਜਿਹੜਾ ਵੱਡਾ ਬਣਨ ਦਾ ਯਤਨ ਕਰਦਾ ਹੈ, ਬੱਚੇ ਉਸ ਨੂੰ ਓਪਰਾ ਸਮਝਣ ਕਰਕੇ ਉਸ ਤੋਂ ਡਰਦੇ ਹਨ।

ਭੋਲੇ-ਭਾਲੇ ਜਾਨਵਰਾਂ ਵਾਂਗ ਬੱਚੇ ਵੀ ਸੋਚਦੇ ਨਹੀਂ।

ਇਸ ਲਈ ਬੱਚਿਆਂ ਨੂੰ ਉਹ ਕਹਾਣੀਆਂ ਚੰਗੀਆਂ ਲੱਗਦੀਆਂ ਹਨ, ਜਿਨ੍ਹਾਂ ਵਿਚ ਕਾਰਜ ਦੀ ਬਹੁਲਤਾ ਹੋਵੇ।

ਬੱਚਿਆਂ ਨੂੰ ਸਰਕਸ ਇਸ ਲਈ ਚੰਗੀ ਲਗਦੀ ਹੈ ਕਿਉਂਕਿ ਉਸ ਵਿਚ ਲੈਕਚਰ ਨਹੀਂ ਹੁੰਦੇ ਅਤੇ ਉਥੇ ਵਿਅਕਤੀਆਂ ਅਤੇ ਜਾਨਵਰਾਂ ਦਾ ਸਾਰਾ ਵਰਤਾਰਾ ਸਰੀਰਕ ਕਾਰਜ ਵਾਲਾ ਹੀ ਹੁੰਦਾ ਹੈ।

ਜਦੋਂ ਬੱਚਾ ਘਰੋਂ ਬਾਹਰ ਜਾਂਦਾ ਹੈ ਤਾਂ ਉਹ ਮਾਤਾ-ਪਿਤਾ ਦਾ ਸੁਚੱਜਾ ਜਾਂ ਕੁਚੱਜਾਪਣ ਨਾਲ ਲੈ ਜਾਂਦਾ ਹੈ। ਜਦੋਂ ਉਹ ਘਰ ਮੁੜਦਾ ਹੈ ਤਾਂ ਉਹ ਬਾਹਰਲੇ ਸੰਸਾਰ ਨੂੰ ਆਪਣੇ ਨਾਲ ਲੈ ਆਉਂਦਾ ਹੈ।

ਕਈ ਮਾਪੇ ਆਪਣੇ ਬੱਚੇ ਨੂੰ ਹੋਰ ਬੱਚਿਆਂ ਨਾਲ ਰਲ ਕੇ ਸਕੂਲ ਜਾਣ ਦੀ ਥਾਂ ਉਨ੍ਹਾਂ ਨੂੰ ਆਪ ਸਕੂਲ ਛੱਡਣ ਜਾਂਦੇ ਹਨ।

ਇਵੇਂ ਉਹ ਆਪਣੇ ਬੱਚੇ ਲਈ ਦੂਜੇ ਬੱਚਿਆਂ ਨਾਲ ਘੁਲਣ-ਮਿਲਣ ਦੇ ਅਵਸਰ ਘਟਾਉਂਦੇ ਹਨ ਅਤੇ ਬੱਚਿਆਂ ਵਿਚ ਮਾਨਸਿਕ ਅਸੰਤੁਲਨ ਉਪਜਾਉਂਦੇ ਹਨ।

ਇਹੀ ਕਾਰਨ ਹੈ ਕਿ ਜਿਹੜੇ ਬੱਚਿਆਂ ਨੂੰ ਸੰਭਾਲ-ਸੰਭਾਲ ਕੇ ਰੱਖਿਆ ਜਾਂਦਾ ਹੈ, ਉਹ ਹੀ ਵਧੇਰੇ ਬੀਮਾਰ ਪੈਂਦੇ ਹਨ। ਜਿਨ੍ਹਾਂ ਦੀਆਂ ਬਚਪਨ ਵਿਚ ਹੀ ਟਿਊਸ਼ਨਾਂ ਲਵਾ ਦਿੱਤੀਆਂ ਜਾਂਦੀਆਂ ਹਨ, ਉਹੀ ਵਧੇਰੇ ਕਰਕੇ ਫੇਲ੍ਹ ਹੁੰਦੇ ਹਨ।

ਬੱਚਿਆਂ ਨੂੰ ਬਾਗ-ਬਗੀਚੇ ਵਿਚ ਫੁੱਲਾਂ ਵਾਂਗ ਖਿੜਨ ਦਿਓ, ਆਪਣੇ ਨਿੱਕੇ ਗਮਲਿਆਂ ਵਿਚ ਕੈਦ ਨਾ ਕਰੋ।

ਜੇਕਰ ਸੰਸਾਰ ਵਿਚ ਬੱਚੇ ਨਾ ਹੋਣ ਤਾਂ ਹੱਸਣ ਅਤੇ ਰੋਣ ਦੇ ਅਵਸਰ ਵੀ ਨਾ ਹੋਣ।

ਬੱਚਿਆਂ ਵਿਚ ਵਿਚਰਨ ਵਾਲਾ ਵਿਅਕਤੀ ਬੜਾ ਹਰਮਨ ਪਿਆਰਾ ਹੁੰਦਾ ਹੈ।

ਇਕ ਅਖਾਣ ਹੈ, ਆਪਣੇ ਬਚਪਨ ਨੂੰ ਜਿਉਂਦਾ ਰੱਖੋ ਤਾਂ ਜੋ ਤੁਹਾਡੇ ਬੱਚੇ ਤੁਹਾਨੂੰ ਪਿਆਰ ਕਰਦੇ ਰਹਿਣ।

ਕਈ ਮਾਪੇ ਬੱਚਿਆਂ ਦੇ ਭੋਲੇ-ਭਾਲੇ ਪ੍ਰਸ਼ਨਾਂ ਤੋਂ ਖਿਝ ਜਾਂਦੇ ਹਨ। ਜਿਹੜਾ ਵਿਅਕਤੀ ਬੱਚਿਆਂ ਨਾਲ ਖਿਝਿਆ ਰਹਿੰਦਾ ਹੈ, ਉਹ ਗਿਆਨਵਾਨ ਨਹੀਂ ਹੁੰਦਾ।

ਅਸਫਲ ਅਧਿਆਪਕ ਦਾ ਉਘੜਵਾਂ ਲੱਛਣ ਵੀ ਇਹ ਹੁੰਦਾ ਹੈ ਕਿ ਉਹ ਵਿਦਿਆਰਥੀਆਂ ਨਾਲ ਖਿਝਿਆ ਰਹਿੰਦਾ ਹੈ।

ਪ੍ਰਸ਼ਨ ਪੁੱਛਣ ਵਾਲਾ ਬੱਚਾ ਮੂਰਖ ਨਹੀਂ ਹੁੰਦਾ।

ਜੋ ਬੱਚਿਆਂ ਨੂੰ ਪੜ੍ਹਾਉਂਦਾ ਹੈ, ਉਹ ਉਨ੍ਹਾਂ ਨੂੰ ਸਿਖਾਉਣ ਦੇ ਮੁਕਾਬਲੇ ਆਪ ਵਧੇਰੇ ਸਿਖਦਾ ਹੈ। ਜਦੋਂ ਕੋਈ ਬੱਚਾ ਸ਼ਿਕਾਇਤ ਕਰਦਾ ਹੈ, ਅਸਲੀਅਤ ਵਿਚ ਉਹ ਤੁਹਾਡੇ ਤੋਂ ਪਿਆਰ ਅਤੇ ਧਿਆਨ ਦੀ ਮੰਗ ਕਰ ਰਿਹਾ ਹੁੰਦਾ ਹੈ।

ਬੱਚੇ ਦੀ ਦੌੜ ਮਾਪਿਆਂ ਤਕ ਹੁੰਦੀ ਹੈ, ਇਸ ਲਈ ਰੁਝੇਵੇਂ ਕਿਤਨੇ ਵੀ ਹੋਣ ਬੱਚਿਆਂ ਲਈ ਕੁਝ ਸਮਾਂ ਜ਼ਰੂਰ ਕੱਢਣਾ ਚਾਹੀਦਾ ਹੈ।

ਕਹਿੰਦੇ ਹਨ ਕਿ ਬੱਚੇ ਨੂੰ ਦੱਸਣ ਦੀ ਲੋੜ ਨਹੀਂ ਕਿ ਰੱਬ ਕੀ ਹੈ ਅਤੇ ਕਿਥੇ ਹੈ। ਬੱਚੇ ਲਈ ਉਸ ਦੀ ਮਾਂ ਹੀ ਰੱਬ ਹੁੰਦੀ ਹੈ ਅਤੇ ਹਰ ਵਿਅਕਤੀ ਲਈ ਰੱਬ ਦਾ ਸੰਕਲਪ ਅਸਲ ਵਿਚ ਉਸਦੀ ਮਾਂ ਦੇ ਸੰਕਲਪ ਦਾ ਹੀ ਵਿਕਸਿਤ ਰੂਪ ਹੁੰਦਾ ਹੈ।

ਯੂਨਾਨੀ ਅਖਾਣ ਹੈ ਕਿ ਹਰ ਟੱਬਰ ਵਿਚ ਤਿੰਨ ਬੱਚੇ ਹੋਣੇ ਚਾਹੀਦੇ ਹਨ ਤਾਂ ਕਿ ਜਦੋਂ ਦੋ ਝਗੜ ਪੈਣ ਤਾਂ ਤੀਜਾ ਉਨ੍ਹਾਂ ਦਾ ਮੁਕੱਦਮਾ ਸੁਣ ਸਕੇ।

ਬੱਚਿਆਂ ਵਿਚ ਅਥਾਹ ਕਲਪਨਾ ਸ਼ਕਤੀ ਹੁੰਦੀ ਹੈ, ਇਸ ਕਰਕੇ ਉਨ੍ਹਾਂ ਲਈ ਕੋਈ ਵੀ ਸਮੱਸਿਆ ਅਸੰਭਵ ਨਹੀਂ ਹੁੰਦੀ।

ਬਚਪਨ ਵਿਚ ਹੀ ਬੱਚਿਆਂ ਨੂੰ ਸਿਆਣੇ ਬਣਾਉਣ ਦਾ ਯਤਨ ਕਰ ਕੇ ਉਨ੍ਹਾਂ ਦੀ ਕਲਪਨਾ ਸ਼ਕਤੀ ਨੂੰ ਖੁੰਢਾ ਨਹੀਂ ਕਰਨਾ ਚਾਹੀਦਾ। ਜੇਕਰ ਬੱਚਿਆਂ ਨਾਲ ਤੁਸੀਂ ਖੇਡਣ ਲਈ ਤਿਆਰ ਹੋ ਤਾਂ ਤੁਸੀਂ ਉਨ੍ਹਾਂ ਤੋਂ ਆਪਣੀ ਹਰ ਮਰਜ਼ੀ ਮੰਨਵਾ ਸਕਦੇ ਹੋ।

ਬੱਚੇ ਤਿੱਤਲੀਆਂ ਮਗਰ ਦੌੜਦੇ ਹਨ ਅਤੇ ਭਰਿੰਡਾਂ ਤੋਂ ਡਰਦੇ ਹਨ।

ਉਹ ਮਨੁੱਖਾਂ ਨੂੰ ਤਿੱਤਲੀਆਂ ਅਤੇ ਭਰਿੰਡਾਂ ਦੇ ਬਦਲ ਸਮਝ ਕੇ ਹੀ ਆਪਣਾ ਨਿਵੇਕਲਾ ਵਰਤਾਰਾ ਨਿਰਧਾਰਤ ਕਰਦੇ ਹਨ। ਇਸ ਲਈ ਜ਼ਰੂਰੀ ਹੈ ਕਿ ਬੱਚਿਆਂ ਦੇ ਸੰਸਾਰ ਵਿਚ ਤਿੱਤਲੀਆਂ ਵਧੇਰੇ ਹੋਣ ਅਤੇ ਭਰਿੰਡਾਂ ਘੱਟ ਹੋਣ।

ਲੋੜ ਇਸ ਗੱਲ ਦੀ ਹੈ ਕਿ ਬੱਚਿਆਂ ਦੇ ਬਚਪਨ ਉਤੇ ਇਕ ਦਮ ਸੰਸਾਰ ਦੇ ਯਥਾਰਥ ਦੀ ਕਰੂਪਤਾ ਦਾ ਬੋਝ ਨਾ ਪਾਇਆ ਜਾਵੇ, ਸਗੋਂ ਉਹ ਆਪ ਹੌਲੀ-ਹੌਲੀ ਸੰਸਾਰ ਨੂੰ ਕੋਲੰਬਸ ਵਾਂਗ ਲੱਭਣ, ਖੋਜਣ ਅਤੇ ਪਰਖਣ ਪਰ ਇਹ ਸੰਭਵ ਤਾਂ ਹੀ ਹੁੰਦਾ ਹੈ ਜੇ ਬਚਪਨ ਦੇ ਮਹੱਤਵ ਨੂੰ ਅਸੀਂ ਜਾਣੀਏ।

ਜਿਥੇ ਅਤੇ ਜਦੋਂ ਵੀ ਮੌਕਾ ਮਿਲੇ, ਆਪਣਾ ਬਚਪਨ ਜਿਉਂ ਲੈਣਾ ਚਾਹੀਦਾ ਹੈ।

◊◊◊

# ਮੰਗੇਤਰਾਂ ਦਾ ਮੇਲ-ਮਿਲਾਪ

ਭਾਰਤ ਵਿਚ ਜਦੋਂ ਤੱਕ ਵਿਆਹ ਨਹੀਂ ਹੁੰਦਾ, ਮਾਪੇ ਆਪਣੇ ਧੀਆਂ-ਪੁੱਤਰਾਂ ਨੂੰ ਛੋਟੇ ਅਤੇ ਅਣਜਾਣ ਬੱਚੇ ਹੀ ਸਮਝਦੇ ਹਨ।

ਸਭਿਆਚਾਰਿਕ ਤਬਦੀਲੀ ਦੇ ਪ੍ਰਭਾਵਾਂ ਅਧੀਨ ਅਜੋਕੇ ਮੁੰਡੇ-ਕੁੜੀਆਂ ਮਾਪਿਆਂ ਦੇ ਗਿਆਨ ਤੋਂ ਬਾਹਰੇ ਆਪ-ਸਹੇੜੇ ਰਿਸ਼ਤੇ ਉਸਾਰ ਕੇ ਸੁਤੰਤਰ ਅਤੇ ਸਿਆਣੇ ਹੋ ਜਾਣ ਦਾ ਪ੍ਰਮਾਣ ਦੇਣ ਲੱਗ ਪਏ ਹਨ।

ਪ੍ਰਕ੍ਰਿਤਕ ਨੇਮਾਂ ਅਨੁਸਾਰ ਮੁੰਡੇ-ਕੁੜੀ ਦਾ ਵਿਆਹ ਸੋਲ੍ਹਾਂ-ਸਤਾਰ੍ਹਾਂ ਵਰ੍ਹਿਆਂ ਦੀ ਉਮਰ ਵਿਚ ਹੋ ਜਾਣਾ ਚਾਹੀਦਾ ਹੈ ਪਰ ਆਰਥਿਕ ਕਾਰਨਾਂ ਕਰਕੇ ਵਿਆਹ ਪੰਝੀ-ਤੀਹ ਸਾਲ ਤਕ ਮੁਲਤਵੀ ਹੁੰਦੇ ਰਹਿੰਦੇ ਹਨ।

ਇਸ ਵਕਫ਼ੇ ਨੂੰ ਗੁਜ਼ਾਰਨ ਲਈ ਮੁੰਡੇ-ਕੁੜੀਆਂ ਨੇ ਆਪਣੀ ਯੋਗਤਾ ਅਨੁਸਾਰ ਮੇਲ-ਮਿਲਾਪ ਦੇ ਅਣ-ਵਿਆਹੇ ਰਿਸ਼ਤੇ ਉਸਾਰਨੇ ਸ਼ੁਰੂ ਕਰ ਦਿੱਤੇ ਹਨ।

ਮੇਲ-ਮਿਲਾਪ ਦੀਆਂ ਸੰਭਾਵਨਾਵਾਂ ਦੇ ਨਾਲ ਨਾਲ, ਮੇਲ-ਮਿਲਾਪ ਦੀ ਇੱਛਾ ਵੀ ਵਧੀ ਹੈ। ਸ਼ਹਿਰੀ ਜੀਵਨ ਨੇ ਮੇਲ-ਮਿਲਾਪ ਨੂੰ ਸੌਖਾ ਕਰ ਦਿੱਤਾ ਹੈ।

ਵਿਆਹ ਤੋਂ ਪਹਿਲਾਂ ਮੁੰਡੇ-ਕੁੜੀ ਦੇ ਆਪਸੀ ਮਿਲਾਪ ਰਾਹੀਂ, ਕੁੜੀ ਨੂੰ ਮਰਦ ਜਾਤ ਅਤੇ ਮੁੰਡੇ ਨੂੰ ਔਰਤ ਜਾਤ ਦੇ ਔਸਤ ਸੁਭਾਅ ਦਾ ਗਿਆਨ ਹੁੰਦਾ ਹੈ।

ਮਾਪੇ ਬੱਚਿਆਂ ਨੂੰ ਆਪਣੇ ਆਦਰਸ਼ਾਂ ਅਤੇ ਅਸੂਲਾਂ ਅਨੁਸਾਰ ਪਾਲਦੇ ਹਨ ਪਰ ਬੱਚੇ ਮਾਪਿਆਂ ਦੀ ਨਿਗਰਾਨੀ ਤੋਂ ਬਾਹਰ ਆਪਣੀਆਂ ਸਿੱਖੀਆਂ ਹੋਈਆਂ ਆਦਤਾਂ ਅਤੇ ਜੀਵਨ-ਸਿਧਾਂਤਾਂ ਨੂੰ ਨਿਰਖਣਾ-ਪਰਖਣਾ ਚਾਹੁੰਦੇ ਹਨ।

ਨਿਰਸੰਦੇਹ ਪਿਆਰ ਸਾਡੀ ਸੋਚ ਅਤੇ ਕਲਪਨਾ ਦੇ ਬਹੁਤ ਸਾਰੇ ਬੂਹੇ-ਬਾਰੀਆਂ ਖੋਲ੍ਹਦਾ ਹੈ। ਜਿਨ੍ਹਾਂ ਨੂੰ ਪਿਆਰ ਅਨੁਭਵ ਨਾ ਹੋਇਆ ਹੋਵੇ ਪਰ ਵਿਆਹ ਹੋ ਜਾਵੇ, ਉਨ੍ਹਾਂ ਦੀ ਸ਼ਖ਼ਸੀਅਤ ਦੇ ਬਹੁਤ ਸਾਰੇ ਪੱਖ ਉਜਾਗਰ ਹੋਣੋਂ ਰਹਿ ਜਾਂਦੇ ਹਨ ਅਤੇ ਅਜਿਹੇ ਵਿਅਕਤੀਆਂ ਦੀ ਜ਼ਿੰਦਗੀ ਨੂੰ ਮਾਣਨ ਅਤੇ ਸਮਝਣ ਦੀ ਸਮਰੱਥਾ ਵੀ ਇਕ ਸੀਮਾ ਤੋਂ ਅੱਗੇ ਨਹੀਂ ਜਾਂਦੀ ਅਤੇ ਪਿਆਰ-ਵਿਹੂਣੇ ਵਿਅਕਤੀ ਇਕਹਿਰੀਆਂ ਸ਼ਖ਼ਸੀਅਤਾਂ ਬਣ ਕੇ ਪੱਛੜ ਜਾਂਦੇ ਹਨ।

ਅਜਿਹੇ ਵਿਅਕਤੀਆਂ ਨੂੰ ਹਵਾਵਾਂ ਦੇ ਸੰਗੀਤ ਦਾ ਗਿਆਨ ਨਹੀਂ ਹੁੰਦਾ। ਇਨ੍ਹਾਂ ਨੂੰ ਸਤਰੰਗੀ ਪੀਂਘ ਉਤੇ ਤੁਰਨ ਦਾ ਅਨੁਭਵ ਨਹੀਂ ਹੁੰਦਾ। ਇਨ੍ਹਾਂ ਨੂੰ ਰੂਹ ਦੀ ਪੱਧਰ ਤੱਕ ਵਿਚਰਣ ਦਾ ਢੰਗ ਤਰੀਕਾ ਨਹੀਂ ਆਉਂਦਾ।

ਅਜਿਹੇ ਵਿਅਕਤੀ ਸਦਾ ਭਟਕਦੇ ਰਹਿੰਦੇ ਹਨ। ਨਾ ਤਾਂ ਅਜਿਹੇ ਵਿਅਕਤੀਆਂ ਨੂੰ ਉਡਣਾ ਆਉਂਦਾ ਹੈ ਅਤੇ ਨਾ ਹੀ ਗੁਆਚਣਾ ਆਉਂਦਾ ਹੈ। ਇਨ੍ਹਾਂ ਨੂੰ ਤਾਰੇ ਸੈਨਤਾਂ ਨਹੀਂ ਮਾਰਦੇ, ਇਨ੍ਹਾਂ ਨੂੰ ਚੰਦਰਮਾ ਕਿਸੇ ਦੀ ਯਾਦ ਨਹੀਂ ਦਿਵਾਉਂਦਾ। ਅਜਿਹੇ ਵਿਅਕਤੀ ਅਨੁਭਵ ਦੇ ਪੱਖੋਂ ਕੰਜੂਸੀ-ਭਰਿਆ ਜੀਵਨ ਗੁਜ਼ਾਰਦੇ ਹਨ।

ਇਹ ਜ਼ਿੰਦਗੀ ਦੀ ਮਾਲ-ਰੋਡ ਤੇ ਨਹੀਂ ਤੁਰਦੇ।

ਸਾਡੇ ਦੇਸ਼ ਵਿਚ ਪਿਆਰ ਦੀਆਂ ਸੰਭਾਵਨਾਵਾਂ ਵਿਸ਼ਾਲ ਨਹੀਂ।

ਅਸੀਂ ਪਿਆਰ ਨੂੰ ਵਿਆਹ ਤੋਂ ਵੱਖ ਨਹੀਂ ਕਰ ਸਕੇ।

ਆਮ ਕਰਕੇ ਜਦੋਂ ਕੋਈ ਕੁੜੀ-ਮੁੰਡਾ ਪਿਆਰ ਕਰਦੇ ਹਨ ਤਾਂ ਉਹ ਇਕ ਦੂਜੇ ਨੂੰ ਬਣਨ ਵਾਲੇ ਪਤੀ-ਪਤਨੀ ਸਮਝ ਕੇ ਪਿਆਰ ਕਰਦੇ ਹਨ, ਅਰਥਾਤ ਉਹ ਇਕ ਦੂਜੇ ਨਾਲ ਪ੍ਰੇਮੀਆਂ ਵਾਂਗ ਨਹੀਂ, ਪਤੀ-ਪਤਨੀ ਵਾਂਗ ਵਿਚਰਦੇ ਹਨ।

ਵਿਆਹ ਨਾਲ ਦੋਹਾਂ ਧਿਰਾਂ ਨੂੰ ਮੇਲ-ਮਿਲਾਪ ਦੀ ਇਕ ਦਮ ਜਿਹੜੀ ਖੁੱਲ੍ਹ ਪ੍ਰਾਪਤ ਹੋ ਜਾਂਦੀ ਹੈ ਉਹ ਪਿਆਰ ਦੇ ਖੇਤਰ ਵਿਚ ਬਹੁਤ ਲੰਮੀ ਪਰ ਆਨੰਦਮਈ ਉਡੀਕ ਮਗਰੋਂ ਹੀ ਸੰਭਵ ਹੁੰਦੀ ਹੈ।

ਉਡੀਕ ਜਾਂ ਮਿਹਨਤ ਤੋਂ ਬਿਨਾਂ ਕਿਸੇ ਚੀਜ਼ ਦੀ ਪ੍ਰਾਪਤੀ ਉਵੇਂ ਹੀ ਹੁੰਦੀ ਹੈ, ਜਿਵੇਂ ਕੁਝ ਪੜ੍ਹੇ ਲਿਖੇ ਬਿਨਾਂ ਕਿਸੇ ਨੂੰ ਡਿਗਰੀ ਮਿਲ ਜਾਵੇ ਜਾਂ ਖੇਡੇ ਬਿਨਾ ਹੀ ਕਿਸੇ ਟੀਮ ਨੂੰ ਜੇਤੂ ਕਰਾਰ ਦੇ ਦਿੱਤਾ ਜਾਵੇ।

ਸੱਚ ਤਾਂ ਇਹ ਹੈ ਕਿ ਸਾਡੇ ਕੋਲ ਵਿਆਹ ਦਾ ਅਨੁਭਵ ਹੀ ਹੈ, ਪਿਆਰ ਦਾ ਅਨੁਭਵ ਹੈ ਹੀ ਨਹੀਂ।

ਸਾਡੇ ਕੋਲ ਪ੍ਰਾਹੁਣਾਚਾਰੀ ਦਾ ਵੀ ਕੋਈ ਸੰਕਲਪ ਨਹੀਂ। ਅਸੀਂ ਘਰ ਆਏ ਮਹਿਮਾਨਾਂ ਨੂੰ ਛੋਟੀ ਜਿਹੀ ਬਰਾਤ ਸਮਝ ਕੇ ਹੀ ਉਨ੍ਹਾਂ ਦੀ ਸੇਵਾ ਕਰਦੇ ਹਾਂ। ਇਹੀ ਕਾਰਨ ਹੈ ਕਿ ਇਕ ਦੂਜੇ ਨਾਲ ਗੱਲਬਾਤ ਰਾਹੀਂ ਆਪਣੀ ਰੂਹ ਦੇ ਦਰਸ਼ਨ ਕਰਵਾਉਣ ਦੀ ਥਾਂ ਅਸੀਂ ਇਕ ਦੂਜੇ ਦੇ ਢਿੱਡ ਨੂੰ ਭਰਨ ਲੱਗ ਪੈਂਦੇ ਹਾਂ। ਪਿਆਰ ਵਿਚ ਕਿਸੇ ਵੀ ਹੋਰ ਸਮਰੱਥਾ ਦੀ ਅਣਹੋਂਦ ਕਾਰਨ ਅਸੀਂ ਝੱਟਪੱਟ ਸਰੀਰਾਂ ਦੇ ਸਮਾਗਮ ਵੱਲ ਰੁਚਿਤ ਹੋ ਜਾਂਦੇ ਹਾਂ।

ਦੋ ਪ੍ਰੇਮੀ ਚਲਦੇ ਹਨ ਤਾਂ ਉਨ੍ਹਾਂ ਦੇ ਤਨ ਦੇ ਨਾਲ ਉਨ੍ਹਾਂ ਦਾ ਮਨ ਵੀ ਚੱਲ ਰਿਹਾ ਹੁੰਦਾ ਹੈ ਪਰ ਜਦੋਂ ਦੋ ਪਤੀ-ਪਤਨੀ ਚਲਦੇ ਹਨ ਤਾਂ ਕਿਸੇ ਦੀ ਨਿੰਦਾ-ਚੁਗਲੀ ਹੀ ਹੋ ਰਹੀ ਹੁੰਦੀ ਹੈ। ਪਿਆਰ ਕਰਨਾ ਨਿਰਸੰਦੇਹ ਵਿਆਹ ਦੀ ਤਿਆਰੀ ਹੁੰਦਾ ਹੈ।

ਪਿਆਰ ਰਾਹੀਂ ਸਾਨੂੰ ਇਕ ਦੂਜੇ ਦੀਆਂ ਸੰਭਾਵਨਾਵਾਂ ਅਤੇ ਸੀਮਾਵਾਂ ਦਾ ਗਿਆਨ ਹੁੰਦਾ ਹੈ ਅਤੇ ਅਸੀਂ ਪਿਆਰ ਉਪਰੰਤ ਵਿਆਹ ਦੇ ਪਿੜ ਵਿਚ ਪੱਕੇ ਕਦਮਾਂ ਨਾਲ ਦਾਖਲ ਹੁੰਦੇ ਹਾਂ। ਪਿਆਰ-ਵਿਹੂਣੇ ਵਿਆਹ, ਅਸੰਭਵ ਆਦਰਸ਼ਾਂ ਦੀ ਪੂਰਤੀ ਦਾ ਯਤਨ ਕਰਦੇ-ਕਰਦੇ ਥਕਾਵਟ ਦਾ ਸ਼ਿਕਾਰ ਹੋ ਜਾਂਦੇ ਹਨ।

ਕਿਸੇ ਨੂੰ ਭਾਵੇਂ ਪਿਆਰ ਦਾ ਅਨੁਭਵ ਨਾ ਹੋਇਆ ਹੋਵੇ, ਮੰਗਣੀ ਉਪਰੰਤ ਦੂਜੀ ਧਿਰ ਨੂੰ ਪਰਖਣ ਦਾ ਅਵਸਰ ਮਿਲ ਹੀ ਜਾਂਦਾ ਹੈ।

ਵੇਖਿਆ ਗਿਆ ਹੈ ਕਿ ਅਕਸਰ ਮੰਗਣੀ ਉਪਰੰਤ ਵਿਆਹ ਕੁਝ ਮਹੀਨਿਆਂ ਵਿਚ ਹੋ ਜਾਂਦਾ ਹੈ। ਜੇ ਮੰਗਣੀ ਲਮਕ ਜਾਵੇ ਤਾਂ ਦੋਹਾਂ ਧਿਰਾਂ ਨੂੰ ਇੱਕ-ਦੂਜੇ ਦੇ ਦੋਸ਼ ਵੀ ਵਿਖਾਈ ਦੇਣ ਲੱਗ ਪੈਂਦੇ ਹਨ ਅਤੇ ਜੇ ਡੇਢ-ਦੋ ਸਾਲ ਵਿਚ ਵੀ ਵਿਆਹ ਨਾ ਹੋਵੇ ਤਾਂ ਅਕਸਰ ਮੰਗਣੀ ਟੁੱਟ ਜਾਂਦੀ ਹੈ।

ਮੰਗਣੀ ਉਪਰੰਤ ਦੋਹਾਂ ਵਿਅਕਤੀਆਂ ਦੀ ਇਕ ਦੂਜੇ ਟੱਬਰ ਵਿਚ ਉਡੀਕ ਸ਼ੁਰੂ ਹੋ ਜਾਂਦੀ ਹੈ ਅਤੇ ਇਨ੍ਹਾਂ ਸਬੰਧੀ ਚਰਚਾ ਸਤਿਕਾਰ ਭਰੀ ਹੋ ਜਾਂਦੀ ਹੈ।

ਮੰਗਣੀ ਉਪਰੰਤ ਮੇਲ-ਮਿਲਾਪ ਦੇ ਖੁੱਲ੍ਹੇ ਅਵਸਰ ਮਿਲਣੇ ਚਾਹੀਦੇ ਹਨ, ਕਿਉਂਕਿ ਇਸ ਸਮੇਂ ਨਵਾਂ ਸਿਰਜਿਆ ਜਾਣ ਵਾਲਾ ਰਿਸ਼ਤਾ ਪਰਖਿਆ ਜਾਂਦਾ ਹੈ। ਵਿਆਹ ਟੁੱਟਣ ਦੀ ਥਾਂ ਚੰਗਾ ਹੈ ਜੇ ਮੰਗਣੀ ਦੀ ਪੱਧਰ ਉੱਤੇ ਹੀ ਤੋੜ-ਵਿਛੋੜਾ ਹੋ ਜਾਵੇ। ਕਿਉਂਕਿ ਸਾਡੇ ਸਮਾਜ ਵਿਚ ਪਿਆਰ ਦਾ ਸੰਕਲਪ ਹੀ ਨਹੀਂ, ਇਸੇ ਕਰਕੇ ਕਈ ਮੰਗੇਤਰ ਇਕ ਦੂਜੇ ਨੂੰ ਪਿਆਰ ਭਰੇ ਵਾਤਾਵਰਣ ਵਿਚ ਜਾਣਨ ਅਤੇ ਪਛਾਣਨ ਦੀ ਥਾਂ ਆਪਣੀ ਮੰਗੇਤਰ ਨਾਲ ਸੰਭੋਗ ਲਈ ਜ਼ਿਦ ਕਰਦੇ ਹਨ।

ਬਹੁਤੇ ਪੁਰਸ਼ਾਂ ਵਿਚ ਆਪਣੀ ਸਮਝ, ਦਲੇਰੀ, ਸਿਆਣਪ, ਜ਼ਿੰਮੇਵਾਰੀ ਆਦਿ ਵਿਖਾਉਣ ਦੀ ਸੰਭਾਵਨਾ ਤਾਂ ਹੁੰਦੀ ਨਹੀਂ, ਇਸੇ ਲਈ ਉਹ ਉਸ ਰਿਸ਼ਤੇ ਲਈ ਤਾਂਘਦੇ ਹਨ, ਜਿੱਥੇ ਉਹ ਆਪਣੀ ਬਹਾਦਰੀ ਦੀ ਥਾਂ ਸਰੀਰਕ ਜ਼ੋਰ ਆਦਿ ਵਿਖਾ ਸਕਣ।

ਕਿਉਂਕਿ ਕੁੜੀ ਵਿਚ ਪ੍ਰਵਾਨ ਹੋਣ ਦੀ ਲਾਲਸਾ ਵਧੇਰੇ ਹੁੰਦੀ ਹੈ, ਉਹ ਪੁਰਸ਼ ਦੀ ਜ਼ਿੱਦ ਮੰਨ ਜਾਂਦੀ ਹੈ ਅਤੇ ਆਪ ਹੀ ਆਪਣੇ ਵਿਆਹ ਦੇ ਰੰਗਾਂ ਨੂੰ ਖੋਰਨ ਲੱਗ ਪੈਂਦੀ ਹੈ।

ਜਿਹੜੇ ਫ਼ੈਸਲੇ ਕਾਹਲ ਵਿਚ ਕੀਤੇ ਜਾਂਦੇ ਹਨ, ਉਨ੍ਹਾਂ ਸਬੰਧੀ ਪਛਤਾਉਣ ਲਈ ਜ਼ਿੰਦਗੀ ਬੜੀ ਵਿਹਲ ਦਿੰਦੀ ਹੈ।

ਵਿਆਹ ਦਾ ਪ੍ਰਮੁੱਖ ਉਦੇਸ਼ ਇਕ-ਦੂਜੇ ਦੇ ਸਾਥ ਨੂੰ ਮਾਣਨਾ ਅਤੇ ਕਾਮ-ਸੰਭੋਗ ਦੀਆਂ ਸੰਭਾਵਨਾਵਾਂ ਨੂੰ ਹੰਢਾਉਣਾ ਹੁੰਦਾ ਹੈ।

ਦੀਵਾਲੀ ਤੋਂ ਪਹਿਲੇ ਦੀਵਾਲੀ ਜਾਂ ਈਦ ਤੋਂ ਪਹਿਲੇ ਈਦ ਮਨਾਉਣ ਵਿਚ ਨਾ ਸੱਚੀ ਭਾਵਨਾ ਹੁੰਦੀ ਹੈ ਅਤੇ ਨਾ ਹੀ ਸੱਚਾ ਆਨੰਦ।

ਦੂਜੇ ਪਾਸੇ ਕਈ ਕੁੜੀਆਂ ਵੀ ਝੱਟਪਟ ਪ੍ਰਵਾਨ ਚੜ੍ਹਨ ਦੇ ਲਾਲਚ ਦਾ ਸ਼ਿਕਾਰ ਹੋਣ ਕਾਰਨ ਕੇਵਲ ਸਰੀਰਕ ਰਿਸ਼ਤਾ ਹੰਢਾਉਣ ਦੀ ਯੋਗਤਾ ਹੀ ਰੱਖਦੀਆਂ ਹਨ ਅਤੇ ਸੰਭੋਗ ਨੂੰ ਛੇਤੀ ਵਿਆਹ ਕਰਾਉਣ ਦੀ ਲਾਲਸਾ ਉਪਜਾਉਣ ਲਈ ਵਰਤਦੀਆਂ ਹਨ।

ਉਹ ਖੋਖਲੀਆਂ ਹੋਣ ਕਾਰਨ, ਵਿਆਹ ਉਪਰੰਤ ਅਕਸਰ ਛੇਤੀ ਹੀ ਖੜਕਣ ਲੱਗ ਪੈਂਦੀਆਂ ਹਨ।

ਪਿਆਰ ਇਕ ਮਾਨਸਿਕ ਰਿਸ਼ਤਾ ਹੈ ਪਰ ਮਾਨਸਿਕ ਰਿਸ਼ਤਾ ਹੰਢਾਉਣ ਦੀ ਯੋਗਤਾ ਵਾਲੇ ਵਿਅਕਤੀ ਵਿਰਲੇ ਹੀ ਹੁੰਦੇ ਹਨ।

ਪਿਆਰ ਰਾਹੀਂ ਅਸੀਂ ਦੂਜੇ ਵਿਅਕਤੀ ਨੂੰ ਵਿਭਿੰਨ ਪੱਖਾਂ ਤੋਂ ਸਮਝਣ ਅਤੇ ਆਪਣੇ ਆਪ ਬਾਰੇ ਜਾਣਨ ਦਾ ਅਵਸਰ ਪ੍ਰਾਪਤ ਕਰਦੇ ਹਾਂ। ਪਿਆਰ ਰਾਹੀਂ ਸਾਡੇ ਪਰਿਵਾਰ,

ਸਭਿਆਚਾਰਿਕ ਵਿਸ਼ਵਾਸ, ਧਾਰਮਿਕ ਵਿਚਾਰ, ਵਿਸ਼ਵਾਸ਼, ਆਦਰਸ਼, ਜੀਵਨ-ਦ੍ਰਿਸ਼ਟੀਕੋਣ ਆਦਿ ਪਰਖੇ ਜਾਂਦੇ ਹਨ।

ਸਾਡੀਆਂ ਫਿਲਮਾਂ, ਸਾਡੀ ਜਵਾਨ ਪੀੜ੍ਹੀ ਨੂੰ ਗੰਭੀਰ, ਜ਼ਿੰਮੇਵਾਰ ਅਤੇ ਦੂਜੇ ਦੀ ਸ਼ਖ਼ਸੀਅਤ ਦਾ ਸਤਿਕਾਰ ਕਰਨਾ ਸਿਖਾਉਣ ਦੀ ਥਾਂ ਕਾਮ-ਉਕਸਾਊ ਹਰਕਤਾਂ ਵਿਚ ਉਲਝਾਉਣ ਵਿਚ ਹੀ ਸਫਲ ਹੋਈਆਂ ਹਨ।

ਅਸੀਂ ਸੁਤੰਤਰਤਾ ਦੇ ਅਰਥ ਵਿਗਾੜ ਲਏ ਹਨ ਅਤੇ ਇਸ ਵਿਚੋਂ ਜ਼ਿੰਮੇਵਾਰੀ ਵਾਲਾ ਪੱਖ ਖਾਰਜ ਕਰ ਦਿੱਤਾ ਹੈ। ਇਵੇਂ ਹੀ ਸਮਾਜਿਕ ਵਰਤਾਰੇ ਵਿਚ, ਪਿਆਰ ਨੂੰ ਸੰਭੋਗ ਦਾ ਇਕ ਪੜਾਅ ਬਣਾ ਲਿਆ ਗਿਆ ਹੈ। ਕੁੜੀਆਂ ਕੋਲ ਆਪਣੇ ਪ੍ਰਵਾਨ ਚੜ੍ਹਨ ਲਈ ਵੀ ਇਹੀ ਇੱਕ ਢੰਗ ਰਹਿ ਗਿਆ ਪ੍ਰਤੀਤ ਹੁੰਦਾ ਹੈ।

ਕੁੜੀਆਂ, ਮੁੰਡਿਆਂ ਨੂੰ ਲਾਵਾਂ-ਫੇਰਿਆਂ ਵਾਲੀ ਥਾਂ ਵੱਲ ਖਿੱਚ ਰਹੀਆਂ ਹਨ ਅਤੇ ਮੁੰਡੇ ਉਨ੍ਹਾਂ ਨੂੰ ਬਿਸਤਰੇ ਵਲ ਧਰੂਹ ਰਹੇ ਹਨ। ਦੋਹਾਂ ਪਾਸੇ ਸੁਆਰਥ ਪ੍ਰਧਾਨ ਹੈ, ਇਸੇ ਲਈ ਪਿਆਰ ਅਤੇ ਵਿਆਹ ਦੋਵੇਂ ਟੁੱਟ ਰਹੇ ਹਨ।

ਮੰਗੇਤਰਾਂ ਵਿਚ ਕਾਮ-ਸੰਭੋਗ ਨਾਲ ਦੋਹਾਂ ਧਿਰਾਂ ਵਿਚ ਦੋਸ਼-ਭਾਵਨਾ ਵੱਧਦੀ ਹੈ। ਜ਼ਿੰਮੇਵਾਰੀ ਤੋਂ ਮੁੱਕਤ ਅਤੇ ਉਦੇਸ਼-ਰਹਿਤ ਕਾਮ-ਸੰਭੋਗ ਚੱਲ ਹੀ ਨਹੀਂ ਸਕਦਾ। ਬੁਝਾਰਤ ਬੁੱਝ ਲੈਣ ਮਗਰੋਂ ਮੁੰਡਾ, ਕੁੜੀ ਵਿਚ ਦੋਸ਼ ਲੱਭਦਾ ਹੈ ਤਾਂ ਕਿ ਵਿਆਹ ਤੋਂ ਬਚਿਆ ਜਾ ਸਕੇ। ਕਈ ਮੁੰਡੇ, ਕੁੜੀ ਨੂੰ ਹੀ ਦੋਸ਼ ਦਿੰਦੇ ਹਨ ਕਿ 'ਤੂੰ ਮੰਨੀ ਕਿਉਂ?' ਇਸ ਨਾਲ ਕੁੜੀ ਦੇ ਮਨ ਨੂੰ ਦੋਹਰੀ ਠੇਸ ਲੱਗਦੀ ਹੈ ਅਤੇ ਰਿਸ਼ਤਾ ਟੁੱਟਣ ਦੀ ਪ੍ਰਕ੍ਰਿਆ ਹੋਰ ਤੇਜ਼ ਹੋ ਜਾਂਦੀ ਹੈ।

ਵਿਆਹ ਅਤੇ ਸੰਭੋਗ ਇਕ ਦੂਜੇ ਨਾਲ ਨੇੜਿਓਂ ਜੁੜੇ ਹੋਏ ਹਨ।

ਸੰਭੋਗ ਦੀਆਂ ਸੰਭਾਵਨਾਵਾਂ ਅਤੇ ਸਮਾਜਿਕ ਪ੍ਰਵਾਨਗੀ ਕਾਰਨ ਹੀ ਵਿਆਹ ਦੀ ਇੱਛਾ ਉਪਜਦੀ ਹੈ। ਜਿੱਥੇ ਜਿੱਥੇ ਵਿਆਹ-ਬਾਹਰੇ ਸੰਭੋਗ ਦੇ ਅਵਸਰ ਪ੍ਰਾਪਤ ਹੋਣ ਲੱਗ ਪਏ ਹਨ, ਉੱਥੇ ਉੱਥੇ ਹੀ ਤਲਾਕ ਦੀਆਂ ਸੰਭਾਵਨਾਵਾਂ ਵਧੇਰੇ ਉਜਾਗਰ ਹੋਈਆਂ ਹਨ।

ਸਮਾਜ ਕੋਈ ਹੋਵੇ, ਹਰ ਤਲਾਕ ਪਿੱਛੇ ਅਸਲ ਕਾਰਨ ਕਿਸੇ ਹੋਰ ਨਾਲ ਵਿਆਹ ਜਾਂ ਸੰਭੋਗ ਕਰਨ ਦੀ ਇੱਛਾ ਹੀ ਹੁੰਦੀ ਹੈ।

ਪੁਰਸ਼-ਪ੍ਰਧਾਨ ਸਮਾਜ ਹੋਣ ਕਾਰਨ ਮੁੰਡੇ, ਮੰਗਣੀ ਉਪਰੰਤ ਪਰ ਵਿਆਹ ਤੋਂ ਪਹਿਲਾਂ, ਆਪਣੀ ਮੰਗੇਤਰ ਨੂੰ ਸੰਭੋਗ ਲਈ ਮਨਾਉਂਦੇ ਹਨ ਅਤੇ ਆਮ ਕਰਕੇ ਸਫ਼ਲ ਵੀ ਹੋ ਜਾਂਦੇ ਹਨ। ਕੁੜੀਆਂ ਵਿਚ ਸਮਾਜਿਕ ਕਾਰਨਾਂ ਕਰਕੇ ਹੀਣਤਾ ਦੀ ਭਾਵਨਾ ਵਧੇਰੇ ਹੁੰਦੀ ਹੈ ਅਤੇ ਪ੍ਰਵਾਨਗੀ ਦੀ ਭੁੱਖ ਵੀ ਵਧੇਰੇ ਹੋਣ ਕਾਰਨ ਅਤੇ ਵਿਆਹ ਦੀ ਸੰਭਾਵਨਾ ਨੂੰ ਬਣਾਈ ਰੱਖਣ ਲਈ, ਉਹ ਮੰਨ ਜਾਂਦੀਆਂ ਹਨ।

ਜਿਹੜੀਆਂ ਲੜਕੀਆਂ ਨਹੀਂ ਮੰਨਦੀਆਂ, ਉਨ੍ਹਾਂ ਦਾ ਅਸਲ ਕਾਰਨ ਉਨ੍ਹਾਂ ਦਾ ਗਰਭਵਤੀ ਹੋ ਜਾਣ ਦਾ ਡਰ ਹੁੰਦਾ ਹੈ।

ਕੁੜੀ ਆਪਣੇ ਮੰਗੇਤਰ ਸਾਹਮਣੇ ਕਪੜੇ ਉਤਾਰਨ ਤੋਂ ਨਹੀਂ ਡਰਦੀ, ਨੰਗੇ ਹੋਣ ਤੋਂ ਡਰਦੀ ਹੈ। ਨੰਗੇ ਸਰੀਰ ਉਤੇ ਵੀ ਸ਼ਰਮ ਦਾ ਇਕ ਲਿਬਾਸ ਹੁੰਦਾ ਹੈ।

ਪੁਰਸ਼ ਅਤੇ ਔਰਤ ਦੋਹਾਂ ਵਿਚ ਆਪਣੇ ਆਦਰਸ਼ ਸਾਥੀ ਦੀ ਤਲਾਸ਼ ਨਿਰੰਤਰ ਜਾਰੀ ਰਹਿੰਦੀ ਹੈ ਅਤੇ ਜਿਹੜਾ ਵੀ ਉਸ ਆਦਰਸ਼ ਦੇ ਨੇੜੇ-ਤੇੜੇ ਆਉਂਦਾ ਹੈ, ਉਸ ਨਾਲ ਰਿਸ਼ਤਾ ਉਸਰਨ ਦੀ ਸੰਭਾਵਨਾ ਉਪਜ ਪੈਂਦੀ ਹੈ।

ਸਾਡੇ ਸਮਾਜ ਵਿਚ ਬਹੁਤੇ ਵਿਅਕਤੀ ਆਦਰਸ਼-ਹੀਣ ਹੁੰਦੇ ਹਨ। ਅਜਿਹੇ ਵਿਅਕਤੀ ਹੀ ਵਧੇਰੇ ਦੁਖੀ ਹੁੰਦੇ ਹਨ ਅਤੇ ਜਿਨ੍ਹਾਂ ਦਾ ਕੋਈ ਆਦਰਸ਼ ਨਹੀਂ ਹੁੰਦਾ ਉਹ ਸਹਿਜੇ ਹੀ ਅੱਕ ਅਤੇ ਥੱਕ ਜਾਂਦੇ ਹਨ।

ਕੋਈ ਵੀ ਵਿਆਹ ਰੇਸ਼ਮੀ ਕੂਲੀ ਢਲਾਨ ਜਾਂ ਸਿਧੀ ਦੌੜ ਨਹੀਂ ਹੁੰਦਾ, ਅਰਥਾਤ ਹਰ ਵਿਆਹ ਦੀਆਂ ਆਪਣੀਆਂ ਹੀ ਸਮੱਸਿਆਵਾਂ ਹੁੰਦੀਆਂ ਹਨ ਪਰ ਇਹ ਸਮੱਸਿਆਵਾਂ ਉਸੇ ਅਨੁਪਾਤ ਵਿਚ ਹੁੰਦੀਆਂ ਹਨ, ਜਿਸ ਅਨੁਪਾਤ ਵਿਚ ਪਤੀ-ਪਤਨੀ ਵਿਚਕਾਰ ਸੰਭੋਗਕ ਤ੍ਰਿਪਤੀ-ਅਤ੍ਰਿਪਤੀ ਹੁੰਦੀ ਹੈ।

ਤ੍ਰਿਪਤੀ ਵਧੇਰੇ ਹੋਣ ਦੀ ਸੂਰਤ ਵਿਚ ਨਾ ਕੇਵਲ ਦੋਹਾਂ ਵਿਚਕਾਰ ਸਮੱਸਿਆਵਾਂ ਘੱਟ ਉਪਜਦੀਆਂ ਹਨ ਸਗੋਂ ਸਮੱਸਿਆਵਾਂ ਨੂੰ ਸੁਲਝਾਉਣ ਦੀ ਸਮਰੱਥਾ ਵਧੇਰੇ ਹੋਣ ਕਾਰਨ ਇਹ ਜਲਦੀ ਹੱਲ ਹੋ ਜਾਂਦੀਆਂ ਹਨ।

ਦੂਜੇ ਪਾਸੇ ਤ੍ਰਿਪਤੀ ਦੀ ਅਣਹੋਂਦ ਕਾਰਨ, ਸਾਧਾਰਨ ਸਥਿਤੀਆਂ ਵੀ ਸਮੱਸਿਆਵਾਂ ਪ੍ਰਤੀਤ ਹੁੰਦੀਆਂ ਹਨ।

ਪਤੀ-ਪਤਨੀ ਵਿਚਕਾਰ ਸੁਖਾਵੇਂ ਸੰਭੋਗੀ ਸਬੰਧ, ਉਨ੍ਹਾਂ ਦੋਹਾਂ ਦੇ ਤੰਦਰੁਸਤ ਅਤੇ ਸ਼ਕਤੀਸ਼ਾਲੀ ਹੋਣ ਦਾ ਸਬੂਤ ਹੁੰਦੇ ਹਨ।

ਜਿਨ੍ਹਾਂ ਲੋਕਾਂ ਦਾ ਕੋਈ ਦ੍ਰਿਸ਼ਟੀਕੋਣ ਹੋਵੇ ਜਾਂ ਜੀਵਨ-ਆਦਰਸ਼ ਹੋਵੇ ਉਹ ਮੰਗੇਤਰਾਂ ਵਜੋਂ ਕਾਮ-ਸੰਭੋਗ ਦੀ ਇੱਛਾ ਦਾ ਸ਼ਿਕਾਰ ਨਹੀਂ ਹੁੰਦੇ। ਉਹ ਆਪਣੇ ਮੰਗੇਤਰਪੁਣੇ ਨੂੰ ਇਕ ਸਾਂਝਾ ਜੀਵਨ ਦ੍ਰਿਸ਼ਟੀਕੋਣ ਉਸਾਰਨ ਲਈ ਵਰਤਦੇ ਹਨ।

ਉਹ ਹਰ ਵੇਲੇ ਇਕ ਦੂਜੇ ਨਾਲ ਰਹਿਣ ਤੋਂ ਪਹਿਲਾਂ ਇਕ ਦੂਜੇ ਦੇ ਹੋਣ ਦਾ ਅਨੁਭਵ ਹੰਢਾਉਂਦੇ ਹਨ।

ਕਿਉਂਕਿ ਦੋਹਾਂ ਨੇ ਇਕ ਨਵਾਂ ਪਰਿਵਾਰ ਹੀ ਨਹੀਂ, ਨਵਾਂ ਖਾਨਦਾਨ ਸ਼ੁਰੂ ਕਰਨਾ ਹੁੰਦਾ ਹੈ, ਸੋ ਉਹ ਆਪਣੇ ਜੀਵਨ ਨੂੰ ਵਿਉਂਤਣ ਦੇ ਮੁੱਢਲੇ ਫੈਸਲੇ ਕਰਦੇ ਹਨ।

ਇਹ ਸਭ-ਕੁਝ ਸਮਝਣ-ਨਿਰਖਣ-ਪਰਖਣ ਲਈ ਲਗਭਗ ਇਕ ਸਾਲ ਦਾ ਸਮਾਂ ਲੱਗ ਹੀ ਜਾਂਦਾ ਹੈ। ਇਹ ਇਕ ਸਾਲ ਕਿਵੇਂ ਗੁਜ਼ਰਿਆ ਹੈ, ਇਸੇ ਉਤੇ ਨਿਰਭਰ ਕਰੇਗਾ ਕਿ ਬਾਕੀ ਦਾ ਜੀਵਨ ਕਿਵੇਂ ਗੁਜ਼ਰੇਗਾ। ਇਕ ਸਾਲ ਦਾ ਸਮਾਂ ਕਿਉਂ ? ਇਸ ਲਈ ਕਿ ਇਕ ਸਾਲ ਵਿਚ ਸਾਰੇ ਮੌਸਮ ਆ ਜਾਂਦੇ ਹਨ।

ਜੇ ਇਕ ਸਾਲ ਸੰਭੋਗ-ਰਹਿਤ ਮੇਲ-ਮਿਲਾਪ ਵਾਲੀ ਮੰਗਣੀ ਨਿਭ ਜਾਵੇ ਤਾਂ ਬਾਕੀ ਜੀਵਨ ਵੀ ਖੁਸ਼ੀਆਂ ਭਰਿਆ ਹੋਵੇਗਾ ਅਤੇ ਚੰਗਾ ਨਿਭ ਜਾਵੇਗਾ।

# ਅੱਖਾਂ

ਅੱਖਾਂ, ਮਨੁੱਖੀ ਚਿਹਰੇ ਦਾ ਸਭ ਤੋਂ ਵੱਧ ਸੁੰਦਰ ਭਾਗ ਹੁੰਦੀਆਂ ਹਨ।

ਸੰਸਾਰ ਵਿਚ ਸੁੰਦਰਤਾ ਦਾ ਸੰਕਲਪ ਨਿਰੰਤਰ ਬਦਲਦਾ ਰਿਹਾ ਹੈ ਪਰ ਅੱਖਾਂ ਦੀ ਚਮਕ ਹਮੇਸ਼ਾ ਸੁੰਦਰਤਾ ਦਾ ਮੁਖ ਲੱਛਣ ਰਹੀ ਹੈ।

ਚੰਨ, ਸੂਰਜ, ਤਾਰੇ, ਰੋਸ਼ਨੀ, ਰੰਗ, ਨਜ਼ਾਰੇ ਆਦਿ ਸ਼ਬਦ ਅੱਖਾਂ ਦੇ ਸੰਦਰਭ ਵਿਚ ਹੀ ਕੁਝ ਅਰਥ ਰੱਖਦੇ ਹਨ।

ਅੱਖਾਂ ਦੇ ਮਹੱਤਵ ਬਾਰੇ ਹੀ ਕਿਹਾ ਜਾਂਦਾ ਹੈ, 'ਅੱਖਾਂ ਗਈਆਂ, ਜਹਾਨ ਗਿਆ।'

ਸਰੀਰ ਦੇ ਸਭ ਤੋਂ ਵੱਧ ਗੁੰਝਲਦਾਰ, ਉਪਯੋਗੀ ਅਤੇ ਮਹੱਤਵਪੂਰਨ ਯੰਤਰਾਂ ਵਿਚ ਅੱਖਾਂ ਦਾ ਨੰਬਰ ਸਭ ਤੋਂ ਪਹਿਲੇ ਆਉਂਦਾ ਹੈ।

ਅੱਖਾਂ ਦੀ ਕਾਰਜ-ਕੁਸ਼ਲਤਾ ਦਾ ਅਨੁਮਾਨ ਇਸ ਪੱਖ ਤੋਂ ਲਗ ਜਾਂਦਾ ਹੈ ਕਿ ਇਹ ਵੱਖ-ਵੱਖ ਰੰਗਾਂ ਦੀਆਂ ਇਕ ਕਰੋੜ ਤੋਂ ਵੀ ਵੱਧ ਰੰਗਤਾਂ ਨੂੰ ਪਛਾਣ ਸਕਦੀਆਂ ਹਨ।

ਸਰੀਰਕ ਬਣਤਰ ਦੇ ਪੱਖ ਤੋਂ ਅੱਖਾਂ ਦਿਮਾਗ ਦਾ ਨੰਗਾ ਭਾਗ ਹੁੰਦੀਆਂ ਹਨ ਅਤੇ ਦਿਮਾਗ ਦੇ ਗੁਆਂਢ ਵਿਚ ਹੋਣ ਦੇ ਨਾਲ-ਨਾਲ ਇਹ ਦਿਮਾਗ ਦਾ ਸਭ ਤੋਂ ਵੱਧ ਕਿਰਿਆਸ਼ੀਲ ਅੰਗ ਵੀ ਹਨ।

ਕਿਹਾ ਜਾਂਦਾ ਹੈ ਮਨੁੱਖੀ ਦਿਮਾਗ ਦਾ ਵਿਕਾਸ ਅੱਖਾਂ ਦੇ ਵਿਕਾਸ ਦੇ ਪਿੱਛੇ ਟੁਰਿਆ ਹੈ। ਜਿਉਂ-ਜਿਉਂ ਅੱਖਾਂ ਬ੍ਰਹਿਮੰਡ ਦੇ ਵੱਖ-ਵੱਖ ਵਰਤਾਰਿਆਂ ਵਿਚਲੀਆਂ ਗੁੰਝਲਾਂ ਵੇਖਦੀਆਂ ਗਈਆਂ ਹਨ, ਤਿਉਂ-ਤਿਉਂ ਦਿਮਾਗ ਨੂੰ ਗੁੰਝਲਦਾਰ ਸਮੱਸਿਆਵਾਂ ਹੱਲ ਕਰਨ ਦਾ ਅਵਸਰ ਮਿਲਦਾ ਗਿਆ ਹੈ ਅਤੇ ਇਵੇਂ ਅੱਖਾਂ ਦੇ ਸਹਿਯੋਗ ਨਾਲ ਹੀ ਮਨੁੱਖੀ ਦਿਮਾਗ ਅਜੋਕੀ ਵਿਕਾਸ-ਪੱਧਰ 'ਤੇ ਅਪੜਿਆ ਹੈ।

ਜਾਨਵਰਾਂ, ਜਲ-ਜੰਤੂਆਂ ਅਤੇ ਪੰਛੀਆਂ ਦੇ ਜੀਵਨ ਵਿਚ ਵੀ ਅੱਖਾਂ ਦਾ ਵਿਸ਼ੇਸ਼ ਰੋਲ ਹੈ। ਅੰਤਰ ਇਹ ਹੈ ਕਿ ਕਿਸੇ ਬਿਮਾਰੀ ਨਾਲ ਉਨ੍ਹਾਂ ਦੀਆਂ ਅੱਖਾਂ ਪ੍ਰਭਾਵਿਤ ਹੋਣ ਤੱਕ ਉਨ੍ਹਾਂ ਦੀ ਮੌਤ ਹੋ ਚੁਕੀ ਹੁੰਦੀ ਹੈ, ਜਦੋਂ ਕਿ ਮਨੁੱਖੀ ਨਸਲ ਵਿਚ ਸਰੀਰ ਦੇ ਕਿਸੇ ਵੀ ਹੋਰ ਅੰਗ ਦੇ ਮੁਕਾਬਲੇ ਅੱਖਾਂ ਵੱਲ ਵਧੇਰੇ ਧਿਆਨ ਦਿੱਤੇ ਜਾਣ ਕਾਰਨ, ਇਹ ਬਚੀਆਂ ਰਹਿੰਦੀਆਂ ਹਨ ਅਤੇ ਕੰਮ ਕਰਦੀਆਂ ਰਹਿੰਦੀਆਂ ਹਨ।

ਵੇਖਣਾ, ਇਕ ਪ੍ਰਕਾਰ ਦਾ ਸੰਪਰਕ ਹੁੰਦਾ ਹੈ।

ਸਾਡੇ ਦਿਲ ਨੂੰ ਉਹੀ ਭਾਏਗਾ ਜੋ ਪਹਿਲਾਂ ਸਾਡੀਆਂ ਅੱਖਾਂ ਨੂੰ ਭਾਉਂਦਾ ਹੈ।

ਜਿਹੜਾ ਪਕਵਾਨ ਵੇਖਣ ਵਿਚ ਦਿਲਕਸ਼ ਨਹੀਂ, ਉਸ ਦੇ ਖਾਧੇ ਜਾਣ ਦੀ ਬਹੁਤੀ ਸੰਭਾਵਨਾ ਨਹੀਂ ਹੁੰਦੀ।

ਜਿਹੜਾ ਸਾਨੂੰ ਚੰਗਾ ਲੱਗਦਾ ਹੈ, ਉਹ ਸਾਡੀਆਂ ਅੱਖਾਂ ਦਾ ਸੂਰਜ ਹੋ ਜਾਂਦਾ ਹੈ। ਉਹ ਸਾਡੀਆਂ ਅੱਖਾਂ ਰਾਹੀਂ ਸਾਡੇ ਦਿਲ ਵਿਚ ਪਹੁੰਚਦਾ ਹੈ।

ਕਿਸੇ ਨਾਲ ਸਾਡਾ ਮੁੱਢਲਾ ਮੇਲ ਹੁੰਦਾ ਹੀ ਅੱਖਾਂ ਨਾਲ ਹੈ।

ਜਦੋਂ ਕਿਸੇ ਪੁਰਸ਼ ਦੀਆਂ ਕਿਸੇ ਇਸਤਰੀ ਨਾਲ ਅੱਖਾਂ ਚਾਰ ਹੁੰਦੀਆਂ ਹਨ ਤਾਂ ਦੋਹਾਂ ਦੀ ਪਰਸਪਰ ਤੱਕਣੀ ਉਨ੍ਹਾਂ ਦੇ ਰਿਸ਼ਤੇ ਨੂੰ ਨਿਰਧਾਰਤ ਕਰਦੀ ਹੈ ਅਤੇ ਉਸੇ ਪਲ ਇਹ ਨਿਰਣਾ ਹੋ ਜਾਂਦਾ ਹੈ ਕਿ ਕਿਸ ਪ੍ਰਕਾਰ ਦਾ ਅਤੇ ਕਿਸ ਪੱਧਰ ਦਾ ਅਤੇ ਕਿਸ ਹੱਦ ਤੱਕ ਦਾ ਰਿਸ਼ਤਾ ਸੰਭਵ ਹੈ।

ਜਦੋਂ ਸਾਂਝ ਪੈ ਜਾਂਦੀ ਹੈ ਤਾਂ ਮੂੰਹ ਨਾਲ ਬੋਲਣ ਦੀ ਲੋੜ ਨਹੀਂ ਪੈਂਦੀ, ਅੱਖਾਂ ਗੱਲਾਂ ਕਰਨ ਲੱਗ ਪੈਂਦੀਆਂ ਹਨ।

ਅੱਖਾਂ ਤੋਂ ਇੱਕ ਵਿਸ਼ੇਸ਼ ਪ੍ਰਕਾਰ ਦੀਆਂ ਸ਼ੁਆਵਾਂ ਨਿਕਲਦੀਆਂ ਹਨ, ਜਿਨ੍ਹਾਂ ਨੂੰ ਦੂਜੀ ਧਿਰ ਵਲੋਂ ਪ੍ਰਵਾਨ ਕੀਤੇ ਜਾਣ ਦੀ ਸੂਰਤ ਵਿਚ ਹੀ ਰਿਸ਼ਤਾ ਉਸਰਦਾ ਹੈ।

ਜਿਸ ਨਾਲ ਸਾਡੀ ਵਿਗੜੀ ਹੋਵੇ, ਉਸ ਵੱਲ ਅਸੀਂ ਨੀਵੀਂ ਪਾ ਲੈਂਦੇ ਹਾਂ ਜਾਂ ਦੂਜੇ ਪਾਸੇ ਵੇਖਣ ਲੱਗ ਪੈਂਦੇ ਹਾਂ।

ਦੂਜੇ ਵਿਅਕਤੀ ਦੇ ਤੇਜ਼ ਪ੍ਰਭਾਵ ਥੱਲੇ ਜਾਂ ਤਾਂ ਅਸੀਂ ਆਪਣੀਆਂ ਅੱਖਾਂ ਮੀਟ ਲੈਂਦੇ ਹਾਂ ਜਾਂ ਮੁਸਕਰਾ ਕੇ ਜਾਂ ਕੋਈ ਗੱਲ ਕਹਿ ਕੇ, ਉਸ ਦੀ ਜਾਂ ਆਪਣੀ ਤੱਕਣੀ ਨੂੰ, ਦੂਜੇ ਪਾਸੇ ਮੋੜ ਦਿੰਦੇ ਹਾਂ।

ਅੱਖਾਂ ਹਰ ਥਾਂ ਖ਼ੂਬਸੂਰਤੀ ਦੀ ਭਾਲ ਵਿਚ ਰਹਿੰਦੀਆਂ ਹਨ।

ਅਸ਼ਾਂਤ ਅਤੇ ਭਟਕਦੀਆਂ ਹੋਈਆਂ ਵਿਧਵਾ ਅੱਖਾਂ, ਆਲੇ-ਦੁਆਲੇ ਵਿਚ ਅਸ਼ਾਂਤੀ ਫੈਲਾਉਂਦੀਆਂ ਹਨ।

ਮਨੁੱਖ ਨੂੰ ਆਲੇ-ਦੁਆਲੇ ਦੀ ਲਗਭਗ ਤਿੰਨ-ਚੌਥਾਈ ਸੂਚਨਾ ਕੇਵਲ ਅੱਖਾਂ ਤੋਂ ਪ੍ਰਾਪਤ ਹੁੰਦੀ ਹੈ। ਅੱਖਾਂ ਰਾਹੀਂ ਸਾਨੂੰ ਕਿਸੇ ਚੀਜ਼ ਦੀ ਦੂਰੀ, ਨੇੜਤਾ, ਰੰਗ, ਰੂਪ, ਆਕਾਰ ਆਦਿ ਤੋਂ ਇਲਾਵਾ ਉਸ ਦੇ ਚੰਗੇ-ਮਾੜੇ ਹੋਣ ਦਾ ਵੀ ਪਤਾ ਲੱਗਦਾ ਹੈ।

ਪਿਆਰ ਦਾ ਅਨੁਭਵ ਸਾਡੀ ਰੂਹ ਦਾ ਰੱਜ ਹੁੰਦਾ ਹੈ, ਇਹੀ ਕਾਰਨ ਹੈ ਕਿ ਪਿਆਰ ਵਿਚ ਗੜੂੰਦ ਦੋ ਪ੍ਰੇਮੀ, ਅੱਖਾਂ ਮੀਟ ਲੈਂਦੇ ਹਨ ਅਤੇ ਰੂਹ ਦੀ ਪੱਧਰ ਉਤੇ ਵਿਚਰਦੇ ਹਨ।

ਇਹ ਉਵੇਂ ਹੀ ਹੈ ਜਿਵੇਂ ਪਿਆਰ ਜਾਂ ਸੰਭੋਗ ਕਰਨ ਤੋਂ ਪਹਿਲਾਂ ਪ੍ਰੇਮੀ ਘਰ ਜਾਂ ਕਮਰੇ ਦੇ ਦਰਵਾਜ਼ੇ ਬੰਦ ਕਰ ਲੈਂਦੇ ਹਨ।

ਪਿਆਰ ਦੇ ਅਨੁਭਵ ਵਿਚ ਅੱਖਾਂ ਦਾ ਵਿਸ਼ੇਸ਼ ਰੋਲ ਹੁੰਦਾ ਹੈ। ਅੱਖਾਂ ਰਾਹੀਂ ਹੀ ਅਸੀਂ ਕਿਸੇ ਦੇ ਦਿਲ ਵਿਚ ਉਤਰਦੇ ਹਾਂ ਅਤੇ ਉਸ ਨੂੰ ਆਪਣੇ ਦਿਲ ਵਿਚ ਉਤਾਰਦੇ ਹਾਂ।

ਪ੍ਰੇਮੀ, ਅੱਖਾਂ ਨਾਲ ਸੈਨਤਾਂ ਦੀ ਇੱਕ ਭਾਸ਼ਾ ਸਿਰਜ ਲੈਂਦੇ ਹਨ।

ਸਾਡੀ ਕਲਪਨਾ ਦੇ ਕਈ ਬੂਹੇ-ਬਾਰੀਆਂ ਖੁੱਲ੍ਹਦੇ ਹੀ ਪਿਆਰ ਦੀਆਂ ਕੁੰਜੀਆਂ ਨਾਲ ਹਨ ਅਤੇ ਇਸ ਸਾਰੀ ਪ੍ਰਕ੍ਰਿਆ ਵਿਚ ਅੱਖਾਂ ਦਾ ਰੋਲ ਮੋਹਰੀ ਹੁੰਦਾ ਹੈ।

ਅਜਿਹੀ ਅਵਸਥਾ ਵਿਚ ਸਭ ਕੁਝ ਸੋਨੇ-ਰੰਗਾ ਪ੍ਰਤੀਤ ਹੁੰਦਾ ਹੈ ਅਤੇ ਅੱਖਾਂ ਵਿਚ ਇਕ ਵਿਸ਼ੇਸ਼ ਪ੍ਰਕਾਰ ਦਾ ਵਿਸਮਾਦ ਛਾ ਜਾਂਦਾ ਹੈ।

ਕਿਸੇ ਵੀ ਅਨੁਭਵ ਦੇ ਸ਼ੁਰੂ ਵਿਚ ਅੱਖਾਂ ਦਾ ਰੋਲ ਨਿਰਪੱਖ ਹੁੰਦਾ ਹੈ ਪਰ ਜਦੋਂ ਅੱਖਾਂ ਵਿਚ ਭਾਵਨਾਵਾਂ ਅਤੇ ਸੰਵੇਦਨਾਵਾਂ ਦੇ ਹੜ੍ਹ ਉਮੜ੍ਹ ਆਉਂਦੇ ਹਨ ਤਾਂ ਸਮੁੱਚੀ ਸ਼ਖ਼ਸੀਅਤ ਅੱਖਾਂ ਉੱਤੇ ਆ ਕੇਂਦਰਿਤ ਹੁੰਦੀ ਹੈ ਅਤੇ ਦਿਲ ਦੀ ਹਰ ਹਾਲਤ ਦੇ ਪ੍ਰਗਟਾਵੇ ਦਾ ਮਾਧਿਅਮ ਅੱਖਾਂ ਬਣ ਜਾਂਦੀਆਂ ਹਨ।

ਖ਼ੁਸ਼ੀ ਨਾਲ ਇਹ ਨੱਚਦੀਆਂ ਹਨ ਅਤੇ ਵਿਛੋੜੇ ਵਿਚ ਇਹ ਲੁੱਛਦੀਆਂ ਹਨ।

ਅੱਖਾਂ ਰਾਹੀਂ ਰੋਹਬ ਪਾਇਆ ਜਾ ਸਕਦਾ ਹੈ, ਤਰਸ ਪ੍ਰਗਟਾਇਆ ਜਾ ਸਕਦਾ ਹੈ, ਹਮਦਰਦੀ ਜਗਾਈ ਜਾ ਸਕਦੀ ਹੈ।

ਕਈ ਅੱਖਾਂ ਜਾਦੂਮਈ ਅਤੇ ਟੂਣੇਹਾਰੀਆਂ ਹੁੰਦੀਆਂ ਹਨ, ਕਈ ਅੱਖਾਂ ਵਿਚ ਇਤਨੀ ਈਰਖਾ ਅਤੇ ਸਾੜਾ ਹੁੰਦਾ ਹੈ ਕਿ ਉਨ੍ਹਾਂ ਨਾਲ ਨਜ਼ਰ ਲੱਗ ਜਾਂਦੀ ਹੈ।

ਕਾਮ ਦੇ ਡੋਰੇ ਸਭ ਤੋਂ ਪਹਿਲਾਂ ਅੱਖਾਂ ਵਿਚ ਹੀ ਲਮਕਦੇ ਹਨ।

ਹਿੰਦੂ ਧਰਮ ਵਿਚ ਕਈ ਚੀਜ਼ਾਂ ਨੀਵੀਂ ਜ਼ਾਤ ਵੱਲੋਂ ਵੇਖੇ ਜਾਣ ਨਾਲ ਹੀ ਭਿਟ ਜਾਂਦੀਆਂ ਹਨ। ਈਸਾਈ ਧਰਮ ਵਿਚ ਕਾਮ-ਭਰੀ ਤੱਕਣੀ ਪਾਪ ਦਾ ਦਰਜਾ ਰੱਖਦੀ ਹੈ। ਮੁਸਲਮਾਨਾਂ ਵਿਚ ਪਰਦੇ ਦੀ ਰਸਮ ਇਸਤਰੀ ਵਲੋਂ ਕਾਮੀ ਅੱਖਾਂ ਦੇ ਪ੍ਰਭਾਵ ਤੋਂ ਬਚਣ ਦਾ ਹੀ ਇਕ ਢੰਗ ਹੁੰਦੀ ਹੈ। ਬੱਚਿਆਂ ਨੂੰ ਮੁਰਦਿਆਂ ਨੂੰ ਵੇਖਣ ਤੋਂ ਇਸੇ ਲਈ ਬਚਾਇਆ ਜਾਂਦਾ ਹੈ ਕਿ ਮਰੇ ਹੋਏ ਬੰਦੇ ਦਾ ਉਨ੍ਹਾਂ ਉੱਤੇ ਅਸਰ ਨਾ ਹੋ ਜਾਵੇ।

ਕਿਸੇ ਵਿਅਕਤੀ ਦੀ ਸਿਹਤ ਜਾਂ ਬੀਮਾਰੀ ਦਾ ਮੁੱਢਲਾ ਅਨੁਮਾਨ ਅੱਖਾਂ ਤੋਂ ਸਹਿਜੇ ਹੀ ਲੱਗ ਜਾਂਦਾ ਹੈ। ਸਾਡੇ ਸਰੀਰ ਜਾਂ ਸੋਚ ਵਿਚ ਸਭ ਪ੍ਰਕਾਰ ਦੀ ਹਰ ਇਕ ਤਬਦੀਲੀ, ਸਭ ਤੋਂ ਪਹਿਲਾਂ ਅੱਖਾਂ ਰਾਹੀਂ ਹੀ ਪ੍ਰਗਟ ਹੁੰਦੀ ਹੈ।

ਟੀਰਾ ਵਿਅਕਤੀ ਚੰਗਾ ਸਾਥੀ ਨਹੀਂ ਸਮਝਿਆ ਜਾਂਦਾ ਕਿਉਂਕਿ ਅਜਿਹੇ ਵਿਅਕਤੀ ਦੀ ਸ਼ਖ਼ਸੀਅਤ ਵਿਚ ਸੰਤੁਲਨ ਦੀ ਘਾਟ ਹੁੰਦੀ ਹੈ। ਉਹ ਜਾਂ ਹੱਦ ਦਰਜੇ ਦਾ ਗੁਸਤਾਖ਼ ਹੋਵੇਗਾ ਜਾਂ ਡਰਪੋਕ ਜਾਂ ਸ਼ਰਮਾਕਲ।

ਯੋਗ-ਸ਼ਾਸਤਰ ਵਿਚ ਅੱਖਾਂ ਦਾ ਵਿਸ਼ੇਸ਼ ਮਹੱਤਵ ਹੈ ਅਤੇ ਯੋਗ-ਆਸਣਾਂ ਵਿਚ ਅੱਖਾਂ ਰਾਹੀਂ ਧਿਆਨ ਨੂੰ ਨੱਕ ਦੇ ਉਪਰਲੇ ਸਿਰੇ 'ਤੇ ਕੇਂਦਰਿਤ ਕੀਤਾ ਜਾਂਦਾ ਹੈ।

ਹਿਪਨਾਟਿਜ਼ਮ ਅਤੇ ਮੈਸਮਰਿਜ਼ਮ ਵਿਚ ਵੀ ਅੱਖਾਂ ਮੀਰੀ ਰੋਲ ਅਦਾ ਕਰਦੀਆਂ ਹਨ ਅਤੇ ਕਿਹਾ ਜਾਂਦਾ ਹੈ ਕਿ ਇਸ ਨਾਲ ਤੀਜਾ ਨੇਤਰ ਖੁੱਲ੍ਹ ਜਾਂਦਾ ਹੈ, ਜਿਹੜਾ ਦੈਵੀ ਗਿਆਨ ਦਾ ਸਰੋਤ ਮੰਨਿਆ ਜਾਂਦਾ ਹੈ।

ਅੱਖਾਂ ਨੂੰ ਅਸੀਂ ਜਿਵੇਂ ਚਾਹੀਏ ਵਰਤ ਸਕਦੇ ਹਾਂ।

ਹੋਰ ਕਿਸੇ ਵੀ ਗਿਆਨ-ਇੰਦਰੇ ਦੇ ਮੁਕਾਬਲੇ ਅੱਖਾਂ ਵਧੇਰੇ ਫੁਰਤੀ ਨਾਲ ਸਾਡਾ ਕਿਹਾ ਮੰਨਦੀਆਂ ਹਨ। ਇਨ੍ਹਾਂ ਨੂੰ ਕੰਮ ਕਰਨ ਤੋਂ ਇਕ ਦਮ ਰੋਕਿਆ ਜਾ ਸਕਦਾ ਹੈ।

ਅਸੀਂ ਸੁੱਤੇ ਹੋਏ ਵੀ ਇਨ੍ਹਾ ਦੀ ਵਰਤੋਂ ਕਰਦੇ ਰਹਿੰਦੇ ਹਾਂ।

ਜਦੋਂ ਅਸੀਂ ਸੁਪਨਾ ਵੇਖਦੇ ਹਾਂ ਤਾਂ ਅੱਖਾਂ ਨਾਲ ਹੀ ਵੇਖਦੇ ਹਾਂ।

ਅੰਨ੍ਹੇ ਆਦਮੀ ਦੇ ਸੁਪਨੇ ਵਿਚ ਝਾਕੀਆਂ ਨਹੀਂ ਹੁੰਦੀਆਂ, ਆਵਾਜ਼ਾਂ ਹੀ ਹੁੰਦੀਆਂ ਹਨ। ਬੋਲੇ ਮਨੁੱਖ ਦੇ ਸੁਪਨੇ ਵਿਚ ਦ੍ਰਿਸ਼ ਹੁੰਦੇ ਹਨ ਪਰ ਆਵਾਜ਼ ਨਹੀਂ ਹੁੰਦੀ।

ਅੰਨ੍ਹਾ ਅਤੇ ਬੋਲਾ ਆਦਮੀ ਸੁਪਨੇ ਵਿਚ ਵੀ ਬਹੁਤਾ ਵੇਖਦਾ-ਸੁਣਦਾ ਨਹੀਂ, ਉਹ ਚੀਜ਼ਾਂ ਨੂੰ ਟੋਹ ਕੇ ਪਰਖਦਾ ਹੈ।

ਸਾਨੂੰ ਕਿਸੇ ਪ੍ਰਕਾਰ ਦਾ ਖ਼ਤਰਾ ਹੋਏ ਤਾਂ ਉਸ ਦੀ ਮੁੱਢਲੀ ਸੂਚਨਾ ਵੀ ਅੱਖਾਂ ਹੀ ਦਿੰਦੀਆਂ ਹਨ। ਉਦਾਹਰਣ ਵਜੋਂ ਨਿੱਛ ਮਾਰਨ ਸਮੇਂ ਸਾਡਾ ਸਾਰਾ ਵਜੂਦ ਹਿੱਲ ਜਾਂਦਾ ਹੈ, ਸੋ ਅਜਿਹੇ ਸਮੇਂ ਅੱਖਾਂ ਆਪ-ਮੁਹਾਰੇ ਬੰਦ ਹੋ ਜਾਂਦੀਆਂ ਹਨ।

ਸੰਸਾਰ ਭਰ ਦੀਆਂ ਬੋਲੀਆਂ ਦੇ ਅਖਾਣਾਂ, ਕਹਾਵਤਾਂ ਅਤੇ ਮੁਹਾਵਰਿਆਂ ਵਿਚ ਅੱਖਾਂ ਬਾਰੇ ਢੇਰ ਗੱਲਾਂ ਕਹੀਆਂ ਗਈਆਂ ਹਨ, ਜਿਵੇਂ ਬਲਗਾਰੀਅਨ ਅਖਾਣ ਹੈ, 'ਜੇ ਪਿਆਰ ਵਿਚ ਦਿਲ ਨਹੀਂ ਬੋਲੇਗਾ ਤਾਂ ਅੱਖਾਂ ਕਿਵੇਂ ਚੁੱਪ ਰਹਿਣਗੀਆਂ ? ' ਚੀਨੀ ਬੋਲੀ ਵਿਚ ਕਹਿੰਦੇ ਹਨ, 'ਜੋ ਆਪਣੀਆਂ ਅੱਖਾਂ ਨਾਲ ਵੇਖ ਲਿਆ, ਉਸ ਨੂੰ ਕਿਸੇ ਹੋਰ ਪ੍ਰਮਾਣ ਦੀ ਲੋੜ ਨਹੀਂ।' ਪੰਜਾਬੀ ਵਿਚ ਕਹਿੰਦੇ ਹਨ, 'ਭੁੱਖੇ ਦਾ ਢਿੱਡ ਤਾਂ ਰੱਜ ਜਾਂਦਾ ਹੈ, ਪਰ ਅੱਖਾਂ ਨਹੀਂ ਰੱਜਦੀਆਂ।' ਜਰਮਨ ਵਿਚ ਕਹਿੰਦੇ ਹਨ, 'ਕਈ ਅੰਨ੍ਹੇ ਇੰਨੇ ਠੇਡੇ ਨਹੀਂ ਖਾਂਦੇ, ਜਿੰਨੇ ਵਾਰੀ ਸੁਜਾਖੇ ਡਿਗਦੇ ਹਨ।' ਇਤਾਲਵੀ ਬੋਲੀ ਵਿਚ ਕਹਿੰਦੇ ਹਨ ਕਿ ਬੁਢਾਪੇ ਵਿਚ ਅੱਖਾਂ ਅਤਿ ਨੇੜੇ ਦੀਆਂ ਚੀਜ਼ਾਂ ਨਹੀਂ ਵੇਖ ਸਕਦੀਆਂ, ਇਸੇ ਲਈ ਬੁੱਢੇ ਵਧੇਰੇ ਗੱਲਾਂ ਦੂਰ ਅਤੀਤ ਦੀਆਂ ਕਰਦੇ ਹਨ। ਫ਼ਰਾਂਸੀਸੀ 'ਚ ਕਿਹਾ ਜਾਂਦਾ ਹੈ, ਜਦੋਂ ਪਿਆਰ ਵਿਚ ਗੜੁੱਚ ਔਰਤ ਦੇ ਬੁਲ੍ਹ ਕਹਿਣ 'ਬੱਸ' ਤਾਂ ਉਸ ਦੀਆਂ ਅੱਖਾਂ ਕਹਿ ਰਹੀਆਂ ਹੁੰਦੀਆਂ ਹਨ 'ਹੋਰ'। ਸਪੇਨਿਸ਼ ਵਿਚ ਕਹਿੰਦੇ ਹਨ, 'ਆਲੇ-ਦੁਆਲੇ ਨੂੰ ਇਸ ਸ਼ਿੱਦਤ ਨਾਲ ਵੇਖੋ, ਜਿਵੇਂ ਤੁਸੀਂ ਕੱਲ੍ਹ ਅੰਨ੍ਹੇ ਹੋ ਜਾਣਾ ਹੋਵੇ।'

ਜੇ ਮਨੁੱਖ ਕੋਲ ਅੱਖਾਂ ਨਾ ਹੁੰਦੀਆਂ ਤਾਂ ਉਹ ਕੁਦਰਤ ਨੂੰ ਵੀ ਨਾ ਵੇਖ ਸਕਦਾ ਅਤੇ ਇਵੇਂ ਉਸ ਨੂੰ ਰੱਬ ਦਾ ਵੀ ਖਿਆਲ ਨਹੀਂ ਸੀ ਆਉਣਾ।

ਜਿਤਨਾ ਚਿਰ ਮਨੁੱਖ ਦੀਆਂ ਅੱਖਾਂ ਖੁਲ੍ਹੀਆਂ ਰਹਿੰਦੀਆਂ ਹਨ, ਉਹ ਇਸ ਸੰਸਾਰ ਵਿਚ ਜਿਊਂਦਾ ਰਹਿੰਦਾ ਹੈ।

◊◊◊

# ਪਿਆਰ ਅਤੇ ਵਿਆਹ

ਜੇ ਇਹ ਮੰਨ ਲਿਆ ਜਾਵੇ ਕਿ ਕਿਸੇ ਨਾਲ ਪਿਆਰ ਆਪ-ਮੁਹਾਰੇ ਹੋ ਜਾਂਦਾ ਹੈ ਤਾਂ ਇਹ ਵੀ ਮੰਨਣਾ ਪਵੇਗਾ ਕਿ ਇਹ ਟੁੱਟ ਵੀ ਆਪ-ਮੁਹਾਰੇ ਜਾਂਦਾ ਹੈ।

ਸਮਾਜਿਕ ਅਤੇ ਆਰਥਿਕ ਤਬਦੀਲੀਆਂ ਕਾਰਨ ਪਿਆਰ ਅਤੇ ਵਿਆਹ ਦਾ ਸੰਕਲਪ ਵੀ ਬਦਲ ਗਿਆ ਹੈ।

ਸਾਰੀਆਂ ਪ੍ਰਸਿੱਧ ਪ੍ਰੇਮ ਕਹਾਣੀਆਂ ਅਸਫਲ ਪਿਆਰ ਦੀਆਂ ਕਹਾਣੀਆਂ ਹਨ।

ਜੇ ਹੀਰ ਦਾ ਰਾਂਝੇ ਨਾਲ ਜਾਂ ਸੱਸੀ ਦਾ ਪੁੰਨੂੰ ਨਾਲ ਜਾਂ ਸੋਹਣੀ ਦਾ ਮਹੀਂਵਾਲ ਨਾਲ ਵਿਆਹ ਹੋ ਜਾਂਦਾ ਜਾਂ ਉਹ ਪਿਆਰ ਵਿਚ ਸਫ਼ਲ ਹੋ ਜਾਂਦੇ ਤਾਂ ਅੱਜ ਕੋਈ ਵੀ ਉਨ੍ਹਾਂ ਦੇ ਨਾਂ ਤੋਂ ਵੀ ਵਾਕਫ਼ ਨਾ ਹੁੰਦਾ।

ਅਸਫ਼ਲਤਾ ਜਾਂ ਦੁਖਾਂਤ ਪਿਆਰ ਦੀ ਅੰਤਲੀ ਹੋਣੀ ਹੁੰਦਾ ਹੈ।

ਪਿਆਰ ਵਿਚ ਸਫ਼ਲ ਹੋਣਾ ਕਿਸੇ ਵੀ ਪੱਖ ਤੋਂ ਸੁੱਖਦਾਈ ਅਨੁਭਵ ਨਹੀਂ।

ਪਿਆਰ ਨੂੰ ਸਦੀਵੀ ਬਣਾਉਣ ਲਈ ਪ੍ਰੇਮੀ ਵਿਆਹ ਲਈ ਤਾਂਘਦੇ ਹਨ ਪਰ ਵਿਆਹ ਦੀ ਦਹਿਲੀਜ਼ ਟੱਪਦਿਆਂ ਹੀ ਉਨ੍ਹਾਂ ਦੋਹਾਂ ਦਾ ਯਥਾਰਥ ਨਾਲ ਸਾਹਮਣਾ ਹੁੰਦਾ ਹੈ ਅਤੇ ਉਨ੍ਹਾਂ ਦਾ ਕਿਆਸਿਆ ਹੋਇਆ ਸੁਪਨ-ਦੇਸ਼ ਰੇਤ-ਛਲ ਬਣ ਕੇ ਰਹਿ ਜਾਂਦਾ ਹੈ।

ਪ੍ਰੇਮੀ, ਅਜਨਬੀ ਹੁੰਦੇ ਹਨ ਅਤੇ ਅਜਨਬੀ ਸਦਾ ਦਿਲ-ਲੁਭਾਉਣੇ ਹੁੰਦੇ ਹਨ ਪਰ ਇਹ ਅਜਨਬੀ ਜਦੋਂ ਪਤੀ-ਪਤਨੀ ਬਣ ਜਾਂਦੇ ਹਨ ਤਾਂ ਉਨ੍ਹਾਂ ਦੀ ਸਮਾਜ ਵਿਰੁਧ ਐਲਾਨੀ ਬਗ਼ਾਵਤ ਮੁੱਕ ਜਾਂਦੀ ਹੈ, ਅਰਥਾਤ ਸਮਾਜ ਉਨ੍ਹਾਂ ਨੂੰ ਆਪਣੇ ਬੰਧਨਾਂ ਵਿਚ ਜਕੜ ਲੈਂਦਾ ਹੈ।

ਇਵੇਂ ਵਿਆਹ, ਰੋਮਾਂਟਿਕ ਪਿਆਰ ਦਾ ਅੰਤ ਸਾਬਤ ਹੁੰਦਾ ਹੈ।

ਪਿਆਰ ਇਕ ਲੋਕਤੰਤਰਕ ਅਨੁਭਵ ਹੈ, ਜਿਸ ਵਿਚ ਅਕਸਰ ਸਰਦਾਰੀ ਔਰਤ ਦੀ ਹੁੰਦੀ ਹੈ ਪਰ ਵਿਆਹ ਤਾਨਾਸ਼ਾਹੀ ਵਰਤਾਰਾ ਹੈ, ਜਿਸ ਵਿਚ ਮਰਜ਼ੀ ਸਮਾਜ ਦੀ ਅਤੇ ਸਰਦਾਰੀ ਪੁਰਸ਼ ਦੀ ਹੁੰਦੀ ਹੈ।

ਇਵੇਂ ਪਿਆਰ ਅਤੇ ਵਿਆਹ ਦੋ ਵੱਖਰੇ ਸੰਸਾਰ ਹਨ ਅਤੇ ਇਕ ਦੂਜੇ ਦੇ ਬਿਲਕੁਲ ਉਲਟ ਵੀ ਹਨ। ਇਸੇ ਲਈ ਹੈਰਾਨੀ ਦੀ ਗੱਲ ਨਹੀਂ ਕਿ ਪ੍ਰੇਮ-ਵਿਆਹ ਬੜੀ ਛੇਤੀ ਅਕੇਵੇਂ ਅਤੇ ਥਕਾਵਟ ਦਾ ਸ਼ਿਕਾਰ ਹੋ ਜਾਂਦੇ ਹਨ।

ਇਵੇਂ ਪਤੀ, ਪਤਨੀ ਦੋਹਾਂ ਨੂੰ ਆਪਣੇ ਪਿਆਰ ਉੱਤੇ ਮਾਣ ਹੋਣ ਦੀ ਥਾਂ ਪਛਤਾਵਾ ਅਤੇ ਸ਼ਰਮ ਆਉਣ ਲੱਗ ਪੈਂਦੀ ਹੈ।

ਚੋਰੀ-ਛਿਪੇ ਕੀਤਾ ਜਾਣ ਵਾਲਾ ਪਿਆਰ ਪੈਂਦਿਆਂ ਵੀ ਪਤਾ ਨਹੀਂ ਲੱਗਦਾ ਅਤੇ

ਟੁੱਟਦਿਆਂ ਵੀ ਪਤਾ ਨਹੀਂ ਲੱਗਦਾ। ਜਿਸ ਪਿਆਰ ਦੀ ਬੁਨਿਆਦ ਵਿਚ ਝੂਠ ਹੋਵੇ ਉਹ ਪਿਆਰ ਬਹੁਤਾ ਚਿਰ ਚਲ ਹੀ ਨਹੀਂ ਸਕਦਾ।

ਨੇੜੇ ਦੀ ਰਿਸ਼ਤੇਦਾਰੀ ਵਿਚ ਕਾਹਲ ਨਾਲ ਕੀਤਾ ਵਿਆਹ, ਵਿਆਹੇ ਪੁਰਸ਼ ਅਤੇ ਕੁਆਰੀ ਕੁੜੀ ਦਾ ਪਿਆਰ ਜਾਂ ਵਿਆਹੀ ਔਰਤ ਅਤੇ ਅਣਵਿਆਹੇ ਮਰਦ ਦਾ ਪਿਆਰ ਜਾਂ ਵਿਆਹੇ ਪੁਰਸ਼ ਅਤੇ ਕਿਸੇ ਹੋਰ ਵਿਆਹੀ ਔਰਤ ਦਾ ਪਿਆਰ, ਲੰਮੀ ਉਮਰ ਵਾਲੇ ਸੁਖਾਵੇਂ ਅਨੁਭਵ ਨਹੀਂ ਹੋ ਸਕਦੇ।

ਵਿਆਹ ਉਪਰੰਤ ਔਰਤ ਦਾ ਵਿਹਾਰ ਚੰਚਲਤਾ 'ਤੇ ਨਖਰੇ ਦੀ ਥਾਂ ਵਿਹਾਰਕ ਹੋ ਜਾਂਦਾ ਹੈ ਜਦ ਕਿ ਪੁਰਸ਼ ਨੂੰ ਉਸ ਦੀ ਚੰਚਲਤਾ ਨਾਲ ਪਿਆਰ ਹੁੰਦਾ ਹੈ।

ਇਹ ਇਕ ਕਾਰਨ ਹੈ ਕਿ ਸੋਹਣੀਆਂ ਪਤਨੀਆਂ ਦੇ ਪਤੀ ਵੀ ਕਈ ਵਾਰੀ ਕੋਝੀਆਂ ਪਰ ਚੰਚਲ ਔਰਤਾਂ ਮਗਰ ਲੱਗ ਪੈਂਦੇ ਹਨ।

ਪਿਆਰ ਦੇ ਮੁੱਕ ਜਾਣ ਦਾ ਇਕ ਕਾਰਨ ਇਹ ਵੀ ਹੁੰਦਾ ਹੈ ਕਿ ਪਤੀ ਨੂੰ ਪਤਨੀ ਨਾਲ ਪਿਆਰ ਦੌਰਾਨ, ਉਸ ਦੀ ਸ਼ਖ਼ਸੀਅਤ ਦੇ ਕਿਸੇ ਇਕ ਪੱਖ, ਜਿਵੇਂ ਗੱਲ੍ਹਾਂ ਦੇ ਡੂੰਘ ਜਾਂ ਚਿਹਰੇ ਦੀ ਰੌਣਕ ਜਾਂ ਬੋਲਣ ਦੇ ਸਲੀਕੇ ਜਾਂ ਗਾਉਣ ਦੀ ਯੋਗਤਾ, ਨਾਲ ਪਿਆਰ ਹੁੰਦਾ ਹੈ ਪਰ ਵਿਆਹ ਸਮੁੱਚੀ ਸ਼ਖ਼ਸੀਅਤ ਨਾਲ ਕਰਨਾ ਪੈਂਦਾ ਹੈ ਅਤੇ ਨਤੀਜਾ ਇਹ ਹੁੰਦਾ ਹੈ ਕਿ ਦੋਵੇਂ ਧਿਰਾਂ ਜਲਦੀ ਥੱਕ ਜਾਂਦੀਆਂ ਹਨ। ਇਸ ਥਕਾਵਟ ਵਿਚੋਂ ਅਕੇਵਾਂ ਜਨਮਦਾ ਹੈ, ਜਿਸ ਕਾਰਨ ਬੜੇ ਖਿੜੇ ਹੋਏ ਚਿਹਰੇ ਵੀ ਥੋੜ੍ਹੇ ਜਿਹੇ ਸਮੇਂ ਵਿਚ ਹੀ ਚਪਟੇ ਅਤੇ ਸਾਧਾਰਣ ਲੱਗਣ ਲੱਗ ਪੈਂਦੇ ਹਨ।

ਮਨੋਵਿਗਿਆਨਕ ਤੌਰ 'ਤੇ ਸੌਖਿਆਂ ਪ੍ਰਾਪਤ ਹੋਣ ਵਾਲੀ ਚੀਜ਼ ਪ੍ਰਤਿ ਅਸੀਂ ਜਲਦੀ ਹੀ ਬੇਮੁੱਖ ਹੋ ਜਾਂਦੇ ਹਾਂ।

ਪਿਆਰ ਸਮੇਂ ਪੁਰਸ਼ ਅਤੇ ਔਰਤ ਦੋਵਾਂ ਨੇ ਆਪਣਾ ਆਦਰਸ਼ਕ ਰੂਪ ਉਸਾਰਿਆ ਹੁੰਦਾ ਹੈ, ਜਿਸ ਦੇ ਰੰਗ ਵਿਆਹ ਦੇ ਪਹਿਲੇ ਹੀ ਨਿਚੋੜ ਨਾਲ ਖੁਰ ਜਾਂਦੇ ਹਨ।

ਸਾਰੀਆਂ ਪਿਆਰ ਕਹਾਣੀਆਂ ਵਿਚ ਇਕ ਗੱਲ ਸਾਂਝੀ ਹੈ ਕਿ ਉਹ ਸਾਰੇ ਪ੍ਰੇਮੀ ਪਹਿਲੀ ਵਾਰੀ ਪਿਆਰ ਦੇ ਅਨੁਭਵ ਖੇਤਰ ਵਿਚ ਦਾਖਲ ਹੋਏ ਸਨ।

ਇਹ ਉਨ੍ਹਾਂ ਦਾ ਪਹਿਲਾ ਪਿਆਰ ਸੀ, ਇਸੇ ਕਰਕੇ ਉਨ੍ਹਾਂ ਦੇ ਪਿਆਰ ਵਿਚ ਅੰਤਾਂ ਦੀ ਸ਼ਿੱਦਤ ਰਹੀ ਹੈ ਪਰ ਅੱਜ ਕਲ੍ਹ ਜਿਹੜੇ ਪਿਆਰ ਪੈਂਦੇ ਹਨ ਉਨ੍ਹਾਂ ਵਿਚ ਆਮ ਕਰਕੇ ਇਕ ਧਿਰ ਨੂੰ ਪਹਿਲਾਂ ਪਿਆਰ ਦਾ ਅਨੁਭਵ ਹੋ ਚੁੱਕਾ ਹੁੰਦਾ ਹੈ ਅਤੇ ਇਹ ਅਨੁਭਵ ਅਸਫਲ ਵੀ ਹੋਇਆ ਹੁੰਦਾ ਹੈ।

ਪਿਆਰ ਕਰਨਾ ਇਸ ਅਸਫਲ ਧਿਰ ਦੀ ਮਜਬੂਰੀ ਅਤੇ ਲੋੜ ਹੁੰਦੀ ਹੈ।

ਇਸ ਤਜਰਬੇਕਾਰ ਪਰ ਅਸਫਲ ਧਿਰ ਲਈ ਦੂਜਾ ਪਿਆਰ ਆਪਣੀ ਪਹਿਲੀ ਅਸਫਲਤਾ ਉਪਰੰਤ ਮੁੜ-ਸਥਾਪਤੀ ਦਾ ਹੰਭਲਾ ਹੁੰਦਾ ਹੈ, ਸੋ ਇਸ ਪਿਆਰ ਦੀ ਬੁਨਿਆਦ ਵਿਚ ਹੀ ਸੁਆਰਥ ਹੈ ਪਰ ਦੂਜੀ ਧਿਰ ਅਛੋਹ ਅਤੇ ਭੋਲੀ ਹੋਣ ਕਾਰਨ ਵਧੇਰੇ ਕੁਰਬਾਨੀਆਂ ਕਰਦੀ ਰਹਿੰਦੀ ਹੈ। ਸਥਿਤੀ ਵਿਧਵਾ ਦੇ ਕੁਆਰੇ ਪੁਰਸ਼ ਨਾਲ ਜਾਂ ਦਹਾਜੂ ਦੇ ਕੁਆਰੀ ਕੁੜੀ ਨਾਲ ਵਿਆਹ ਵਾਲੀ ਹੁੰਦੀ ਹੈ।

ਅਸਾਵਾਂਪਣ ਅਤੇ ਅਸੰਤੁਲਨ ਪਿਆਰ ਦੇ ਅਨੁਭਵ ਨੂੰ ਸੱਚਾ ਅਤੇ ਸੁੱਚਾ ਨਹੀਂ ਰਹਿਣ ਦਿੰਦੇ। ਇਹ ਰਿਸ਼ਤਾ ਜੋੜੀ ਵਾਲਾ ਨਹੀਂ, ਨਰੜਾਂ ਵਾਲਾ ਹੁੰਦਾ ਹੈ।

ਉਸ ਸਥਿਤੀ ਦਾ ਅਨੁਮਾਨ ਲਾਓ ਜਦੋਂ ਦੋਵੇਂ ਧਿਰਾਂ ਤਜਰਬੇਕਾਰ ਹੋਣ!

ਅਜਿਹੀ ਸਥਿਤੀ ਵਿਚ ਪਿਆਰ ਦੀਆਂ ਗੱਲਾਂ ਘੱਟ ਹੁੰਦੀਆਂ ਹਨ ਅਤੇ ਸਾਰਾ ਜ਼ੋਰ ਸੰਭੋਗ ਉਤੇ ਹੁੰਦਾ ਹੈ। ਇਸ ਰਿਸ਼ਤੇ ਨੂੰ ਪਿਆਰ ਦਾ ਨਾਂ ਦੇਣਾ ਯੋਗ ਨਹੀਂ।

ਕਿਉਂਕਿ ਇਸ ਰਿਸ਼ਤੇ ਵਿਚ ਕਿਸੇ ਧਿਰ ਨੂੰ ਸ਼ਰਮਾਉਣ ਦੀ ਸਹੂਲਤ ਨਹੀਂ ਹੁੰਦੀ, ਸੋ ਗੱਲ ਸਿੱਧੀ ਅਤੇ ਸਪਸ਼ਟ ਕੀਤੀ ਜਾਂਦੀ ਹੈ।

'ਪਿਆਰ ਕਬਜ਼ਾ ਨਹੀਂ ਪਹਿਚਾਣ ਹੈ', ਇਕ ਬੜਾ ਭਰਮ-ਭੁਲੇਖੇ ਵਾਲਾ ਸੰਕਲਪ ਹੈ। ਇਸ ਸੰਕਲਪ ਦਾ ਪ੍ਰਚਾਰਕ ਅਸਲ ਵਿਚ ਵਿਆਹ ਉਪਰੰਤ ਪਿਆਰ ਨੂੰ ਜਾਇਜ਼ ਠਹਿਰਾਉਣ ਦਾ ਯਤਨ ਕਰ ਰਿਹਾ ਹੈ ਅਤੇ ਆਪਣੀ ਪਤਨੀ ਤੋਂ ਇਲਾਵਾ ਦੂਜੀਆਂ ਔਰਤਾਂ ਨਾਲ ਪ੍ਰੇਮ ਸਬੰਧ ਉਸਾਰਨ ਦੀ ਪ੍ਰਵਾਨਗੀ ਮੰਗ ਰਿਹਾ ਹੈ। ਉਹ ਮਨ ਚਾਹਿਆ ਪ੍ਰੇਮ ਵੀ ਕਰਨਾ ਚਾਹੁੰਦਾ ਹੈ ਪਰ ਆਪਣੀ ਪਤਨੀ ਪ੍ਰਤਿ ਵਫ਼ਾਦਾਰ ਹੋਣ ਦਾ ਭਰਮ ਵੀ ਰਚਣਾ ਚਾਹੁੰਦਾ ਹੈ।

ਇਹ ਵੀ ਕਿਹਾ ਜਾ ਸਕਦਾ ਹੈ ਕਿ ਹਰ ਵਿਅਕਤੀ ਆਪਣੇ ਪ੍ਰਸੰਗ ਅਨੁਸਾਰ ਹੀ ਆਪਣੇ ਪਿਆਰ-ਫ਼ਲਸਫ਼ੇ ਨੂੰ ਉਸਾਰਦਾ ਹੈ।

ਦੁਵੱਲਾ ਪਿਆਰ ਇਕ ਬੜਾ ਉਸਾਰੂ ਅਨੁਭਵ ਹੁੰਦਾ ਹੈ।

ਉਹ ਸਥਿਤੀਆਂ ਬੜੀਆਂ ਘੱਟ ਹੁੰਦੀਆਂ ਹਨ, ਜਿੱਥੇ ਦੋਵੇਂ ਧਿਰਾਂ ਇਕ ਦੂਜੇ ਨੂੰ ਪਿਆਰ ਕਰਦੀਆਂ ਹੋਣ। ਆਮ ਕਰਕੇ ਹੁੰਦਾ ਇਹ ਹੈ ਕਿ ਇਕ ਧਿਰ ਪਿਆਰ ਕਰਦੀ ਹੈ ਅਤੇ ਦੂਜੀ ਧਿਰ ਉਸ ਪਿਆਰ ਨੂੰ ਸਵੀਕਾਰ ਕਰਨ ਦਾ ਕਾਰਜ ਨਿਭਾਉਂਦੀ ਹੈ ਪਰ ਪਿਆਰ ਕਰਨ ਵਿਚ ਬਹੁਤੀ ਤੱਤਪਰ ਨਹੀਂ ਹੁੰਦੀ।

ਸੋਹਣੀਆਂ ਇਸਤਰੀਆਂ ਦੀ ਗਿਣਤੀ ਘੱਟ ਹੋਣ ਕਾਰਨ, ਹਰ ਪੁਰਸ਼ ਉਨ੍ਹਾਂ ਨੂੰ ਪਿਆਰ ਕਰਨ ਲਈ ਤਿਆਰ ਰਹਿੰਦਾ ਹੈ।

ਅਜਿਹੀ ਸਥਿਤੀ ਵਿਚ ਚੋਣ ਇਸਤਰੀ ਦੇ ਹੱਥ ਹੁੰਦੀ ਹੈ। ਉਹ ਆਪ ਘੱਟ ਹੀ ਪਿਆਰ ਕਰਦੀ ਹੈ, ਉਹ ਪੁਰਸ਼ ਨੂੰ ਪਿਆਰ ਕਰਨ ਦੀ ਆਗਿਆ ਦਿੰਦੀ ਹੈ, ਅਰਥਾਤ ਦੇਵੀ ਆਪਣੇਂ ਪੁਜਾਰੀ ਨੂੰ ਚੁਣਦੀ ਹੈ।

ਪ੍ਰਵਾਨਗੀ ਪ੍ਰਾਪਤ ਕਰਦੇ ਰਹਿਣ ਲਈ ਪੁਰਸ਼ ਨੂੰ ਬੜੀ ਮਿਹਨਤ ਕਰਨੀ ਪੈਂਦੀ ਹੈ। ਫ਼ੈਸਲਾ ਇਸ ਗੱਲ 'ਤੇ ਹੁੰਦਾ ਹੈ ਕਿ ਪੁਰਸ਼ ਇਸਤਰੀ ਦੀ ਭਾਵਕ ਅਤੇ ਮਾਨਸਿਕ ਤਸੱਲੀ ਕਿੰਨੀ ਕੁ ਕਰਵਾ ਸਕਦਾ ਹੈ।

ਭਾਵੇਂ ਇਹ ਹੈਰਾਨੀ ਭਰੀ ਗੱਲ ਜਾਪੇ ਪਰ ਇਹ ਇਕ ਸੱਚਾਈ ਹੈ ਕਿ ਪਿਆਰ ਦੌਰਾਨ ਇਸਤਰੀ, ਸੰਭੋਗ ਦੀ ਇੱਛਕ ਨਹੀਂ ਹੁੰਦੀ। ਸੰਭੋਗ ਦੀ ਸਹਿਮਤੀ ਜਾਂ ਮਨਜ਼ੂਰੀ ਉਹ ਪੁਰਸ਼ ਦੀ ਮੰਗ ਉਪਰੰਤ ਹੀ ਦਿੰਦੀ ਹੈ।

ਜਦੋਂ ਵਿਆਹ ਤੋਂ ਪਹਿਲਾਂ, ਪਿਆਰ ਵਿਚ ਸੰਭੋਗ ਦੀ ਕਿਰਿਆ ਸ਼ੁਰੂ ਹੋ ਜਾਵੇ ਤਾਂ ਪਿਆਰ ਫਿੱਕਾ ਪੈਣ ਲੱਗ ਜਾਂਦਾ ਹੈ।

ਜੇ ਇਸਤਰੀ ਦਾ ਦੂਜਾ ਪਿਆਰ ਹੋਵੇ ਤਾਂ ਉਹ ਸੰਭੋਗ ਲਈ ਇਸ ਲਈ ਰਜ਼ਾਮੰਦ ਹੋ ਜਾਂਦੀ ਹੈ, ਕਿਉਂਕਿ ਪੁਰਸ਼ ਵਲੋਂ ਪ੍ਰਵਾਨ ਕੀਤੇ ਜਾਣ ਦਾ ਇਹ ਇਕ ਸੌਖਾ ਅਤੇ ਪੱਕਾ ਰਾਹ ਹੁੰਦਾ ਹੈ।

ਕਾਰਨ ਕੋਈ ਵੀ ਹੋਵੇ, ਸੰਭੋਗ ਦਾ ਰਿਸ਼ਤਾ ਉਸਰਨ ਉਪਰੰਤ ਪਿਆਰ ਬਹੁਤਾ ਚਿਰ ਜੀਵਿਤ ਨਹੀਂ ਰਹਿ ਸਕਦਾ।

ਪ੍ਰੇਮੀਆਂ ਦਾ ਇਕ ਦੂਜੇ ਸਾਹਮਣੇ ਨਿਰਵਸਤਰ ਹੋ ਜਾਣਾ, ਉਨ੍ਹਾਂ ਦੇ ਆਦਰਸ਼ ਰੂਪ ਨੂੰ ਸਾਧਾਰਣਤਾ ਵਿਚ ਬਦਲ ਦਿੰਦਾ ਹੈ ਅਤੇ ਦੋਹਾਂ ਨੂੰ ਸੋਨੇ ਵਿਚੋਂ ਪਿੱਤਲ ਦਿੱਸਣ ਲਗ ਪੈਂਦਾ ਹੈ।

ਜਦੋਂ ਬੁਝਾਰਤ ਬੁੱਝ ਲਈ ਜਾਵੇ ਤਾਂ ਉਸ ਦੀ ਰੋਚਕਤਾ ਮੁੱਕ ਜਾਂਦੀ ਹੈ।

ਕਿਸੇ ਵਿਅਕਤੀ ਜਾਂ ਵਸਤੂ ਦਾ ਅਪਹੁੰਚ ਹੋਣਾ ਉਸ ਲਈ ਲੰਮੀ ਜਦੋਜਹਿਦ ਦਾ ਆਧਾਰ ਹੁੰਦਾ ਹੈ। ਪਿਆਰ ਵਿਚ ਆਨੰਦ ਦਾ ਆਧਾਰ ਮਨਇੱਛਤ ਵਿਅਕਤੀ ਦੀ ਪ੍ਰਾਪਤੀ ਨਹੀਂ, ਉਸ ਲਈ ਤਾਂਘ ਹੈ। ਪ੍ਰਾਪਤੀ ਦੇ ਨਾਲ ਹੀ ਤਾਂਘ ਮੁੱਕ ਜਾਂਦੀ ਹੈ ਅਤੇ ਇਸ ਦੇ ਨਾਲ ਹੀ ਪਿਆਰ ਨੂੰ ਸਿਉਂਕ ਲੱਗ ਜਾਂਦੀ ਹੈ।

ਪ੍ਰੇਮੀ ਲਈ, ਉਡੀਕਵਾਨ ਅਤੇ ਬਿਹੀ ਹੋਣਾ ਬੜਾ ਜ਼ਰੂਰੀ ਹੁੰਦਾ ਹੈ।

ਆਪਣਾ ਚਾਹਿਆ ਪ੍ਰਾਪਤ ਕਰਕੇ ਪ੍ਰੇਮੀ ਭੋਗੀ ਬਣ ਜਾਂਦਾ ਹੈ।

ਪ੍ਰੇਮੀ ਉਦੋਂ ਤੱਕ ਹੀ ਇਕ-ਦੂਜੇ ਨੂੰ ਪ੍ਰਭਾਵਿਤ ਕਰਦੇ ਹਨ, ਜਦੋਂ ਤੱਕ ਉਨ੍ਹਾਂ ਦਾ ਨਵੀਨੀਕਰਨ ਹੁੰਦਾ ਰਹੇ। ਦੋਹਾਂ ਵਿਅਕਤੀਆਂ ਵਿਚੋਂ ਜਿਸ ਵਿਚ ਵੀ ਖੜੋਤ ਆ ਜਾਵੇ, ਉਸ ਦੇ ਖਾਰਜ ਹੋਣ ਦੀ ਪ੍ਰਕ੍ਰਿਆ ਆਰੰਭ ਹੋ ਜਾਂਦੀ ਹੈ।

ਲਿਖਾਰੀ, ਕਵੀ, ਕਲਾਕਾਰ ਆਦਿ ਆਪਣੇ ਨਿਰੰਤਰ ਵਿਕਾਸ ਸਦਕਾ ਪਿਆਰ ਦੇ ਖੇਤਰ ਵਿਚ ਵਧੇਰੇ ਸਫਲ ਹੁੰਦੇ ਹਨ।

ਪ੍ਰੇਮੀਆਂ ਨੂੰ ਨਵੇਂ ਬਣੇ ਰਹਿਣ ਲਈ ਬਹੁਤ ਮਿਹਨਤ ਕਰਨੀ ਪੈਂਦੀ ਹੈ, ਨਹੀਂ ਤਾਂ ਉਹ ਬੇਹੇ ਹੋ ਕੇ ਇਕ ਦੂਜੇ ਤੋਂ ਅੱਕ ਜਾਂਦੇ ਹਨ।

ਪਿਆਰ ਕਰ ਹੀ ਉਹ ਸਕਦੇ ਹਨ, ਜਿਨ੍ਹਾਂ ਵਿਚ ਅੰਤਾਂ ਦੀ ਮਿਹਨਤ ਕਰਨ ਦੀ ਆਦਤ ਹੋਵੇ ਪਰ ਦੁਰਭਾਗਵਸ ਪਿਆਰ ਉਹ ਕਰਦੇ ਹਨ, ਜਿਹੜੇ ਮਿਹਨਤ ਦੇ ਵੈਰੀ ਹਨ ਅਤੇ ਆਪਣੀ ਇਸ ਅਯੋਗਤਾ ਨੂੰ ਉਹ ਜ਼ਮਾਨੇ ਉਤੇ ਦੋਸ਼ ਲਾ ਕੇ ਛੁਪਾਉਂਦੇ ਹਨ।

ਕਵੀ ਅਤੇ ਕਲਾਕਾਰ ਪਿਆਰ ਦੇ ਇਵਜ਼ਾਨੇ ਵਿਚ ਵੱਡਮੁੱਲੀਆਂ ਰਚਨਾਵਾਂ ਦਿੰਦੇ ਹਨ ਪਰ ਵਿਹਲੜ ਅਤੇ ਸੁੱਸਤ, ਵਿਭਚਾਰ ਹੀ ਫੈਲਾਉਂਦੇ ਹਨ ਅਤੇ ਨਿਰਾਸ਼ਾਜਨਕ ਉਦਾਹਰਣਾਂ ਉਸਾਰਦੇ ਹਨ।

ਜੇ ਦੋਵੇਂ ਧਿਰਾਂ ਦਾ ਨਵੀਨੀਕਰਣ ਹੁੰਦਾ ਰਹੇ ਤਾਂ ਬੇਵਫ਼ਾਈ ਸੰਭਵ ਹੀ ਨਹੀਂ ਹੁੰਦੀ। ਨਵੀਨੀਕਰਣ ਦੀਆਂ ਸੰਭਾਵਨਾਵਾਂ ਹੰਢਾ ਚੁੱਕੀ ਧਿਰ ਸਹਿਜੇ ਸਹਿਜੇ ਖਾਰਜ ਹੋ ਜਾਂਦੀ ਹੈ ਅਤੇ ਆਪਣੇ ਆਪ ਨੂੰ ਕੋਸਣ ਦੀ ਬਜਾਏ ਦੂਜੀ ਧਿਰ ਨੂੰ ਬੇਵਫ਼ਾ ਕਹਿ ਕੇ ਨਫ਼ਰਤ ਕਰਨ ਲੱਗ ਪੈਂਦੀ ਹੈ।

ਨਫ਼ਰਤ ਅਸਲ ਵਿਚ ਨਾ ਖ਼ਤਮ ਹੋਣ ਵਾਲਾ ਗੁੱਸਾ ਹੁੰਦਾ ਹੈ ਅਤੇ ਇਹ ਪਿਆਰ ਦਾ ਪੁੱਠਾ ਪਾਸਾ ਹੈ। ਜੁਰਮਾਂ, ਅਪਰਾਧਾਂ, ਡਾਕਿਆਂ, ਕਤਲਾਂ ਆਦਿ ਦਾ ਕਾਰਨ ਉਪਰੋਕਤ ਨਫ਼ਰਤ ਹੀ ਹੁੰਦੀ ਹੈ। ਪਿਆਰ ਮੰਦਰ ਉਸਾਰਦਾ ਹੈ, ਨਫ਼ਰਤ ਮੰਦਰ ਢਾਹੁੰਦੀ ਹੈ, ਗੁੱਸਾ ਮੂਰਤੀਆਂ ਚੋਰੀ ਕਰਦਾ ਹੈ।

ਕਈ ਇਸ ਭੁਲੇਖੇ ਦਾ ਸ਼ਿਕਾਰ ਹਨ ਕਿ ਪਿਆਰ ਨਾਲ ਸਾਰੇ ਝਗੜੇ ਮਿਟਾਏ ਜਾ ਸਕਦੇ ਹਨ, ਪਰ ਉਹ ਭੁੱਲ ਜਾਂਦੇ ਹਨ ਕਿ ਸਾਰੇ ਝਗੜੇ ਪੈਦਾ ਹੀ ਪਿਆਰ ਦੀ ਅਸਫਲਤਾ ਵਿਚੋਂ ਹੁੰਦੇ ਹਨ।

ਪਿਆਰ ਨੂੰ ਜੀਵੰਤ ਰੱਖਣ ਲਈ ਅੰਤਾਂ ਦੀ ਮਿਹਨਤ ਦੀ ਲੋੜ ਹੁੰਦੀ ਹੈ।

ਹਰ ਪ੍ਰੇਮੀ ਇਕੱਲਿਆਂ ਹੀ ਦਸ ਆਦਮੀਆਂ ਦਾ ਕੰਮ ਕਰਨ ਦੀਆਂ ਡੀਂਗਾ ਮਾਰਦਾ ਹੈ ਪਰ ਸਮਰੱਥਾ ਇਕ ਆਦਮੀ ਦੇ ਕੰਮ ਦਾ ਦੱਸਵਾਂ ਹਿੱਸਾ ਕਰਨ ਦੀ ਵੀ ਨਹੀਂ ਹੁੰਦੀ।

ਪ੍ਰਕ੍ਰਿਤੀ ਵਿਚ ਸਾਡੀ ਦਿਲਚਸਪੀ ਦਾ ਆਧਾਰ ਇਹ ਹੁੰਦਾ ਹੈ ਕਿ ਚੰਨ, ਤਾਰੇ, ਸੂਰਜ, ਸਮੁੰਦਰ ਸਭ ਨਿਰੰਤਰ ਕਾਰਜ ਵਿਚ ਰੁਝੇ ਹੋਏ ਹਨ। ਜੇ ਕਿਸੇ ਕਾਰਨ ਪ੍ਰਕ੍ਰਿਤੀ ਵਿਚ ਖੜੋਤ ਆ ਜਾਵੇ ਤਾਂ ਲੋਕ ਰੱਬ ਨੂੰ ਗਾਲ੍ਹਾਂ ਕੱਢਣ ਲੱਗ ਪੈਣਗੇ।

ਸਪੱਸ਼ਟ ਹੈ ਕਿ ਪਿਆਰ ਕਰਨਾ ਸੌਖਾ ਨਹੀਂ। ਇਹ ਅੰਗਾਰਾਂ ਉੱਤੇ ਨੰਗੇ ਪੈਰਾਂ ਨਾਲ ਨੱਚਣ ਦੀ ਕਿਰਿਆ ਹੈ। ਜਿਹੜੇ ਮਿਹਨਤ ਕਰਦੇ ਹਨ ਉਨ੍ਹਾਂ ਲਈ ਮਹਿਬੂਬ ਦੀਆਂ ਅੱਖਾਂ ਸੁਪਨਿਆਂ ਦੇ ਸਰੋਵਰ ਹੁੰਦੀਆਂ ਹਨ ਪਰ ਕੰਮ-ਚੋਰਾਂ ਲਈ ਇਹ ਖ਼ੁਦਕੁਸ਼ੀ ਦੇ ਖੂਹ ਬਣ ਜਾਂਦੀਆਂ ਹਨ।

ਪਿਆਰ ਵਿਚ ਅਸਫ਼ਲਤਾ ਲਈ ਅਸਲ ਵਿਚ ਸੁੱਸਤ, ਕੰਮ-ਚੋਰ ਅਤੇ ਅਸਫ਼ਲ ਧਿਰ ਹੀ ਜ਼ਿੰਮੇਵਾਰ ਹੁੰਦੀ ਹੈ।

ਜਿਹੜੇ ਹੰਝੂਆਂ ਨਾਲ ਔੜਾਂ ਨੂੰ ਬਹਾਰਾਂ ਵਿਚ ਬਦਲਣ ਦਾ ਯਤਨ ਕਰਦੇ ਹਨ, ਉਨ੍ਹਾਂ ਦੀਆਂ ਰੀਝਾਂ ਦੇ ਬਾਗ਼ ਝੁਲਸੇ ਜਾਂਦੇ ਹਨ।

ਪਿਆਰ ਉਹੀ ਕਰ ਸਕਦੇ ਹਨ ਜਿਹੜੇ ਤਲੀ 'ਤੇ ਸਿਰ ਟਿਕਾ ਸਕਣ, ਇਕੱਲੇ ਹੀ ਪਹਾੜਾਂ ਦੇ ਸੀਨੇ ਵਿਚ ਨਹਿਰ ਪੁੱਟ ਸਕਣ, ਆਪਣਾ ਪੱਟ ਚੀਰ ਸਕਣ, ਕੱਚੇ ਘੜੇ ਉਤੇ ਦਰਿਆ ਵਿਚ ਠਿਲ੍ਹ ਸਕਣ, ਮਿਹਨਤ ਨਾਲ ਦਾਖਲੇ ਲੈ ਸਕਣ, ਔਖੇ ਵਿਸ਼ੇ ਅਤੇ ਕੋਰਸ ਪੜ੍ਹ ਸਕਣ ਅਤੇ ਨਵੇਂ ਮੀਲ-ਪੱਥਰ ਸਥਾਪਤ ਕਰ ਸਕਣ।

ਅਜੋਕੇ ਯੁੱਗ ਵਿਚ ਪਿਆਰ ਦਿੱਤਾ ਨਹੀਂ ਜਾਂਦਾ, ਲਿਆ ਨਹੀਂ ਜਾਂਦਾ, ਇਹ ਤਾਂ ਖੋਹਿਆ ਜਾਂਦਾ ਹੈ, ਜਿਸ ਕਾਰਨ ਪਿਆਰ ਇੱਕ ਦੂਜੇ ਦੀ ਝੂਠੀ ਪ੍ਰਸ਼ੰਸਾ ਵਿਚੋਂ ਸ਼ੁਰੂ ਹੋ ਕੇ ਇਕ ਦੂਜੇ ਉੱਤੇ ਤੋਹਮਤਾਂ ਲਾਉਣ ਤੱਕ ਨਿਘਰ ਜਾਂਦਾ ਹੈ।

ਜਿਹੜੇ ਮਹਿਬੂਬ ਨਾਲ ਪਿਆਰ ਦੀ ਲੰਮੀ ਦੌੜ ਨਹੀਂ ਦੌੜ ਸਕਦੇ ਉਹ ਜਲਦੀ ਤੋਂ ਜਲਦੀ ਵਿਆਹ ਕਰਨ ਲਈ ਤਾਂਘਦੇ ਹਨ ਪਰ ਵਿਆਹ ਹੁੰਦਿਆਂ ਹੀ ਉਨ੍ਹਾਂ ਦੇ ਪਿਆਰ ਦੀ ਹਾਲਤ ਉਵੇਂ ਹੀ ਹੋ ਜਾਂਦੀ ਹੈ ਜਿਵੇਂ ਭਾਂਡੇ ਤੋਂ ਕਲੀ ਉਤਰ ਗਈ ਹੋਵੇ।

# ਵਿਧਵਾਪਣ

ਉਨ੍ਹੀਵੀਂ ਸਦੀ ਦੇ ਪਹਿਲੇ ਅੱਧ ਵਿਚ, ਜਦੋਂ ਭਾਰਤ ਵਿਚ ਅੰਗ੍ਰੇਜ਼ਾਂ ਨੇ ਰਾਜਾ ਰਾਮ ਮੋਹਨ ਰਾਏ ਦੇ ਅੰਦੋਲਨ ਸਦਕਾ ਸਤੀ ਦੀ ਰਸਮ ਉਤੇ ਪਾਬੰਦੀ ਲਾ ਦਿੱਤੀ ਸੀ ਤਾਂ ਵਿਧਵਾਵਾਂ ਦੀ ਇਕ ਨਵੀਂ ਸਮਾਜਿਕ ਸ਼੍ਰੇਣੀ ਹੋਂਦ ਵਿਚ ਆਈ ਸੀ।

ਬੰਗਾਲੀ ਨਾਵਲਕਾਰਾਂ ਨੇ ਉਸ ਸਮੇਂ ਦੀਆਂ ਵਿਧਵਾਵਾਂ ਦੇ ਜਿਹੜੇ ਦੁੱਖੜੇ ਪੇਸ਼ ਕੀਤੇ ਹਨ, ਉਨ੍ਹਾਂ ਦੀ ਮਿਸਾਲ ਕਿਸੇ ਹੋਰ ਸਾਹਿਤ ਵਿਚ ਨਹੀਂ ਮਿਲਦੀ।

ਦੂਰ ਜਾਣ ਦੀ ਲੋੜ ਨਹੀਂ, ਹਰ ਗਲੀ ਮੁਹੱਲੇ ਵਿਚ ਵਿਧਵਾਪਣ ਦੀ ਕਰੁਣਾਮਈ ਤਸਵੀਰ ਵੇਖਣ ਨੂੰ ਮਿਲ ਜਾਵੇਗੀ। ਰੰਡਿਆਂ ਦੇ ਮੁਕਾਬਲੇ ਵਿਧਵਾਵਾਂ ਦੀ ਗਿਣਤੀ ਚਾਰ ਗੁਣਾਂ ਹੈ ਅਤੇ ਸਾਡੇ ਸਮੁੱਚੇ ਦੇਸ਼ ਵਿਚ ਤਿੰਨ ਕਰੋੜ ਤੋਂ ਵੱਧ ਵਿਧਵਾਵਾਂ ਹਨ।

ਪਤੀ ਦੀ ਉਮਰ ਪਤਨੀ ਤੋਂ ਜਿਤਨੀ ਵਧੇਰੇ ਹੋਵੇਗੀ, ਅਕਸਰ ਉਤਨੀ ਹੀ ਜਲਦੀ ਉਹ ਔਰਤ ਵਿਧਵਾ ਹੋ ਜਾਵੇਗੀ।

ਵਿਧਵਾਵਾਂ ਦੀਆਂ ਬੜੀਆਂ ਵੰਨਗੀਆਂ ਹਨ।

ਇਕ ਉਹ ਹਨ, ਜਿਨ੍ਹਾਂ ਦੇ ਪਤੀ ਮਰ ਜਾਂਦੇ ਹਨ, ਇਕ ਉਹ ਹਨ ਜਿਨ੍ਹਾਂ ਦੇ ਪਤੀ ਜਿਊਂਦੇ ਹੁੰਦੇ ਹਨ ਪਰ ਸਥਿਤੀ ਮਰਿਆਂ ਨਾਲੋਂ ਵਧੇਰੇ ਦੁੱਖਦਾਈ ਹੁੰਦੀ ਹੈ।

ਰੂਸੀ ਅਖਾਣ ਅਨੁਸਾਰ ਫੌਜੀ ਦੀ ਪਤਨੀ ਨਾ ਵਿਧਵਾ ਹੁੰਦੀ ਹੈ ਨਾ ਸੁਹਾਗਣ।

ਇਸਤਰੀਆਂ ਦੇ ਮੁਕਾਬਲੇ ਜੀਵਨ ਵਿਚ, ਨਾ ਕੇਵਲ ਪੁਰਸ਼ਾਂ ਨੂੰ ਖਤਰੇ ਵਧੇਰੇ ਹੁੰਦੇ ਹਨ, ਉਹ ਖਤਰੇ ਸਹੇੜਦੇ ਵੀ ਵਧੇਰੇ ਹਨ। ਤੁਸੀਂ ਕਟੀਆਂ ਹੋਈਆਂ ਲੱਤਾਂ-ਬਾਹਾਂ ਵਾਲੇ ਪੁਰਸ਼ ਵੇਖੇ ਹੋਣਗੇ ਪਰ ਅਜਿਹੀ ਇਸਤਰੀ ਸ਼ਾਇਦ ਹੀ ਕੋਈ ਵੇਖੀ ਹੋਵੇ।

ਜੇ ਪਤਨੀ ਆਪਣੇ ਪਤੀ ਤੋਂ ਉਮਰ ਵਿਚ ਛੋਟੀ ਹੈ ਤਾਂ ਸੰਭਾਵਨਾ ਬਣੀ ਰਹਿੰਦੀ ਹੈ ਕਿ ਸਾਧਾਰਣ ਹਾਲਤਾਂ ਵਿਚ ਪਤੀ ਪਹਿਲਾਂ ਮਰ ਜਾਵੇਗਾ।

ਸਾਡਾ ਸਮਾਜ ਪੁਰਸ਼-ਪ੍ਰਧਾਨ ਹੋਣ ਕਾਰਨ, ਵਧੇਰੇ ਪੁਰਸ਼ ਅਕਸਰ ਹਾਦਸਿਆਂ, ਲੜਾਈਆਂ, ਜੰਗਾਂ, ਦੁਰਘਟਨਾਵਾਂ ਆਦਿ ਦਾ ਸ਼ਿਕਾਰ ਹੋ ਕੇ ਆਪਣੀਆਂ ਪਤਨੀਆਂ ਨੂੰ ਵਿਧਵਾ ਕਰ ਜਾਂਦੇ ਹਨ।

ਸਭ ਤੋਂ ਵਧੇਰੇ ਦੁੱਖਦਾਈ ਅਵਸਥਾ ਤੀਹ ਤੋਂ ਚਾਲੀ ਸਾਲ ਦੀ ਉਮਰ ਵਿਚਕਾਰ ਵਿਧਵਾ ਬਣ ਜਾਣ ਵਾਲੀਆਂ ਔਰਤਾਂ ਦੀ ਹੁੰਦੀ ਹੈ। ਵਿਧਵਾ ਇਸਤਰੀ ਨੂੰ ਮੁੜ ਆਪਣੇ ਪੈਰਾਂ ਦੇ ਖਲੋਣ ਲਈ ਔਸਤਨ ਅੱਠ ਸਾਲ ਦਾ ਸੰਤਾਪ ਭੋਗਣਾ ਪੈਂਦਾ ਹੈ।

ਇਸ ਦੇ ਕਈ ਕਾਰਨ ਹਨ ਪਰ ਸਾਰੇ ਹੀ ਬਹੁਤ ਸਪਸ਼ਟ ਹਨ।

ਕੁਦਰਤ ਵਲੋਂ ਹੀ ਔਰਤਾਂ ਦੀ ਉਮਰ ਪੁਰਸ਼ਾਂ ਦੇ ਮੁਕਾਬਲੇ ਲੰਮੀ ਹੁੰਦੀ ਹੈ ਅਰਥਾਤ ਔਰਤਾਂ ਦੀ ਵੱਡੀ ਗਿਣਤੀ ਵਿਧਵਾ ਬਣਦੀ ਹੈ, ਜਿਸ ਦੇ ਅਰਥ ਇਹ ਹਨ ਕਿ ਲੱਗਭਗ ਹਰ ਔਰਤ ਨੂੰ ਧਿਆਨ ਦੀ ਘਾਟ, ਆਮਦਨ ਦੇ ਰੁੱਕ ਜਾਣ ਅਤੇ ਇਕੱਲਤਾ ਆਦਿ ਕਾਰਨ ਵਿਧਵਾਪਣ ਦੇ ਦੁੱਖੜੇ ਸਹਿਣੇ ਪੈਂਦੇ ਹਨ।

ਆਦਤਨ ਹੀ ਹਰ ਸਮਾਜ ਵਿਧਵਾ ਪ੍ਰਤਿ ਅਵੇਸਲਾ ਹੋ ਜਾਂਦਾ ਹੈ।

ਵਿਧਵਾ ਹੁੰਦਿਆਂ ਹੀ ਔਰਤ ਫ਼ਾਲਤੂ ਜਿਹੀ ਚੀਜ਼ ਪ੍ਰਤੀਤ ਹੋਣ ਲੱਗ ਜਾਂਦੀ ਹੈ ਅਤੇ ਹਰ ਵਿਧਵਾ ਨੂੰ, ਉਸ ਦੀ ਉਮਰ ਦੇ ਅਨੁਪਾਤ ਵਿਚ, ਵੱਖ-ਵੱਖ ਢੰਗਾਂ ਨਾਲ ਤੰਗ ਕੀਤਾ ਜਾਂਦਾ ਹੈ।

ਜਵਾਨੀ ਦੀ ਅਵਸਥਾ ਵਿਚ ਕਈ ਕਾਟੀਮਾਰ ਪੈਦਾ ਹੋ ਜਾਂਦੇ ਹਨ ਅਤੇ ਬੁਢਾਪੇ ਦੀ ਅਵਸਥਾ ਵਿਚ ਰਿਸ਼ਤੇਦਾਰਾਂ ਵੱਲੋਂ ਕਿਸੇ ਨਾ ਕਿਸੇ ਢੰਗ ਨਾਲ ਉਸ ਦੀ ਪੂੰਜੀ ਜਾਂ ਜਾਇਦਾਦ ਹੱਥਿਆਉਣ ਦੇ ਯਤਨ ਕੀਤੇ ਜਾਂਦੇ ਹਨ।

ਪਰੰਪਰਾਗਤ ਸਮਾਜਾਂ ਵਿਚ ਇਸਤਰੀ ਲਈ ਪਤੀ, ਉਸ ਦਾ ਸਮਾਜਿਕ ਸਿਰਨਾਵਾਂ ਅਤੇ ਆਰਥਿਕ ਛੱਤਰੀ ਹੁੰਦਾ ਹੈ।

ਵਿਧਵਾਪਣ, ਔਰਤ ਦੀ ਜ਼ਿੰਦਗੀ ਵਿਚ ਸਭ ਤੋਂ ਵੱਡਾ ਸੰਕਟ ਹੁੰਦਾ ਹੈ।

ਆਪਣੇ ਪਤੀ ਦੀ ਮੌਤ ਉਪਰੰਤ, ਹਰ ਵਿਧਵਾ ਦਾ ਪ੍ਰਤੀਕਰਮ ਇਸ ਪੱਖ ਨੂੰ ਉਜਾਗਰ ਕਰਦਾ ਹੈ ਕਿ ਉਸ ਦੀ ਪਾਲਣਾ-ਪੋਸਣਾ ਕਿਸ ਢੰਗ ਨਾਲ ਹੋਈ ਹੈ। ਕਈ ਤਾਂ ਡਿੱਗ ਹੀ ਪੈਂਦੀਆਂ ਹਨ ਅਤੇ ਕਈ ਤਿਲ੍ਹਕਦੀਆਂ ਤਾਂ ਹਨ ਪਰ ਸੰਭਲ ਜਾਂਦੀਆਂ ਹਨ।

ਔਰਤ ਲਈ ਵਿਧਵਾ ਹੋਣਾ ਇੰਜ ਹੁੰਦਾ ਹੈ, ਜਿਵੇਂ ਦੁਪਹਿਰ ਵੇਲੇ ਰਾਤ ਹੋ ਜਾਵੇ ਜਾਂ ਮੀਂਹ ਨਾਲ ਬਾਗ ਸੜ ਜਾਣ।

ਉਹ ਇਕ ਦਮ ਸਦੀਵੀ ਉਦਾਸੀ ਦੇ ਖੂਹ ਵਿਚ ਉਤਰ ਜਾਂਦੀ ਹੈ ਅਤੇ ਉਸ ਦੀ ਸ਼ਖ਼ਸੀਅਤ ਦਾ ਇਕ ਹਿੱਸਾ ਸਦਾ ਲਈ ਮਰ ਜਾਂਦਾ ਹੈ। ਉਸ ਲਈ ਹਰ ਚੀਜ਼ ਦੇ ਅਰਥ ਬਦਲ ਜਾਂਦੇ ਹਨ। ਉਸ ਦੀ ਹਰ ਧੁੱਪ ਉਤੇ ਪ੍ਰਛਾਵਾਂ ਫਿਰ ਜਾਂਦਾ ਹੈ।

ਉਸ ਨੂੰ ਇੰਜ ਲੱਗਦਾ ਹੈ, ਜਿਵੇਂ ਹੁਣ ਉਸ ਦੀ ਕਿਸੇ ਵੀ ਚਿੱਠੀ ਦਾ ਕਦੀ ਵੀ ਜਵਾਬ ਨਹੀਂ ਆਵੇਗਾ। ਉਹ ਅੰਬਰ ਅਤੇ ਤਾਰਿਆਂ ਨੂੰ ਹੋਰ ਨਿਗਾਹਾਂ ਨਾਲ ਵੇਖਦੀ ਹੈ। ਬੈਂਡ-ਵਾਜੇ ਦੀ ਆਵਾਜ਼ ਉਸ ਨੂੰ ਕੰਬਾ ਦਿੰਦੀ ਹੈ ਅਤੇ ਉਹ ਹਾਸਿਆਂ, ਰੀਝਾਂ, ਚਾਵਾਂ ਅਤੇ ਸੁਪਨਿਆਂ ਦਾ ਮਲਬਾ ਬਣ ਕੇ ਰਹਿ ਜਾਂਦੀ ਹੈ।

ਇਕ ਵਿਧਵਾ ਦੇ ਮਨ ਦੀ ਹਾਲਤ ਨੂੰ ਇਕ ਵਿਧਵਾ ਹੀ ਜਾਣ ਸਕਦੀ ਹੈ।

ਵਿਧਵਾ ਬਨਣ ਉਪਰੰਤ ਔਰਤ ਨੂੰ ਆਪਣਾ ਜੀਵਨ ਨਵੇਂ ਸਿਰਿਓਂ ਵਿਉਂਤਣਾ ਪੈਂਦਾ ਹੈ। ਭਾਵਨਾਵਾਂ ਦੇ ਖੇਤਰ ਦੀਆਂ ਮੁਸ਼ਕਿਲਾਂ ਸਭ ਤੋਂ ਵੱਡੀ ਉਲਝਣ ਬਣਦੀਆਂ ਹਨ।

ਇਕ ਵਿਧਵਾ ਦੀ ਮਾਨਸਿਕ ਸਥਿਤੀ ਅਤੇ ਭਾਵਕ ਸੰਤਾਪ ਨੂੰ ਕਿਸੇ ਵਲੋਂ ਸਮਝਣ ਦਾ ਅਜੇ ਯਤਨ ਨਹੀਂ ਕੀਤਾ ਗਿਆ।

ਕੋਈ ਔਰਤ ਕਿਤਨੀ ਵੀ ਦਿਲ ਦੀ ਤਕੜੀ ਕਿਉਂ ਨਾ ਹੋਵੇ, ਕਿੰਨੀ ਵੀ ਤਰਕਸ਼ੀਲ ਕਿਉਂ ਨਾ ਹੋਵੇ, ਪਤੀ ਦੀ ਮੌਤ ਨਾਲ ਉਸ ਦਾ ਸਮੁੱਚਾ ਵਜੂਦ ਹਿੱਲ ਜਾਂਦਾ ਹੈ। ਉਸ ਦੀ ਦੁਨੀਆਂ ਵਿਚ ਭੂਚਾਲ ਆ ਜਾਂਦਾ ਹੈ। ਸਾਧਾਰਣ ਦੁੱਖ ਮਹਿਸੂਸ ਕਰਨ ਦੀ ਥਾਂ ਉਸ ਦੀ ਸਮੁੱਚੀ ਸ਼ਖ਼ਸੀਅਤ ਹੀ ਗ੍ਰਹਿਣੀ ਜਾਂਦੀ ਹੈ। ਉਸ ਦੇ ਨਸੀਬ ਵਿਗੜ ਜਾਂਦੇ ਹਨ, ਉਸ ਦੀ ਕਿਸਮਤ ਪਾਟ ਜਾਂਦੀ ਹੈ ਅਤੇ ਉਸ ਨੂੰ ਆਪਣਾ ਆਪ ਬੜਾ ਨਿਕੰਮਾ ਅਤੇ ਬੋਝਲ ਪ੍ਰਤੀਤ ਹੋਣਾ ਸ਼ੁਰੂ ਹੋ ਜਾਂਦਾ ਹੈ। ਸਭ ਤੋਂ ਵੱਡਾ ਨੁਕਸਾਨ ਇਹ ਹੁੰਦਾ ਹੈ ਕਿ ਉਹ ਆਪਣੀਆਂ ਹੀ ਨਜ਼ਰਾਂ ਵਿਚ ਆਪ ਹੀ ਡਿਗ ਪੈਂਦੀ ਹੈ।

ਅਸੀਂ ਹਰ ਮੁਸ਼ਕਿਲ ਬਰਦਾਸ਼ਤ ਕਰ ਸਕਦੇ ਹਾਂ ਪਰ ਸ਼ਰਤ ਇਹ ਹੈ ਕਿ ਅਸੀਂ ਆਪਣੀਆਂ ਨਜ਼ਰਾਂ ਵਿਚ ਉੱਚੇ ਰਹੀਏ। ਮਰੇ ਪਤੀ ਨਾਲ ਸਬੰਧਾਂ, ਕਿਸੇ ਮਿਤੀ, ਨਾਂ, ਥਾਂ, ਕੰਮ ਆਦਿ ਦੀ ਯਾਦ ਤੋਂ ਹੀ ਉਹ ਤ੍ਰਿਹਣ ਲੱਗ ਪੈਂਦੀ ਹੈ, ਅਰਥਾਤ ਉਹ ਹੌਲੀ-ਹੌਲੀ ਸਵੈ-ਮਾਣ ਗੁਆਚਣ ਉਪਰੰਤ ਸਵੈ-ਵਿਸ਼ਵਾਸ ਵੀ ਗੁਆ ਬੈਠਦੀ ਹੈ ਅਤੇ ਹਰ ਵੇਲੇ ਉਸ ਨੂੰ ਮਹਿਸੂਸ ਹੁੰਦਾ ਹੈ, 'ਮੈਂ ਤਾਂ ਕੁਝ ਵੀ ਨਹੀਂ ਕਰ ਸਕਦੀ।' ਉਹ ਦੁਨੀਆਂ ਦੇ ਮੇਲੇ ਵਿਚ ਭਟਕਣ ਉਪਰੰਤ ਗੁਆਚ ਜਾਂਦੀ ਹੈ।

ਸਾਰੇ ਸੁਆਦ ਅਤੇ ਸਾਰੇ ਰੰਗ ਉਸ ਲਈ ਫਿੱਕੇ ਪੈ ਜਾਂਦੇ ਹਨ।

ਉਹ ਰੰਗ ਦੇ ਯੱਕੇ ਤੋਂ ਬਦਰੰਗ ਦੁੱਕੀ ਬਣ ਜਾਂਦੀ ਹੈ।

ਵਿਧਵਾਪਣ ਦੇ ਦੁੱਖ ਦਾ ਮੁੱਖ ਆਧਾਰ ਆਰਥਿਕ ਨਿਰਭਰਤਾ ਹੁੰਦਾ ਹੈ। ਭਾਵਕ ਨਿਰਭਰਤਾ ਦਾ ਦਰਜਾ ਦੂਜਾ ਹੁੰਦਾ ਹੈ। ਆਰਥਿਕ ਵਸੀਲਿਆਂ ਦੇ ਅਨੁਪਾਤ ਵਿਚ ਹੀ ਇਕ ਵਿਧਵਾ ਆਪਣੀ ਸਾਂਭ-ਸੰਭਾਲ ਕਰ ਸਕਦੀ ਹੈ। ਆਰਥਿਕ ਵਸੀਲੇ ਨਾ ਹੋਣ ਕਾਰਨ ਵਿਧਵਾ ਦੀ ਇੱਛਾ ਹੁੰਦੀ ਹੈ ਕਿ ਉਹ ਵੀ ਮਰ ਜਾਵੇ ਅਤੇ ਕਈ ਵਾਰੀ ਉਸ ਨੂੰ ਇਂਜ ਲੱਗਦਾ ਹੈ ਜਿਵੇਂ ਉਸ ਦਾ ਸਰੀਰ ਸੁੰਨ ਹੋ ਗਿਆ ਹੋਵੇ।

ਵਿਧਵਾ ਦਾ ਮੌਤ ਨਾਲ ਮੋਹ ਵੱਧ ਜਾਂਦਾ ਹੈ ਅਤੇ ਉਦਾਸ ਸੰਗੀਤ, ਗੀਤ, ਸਾਹਿਤ ਆਦਿ ਉਸ ਨੂੰ ਵਧੇਰੇ ਪ੍ਰਭਾਵਿਤ ਕਰਦੇ ਹਨ। ਉਹ ਕੁਝ ਹੀ ਦਿਨਾਂ ਵਿਚ ਬੁੱਢੀ ਹੋ ਗਈ ਅਨੁਭਵ ਕਰਦੀ ਹੈ ਅਤੇ ਉਸ ਦੀ ਗੱਲਬਾਤ ਅਤੇ ਵਰਤਾਰੇ ਵਿਚ ਅਕੇਵਾਂ ਅਤੇ ਥੱਕੇਵਾਂ ਵੱਧ ਜਾਂਦਾ ਹੈ, ਪਰ ਉਸ ਨੂੰ ਨੀਂਦ ਨਹੀਂ ਆਉਂਦੀ।

ਸਾਧਾਰਣ ਵਿਅਕਤੀ ਅਨੁਭਵ ਨਹੀਂ ਕਰ ਸਕਦੇ ਕਿ ਨੀਂਦ ਨਾ ਆਉਣ ਦੀ ਸਥਿਤੀ ਵਿਚ ਵਿਧਵਾ ਉਤੇ ਕੀ ਬੀਤਦੀ ਹੈ। ਆਪਣੇ ਆਪ ਨੂੰ ਭੁਲਾਉਣ ਲਈ ਬਿਨਾਂ ਸਿਰ-ਪੈਰ ਵਾਲੇ ਕੰਮਾਂ ਵਿਚ ਉਹ ਰੁੱਝ ਜਾਂਦੀ ਹੈ। ਡੁਲ੍ਹੇ ਹੋਏ ਪਾਣੀ ਵਾਂਗ, ਜਿਸ ਪਾਸੇ ਨਿਵਾਣ ਮਿਲਦੀ ਹੈ, ਉਹ ਉਸੇ ਪਾਸੇ ਵਹਿ ਜਾਂਦੀ ਹੈ।

ਉਸ ਤੋਂ ਜੀਵਨ ਦੀ ਚੂਲ ਜਾਂ ਜ਼ਿੰਦਗੀ ਦਾ ਧੁਰਾ ਗੁਆਚ ਜਾਂਦਾ ਹੈ।

ਵਿਧਵਾ ਹੋਣ ਉਪਰੰਤ ਔਰਤ ਦਾ ਸਮਾਜਿਕ ਰੁੱਤਬਾ ਹੋਰ ਘੱਟ ਜਾਂਦਾ ਹੈ।

ਉਸ ਦੇ ਆਪਣੇ ਹੀ ਟੱਬਰ ਦੇ ਜੀਆਂ ਦੀ ਉਸ ਪ੍ਰਤਿ ਲਾਪ੍ਰਵਾਹੀ ਵੱਧ ਜਾਂਦੀ ਹੈ। ਵਿਧਵਾਵਾਂ ਆਪ ਅਨੁਭਵ ਕਰਦੀਆਂ ਹਨ ਕਿ ਹੱਸਣਾ, ਖੇਡਣਾ, ਗਾਉਣਾ ਉਨ੍ਹਾਂ ਨੂੰ

ਸ਼ੋਭਦਾ ਨਹੀਂ। ਹਰ ਖੇਤਰ ਵਿਚ ਉਹ ਸੁੰਗੜ ਜਾਂਦੀਆਂ ਹਨ। ਹਰ ਭੈੜੀ ਗੱਲ ਲਈ ਉਹ ਆਪਣੇ ਆਪ ਨੂੰ ਦੋਸ਼ੀ ਸਮਝਦੀਆਂ ਹਨ।

ਵਿਧਵਾ ਦਾ ਰੋਣਾ-ਕੁਰਲਾਉਣਾ ਹੀ ਉਸ ਦੇ ਦੁੱਖ ਦਾ ਇਲਾਜ ਸਮਝਿਆ ਜਾਂਦਾ ਹੈ। ਆਸ ਕੀਤੀ ਜਾਂਦੀ ਹੈ ਕਿ ਉਹ ਸਾਰੀਆਂ ਇੱਛਾਵਾਂ ਨੂੰ ਕੁੱਚਲ ਦੇਵੇ ਪਰ ਸਮੇਂ ਦੇ ਬੀਤਣ ਨਾਲ ਅਤੇ ਆਲੇ-ਦੁਆਲੇ ਪ੍ਰਤਿ ਝਾਤ ਮਾਰਨ ਨਾਲ, ਉਹ ਮਹਿਸੂਸ ਕਰਦੀ ਹੈ ਕਿ ਕੇਵਲ ਉਹ ਹੀ ਵਿਧਵਾ ਨਹੀਂ।

ਜਿਵੇਂ ਇਕ ਬੀਮਾਰੀ ਉਪਰੰਤ ਵਾਪਰਦਾ ਹੈ, ਉਹ ਹੌਲੀ-ਹੌਲੀ ਆਪੇ ਵਿਚ ਮੁੜ ਆਉਂਦੀ ਹੈ ਅਤੇ ਆਪਣੀ ਦੁਰਦਸ਼ਾ ਨੂੰ ਉਹ ਇਕ ਚਣੌਤੀ ਸਮਝਦੀ ਹੈ।

ਮਹਾਨ ਵਿਧਵਾਵਾਂ ਦੀ ਮਿਸਾਲ ਸਾਹਮਣੇ ਰੱਖ ਕੇ ਉਹ ਜੂਝਣ ਦਾ ਇਰਾਦਾ ਬਣਾਉਂਦੀ ਹੈ। ਆਪਣੇ ਮਨ ਦੀ ਵਹੀ ਵਿਚ ਝਾਤ ਮਾਰ ਕੇ ਉਹ ਅਨੁਭਵ ਕਰਦੀ ਹੈ ਕਿ ਸਾਰੀਆਂ ਸਾਮੀਆਂ ਅਤੇ ਆਸਾ-ਉਮੀਦਾਂ ਡੁੱਬ ਨਹੀਂ ਗਈਆਂ, ਜ਼ਿੰਦਗੀ ਦਾ ਕਾਰੋਬਾਰ ਅਤੇ ਸਫ਼ਰ ਨਵੇਂ ਸਿਰਿਓਂ ਆਰੰਭਿਆ ਜਾ ਸਕਦਾ ਹੈ।

ਜਿਸ ਵਿਧਵਾ ਨੂੰ ਆਪਣਾ ਸਮਾਂ ਬਿਤਾਉਣ ਲਈ, ਆਮਦਨੀ ਵਾਲੇ ਰੁਝੇਵੇਂ ਅਤੇ ਆਪਣਾ ਦੁੱਖ ਪ੍ਰਗਟਾਉਣ ਦੇ ਅਵਸਰ ਮਿਲਦੇ ਰਹਿੰਦੇ ਹਨ, ਉਹ ਆਪਣੇ ਆਪ ਨੂੰ ਵਧੇਰੇ ਸੌਖ ਨਾਲ ਸੰਭਾਲ ਲੈਂਦੀ ਹੈ।

ਕਈ ਵਿਧਵਾਵਾਂ ਆਪਣੇ ਬੱਚਿਆਂ ਲਈ ਪਿਓ ਬਣਨ ਦਾ ਵੀ ਯਤਨ ਕਰ ਕੇ ਦੋਹਾਂ ਪੱਖਾਂ ਤੋਂ ਨਾਕਾਮਯਾਬ ਹੁੰਦੀਆਂ ਹਨ। ਚਾਹੀਦਾ ਇਹ ਹੈ ਕਿ ਉਹ ਉਨ੍ਹਾਂ ਸਾਹਮਣੇ ਵਧੇਰੇ ਮਜ਼ਬੂਤ ਅਤੇ ਆਪਣੀ ਮਿਸਾਲ ਨਾਲ ਵਧੇਰੇ ਉਪਯੋਗੀ ਮਾਂਵਾਂ ਬਣਨ ਦਾ ਯਤਨ ਕਰਨ।

ਪਿਓ ਦੇ ਮਰੇ ਹੋਣ ਬਾਰੇ ਬੱਚਿਆਂ ਨੂੰ ਦੱਸਣ ਦਾ ਕਾਰਜ ਮਾਂ ਨੂੰ ਆਪ ਕਰਨਾ ਚਾਹੀਦਾ ਹੈ, ਕਿਉਂਕਿ ਬੱਚਿਆਂ ਨੂੰ ਪਤਾ ਤਾਂ ਹੁੰਦਾ ਹੀ ਹੈ ਪਰ ਉਹ ਆਪਣੀ ਸੂਚਨਾ ਨੂੰ ਪ੍ਰਮਾਣਿਕ ਬਣਾਉਣਾ ਚਾਹੁੰਦੇ ਹਨ ਅਤੇ ਅਸਲੀਅਤ ਜਾਣਨ ਉਪਰੰਤ ਇਹ ਵਿਸ਼ਵਾਸ ਪ੍ਰਾਪਤ ਕਰਨਾ ਚਾਹੁੰਦੇ ਹਨ ਕਿ ਉਨ੍ਹਾਂ ਦੇ ਪਿਤਾ ਵਾਂਗ, ਮਾਂ ਉਨ੍ਹਾਂ ਨੂੰ ਛੱਡ ਕੇ ਨਹੀਂ ਜਾਵੇਗੀ ਅਤੇ ਸਦਾ ਉਨ੍ਹਾਂ ਨਾਲ ਰਹੇਗੀ।

ਜਦੋਂ ਬੱਚੇ ਵੇਖਦੇ ਹਨ ਕਿ ਮਾਂ ਨੂੰ ਉਨ੍ਹਾਂ ਦੇ ਸਹਾਰੇ ਦੀ ਲੋੜ ਹੈ ਤਾਂ ਬੱਚੇ ਤਗੜੇ ਹੋ ਜਾਂਦੇ ਹਨ ਅਤੇ ਉਸ ਦੀ ਸਭ ਤੋਂ ਵੱਡੀ ਢਾਲ ਬਣਦੇ ਹਨ।

ਬੱਚਿਆਂ ਨੂੰ ਵੱਧਦੇ ਵੇਖ ਕੇ, ਭਾਵਕ ਖੇਤਰ ਵਿਚ, ਪਤੀ ਦੀ ਮੌਤ ਉਪਰੰਤ ਉਪਜੇ ਸੱਖਣੇਪਣ ਨੂੰ, ਵਿਧਵਾ ਭਰਿਆ-ਭਰਿਆ ਅਨੁਭਵ ਕਰਨ ਲੱਗ ਪੈਂਦੀ ਹੈ।

ਬੱਚੇ ਵਿਧਵਾ ਲਈ ਭਵਿੱਖ ਦਾ ਉਜਾਲਾ ਹੁੰਦੇ ਹਨ, ਜਿਨ੍ਹਾਂ ਦੀ ਰੋਸ਼ਨੀ ਵਿਚ ਉਹ ਆਪਣਾ ਹਨੇਰਾ ਤਿਆਗ ਦੇਣ ਦੀ ਹਿੰਮਤ ਪ੍ਰਾਪਤ ਕਰਦੀ ਹੈ।

ਜੇ ਪਿਤਾ ਜਿਊਂਦਾ ਹੋਵੇ ਤਾਂ ਵਿਧਵਾ ਜਲਦੀ ਹੌਸਲੇ ਵਿਚ ਆ ਜਾਂਦੀ ਹੈ।

ਜੇ ਪਤੀ ਚੰਗਾ ਰਿਹਾ ਹੋਵੇ ਤਾਂ ਉਹ ਮੌਤ ਉਪਰੰਤ ਵੀ ਆਪਣੀ ਪਤਨੀ ਨੂੰ, ਜ਼ਿੰਦਗੀ ਦੇ ਮੋਰਚੇ 'ਤੇ ਡਟ ਜਾਣ ਦਾ ਹੌਸਲਾ ਦਿੰਦਾ ਰਹਿੰਦਾ ਹੈ।

❂❂❂

# ਦੂਜਾ ਵਿਆਹ

ਵੀਹਵੀਂ ਸਦੀ ਦੇ ਪੰਜਾਹਵਿਆਂ ਵਿਚ ਨਵੇਂ ਕਾਨੂੰਨ ਦੇ ਲਾਗੂ ਹੋਣ ਨਾਲ ਪਹਿਲੀ ਪਤਨੀ ਜਾਂ ਪਤੀ ਦੇ ਜਿਊਂਦਿਆਂ ਦੂਜਾ ਵਿਆਹ ਕਰਨਾ ਇਕ ਕਾਨੂੰਨੀ ਜੁਰਮ ਬਣ ਗਿਆ ਸੀ। ਪਹਿਲੀ ਪਤਨੀ ਜਾਂ ਪਹਿਲੇ ਪਤੀ ਦੇ ਜਿਊਂਦਿਆਂ ਦੂਜਾ ਵਿਆਹ ਕਰਵਾਉਣ ਲਈ ਹੁਣ ਇਕ ਮਾਤਰ ਢੰਗ ਤਲਾਕ ਹੀ ਰਹਿ ਗਿਆ ਹੈ।

ਇਸ ਤੋਂ ਇਲਾਵਾ ਪਹਿਲੀ ਪਤਨੀ ਜਾਂ ਪਹਿਲੇ ਪਤੀ ਦੀ ਮੌਤ ਉਪਰੰਤ ਪੁਨਰ-ਵਿਆਹ ਦੀ ਸਹੂਲਤ ਪਹਿਲੇ ਵਾਂਗ ਹੀ ਬਣੀ ਹੋਈ ਹੈ।

ਸਾਡੇ ਦੇਸ਼ ਦੇ ਬਹੁਤੇ ਇਲਾਕਿਆਂ ਵਿਚ ਬਹੁ-ਪਤੀ ਵਿਆਹਾਂ ਦੀ ਪ੍ਰਥਾ ਬਹੁਤ ਘੱਟ ਗਈ ਹੈ, ਜਦੋਂ ਕਿ ਬਹੁ-ਪਤਨੀ ਵਿਆਹਾਂ ਦੀਆਂ ਸੈਂਕੜੇ, ਹਜ਼ਾਰਾਂ ਨਹੀਂ ਸਗੋਂ ਲੱਖਾਂ ਮਿਸਾਲਾਂ ਮਿਲਦੀਆਂ ਹਨ।

ਮੁਸਲਿਮ ਧਰਮ ਅਤੇ ਸਭਿਆਚਾਰ ਨੇ ਆਪਣੇ ਪ੍ਰਭਾਵ ਅਧੀਨ ਖੇਤਰਾਂ ਵਿਚ ਬਹੁ-ਪਤਨੀ ਵਿਆਹਾਂ ਦੀ ਪ੍ਰਥਾ ਨੂੰ ਪ੍ਰਚਲਿਤ ਕੀਤਾ ਹੈ।

ਅਜੋਕੇ ਸਮਾਜ ਵਿਚ ਦੂਜੇ ਵਿਆਹ ਦੀ ਲੋੜ, ਸਮੱਸਿਆ ਅਤੇ ਸੰਭਾਵਨਾ, ਪਹਿਲੀ ਪਤਨੀ ਜਾਂ ਪਹਿਲੇ ਪਤੀ ਦੇ ਮਰ ਜਾਣ ਕਾਰਨ ਅਤੇ ਤਲਾਕ ਦੀ ਸਥਿਤੀ ਵਿਚ ਹੀ ਉਤਪੰਨ ਹੁੰਦੀ ਹੈ।

ਵਿੱਦਿਆ ਦੇ ਪ੍ਰਸਾਰ ਅਤੇ ਔਰਤਾਂ ਦਾ ਵੱਡੀ ਗਿਣਤੀ ਵਿਚ ਨੌਕਰੀ ਕਰਨਾ ਅਜਿਹੇ ਦੋ ਮੁੱਖ ਕਾਰਨ ਹਨ, ਜਿਨ੍ਹਾਂ ਨੇ ਵਿਆਹ ਸਬੰਧੀ ਪਰੰਪਰਾਗਤ ਦ੍ਰਿਸ਼ਟੀਕੋਣ ਨੂੰ ਬਦਲ ਦਿੱਤਾ ਹੈ। ਹੌਲੀ-ਹੌਲੀ ਵਿਆਹ ਦਾ ਆਧਾਰ, ਔਰਤ ਦੀ ਪੁਰਸ਼ ਉੱਤੇ ਆਰਥਿਕ ਨਿਰਭਰਤਾ ਦੀ ਥਾਂ ਭਾਵਕ-ਸਾਂਝ ਬਣਦਾ ਜਾ ਰਿਹਾ ਹੈ।

ਆਪ ਕਮਾਉਂਦੀ ਔਰਤ ਸੁਭਾਵਿਕ ਹੀ ਆਪਣੀ ਸਮਰੱਥਾ ਅਨੁਸਾਰ ਵਿਆਹ ਦੇ ਮਾਮਲੇ ਵਿਚ ਆਪਣੀ ਮਨਮਰਜ਼ੀ ਕਰਦੀ ਹੈ ਅਤੇ ਆਮ ਕਰਕੇ ਵਿਆਹ ਸਮੇਂ ਉਸ ਦੀ ਪ੍ਰਵਾਨਗੀ ਲਈ ਜਾਂਦੀ ਹੈ। ਇਸ ਦੇ ਨਾਲ ਹੀ ਤਲਾਕਸ਼ੁਦਾ ਔਰਤ ਜਾਂ ਵਿਧਵਾ ਔਰਤ ਪ੍ਰਤਿ ਵੀ ਸਮਾਜ ਦਾ ਦ੍ਰਿਸ਼ਟੀਕੋਣ ਘਿਰਣਾ ਦੀ ਥਾਂ ਪ੍ਰਵਾਨਗੀ ਵਾਲਾ ਹੁੰਦਾ ਜਾ ਰਿਹਾ ਹੈ।

ਹੁਣ ਕਿਸੇ ਦੇ ਦੂਜੇ ਵਿਆਹ 'ਤੇ ਹੈਰਾਨੀ ਨਹੀਂ ਹੁੰਦੀ।

ਪਰੰਪਰਾਗਤ ਸਮਾਜ ਨੇ ਵਿਧਵਾ ਦੇ ਦੁਬਾਰਾ ਸੁਹਾਗਣ ਬਣਨ ਉੱਤੇ ਜਿਹੜੀਆਂ ਬੰਦਸ਼ਾਂ ਲਾਈਆਂ ਸਨ, ਉਹ ਆਰਥਿਕ ਸ਼ਕਤੀਆਂ ਦੇ ਸਾਹਮਣੇ ਬਿਲਕੁਲ ਨਿਰਬਲ ਹੋ ਗਈਆਂ ਹਨ ਅਤੇ ਹੁਣ ਵਿਧਵਾ ਜਾਂ ਤਲਾਕਸ਼ੁਦਾ ਔਰਤਾਂ ਨੂੰ ਆਪਣੇ ਭਵਿੱਖ ਸਬੰਧੀ ਫ਼ੈਸਲੇ ਕਰਨ ਦੀ ਖੁੱਲ੍ਹ ਮਿਲ ਰਹੀ ਹੈ।

ਇਸ ਦਾ ਇਕ ਕਾਰਨ ਇਹ ਵੀ ਹੈ ਕਿ ਵਿਧਵਾ ਜਾ ਤਲਾਕਸ਼ੁਦਾ ਔਰਤ ਨੂੰ ਮਾਪੇ ਜਾਂ ਭਰਾ ਆਪਣੀਆਂ ਆਰਥਿਕ ਅਤੇ ਪਰਿਵਾਰਕ ਮਜਬੂਰੀਆਂ ਕਾਰਨ ਆਪਣੇ ਕੋਲ ਰੱਖਣ ਤੋਂ ਅਸਮਰਥ ਹੁੰਦੇ ਜਾ ਰਹੇ ਹਨ।

ਇਸ ਸਥਿਤੀ ਵਿਚ ਆਪਣੀ ਉਮਰ, ਡੀਲਡੌਲ, ਵਿਦਿਅਕ ਯੋਗਤਾ, ਨੌਕਰੀ, ਜਾਇਦਾਦ, ਸੰਤਾਨ ਆਦਿ ਦੇ ਸੰਦਰਭ ਵਿਚ ਦੂਜਾ ਵਿਆਹ ਕਰਵਾਉਣ ਜਾਂ ਨਾ ਕਰਵਾਉਣ ਦਾ ਫੈਸਲਾ, ਬਹੁਤ ਹੱਦ ਤੱਕ ਉਹ ਆਪ ਹੀ ਕਰਦੀ ਹੈ।

ਭਾਵੇਂ ਮਾਪੇ ਜਾਂ ਰਿਸ਼ਤੇਦਾਰ ਮੱਦਦ ਕਰਦੇ ਹਨ ਪਰ ਮੁਖ ਜ਼ਿੰਮੇਵਾਰੀ ਉਸ ਔਰਤ ਦੀ ਆਪਣੀ ਹੁੰਦੀ ਹੈ, ਕਿਉਂਕਿ ਪਹਿਲੇ ਵਿਆਹ ਨੇ ਉਸ ਔਰਤ ਨੂੰ ਦੁਨੀਆਦਾਰੀ ਦੇ ਪੱਖੋਂ, ਸਿਆਣਾ ਬਣਾ ਦਿੱਤਾ ਹੁੰਦਾ ਹੈ।

ਵਿਧਵਾਵਾਂ ਜਾਂ ਤਲਾਕਸ਼ੁਦਾ ਔਰਤਾਂ ਦਾ ਵਿਆਹ ਆਮ ਕਰਕੇ ਪਤੀ ਦੀ ਮੌਤ ਜਾਂ ਤਲਾਕ ਉਪਰੰਤ ਦੋ ਤੋਂ ਚਾਰ ਸਾਲਾਂ ਵਿਚ ਹੋ ਜਾਂਦਾ ਹੈ ਅਤੇ ਵਧੇਰੇ ਸਮਾਂ ਬੀਤਣ ਨਾਲ ਇਹ ਸੰਭਾਵਨਾ ਘੱਟਦੀ ਰਹਿੰਦੀ ਹੈ।

ਬਹੁਤ ਸਾਰੀਆਂ ਵਿਧਵਾਵਾਂ ਦੂਜਾ ਵਿਆਹ ਕਰਨ ਲਈ ਤਿਆਰ ਨਹੀਂ ਹੁੰਦੀਆਂ ਭਾਵੇਂ ਕਿ ਉਨ੍ਹਾਂ ਵਿਚ ਕਿਸੇ ਪੁਰਸ਼ ਦਾ ਸਹਾਰਾ ਪ੍ਰਾਪਤ ਕਰਨ ਦੀ ਅਭਿਲਾਸ਼ਾ ਨਿਰੰਤਰ ਬਣੀ ਰਹਿੰਦੀ ਹੈ।

ਦੂਜਾ ਵਿਆਹ ਨਾ ਕਰਨ ਪਿੱਛੇ ਇੱਕ ਭਾਵਨਾ ਪਹਿਲੇ ਪਤੀ ਪ੍ਰਤਿ ਵਫ਼ਾਦਾਰ ਬਣੇ ਰਹਿਣ ਦੀ ਇੱਛਾ ਹੁੰਦੀ ਹੈ। ਆਉਣ ਵਾਲੇ ਰਿਸ਼ਤੇ ਨੂੰ, ਇਸਤਰੀ ਗੁਆਚੇ ਪਤੀ ਦੇ ਆਦਰਸ਼ਕ ਰੂਪ ਨਾਲ ਤੋਲ ਕੇ, ਆਮ ਕਰਕੇ ਰੱਦ ਕਰ ਦਿੰਦੀ ਹੈ।

ਇੱਕ ਕਾਰਨ ਇਹ ਵੀ ਹੈ ਕਿ ਪਹਿਲੇ ਪਤੀ ਦੇ ਮਰਨ ਉਪਰੰਤ ਉਸ ਨੇ ਬਹੁਤ ਹੱਦ ਤੱਕ ਆਪਣੇ ਆਪ ਨੂੰ ਇਕੱਲਿਆਂ ਰਹਿਣ ਲਈ ਤਿਆਰ ਕਰ ਲਿਆ ਹੁੰਦਾ ਹੈ ਅਤੇ ਮੁਢੋਂ-ਸੁਢੋਂ ਇਕ ਨਵੇਂ ਰਿਸ਼ਤੇ ਨੂੰ ਨਿਭਾਉਣ ਅਤੇ ਨਵਾਂ ਬੋਝ ਚੁੱਕਣ ਲਗਿਆਂ ਉਹ ਅਨੁਭਵ ਕਰਦੀ ਹੈ ਕਿ ਵਿਆਹ ਸਬੰਧੀ ਜੋ ਕੁਝ ਵੀ ਚੰਗਾ ਸੀ, ਉਹ ਤਾਂ ਪਹਿਲੇ ਪਤੀ ਨਾਲ ਚਲਾ ਗਿਆ ਹੈ ਅਤੇ ਦੂਜੇ ਵਿਆਹ ਦੀ ਸੋਚ ਨਾਲ ਹੀ ਉਹ ਥੱਕ ਜਾਂਦੀ ਹੈ।

ਬੱਚੇ ਹੋਣ ਦੀ ਸੂਰਤ ਵਿਚ ਉਹ ਆਪਣੇ ਪਤੀ ਨੂੰ ਉਨ੍ਹਾਂ ਵਿਚੋਂ ਵੇਖਦੀ ਹੈ ਅਤੇ ਉਨ੍ਹਾਂ ਉੱਤੇ ਕਿਸੇ ਪਰਾਏ ਮਰਦ ਦਾ ਪ੍ਰਛਾਵਾਂ ਉਹ ਬਰਦਾਸ਼ਤ ਕਰਨ ਲਈ ਤਿਆਰ ਨਹੀਂ ਹੁੰਦੀ।

ਇਕ ਕਾਰਨ ਇਹ ਵੀ ਹੁੰਦਾ ਹੈ ਕਿ ਭਾਰਤੀ ਇਸਤਰੀਆਂ ਦਾ ਕਾਮ-ਸੰਭੋਗ ਸਬੰਧੀ ਦ੍ਰਿਸ਼ਟੀਕੋਣ ਬੜਾ ਸੀਮਤ ਹੈ ਅਤੇ ਕਾਮ-ਸੰਭੋਗ ਦੀ ਲੋੜ ਉਨ੍ਹਾਂ ਲਈ ਬਹੁਤੀ ਖਿੱਚ ਨਹੀਂ ਰੱਖਦੀ।

ਸੋਚਣ-ਸਮਝਣ ਅਤੇ ਮਹਿਸੂਸ ਕਰਨ ਵਾਲੀ ਔਰਤ ਆਪਣੇ ਆਪ ਨੂੰ ਦੁਬਾਰਾ ਕੈਦ ਵਿਚ ਨਹੀਂ ਪਾਉਣਾ ਚਾਹੁੰਦੀ।

ਜੇਕਰ ਪਹਿਲਾ ਪਤੀ ਚੰਗਾ ਵਿਅਕਤੀ ਸਾਬਤ ਨਾ ਹੋਇਆ ਹੋਵੇ ਤਾਂ ਫਿਰ ਮੁਸ਼ਕਿਲਾਂ ਦਾ ਸਾਹਮਣਾ ਕਰਨ ਲਈ ਉਹ ਦੂਜੇ ਵਿਆਹ ਦਾ ਸੁਪਨਾ ਵੀ ਨਹੀਂ ਲੈਣਾ ਚਾਹੁੰਦੀ।

ਪਤਨੀ ਦੀ ਮੌਤ ਉਪਰੰਤ ਪੁਰਸ਼ ਨੂੰ ਵੀ ਅਨੇਕਾਂ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ ਪਰ ਉਸ ਦੀਆਂ ਮੁਸ਼ਕਿਲਾਂ ਕਈ ਕਾਰਨਾਂ ਕਰਕੇ ਅਸਹਿ ਨਹੀਂ ਹੁੰਦੀਆਂ। ਇਸ ਦਾ ਇਕ ਕਾਰਨ ਇਹ ਹੁੰਦਾ ਹੈ ਕਿ ਅਸੀਂ ਪੁਰਸ਼-ਪ੍ਰਧਾਨ ਸਮਾਜ ਵਿਚ ਰਹਿ ਰਹੇ ਹਾਂ।

ਨਿਰਸੰਦੇਹ ਪੁਰਸ਼ ਆਪਣੀ ਪਤਨੀ ਦੀ ਮੌਤ ਦੇ ਦੁੱਖ ਨੂੰ ਔਖ-ਸੌਖ ਨਾਲ ਬਰਦਾਸ਼ਤ ਕਰ ਲੈਂਦਾ ਹੈ। ਇਸ ਦਾ ਮੁੱਖ ਕਾਰਨ ਇਹ ਹੁੰਦਾ ਹੈ ਕਿ ਪਤਨੀ ਦੀ ਮੌਤ ਦੇ ਬਾਵਜੂਦ ਘਰ ਦੀ ਆਰਥਿਕਤਾ ਲਗਭਗ ਜਿਉਂ ਦੀ ਤਿਉਂ ਬਣੀ ਰਹਿੰਦੀ ਹੈ।

ਸਾਡੇ ਸਮਾਜ ਦੀ ਬਣਤਰ ਹੀ ਕੁਝ ਇਸ ਪ੍ਰਕਾਰ ਦੀ ਹੈ ਕਿ ਪਤਨੀ ਦੀ ਮੌਤ ਉਪਰੰਤ ਆਰਥਿਕ ਪੱਖੋਂ ਔਰਤ ਦੇ ਨਿਗੂਣੇ ਹੋਣ ਕਾਰਨ ਵੀ, ਉਸ ਪੁਰਸ਼ ਨੂੰ ਦੂਜੇ ਵਿਆਹ ਦੀਆਂ ਅਨੇਕਾਂ ਪੇਸ਼ਕਸ਼ਾਂ ਹੁੰਦੀਆਂ ਹਨ। ਵਿਧਵਾ ਦੇ ਵਿਆਹ ਦੇ ਰਾਹ ਵਿਚ ਅਨੇਕਾਂ ਰੁਕਾਵਟਾਂ ਹਨ, ਜਿਨ੍ਹਾਂ ਕਰਕੇ ਵਿਧਵਾ ਦੇ ਵਿਆਹ ਵਿਚ ਦੇਰੀ ਹੋ ਜਾਂਦੀ ਹੈ ਪਰ ਆਰਥਿਕ ਪੱਖੋਂ ਸਮਰੱਥ ਅਤੇ ਸੁਯੋਗ ਹੋਣ ਦੀ ਸਥਿਤੀ ਵਿਚ, ਪੁਰਸ਼ ਨੂੰ ਦੂਜਾ ਵਿਆਹ ਕਰਨ ਵਿਚ ਕੋਈ ਵਿਸ਼ੇਸ਼ ਮੁਸ਼ਕਿਲ ਨਹੀਂ ਹੁੰਦੀ।

ਔਰਤ ਲਈ ਵਿਆਹ ਕਰਨਾ ਅਤੇ ਘਰ ਵਸਾਉਣਾ ਉਸ ਦੀ ਪਹਿਲੀ ਲੋੜ ਹੁੰਦੀ ਹੈ ਜਦੋਂ ਕਿ ਪੁਰਸ਼ ਲਈ ਆਰਥਿਕ ਪੱਖੋਂ ਸੁਯੋਗ ਹੋਣਾ ਪਹਿਲੀ ਲੋੜ ਹੁੰਦੀ ਹੈ।

ਜਿਹੜਾ ਵੀ ਆਰਥਿਕ ਪੱਖੋਂ ਸੁਯੋਗ ਹੋਵੇਗਾ ਭਾਵੇਂ ਉਹ ਔਰਤ ਹੋਵੇ ਜਾਂ ਪੁਰਸ਼, ਉਸ ਦੇ ਪਹਿਲੇ ਜਾਂ ਦੂਜੇ ਵਿਆਹ ਸਬੰਧੀ ਬਹੁਤੀ ਮੁਸ਼ਕਿਲ ਨਹੀਂ ਆਉਂਦੀ। ਪਤਨੀ ਦੇ ਮਰਨ ਨਾਲ ਪਤੀ ਦਾ ਰੋਜ਼ਗਾਰ ਅਤੇ ਘਰ ਉਵੇਂ ਦੇ ਉਵੇਂ ਬਣੇ ਰਹਿੰਦੇ ਹਨ, ਘਰ ਕੰਮ ਕਰਨ ਵਾਲੀ ਇਕ ਔਰਤ ਦੀ ਅਸਾਮੀ ਖਾਲੀ ਹੋ ਜਾਂਦੀ ਹੈ, ਜਦੋਂ ਕਿ ਪਤੀ ਦੇ ਮਰਨ ਉਪਰੰਤ ਔਰਤ ਦਾ ਨਿਰਬਾਹ ਅਤੇ ਘਰ ਲਈ ਕਮਾਉਣ ਦਾ ਸਾਧਨ ਸਭ ਕੁਝ ਰੁੱਕ ਜਾਂਦਾ ਹੈ ਅਤੇ ਔਰਤ ਸਭ ਪਾਸਿਆਂ ਤੋਂ ਨਿਹੱਥੀ ਅਤੇ ਨਿਰਸਾਧਨ ਹੋ ਜਾਂਦੀ ਹੈ ਕਿਉਂਕਿ ਵਿਆਹ ਸਬੰਧਾਂ ਵਿਚ ਔਰਤ ਅਕਸਰ ਅਧੀਨਗੀ ਵਿਚ ਵਿਚਰਦੀ ਹੈ ਅਤੇ ਪੁਰਸ਼ ਸਰਦਾਰੀ ਕਰਦਾ ਹੈ।

ਦੂਜੇ ਵਿਆਹ ਰਾਹੀਂ ਪੁਰਸ਼ ਨੂੰ ਆਪਣੀ ਸਰਦਾਰੀ ਦੂਜੀ ਵਾਰੀ ਸਥਾਪਤ ਕਰਨ ਦਾ 'ਅਵਸਰ' ਮਿਲਦਾ ਹੈ, ਜਦੋਂ ਕਿ ਵਿਧਵਾ ਨੂੰ ਦੂਜੀ ਵਾਰੀ 'ਸਜ਼ਾ' ਭੁਗਤਣ ਲਈ ਕਿਹਾ ਜਾਂਦਾ ਹੈ। ਇਸ ਸਥਿਤੀ ਵਿਚ ਦੋਹਾਂ ਧਿਰਾਂ ਦੇ ਪ੍ਰਤੀਕਰਮਾਂ ਦਾ ਅਨੁਮਾਨ ਸਹਿਜੇ ਹੀ ਲਾਇਆ ਜਾ ਸਕਦਾ ਹੈ।

ਪਰੰਪਰਾਗਤ ਸਮਾਜਾਂ ਵਿਚ ਪੁਰਸ਼ ਤੋਂ ਇਹ ਆਸ ਵੀ ਕੀਤੀ ਜਾਂਦੀ ਹੈ ਕਿ ਉਹ ਵਿਰਲਾਪ ਨਾ ਕਰੇ ਅਤੇ ਪੁਰਸ਼ ਹੋਣ ਕਾਰਨ ਟੱਬਰ ਨੂੰ ਚਲਦਾ ਰੱਖੇ।

ਸਾਡੇ ਸਮਾਜ ਵਿਚ ਵਿਧਵਾ ਹੋਣਾ ਔਰਤ ਦੀ ਬਦਕਿਸਮਤੀ ਹੀ ਨਹੀਂ ਸਗੋਂ ਉਸ ਦਾ ਦੋਸ਼ ਵੀ ਸਮਝਿਆ ਜਾਂਦਾ ਹੈ, ਜਦੋਂ ਕਿ ਰੰਡੇ ਹੋਣ ਨੂੰ ਇਕ ਨੁਕਸਾਨ ਜਾਂ ਸਮੱਸਿਆ ਹੀ ਸਮਝਿਆ ਜਾਂਦਾ ਹੈ।

ਵਿਧਵਾ ਦੇ ਦੁਬਾਰਾ ਵਿਆਹ ਕਰਾਉਣ ਦੇ ਰਾਹ ਵਿਚ ਵੱਡੀ ਮੁਸ਼ਕਿਲ ਰਿਸ਼ਤੇਦਾਰ ਔਰਤਾਂ ਹੀ ਬਣਦੀਆਂ ਹਨ, ਜਦੋਂ ਕਿ ਰੰਡੇ ਦਾ ਦੂਜਾ ਵਿਆਹ ਕਰਾਉਣ ਵਿਚ ਸਭ ਤੋਂ ਵੱਧ ਮਦਦ ਰਿਸ਼ਤੇਦਾਰ ਔਰਤਾਂ ਕਰਦੀਆਂ ਹਨ।

ਬੱਚੇ ਹੋਣ ਦੀ ਸੂਰਤ ਵਿਚ ਇਕ ਰੰਡਾ ਵਿਅਕਤੀ, ਉਨ੍ਹਾਂ ਨੂੰ ਬਹਾਨੇ ਵਜੋਂ ਵਰਤ ਕੇ, ਦੂਜਾ ਵਿਆਹ ਕਰਵਾਉਣਾ ਚਾਹੁੰਦਾ ਹੈ।

ਆਪਣੇ ਸਹੁਰਿਆਂ ਨਾਲ ਸਬੰਧ ਸਾਵੇਂ ਨਾ ਹੋਣ ਦੀ ਸੂਰਤ ਵਿਚ ਰੰਡੇ ਜਾਂ ਤਲਾਕਸ਼ੁਦਾ ਵਿਅਕਤੀ ਲਈ ਦੂਜਾ ਵਿਆਹ ਆਪਣੀ ਅਸਫਲਤਾ ਨੂੰ ਸਫਲਤਾ ਵਿਚ ਬਦਲਣ ਦਾ ਇਕ ਉਪਰਾਲਾ ਵੀ ਹੁੰਦਾ ਹੈ।

ਕਾਰਨ ਕੁਝ ਵੀ ਹੋਵੇ, ਬਹਾਨਾ ਕੋਈ ਵੀ ਹੋਵੇ, ਇਕ ਰੰਡਾ ਵਿਅਕਤੀ, ਕੁਆਰੀ ਔਰਤ ਨੂੰ ਆਪਣੀ ਦੂਜੀ ਪਤਨੀ ਬਣਾ ਕੇ ਆਪਣੇ ਆਪ ਨੂੰ ਮੁੜ ਜਵਾਨ ਸਮਝਦਾ ਹੈ ਅਤੇ ਆਪਣੇ ਆਪ ਨੂੰ ਇਹ ਭੁਲੇਖਾ ਪਾਉਂਦਾ ਹੈ ਕਿ ਉਹ ਸਭ ਕੁਝ ਠੀਕ-ਠਾਕ ਕਰ ਲਵੇਗਾ। ਇਵੇਂ ਰੰਡੇਪਣ ਪੁਰਸ਼ ਲਈ ਸਰਾਪ ਦੀ ਥਾਂ ਵਰਦਾਨ ਬਣ ਜਾਂਦਾ ਹੈ ਪਰ ਹੌਲੀ-ਹੌਲੀ ਜਦੋਂ ਦੂਜੇ ਵਿਆਹ ਦੀਆਂ ਸਮੱਸਿਆਵਾਂ ਉਪਜਦੀਆਂ ਹਨ ਤਾਂ ਉਸ ਨੂੰ 'ਇਨਾਮ' ਮੁਸੀਬਤ ਲੱਗਣ ਲੱਗ ਪੈਂਦਾ ਹੈ।

ਉਪਰੋਕਤ ਸਥਿਤੀ ਵਿਚ ਕੁਆਰੀ ਔਰਤ ਨੂੰ ਬਹਿਆ ਜਾਂ ਪੁਰਾਣਾ ਪੁਰਸ਼ ਮਿਲਣ ਕਾਰਨ ਵਧੀਕੀ ਹੋਈ ਹੁੰਦੀ ਹੈ ਅਤੇ ਉਹ ਅਚੇਤ ਹੀ ਆਪਣੇ ਪਤੀ ਤੋਂ ਬਦਲੇ ਲੈਂਦੀ ਹੈ।

ਤਲਾਕ ਦੀ ਸਮੱਸਿਆ ਸਿੱਧੇ ਤੌਰ ਉਤੇ ਦੂਜੇ ਵਿਆਹ ਨਾਲ ਜੁੜੀ ਹੋਈ ਹੈ।

ਤਲਾਕ ਦਾ ਸਿੱਧਾ ਉਦੇਸ਼ ਦੂਜਾ ਵਿਆਹ ਕਰਨ ਦੀ ਯੋਗਤਾ ਪ੍ਰਾਪਤ ਕਰਨਾ ਹੁੰਦਾ ਹੈ। ਅਜੋਕੇ ਯੁੱਗ ਵਿਚ ਇਹ ਇਕ ਭੁਲੇਖਾ ਹੈ ਕਿ ਵਿਆਹ ਟੁੱਟ ਰਹੇ ਹਨ ਕਿਉਂਕਿ ਤਲਾਕ ਵੱਧ ਰਹੇ ਹਨ ਪਰ ਅਸਲੀਅਤ ਇਹ ਹੈ ਕਿ ਅਣਸੁਖਾਵੇਂ ਵਿਆਹ ਜਾਂ ਨਰੜ ਕੇ ਬਣਾਏ ਹੋਏ ਵਿਆਹ ਹੀ ਟੁੱਟ ਰਹੇ ਹਨ, ਜਦੋਂ ਕਿ ਸੁਖਾਵੇਂ ਵਿਆਹ ਅਤੇ ਸੁਖੀ ਘਰ ਦੀ ਅਭਿਲਾਸ਼ਾ ਪੁਰਸ਼ਾਂ ਅਤੇ ਇਸਤਰੀਆਂ, ਦੋਹਾਂ ਵਿਚ ਵੱਧ ਰਹੀ ਹੈ।

ਜਿਤਨੇ ਤਲਾਕ ਹੁੰਦੇ ਹਨ, ਉਤਨੇ ਹੀ ਸਮਾਜ ਵਿਚ ਵਧੇਰੇ ਵਿਆਹ ਹੁੰਦੇ ਹਨ।

ਦੂਜਾ ਵਿਆਹ ਹੁਣ ਸਮਾਜ ਵਿਚ ਪ੍ਰਵਾਨ ਹੋਣ ਲੱਗ ਪਿਆ ਹੈ।

ਤਲਾਕਸ਼ੁਦਾ ਵਿਅਕਤੀ ਆਪਣੇ ਚੰਗਾ ਹੋਣ ਦੇ ਤੱਥ ਨੂੰ ਸਥਾਪਤ ਕਰਨ ਲਈ ਦੂਜਾ ਵਿਆਹ ਕਰਵਾਉਣਾ ਚਾਹੁੰਦਾ ਹੈ ਅਤੇ ਕਾਮ-ਸੰਭੋਗ ਵਿਚ ਉਸ ਦਾ ਮੁੱਢਲਾ ਵਿਹਾਰ ਬੜਾ ਜੋਸ਼ੀਲਾ ਹੁੰਦਾ ਹੈ।

ਕਈ ਵਾਰੀ ਗਲਤ ਥਾਂ ਵਿਆਹ ਹੋਣ ਕਾਰਨ 'ਗਲਤ' ਵਿਅਕਤੀ ਤੋਂ ਛੁਟਕਾਰਾ ਪਾਉਣ ਲਈ ਵੀ ਤਲਾਕ ਲਿਆ ਜਾਂਦਾ ਹੈ ਅਤੇ ਕਈ ਵਾਰੀ ਪਹਿਲੇ ਵਿਆਹ ਦੇ ਅਣਸੁਖਾਵੇਂ ਅਨੁਭਵ ਕਰਕੇ ਦੂਜਾ ਵਿਆਹ ਕਰਨ ਤੋਂ ਡਰ ਵੀ ਲੱਗਦਾ ਹੈ ਪਰ ਆਪਣੇ ਚੰਗਾ ਹੋਣ ਦਾ ਭੁਲੇਖਾ ਸਿਰਜ ਕੇ ਅਤੇ ਦੂਜੀ ਧਿਰ ਦੇ ਸਿਰ ਵਿਆਹ ਟੁੱਟਣ ਦਾ ਸਾਰਾ ਦੋਸ਼ ਮੜ੍ਹਨ ਨਾਲ ਇਹ ਧਿਰ ਵੀ ਕੋਈ ਨਾ ਕੋਈ ਬਹਾਨਾ ਬਣਾ ਕੇ ਦੂਜਾ ਵਿਆਹ ਕਰਾਉਣ ਲਈ ਤਿਆਰ ਹੋ ਜਾਂਦੀ ਹੈ।

ਸਾਡੇ ਸਮਾਜ ਵਿਚ ਤਲਾਕਸ਼ੁਦਾ ਪੁਰਸ਼ਾਂ ਅਤੇ ਔਰਤਾਂ ਦਾ ਇਕ ਨਵਾਂ ਵਰਗ ਉਸਰ ਰਿਹਾ ਹੈ। ਅਜਿਹੇ ਪੁਰਸ਼ਾਂ ਅਤੇ ਔਰਤਾਂ ਵਿਚਕਾਰ ਨਵੀਆਂ ਥਾਂਵਾਂ 'ਤੇ ਦੂਜੇ ਵਿਆਹ ਦੀਆਂ ਸੰਭਾਵਨਾਵਾਂ ਵੀ ਉਜਾਗਰ ਹੋ ਰਹੀਆਂ ਹਨ।

ਵਿਆਹ ਸਬੰਧੀ 'ਸੰਜੋਗਾਂ' ਵਾਲਾ ਭਰਮ ਦੂਜੇ ਵਿਆਹ ਉਤੇ ਲਾਗੂ ਨਹੀਂ ਹੁੰਦਾ ਕਿਉਂਕਿ ਹੁਣ ਦੂਜੇ ਵਿਆਹ ਨੂੰ ਇਕ ਲੋੜ ਸਮਝਿਆ ਜਾਣ ਲਗ ਪਿਆ ਹੈ।

ਜਦੋਂ ਇਕ ਤਲਾਕਸ਼ੁਦਾ ਪੁਰਸ਼ ਦਾ ਇਕ ਤਲਾਕਸ਼ੁਦਾ ਔਰਤ ਨਾਲ ਵਿਆਹ ਹੁੰਦਾ ਹੈ ਤਾਂ ਉਨ੍ਹਾਂ ਦੇ ਬਿਸਤਰੇ ਵਿਚ ਦੋ ਨਹੀਂ, ਚਾਰ ਬੰਦੇ ਵੜੇ ਹੁੰਦੇ ਹਨ ਅਤੇ ਨਵੇਂ ਪਤੀ-ਪਤਨੀ ਵਿਚਲਾ ਸਭ ਪ੍ਰਕਾਰ ਦਾ ਲੈਣ-ਦੇਣ ਉਪਭਾਵਕਤਾ-ਰਹਿਤ ਅਤੇ ਵਧੇਰੇ ਯਥਾਰਥਕ ਪੱਧਰ ਉੱਤੇ ਸਿੱਧਾ ਅਤੇ ਸਪਸ਼ਟ ਹੁੰਦਾ ਹੈ।

ਕਈ ਥਾਂਈਂ ਦੂਜਾ ਵਿਆਹ ਇਤਨਾ ਵਧੇਰੇ ਸਫ਼ਲ ਹੁੰਦਾ ਹੈ ਕਿ ਪਹਿਲਾ ਵਿਆਹ ਯਾਦ ਹੀ ਨਹੀਂ ਆਉਂਦਾ। ਸੱਚ ਤਾਂ ਇਹ ਹੈ ਕਿ ਇਹ ਦਸਿਆ ਹੀ ਨਹੀਂ ਜਾ ਸਕਦਾ ਕਿ ਪਹਿਲਾ ਵਿਆਹ ਵਧੇਰੇ ਸਫ਼ਲ ਹੁੰਦਾ ਹੈ ਜਾਂ ਦੂਜਾ।

ਭਾਰਤ ਵਿਚ ਸਥਿਤੀ ਅਜੇ ਦੂਜੇ ਵਿਆਹ ਤਕ ਹੀ ਪਹੁੰਚੀ ਹੈ ਜਦੋਂ ਕਿ ਯੂਰਪ, ਅਮਰੀਕਾ ਵਿਚ ਤੀਜੇ, ਚੌਥੇ, ਪੰਜਵੇਂ ਵਿਆਹ ਨੂੰ ਵੀ ਆਮ ਗੱਲ ਸਮਝਿਆ ਜਾਂਦਾ ਹੈ।

ਸਾਡੇ ਦੇਸ਼ ਵਿਚ ਹੁਣ ਦੂਜੇ ਵਿਆਹ ਨੂੰ ਵੀ ਪਹਿਲੇ ਵਿਆਹ ਜਿੰਨਾ ਹੀ ਸਨਮਾਨ ਮਿਲਣ ਲੱਗ ਪਿਆ ਹੈ ਅਤੇ ਦੂਜਾ ਵਿਆਹ ਇਕ ਸਮੱਸਿਆ ਨਾ ਰਹਿ ਕੇ, ਨਿਤਪ੍ਰਤੀ ਦੇ ਜੀਵਨ ਦਾ ਇਕ ਆਮ ਸਾਧਾਰਨ ਅੰਗ ਬਣ ਗਿਆ ਹੈ।

ਕੁਝ ਸਮੇਂ ਮਗਰੋਂ ਤੀਜਾ ਵਿਆਹ ਵੀ ਪ੍ਰਵਾਨ ਹੋ ਜਾਵੇਗਾ।

ਪੂੰਜੀਵਾਦ ਨੇ ਜਦੋਂ ਹਰ ਖੇਤਰ ਵਿਚ ਵੰਨ-ਸੁਵੰਨਤਾ ਲੈ ਆਂਦੀ ਹੈ ਤਾਂ ਵਿਆਹ ਦਾ ਖੇਤਰ ਇਸ ਦੇ ਪ੍ਰਭਾਵਾਂ ਤੋਂ ਕਿਵੇਂ ਬੱਚ ਸਕਦਾ ਹੈ ? ਦੂਜੇ ਵਿਆਹ ਵਾਲੇ ਨਵੇਂ ਪਤੀ-ਪਤਨੀ ਇਕ ਦੂਜੇ ਨੂੰ ਨਵੇਂ ਮਾਡਲ ਸਮਝਣ ਲੱਗ ਪਏ ਹਨ ਅਤੇ ਵਿਆਹ ਦੇ ਖੇਤਰ ਵਿਚ ਵੀ ਨਵੇਂ ਪ੍ਰਯੋਗ ਕਰਨ ਦੀ ਰੁਚੀ ਬਲਵਾਨ ਹੋ ਰਹੀ ਹੈ।

ਦੂਜਾ ਵਿਆਹ ਇਕ ਨਵਾਂ ਪ੍ਰਯੋਗ ਹੁੰਦਾ ਹੈ।

ਇਸ ਦੂਜੇ ਵਿਆਹ ਦੀ ਸਫ਼ਲਤਾ ਜਾਂ ਅਸਫ਼ਲਤਾ ਪ੍ਰਯੋਗ ਕਰਨ ਉਪਰੰਤ ਹੀ ਨਿਰਖੀ-ਪਰਖੀ, ਸਮਝੀ ਅਤੇ ਸਮਝਾਈ ਜਾ ਸਕਦੀ ਹੈ।

# ਔਰਤ ਦੀ ਆਜ਼ਾਦੀ

ਔਰਤ ਨੂੰ ਗੁਲਾਮ ਰੱਖਣ ਲਈ ਸਦੀਆਂ ਤੋਂ ਮਨੁੱਖ ਬੜੇ ਬਰੀਕ, ਸੂਖਮ, ਚਲਾਕੀ-ਭਰੇ ਅਤੇ ਮਿੱਠੇ ਹਥਿਆਰ ਵਰਤਦਾ ਆ ਰਿਹਾ ਹੈ।

ਇਨ੍ਹਾਂ ਹਥਿਆਰਾਂ ਦੀ ਨਿਰੰਤਰ ਵਰਤੋਂ ਕਾਰਨ ਔਰਤ ਨੇ ਸ਼ਿਕਾਰ ਹੋਣ ਨੂੰ ਆਪਣਾ ਦੁਰਭਾਗ ਸਮਝਣ ਦੀ ਬਜਾਇ ਆਪਣੀ ਹੋਣੀ ਸਮਝਣਾ ਸ਼ੁਰੂ ਕਰ ਦਿੱਤਾ ਹੈ ਅਤੇ ਨਤੀਜਾ ਇਹ ਹੋਇਆ ਹੈ ਕਿ ਔਰਤ ਨੇ ਆਪਣਾ ਜੀਵਨ ਹੀ ਉਨ੍ਹਾਂ ਲੀਹਾਂ ਉੱਤੇ ਢਾਲ ਲਿਆ ਹੈ ਕਿ ਮਰਦ ਵਲੋਂ ਔਰਤ ਨੂੰ ਗੁਲਾਮ ਬਣਾਏ ਜਾਣ ਦੇ ਅਮਲ ਵਿਚ ਕਿਸੇ ਮੁਸ਼ਕਿਲ ਦੀ ਥਾਂ ਆਨੰਦ ਦਾ ਅਹਿਸਾਸ ਹੋਵੇ।

ਉਦਾਹਰਣ ਵਜੋਂ ਕਿਹਾ ਜਾਂਦਾ ਹੈ ਕਿ ਪਤਨੀ, ਪਤੀ ਨਾਲੋਂ ਮੱਧਰੀ ਹੋਣੀ ਚਾਹੀਦੀ ਹੈ, ਉਹ ਪਤੀ ਦੇ ਮੁਕਾਬਲੇ ਘੱਟ ਪੜ੍ਹੀ-ਲਿਖੀ ਹੋਣੀ ਚਾਹੀਦੀ ਹੈ, ਉਹ ਉਮਰ ਵਿਚ ਪਤੀ ਨਾਲੋਂ ਛੋਟੀ ਹੋਣੀ ਚਾਹੀਦੀ ਹੈ, ਉਹ ਸਰੀਰਕ ਪੱਖੋਂ ਵੀ ਪਤੀ ਨਾਲੋਂ ਵੱਧ ਤਗੜੀ ਨਹੀਂ ਹੋਣੀ ਚਾਹੀਦੀ, ਪਤਨੀ ਆਰਥਿਕ ਪੱਖੋਂ ਨੀਵੇਂ ਟੱਬਰ ਵਿਚੋਂ ਲੈਣੀ ਚਾਹੀਦੀ ਹੈ, ਸ਼ਰਮ ਔਰਤ ਦਾ ਗਹਿਣਾ ਹੈ, ਔਰਤ ਨੂੰ ਧੀਮੀ ਆਵਾਜ਼ ਵਿਚ ਬੋਲਣਾ ਚਾਹੀਦਾ ਹੈ, ਔਰਤ ਨੂੰ ਘਰ ਵਿਚ ਰਹਿਣਾ ਚਾਹੀਦਾ ਹੈ, ਉਸ ਨੂੰ ਆਪਣੀ ਨਜ਼ਰ ਨੀਵੀਂ ਰੱਖਣੀ ਚਾਹੀਦੀ ਹੈ, ਉਸ ਨੂੰ ਨਿਮਰਤਾ ਦਾ ਪ੍ਰਗਟਾਵਾ ਕਰਨਾ ਚਾਹੀਦਾ ਹੈ ਅਤੇ ਉਸ ਵਿਚ ਤਿਆਗ ਅਤੇ ਕੁਰਬਾਨੀ ਦੀ ਭਾਵਨਾ ਹੋਣੀ ਚਾਹੀਦੀ ਹੈ।

ਇਵੇਂ ਹੀ ਸੰਜਮ, ਸੰਕੋਚ ਆਦਿ 'ਗੁਣ' ਸਲਾਹੇ ਜਾਂਦੇ ਹਨ।

ਉਪਰੋਕਤ ਸਾਰੀਆਂ ਗੱਲਾਂ ਅਸਲ ਵਿਚ ਨਾ ਤਾਂ ਗੁਣ ਹਨ ਅਤੇ ਨਾ ਹੀ ਇਨ੍ਹਾਂ ਦਾ ਔਰਤ ਨਾਲ ਕੋਈ ਤਰਕਸੰਗਤ ਸਬੰਧ ਹੈ।

ਸੱਚ ਤਾਂ ਇਹ ਹੈ ਕਿ ਉਪਰੋਕਤ ਸਾਰੀਆਂ ਗੱਲਾਂ ਉਹ ਸ਼ਰਤਾਂ ਹਨ, ਜਿਹੜੀਆਂ ਔਰਤ ਨੂੰ ਮਰਦ ਨਾਲ ਰਿਸ਼ਤਾ ਗੰਢਣ, ਅਰਥਾਤ ਵਿਆਹ ਕਰਵਾਉਣ ਲਈ, ਮੰਨਣੀਆਂ ਜ਼ਰੂਰੀ ਹਨ ਤਾਂ ਕਿ ਮਰਦ ਵਲੋਂ ਔਰਤ ਨੂੰ ਆਪਣੇ ਅਧੀਨ ਕਰਨ ਦੇ ਰਾਹ ਵਿਚ ਕਿਸੇ ਵਿਰੋਧਤਾ ਦਾ ਸਾਹਮਣਾ ਨਾ ਕਰਨਾ ਪਵੇ।

ਲੰਮਾ ਕੱਦ, ਵੱਡੀ ਉਮਰ, ਵਧੇਰੇ ਸ਼ਕਤੀਸ਼ਾਲੀ ਡੀਲਡੌਲ, ਉੱਚੀ ਰੋਹਬ ਭਰੀ ਆਵਾਜ਼, ਉਚੇਰਾ ਟੱਬਰ, ਵਧੇਰੇ ਵਿੱਦਿਆ, ਆਕੜ, ਮਾਣ ਅਤੇ ਅਣਖ ਆਦਿ ਜਿਹੇ ਲੱਛਣ ਸੁਤੇ-ਸਿੱਧ ਮਰਦ ਨੂੰ, ਔਰਤ ਦੇ ਮੁਕਾਬਲੇ ਹਰ ਪੱਖੋਂ ਵਧੇਰੇ ਸ਼ਕਤੀ, ਉਚੇਰਾ ਰੁਤਬਾ ਅਤੇ ਮਹੱਤਵ ਪ੍ਰਦਾਨ ਕਰਦੇ ਹਨ।

ਛੋਟੀ ਉਮਰ, ਬਾਹਰ ਘੁੰਮਣ ਫਿਰਨ ਉੱਤੇ ਪਾਬੰਦੀ ਕਾਰਨ ਅਤੇ ਅਗਿਆਨਤਾ ਵਿਚ ਵਿਚਰਦੀ ਔਰਤ ਨੂੰ ਅਧੀਨ ਕਰਨਾ ਬੜਾ ਸੌਖਾ ਹੁੰਦਾ ਹੈ।

ਅੱਗੋਂ ਇਹੀ ਔਰਤ ਅਗਲੀ ਸੰਤਾਨ ਅਤੇ ਵਿਸ਼ੇਸ਼ ਕਰਕੇ ਧੀਆਂ ਨੂੰ ਇਨ੍ਹਾਂ ਸੁਝਾਈਆਂ ਹੋਈਆਂ ਲੀਹਾਂ ਉਤੇ ਪਾਲਦੀ ਹੋਈ ਮਰਦ ਵਲੋਂ ਔਰਤ ਦੇ ਕੀਤੇ ਜਾਣ ਵਾਲੇ ਸ਼ੋਸ਼ਣ ਵਿਚ ਖੁਸ਼ੀ-ਖੁਸ਼ੀ ਸਹਾਈ ਹੁੰਦੀ ਹੈ।

ਅੱਜ ਤੱਕ ਪੁਰਸ਼ ਹੀ ਔਰਤ ਨੂੰ ਛੱਡਦੇ ਆਏ ਹਨ, ਘਰੋਂ ਕੱਢਦੇ ਰਹੇ ਹਨ ਪਰ ਜਦੋਂ ਕੋਈ ਔਰਤ, ਪੁਰਸ਼ ਨੂੰ ਤਿਲਾਂਜਲੀ ਦਿੰਦੀ ਹੈ ਤਾਂ ਮਰਦ ਆਪਣਾ ਸਰੀਰਕ-ਮਾਨਸਿਕ ਸਭ ਪ੍ਰਕਾਰ ਦਾ ਸੰਤੁਲਨ ਗੁਆ ਬੈਠਦਾ ਹੈ।

ਭਾਰਤੀ ਸਮਾਜ ਵਿਚ ਭਾਵੇਂ ਔਰਤ ਕਿਸੇ ਵੀ ਧਰਮ ਨਾਲ ਸੰਬੰਧਿਤ ਹੈ, ਉਸ ਦੀ ਸਮਾਜਿਕ ਸਥਿਤੀ ਹਿੰਦੂ-ਧਰਮ ਦੀਆਂ ਪਾਈਆਂ ਲੀਹਾਂ ਉੱਤੇ ਹੀ ਉਸਰੀ ਹੋਈ ਹੈ।

ਇਸਲਾਮੀ ਸਮਾਜ ਵਿਚ ਇਸਤਰੀ ਦੀ ਹਾਲਤ ਵਧੇਰੇ ਤਰਸਯੋਗ ਹੈ, ਕਿਉਂਕਿ ਉਸ ਨੂੰ ਬੁਰਕੇ ਦੀ ਚਲਦੀ-ਫਿਰਦੀ ਜੇਲ੍ਹ ਵਿਚ ਵਿਚਰਨਾ ਪੈਂਦਾ ਹੈ।

ਔਰਤ ਨੂੰ ਕਿਸਮਤ ਅਤੇ ਅਗਲੇ ਸੰਸਾਰ ਦੇ ਵਾਅਦੇ ਕਰ ਕੇ, ਸੰਘਰਸ਼ ਦੇ ਰਾਹ ਉਤੇ ਆਉਣ ਹੀ ਨਹੀਂ ਦਿੱਤਾ ਗਿਆ।

ਜ਼ਾਤਪਾਤ ਨੇ ਔਰਤ ਦੀ ਗੁਲਾਮੀ ਨੂੰ ਪੱਕਿਆਂ ਕੀਤਾ ਹੈ।

ਔਰਤ ਵਿਆਹ ਨਹੀਂ ਕਰਦੀ, ਔਰਤ ਨਾਲ ਵਿਆਹ ਕੀਤਾ ਜਾਂਦਾ ਹੈ।

ਭੂਗੋਲਿਕ ਤੌਰ ਉਤੇ ਵੀ ਔਰਤ ਜਿਸ ਥਾਂ, ਸਮਾਜ ਜਾਂ ਇਲਾਕੇ ਵਿਚ ਜੰਮਦੀ ਹੈ, ਆਪਣੀ ਬਹੁਤੀ ਜ਼ਿੰਦਗੀ ਉਥੇ ਹੀ ਗੁਜ਼ਾਰਦੀ ਹੈ।

ਔਰਤ ਨੂੰ ਗੁਲਾਮ ਬਣਾਉਣ ਦੇ ਹੋਰ ਵੀ ਕਈ ਢੰਗ ਵਰਤੇ ਜਾਂਦੇ ਰਹੇ ਹਨ।

ਔਰਤ ਦੇ ਮਾਂ ਬਣਨ ਉੱਤੇ ਬਹੁਤ ਜ਼ੋਰ ਦਿੱਤਾ ਗਿਆ ਹੈ ਅਤੇ ਉਸ ਦੀ ਮੁਕਤੀ ਨੂੰ ਉਸ ਦੇ ਪੁੱਤਰ ਨਾਲ ਜੋੜ ਦਿੱਤਾ ਗਿਆ ਹੈ।

ਉਸ ਨੂੰ ਆਪਣੀ ਜ਼ਿੰਦਗੀ ਦਾ ਸਭ ਤੋਂ ਚੰਗਾ ਹਿੱਸਾ ਗਰਭ ਦੀਆਂ ਅਤਿ ਮੁਸ਼ਕਿਲ ਜ਼ਿੰਮੇਵਾਰੀਆਂ ਵਿਚ ਹੀ ਗੁਜ਼ਾਰਨਾ ਪੈਂਦਾ ਹੈ।

ਜਦੋਂ ਉਹ ਇਸ ਪਾਸੇ ਤੋਂ ਵਿਹਲੀ ਹੁੰਦੀ ਹੈ ਤਾਂ ਉਸ ਕੋਲ ਆਪਣਾ ਕੁਝ ਵੀ ਨਹੀਂ ਹੁੰਦਾ। ਬੱਚਿਆਂ ਦੀ ਪਛਾਣ ਵੀ ਪਿਤਾ ਦੇ ਨਾਂ ਨਾਲ ਹੁੰਦੀ ਹੈ।

ਇਸ ਸਥਿਤੀ ਵਿਚ ਆਸ ਕੀਤੀ ਜਾਂਦੀ ਹੈ ਕਿ ਔਰਤ ਮਾਂ ਦੇ ਰੂਪ ਵਿਚ ਆਪਣੇ ਆਪ ਨੂੰ ਮਿਟਾ ਦੇਵੇ।

ਔਰਤ ਕਿਸੇ ਜਾਇਦਾਦ ਦੀ ਮਾਲਕ ਨਹੀਂ ਬਣਨ ਦਿੱਤੀ ਗਈ, ਇਸੇ ਲਈ ਸੰਕਟ-ਕਾਲੀਨ ਸਥਿਤੀ ਵਿਚ ਉਸ ਕੋਲ ਸਿਵਾਇ ਆਪਣੇ ਸਰੀਰ ਦੇ ਕੁਝ ਹੁੰਦਾ ਹੀ ਨਹੀਂ। ਇਸ ਲਈ ਉਹ ਇਸੇ ਨੂੰ ਵਰਤਣ-ਵੇਚਣ ਲਈ ਮਜਬੂਰ ਹੁੰਦੀ ਹੈ।

ਪੁਰਸ਼, ਜਵਾਨੀ ਵਿਚ ਸਭ ਤੋਂ ਵਧੇਰੇ ਉੱਨਤੀ ਕਰਦਾ ਹੈ, ਜਦੋਂ ਕਿ ਔਰਤ ਦਾ ਸਭ ਤੋਂ ਵੱਧ ਸ਼ੋਸ਼ਣ, ਜਵਾਨੀ ਵਿਚ ਹੀ ਹੁੰਦਾ ਹੈ।

ਉਸ ਨੂੰ ਮੁੜ-ਮੁੜ ਗਰਭਵਤੀ ਕਰ ਕੇ ਮਰਦ ਨੇ ਔਰਤ ਨੂੰ ਆਜ਼ਾਦੀ ਦਾ ਸੰਕਲਪ ਹੀ ਗ੍ਰਹਿਣ ਨਹੀਂ ਕਰਨ ਦਿੱਤਾ।

ਛੋਟੀ ਉਮਰ ਵਿਚ ਵਿਆਹ ਅਸਲ ਵਿਚ ਮਰਦ ਵਲੋਂ ਔਰਤ ਉੱਤੇ ਆਪਣੀ ਜਕੜ ਬਣਾਈ ਰੱਖਣ ਦਾ ਇਕ ਉਪਰਾਲਾ ਸੀ।

ਕਿਸੇ ਫੈਸਲੇ ਵਿਚ ਕਿਉਂਕਿ ਔਰਤ ਦੀ ਸਲਾਹ ਲਈ ਹੀ ਨਹੀਂ ਜਾਂਦੀ, ਇਸੇ ਲਈ ਔਰਤ ਨੂੰ ਲੋੜ ਅਨੁਸਾਰ ਸੋਚਣ ਦੀ ਲੋੜ ਹੀ ਅਨੁਭਵ ਨਾ ਹੋਣ ਕਾਰਨ, ਸੋਚਣ ਦੀ ਆਦਤ ਹੀ ਨਹੀਂ ਪਈ ਅਤੇ ਇਹ ਪਰਚਾਰਿਆ ਗਿਆ ਕਿ ਔਰਤ ਅਤੇ ਅਕਲ ਦਾ ਆਪਸ ਵਿਚ ਕੋਈ ਸਬੰਧ ਨਹੀਂ ਅਰਥਾਤ ਵਪਾਰ ਅਤੇ ਰਾਜਨੀਤੀ ਵਿਚ ਔਰਤ ਤੋਂ ਕਿਸੇ ਸਿਆਣਪ ਦੀ ਆਸ ਕਰਨੀ ਵਿਅਰਥ ਹੈ।

ਸੋਚਵਾਨ ਔਰਤ, ਮਰਦ ਲਈ ਇਕ ਚਣੌਤੀ ਹੁੰਦੀ ਹੈ।

ਵੱਧ ਪੜ੍ਹੀ ਲਿਖੀ ਔਰਤ, ਪਤੀ ਲਈ ਇੱਕ ਸਮੱਸਿਆ ਹੁੰਦੀ ਹੈ।

ਹੁਣ ਜਦੋਂ ਸਥਿਤੀ ਬਦਲ ਰਹੀ ਹੈ, ਪੁਰਸ਼ ਲਈ ਔਰਤ ਨਾਲ ਰਿਸ਼ਤੇ ਦੇ ਹਰ ਖੇਤਰ ਵਿਚ ਸਮੱਸਿਆਵਾਂ ਉਪਜ ਰਹੀਆਂ ਹਨ।

ਜਿੱਥੇ ਵੀ ਪਰੰਪਰਾਗਤ ਲੀਹਾਂ ਨੂੰ ਔਰਤ ਨੇ ਉਲੰਘਣ ਦਾ ਯਤਨ ਕੀਤਾ ਹੈ, ਸਮੁੱਚੀ ਮਰਦ-ਜਾਤ ਨੇ ਉਸ ਉਤੇ ਦੂਸ਼ਣ ਲਾਏ ਹਨ, ਜਿਹੜੇ ਅਸਲ ਵਿਚ ਮਰਦ ਦੀ ਆਪਣੀ ਡਾਵਾਂਡੋਲ ਸਥਿਤੀ ਦਾ ਹੀ ਪ੍ਰਗਟਾਵਾ ਹੁੰਦੇ ਹਨ।

ਔਰਤ ਦੀਆਂ ਕਈ ਨਵੀਆਂ ਸਮਾਜਿਕ ਵੰਨਗੀਆਂ ਦਾ ਸਮਾਜ ਵਿਚ ਪ੍ਰਵੇਸ਼ ਹੋਇਆ ਹੈ, ਜਿਵੇਂ ਵਿਧਵਾ, ਤਲਾਕਸ਼ੁਦਾ, ਅਣ-ਵਿਆਹੀ ਆਦਿ।

ਇਹ ਸਾਰੀਆਂ ਵੰਨਗੀਆਂ ਮਰਦ ਦੇ ਮੁਕਾਬਲੇ ਔਰਤ ਨੂੰ ਨੀਵਾਂ ਦੱਸਣ ਦੇ ਯਤਨ ਹਨ। ਅਜਿਹੇ ਹੋਰ ਵੀ ਅਨੇਕਾਂ ਸਾਧਨ ਹਨ, ਜਿਵੇਂ ਪਤਨੀ ਪਤੀ ਨੂੰ 'ਤੁਸੀਂ' ਕਹਿੰਦੀ ਹੈ ਜਦੋਂ ਕਿ ਪਤੀ, ਪਤਨੀ ਨੂੰ 'ਤੂੰ' ਕਹਿੰਦਾ ਹੈ।

ਇਵੇਂ ਹੀ ਸਾਲੇ ਦਾ ਦਰਜਾ ਦਿਓਰ ਨਾਲੋਂ ਨੀਵਾਂ ਹੈ।

ਔਰਤ ਕਮਰੇ ਵਿਚ ਆਵੇ ਤਾਂ ਪਤੀ ਨਹੀਂ ਉਠਦਾ, ਜਦੋਂ ਕਿ ਪਤੀ ਦੇ ਆਉਣ ਉਤੇ ਪਤਨੀ ਤੋਂ ਉਠ ਖੜ੍ਹੇ ਹੋਣ ਦੀ ਆਸ ਕੀਤੀ ਜਾਂਦੀ ਹੈ।

ਔਰਤ ਲਈ ਵਰਤੀ ਜਾਣ ਵਾਲੀ ਸ਼ਬਦਾਵਲੀ ਵੀ ਨੀਵੀਂ ਪੱਧਰ ਦੀ ਹੁੰਦੀ ਹੈ।

ਬਰਾਤੀ ਬਣਨਾ ਹੋਵੇ ਤਾਂ ਮਰਦ ਬਣੇਗਾ ਪਰ ਜੇ ਕਿਸੇ ਦੇ ਮਰੇ ਦਾ ਭੋਗ ਹੋਵੇ ਤਾਂ ਇਸ ਕਾਰਜ ਲਈ ਔਰਤ ਜਾਵੇਗੀ।

ਜੇ ਪਤੀ, ਪਤਨੀ ਇਕ ਹੀ ਦਫਤਰ ਵਿਚ ਕੰਮ ਕਰਦੇ ਹਨ ਤਾਂ ਕਿਸੇ ਨਾ ਕਿਸੇ ਬਹਾਨੇ ਪੁਰਸ਼, ਔਰਤ ਦੇ ਮੁਕਾਬਲੇ ਆਪਣੀ ਤਨਖਾਹ ਨੂੰ ਵਧੇਰੇ ਸਥਾਪਤ ਕਰੇਗਾ।

ਪੁਰਸ਼, ਔਰਤ ਨਾਲ ਮਖੌਲ ਕਰ ਸਕਦਾ ਹੈ ਪਰ ਔਰਤ ਨੂੰ ਇਹ ਆਗਿਆ ਨਹੀਂ।

ਪਤੀ ਦੀ ਮੌਤ ਉਪਰੰਤ ਜਾਇਦਾਦ ਦੀ ਮਾਲਕ ਔਰਤ ਨਹੀਂ ਬਣਦੀ, ਉਸ

ਦਾ ਪੁੱਤਰ ਬਣੇਗਾ, ਅਰਥਾਤ ਔਰਤ ਇਕ ਮਰਦ ਦੀ ਥਾਂ ਦੂਜੇ ਮਰਦ ਉੱਤੇ ਨਿਰਭਰ ਹੋ ਜਾਵੇਗੀ।

ਪੁਰਸ਼ ਦਾ ਮਨਪ੍ਰਚਾਵਾ ਘਰੋਂ ਬਾਹਰ ਅਤੇ ਬਹੁਤ ਮਹਿੰਗਾ ਹੁੰਦਾ ਹੈ ਜਦੋਂ ਕਿ ਔਰਤ ਲਈ ਇਹ ਅਵਸਰ ਕਿਸੇ ਤਿਉਹਾਰ ਜਾ ਰਿਸ਼ਤੇਦਾਰੀ ਵਿਚ ਕਿਸੇ ਵਿਆਹ ਸਮੇਂ ਹੀ ਉਪਜਦਾ ਹੈ।

ਮੁੰਡੇ ਗਲੀਆਂ ਵਿਚ ਕਈ ਖੇਡਾਂ ਖੇਡਦੇ ਹਨ, ਕੁੜੀਆਂ ਘਰਾਂ ਅੰਦਰ ਗੀਟੇ ਖੇਡਣ ਤੱਕ ਸੀਮਿਤ ਹੋ ਜਾਂਦੀਆਂ ਰਹੀਆਂ ਹਨ।

ਕੁੜੀਆਂ ਲਈ ਖੁਲ੍ਹੀ ਧੁੱਪ ਅਤੇ ਖੁਲ੍ਹੀ ਹਵਾ ਵਰਜਿਤ ਰਹੀਆਂ ਹਨ।

ਅਸਲੀਅਤ ਇਹ ਹੈ ਕਿ ਸਮੁੱਚੇ ਭਾਰਤੀ ਦਰਸ਼ਨ ਵਿਚ ਅਤੇ ਸਾਰੇ ਧਰਮਾਂ ਵਿਚ ਔਰਤ ਦੀ ਆਜ਼ਾਦੀ ਦਾ ਸੰਕਲਪ ਹੀ ਨਹੀਂ ਉਸਰਿਆ।

ਅੰਗ੍ਰੇਜ਼ਾਂ ਦੇ ਆਉਣ ਨਾਲ ਆਜ਼ਾਦੀ ਦਾ ਸੰਕਲਪ ਪ੍ਰਾਪਤ ਹੋਣ ਮਗਰੋਂ ਹੀ ਇਸ ਸੰਕਲਪ ਦੀਆਂ ਸੰਭਾਵਨਾਵਾਂ ਉਜਾਗਰ ਹੋਣੀਆਂ ਸੰਭਵ ਹੋਈਆਂ ਹਨ।

ਬਹੁਤ ਸਾਰੇ ਖੇਤਰਾਂ ਵਿਚ ਔਰਤ ਨੇ ਕੁਝ ਆਜ਼ਾਦੀ ਪ੍ਰਾਪਤ ਕੀਤੀ ਹੈ ਪਰ ਉਸ ਦੀ ਸਮੁੱਚੀ ਸਥਿਤੀ ਵਿਚ ਬਹੁਤੀ ਤਬਦੀਲੀ ਨਹੀਂ ਆਈ।

ਹਾਂ, ਹੁਣ ਪੁਰਸ਼ ਦੀ ਤਾਨਾਸ਼ਾਹੀ ਨੂੰ ਵੰਗਾਰ ਜ਼ਰੂਰ ਪੈਣ ਲੱਗ ਪਈ ਹੈ।

◇◇◇

# ਹੱਸਣਾ

ਜਿਉਂ ਜਿਉਂ ਮਨੁੱਖੀ ਸਭਿਅਤਾ ਨੇ ਵਿਕਾਸ ਕੀਤਾ ਹੈ, ਤਿਉਂ ਤਿਉਂ ਹੱਸਣ ਦੀ ਸੰਭਾਵਨਾ ਅਤੇ ਸਮਰੱਥਾ ਘੱਟਦੀ ਗਈ ਹੈ। ਹੁਣ ਤਾਂ ਇਥੋਂ ਤੱਕ ਕਿਹਾ ਜਾਣ ਲੱਗ ਪਿਆ ਹੈ ਕਿ 'ਜਿਤਨਾ ਉੱਚਾ ਹਾਸਾ, ਉਤਨਾ ਖੋਖਲਾ ਦਿਮਾਗ।'

ਹੁਣ ਕਿਹਾ ਜਾਂਦਾ ਹੈ ਕਿ ਹਾਸਾ ਦਿਮਾਗੀ ਖਾਲੀਪਣ ਵਿਚੋਂ ਉਪਜਿਆ ਖੜਾਕ ਹੁੰਦਾ ਹੈ। ਮਨੁੱਖ ਜਾਨਵਰਾਂ ਤੋਂ ਹੋਰ ਆਧਾਰਾਂ ਦੇ ਨਾਲ ਨਾਲ ਇਸ ਕਰਕੇ ਵੀ ਵੱਖਰਾ ਮੰਨਿਆ ਜਾਂਦਾ ਹੈ, ਕਿਉਂਕਿ ਜਾਨਵਰ ਮਨੁੱਖ ਵਾਂਗ ਹੱਸਦੇ ਜਾਂ ਰੋਂਦੇ ਨਹੀਂ।

ਹੱਸਣਾ ਅਤੇ ਰੋਣਾ ਮਨੁੱਖੀ ਅਨੁਭਵ ਦੇ ਦੋ ਸਿਰੇ ਹਨ।

ਇਨ੍ਹਾਂ ਦੋ ਸਿਰਿਆਂ ਵਿਚਕਾਰ ਕਈ ਹੋਰ ਮਾਨਸਿਕ ਰੂਪ ਆ ਜਾਂਦੇ ਹਨ, ਜਿਵੇਂ ਖੁਲਾਸੀ ਮੁਸਕਰਾਹਟ ਅਤੇ ਹਲਕੀ ਮੁਸਕਰਾਹਟ।

ਅਚਾਨਕ ਕਿਸੇ ਗੱਲ ਦੇ ਸਮਝ ਪੈਣ ਨਾਲ ਚਿਹਰੇ ਉਤੇ ਜੋ ਚਮਕ ਪੈਦਾ ਹੁੰਦੀ ਹੈ, ਉਹ ਪ੍ਰਸੰਨਤਾ ਇਕ ਅਨੋਖਾ ਪ੍ਰਭਾਵ ਉਸਾਰਦੀ ਹੈ।

ਹਾਸਾ ਅਤੇ ਹਾਸੇ ਦੀ ਪ੍ਰਕਾਰ ਇਸ ਗੱਲ ਉਤੇ ਨਿਰਭਰ ਕਰਦੀ ਹੈ ਕਿ ਗੱਲ ਦਾ ਵਿਸ਼ਾ ਕੀ ਹੈ, ਸਥਿਤੀ ਕੀ ਹੈ, ਸਮਾਂ ਕੀ ਹੈ ਅਤੇ ਸਾਡੇ ਨਾਲ ਕੌਣ ਹੈ ?

ਕੋਈ ਅਧੀਨ ਵਿਅਕਤੀ ਆਪਣੇ ਅਫਸਰ ਸਾਹਮਣੇ ਨਹੀਂ ਹੱਸ ਸਕਦਾ। ਔਰਤ ਬੇਗਾਨਿਆਂ ਸਾਹਮਣੇ ਨਹੀਂ ਹੱਸ ਸਕਦੀ, ਬੁੱਢੇ ਜਵਾਨਾਂ ਸਾਹਮਣੇ ਨਹੀਂ ਹੱਸ ਸਕਦੇ ਅਤੇ ਬੱਚੇ ਅਧਿਆਪਕਾਂ ਸਾਹਮਣੇ ਨਹੀਂ ਹੱਸਦੇ।

ਹੱਸਣਾ ਸਾਡੀ ਸ਼ਖ਼ਸੀਅਤ ਵਿਚੋਂ ਉਪਜਦਾ ਹੈ।

ਜਿਹੋ ਜਿਹੀ ਸ਼ਖ਼ਸੀਅਤ ਉਹੋ ਜਿਹਾ ਹਾਸਾ। ਹਾਸਾ ਸਾਡੀ ਵਿਦਿਅਕ ਯੋਗਤਾ, ਆਰਥਿਕ ਸਥਿਤੀ, ਸਮਾਜ ਵਿਚ ਸਾਡੇ ਸਥਾਨ, ਦੂਜਿਆਂ ਨਾਲ ਸਾਡੇ ਰਿਸ਼ਤੇ ਅਤੇ ਜ਼ਿੰਦਗੀ ਬਾਰੇ ਸਾਡੇ ਦ੍ਰਿਸ਼ਟੀਕੋਣ ਉਤੇ ਨਿਰਭਰ ਕਰਦਾ ਹੈ।

ਤੁਸੀਂ ਕਈ ਚਿਹਰੇ ਵੇਖੇ ਹੋਣਗੇ, ਜਿਨ੍ਹਾਂ ਨੂੰ ਵੇਖ ਕੇ ਇੰਜ ਪ੍ਰਤੀਤ ਹੁੰਦਾ ਹੈ ਕਿ ਇਹ ਕਦੀ ਹੱਸੇ ਹੀ ਨਹੀਂ ਅਤੇ ਕਈ ਚਿਹਰੇ ਇਤਨੇ ਖਿੜੇ ਹੋਏ ਹੁੰਦੇ ਹਨ ਕਿ ਪ੍ਰਤੀਤ ਹੁੰਦਾ ਹੈ ਕਿ ਇਹ ਸੁੱਤੇ ਵੀ ਹੱਸਦੇ ਹੀ ਰਹਿੰਦੇ ਹੋਣਗੇ।

ਉਦਾਸ ਚਿਹਰਿਆਂ ਨੂੰ ਜਦੋਂ ਹਾਲ-ਚਾਲ ਪੁੱਛੋ ਤਾਂ ਉਨ੍ਹਾਂ ਦੇ ਉੱਤਰ ਉਨ੍ਹਾਂ ਦੀ ਮਾਨਸਿਕ ਅਤੇ ਸਰੀਰਕ ਬਣਤਰ ਅਨੁਸਾਰ ਹੀ ਹੋਣਗੇ। ਜਿਵੇਂ: 'ਜੋ ਟਾਈਮ ਗੁਜ਼ਰ ਜਾਵੇ, ਸ਼ੁਕਰ ਹੈ। ਜ਼ਿੰਦਗੀ ਕੱਟ ਰਹੇ ਹਾਂ। ਜਿਵੇਂ ਕਿਵੇਂ ਸਮਾਂ ਲੰਘ ਰਿਹਾ ਹੈ। ਕੀ ਦੱਸੀਏ, ਬੇਹਾਲ ਹੋਏ ਪਏ ਹਾਂ, ਛੋਟੀ ਨੂੰਹ ਨੇ ਨੱਕ ਵਿਚ ਦਮ ਕੀਤਾ ਹੋਇਆ ਹੈ। ਕੀ ਪੁੱਛਦੇ ਹੋ, ਲੋਕਾਂ ਦੀ

ਔਲਾਦ ਮਾਪਿਆਂ ਨੂੰ ਸੁੱਖ ਦਿੰਦੀ ਹੈ, ਸਾਡੀ ਔਲਾਦ ਤਾਂ ਸਾਡੇ ਲਈ ਕੰਡੇ ਬੀਜ ਰਹੀ ਹੈ।' ਆਦਿ ਕੁਝ ਥੱਕੇ ਹੋਏ ਜਵਾਬ ਹਨ, ਜਿਹੜੇ ਉਦਾਸੀ ਵਿਚੋਂ ਉਪਜਦੇ ਅਤੇ ਉਦਾਸੀ ਉਪਜਾਉਂਦੇ ਹਨ।

ਅਜਿਹੇ ਉਦਾਸ, ਦੁਖੀ ਲੋਕ ਜਦੋਂ ਹੱਸਦੇ ਹਨ ਤਾਂ ਇਂਜ ਲੱਗਦਾ ਹੈ, ਜਿਵੇਂ ਅਸਲ ਵਿਚ ਉਨ੍ਹਾਂ ਦਾ ਮਨ ਰੋਣ ਨੂੰ ਕਰ ਰਿਹਾ ਹੋਵੇ।

ਇਹ ਉਵੇਂ ਹੀ ਹੈ ਜਿਵੇਂ ਕੋਈ ਕਵਾਲੀ ਗਾਉਂਦਾ-ਗਾਉਂਦਾ ਬਹਾਦਰ ਸ਼ਾਹ ਜ਼ਫ਼ਰ ਦੀ ਗਜ਼ਲ ਪੜ੍ਹਨ ਲਗ ਪਏ ਜਾਂ ਜਿਵੇਂ ਕਿਸੇ ਹੱਸਦੇ ਬੰਦੇ ਨੂੰ ਚੀਸ ਪੈ ਜਾਵੇ।

ਹੱਸਣ ਦੇ ਕੁਝ ਸਰਬ-ਵਿਆਪਕ ਆਧਾਰ ਹਨ।

ਸਭ ਤੋਂ ਵੱਧ ਹਾਸਾ ਸਰੀਰਕ ਵਿਸੰਗਤੀਆਂ ਵਿਚੋਂ ਉਪਜਦਾ ਹੈ, ਜਿਵੇਂ ਮਧਰਾ ਪਤੀ, ਲੰਮੀ ਪਤਨੀ ਜਾਂ ਬਹੁਤ ਮੋਟਾ ਪਤੀ ਅਤੇ ਬਹੁਤ ਪਤਲੀ ਪਤਨੀ ਜਾਂ ਕਿਸੇ ਦਾ ਬਹੁਤ ਲੰਮਾ ਹੋਣਾ ਜਾਂ ਬਹੁਤ ਮੋਟਾ ਹੋਣਾ ਆਦਿ।

ਕਈ ਵਾਰ ਹਾਸਾ ਲਿਬਾਸ ਵਿਚੋਂ ਵੀ ਉਪਜਦਾ ਹੈ, ਜਿਵੇਂ ਗਰਮੀਆਂ ਵਿਚ ਸਵੈਟਰ ਪਾਉਣਾ, ਬੁਨੈਨ ਨਾਲ ਟਾਈ ਲਾਉਣੀ ਆਦਿ।

ਕਈ ਵਾਰ ਹਾਸਾ ਕਿਸੇ ਦੇ ਨਾਂ ਵਿਚੋਂ ਵੀ ਉਪਜਦਾ ਹੈ, ਜਿਵੇਂ ਕਿਸੇ ਚਲਾਕ ਬੰਦੇ ਦਾ ਨਾਂ ਭੋਲਾ ਸਿੰਘ ਹੋਵੇ ਜਾਂ ਬਿਲੀ ਤੋਂ ਡਰਨ ਵਾਲੇ ਦਾ ਨਾਂ ਸ਼ੇਰ ਸਿੰਘ ਹੋਵੇ ਜਾਂ ਮੂਰਖ ਦਾ ਨਾਂ ਹੋਸ਼ਿਆਰ ਚੰਦ ਹੋਵੇ।

ਮਾਨਸਿਕ ਅਸੰਗਤੀਆਂ ਵੀ ਹਾਸਾ ਉਪਜਾਉਣ ਦਾ ਕਾਰਨ ਹੁੰਦੀਆਂ ਹਨ, ਜਿਵੇਂ ਕਹਿਣਾ ਕੁਝ ਅਤੇ ਮਤਲਬ ਕੁਝ ਹੋਰ ਨਿਕਲਣਾ।

ਸਥਿਤੀ ਦੀ ਵਿਸੰਗਤੀ ਤੋਂ ਵੀ ਹਾਸਾ ਉਪਜਦਾ ਹੈ, ਜਿਵੇਂ ਲੜਕੇ ਦਾ ਲੜਕੀਆਂ ਦੇ ਹੋਸਟਲ ਵਿਚ ਜਾਣਾ, ਪਤਨੀ ਵੱਲੋਂ ਪਤੀ ਨੂੰ ਕੁਟਾਪਾ, ਕੁਰਸੀ ਤੋਂ ਡਿੱਗ ਪੈਣਾ, ਅਨਪੜ੍ਹ ਵਿਅਕਤੀ ਦਾ ਪੜ੍ਹਿਆਂ-ਲਿਖਿਆਂ ਵਿਚ ਆਪਣੇ ਪੜ੍ਹੇ-ਲਿਖੇ ਹੋਣ ਦਾ ਪ੍ਰਭਾਵ ਪਾਉਣਾ ਆਦਿ ਸਥਿਤੀਆਂ ਹਾਸਾ ਉਪਜਾਉਂਦੀਆਂ ਹਨ।

ਅਸੀਂ ਆਪਣੇ ਤੌਰ-ਤਰੀਕੇ ਨਾਲ ਵੀ ਹਾਸਾ ਉਪਜਾਉਂਦੇ ਹਾਂ, ਜਿਵੇਂ ਪਤਨੀ ਵੱਲੋਂ ਪਤੀ ਦੀ ਪੱਗ ਬੰਨ੍ਹਣਾ ਜਾਂ ਕਿਸੇ ਪੁਰਸ਼ ਵੱਲੋਂ ਪਤਨੀ ਸਾਹਮਣੇ ਭਾਂਡੇ ਮਾਂਜਣਾ।

ਬੋਲੀ ਵੀ ਹਾਸੇ ਨੂੰ ਉਪਜਾਉਂਦੀ ਹੈ। ਦੂਹਰੇ ਅਰਥ ਕੱਢਣ ਦੀ ਪ੍ਰਵਿਰਤੀ ਜਾਣੀ-ਪਛਾਣੀ ਹੈ, ਸੋ ਉਦਾਹਰਣਾਂ ਦੇਣ ਦੀ ਲੋੜ ਨਹੀਂ।

ਦੂਜਿਆਂ ਉਤੇ ਹੱਸ ਕੇ ਅਸੀਂ ਆਪਣੇ ਠੀਕ ਹੋਣ ਦਾ ਭੁਲੇਖਾ ਉਸਾਰਦੇ ਹਾਂ।

ਹੱਸਣ ਨਾਲ, ਰੋਣ ਵਾਂਗ ਹੀ ਅਸੀਂ ਹਲਕੇ-ਫੁਲਕੇ ਅਨੁਭਵ ਕਰਦੇ ਹਾਂ। ਇਵੇਂ ਹਾਸਾ ਸਾਨੂੰ ਭਾਵਕ ਪੱਖ ਤੋਂ ਹੁਲਾਰਾ ਦੇ ਕੇ ਸੁਤੰਤਰਤਾ ਪ੍ਰਦਾਨ ਕਰਦਾ ਹੈ।

ਹਾਸਾ, ਆਜ਼ਾਦੀ ਵਿਚੋਂ ਉਪਜਦਾ ਅਤੇ ਆਜ਼ਾਦੀ ਉਪਜਾਉਂਦਾ ਹੈ।

ਹਾਸੇ ਰਾਹੀਂ ਅਸੀਂ ਉਨ੍ਹਾਂ ਸਥਿਤੀਆਂ ਨੂੰ ਯਾਦ ਕਰਦੇ ਹਾਂ ਜਦੋਂ ਅਸੀਂ ਮੂਰਖਾਂ ਵਾਂਗ ਵਰਤਾਰਾ ਕੀਤਾ ਸੀ। ਇਵੇਂ ਹਾਸ-ਵਿਅੰਗ ਨਾਟਕਾਂ ਵਿਚ, ਹਾਸੇ ਰਾਹੀਂ ਦਰਸ਼ਕਾਂ ਦਾ ਮਨ-ਪ੍ਰਚਾਵਾ ਕੀਤਾ ਜਾਂਦਾ ਹੈ।

ਹਾਸਾ ਸਾਡੇ ਵਿਚ ਅਗਿਆਨਤਾ ਅਤੇ ਇਸ ਤੋਂ ਉਪਜਣ ਵਾਲੇ ਦੋਸ਼ਾਂ ਦੀ ਸ਼ੁੱਧੀ ਕਰਦਾ ਹੈ ਅਤੇ ਸਾਡੇ ਵਿਚ ਆਲੇ-ਦੁਆਲੇ ਦੀ ਸਮਝ ਵਧਾਉਂਦਾ ਹੈ।

ਹਾਸੇ ਨਾਲ ਅਸੀਂ ਗੁਆਚੇ ਸੰਤੁਲਨ ਨੂੰ ਮੁੜ ਪ੍ਰਾਪਤ ਕਰਦੇ ਹਾਂ।

ਅਸੀਂ ਸਾਰੇ ਅਸਲ ਨਾਲੋਂ ਵਧੇਰੇ ਸਿਆਣੇ ਪ੍ਰਤੀਤ ਹੋਣ ਦੇ ਯਤਨ ਵਿਚ ਬਨਾਵਟ ਅਤੇ ਹਉਮੈ ਦਾ ਸ਼ਿਕਾਰ ਹੋ ਜਾਂਦੇ ਹਾਂ ਅਤੇ ਹਾਸਾ ਸਾਨੂੰ ਇਨ੍ਹਾਂ ਨੁਕਸਾਂ ਤੋਂ ਮੁਕਤ ਕਰਨ ਦਾ ਵੀ ਸਾਧਨ ਹੁੰਦਾ ਹੈ।

ਜਿਸ ਵਿਅਕਤੀ ਜਾਂ ਸਥਿਤੀ ਉੱਤੇ ਅਸੀਂ ਹੱਸਦੇ ਹਾਂ ਉਹ ਸਮਾਜ ਦੀ ਹਿਤਕਾਰੀ ਨਹੀਂ ਹੁੰਦੀ ਅਤੇ ਹਾਸੇ ਰਾਹੀਂ ਅਸੀਂ ਉਸ ਦੀ ਹੋਂਦ ਜਾਂ ਕਾਰਜ-ਕੁਸ਼ਲਤਾ 'ਤੇ ਟਿੱਪਣੀ ਕਰਕੇ ਉਸ ਦੇ ਪ੍ਰਭਾਵ ਨੂੰ ਖ਼ਤਮ ਕਰ ਦਿੰਦੇ ਹਾਂ।

ਅਸੀਂ ਹੱਸ ਕੇ ਗ਼ਲਤ ਧਿਰ ਨੂੰ ਠੀਕ ਲੀਹ ਉੱਤੇ ਆਉਣ ਲਈ ਇਸ਼ਾਰਾ ਕਰਦੇ ਹਾਂ।

ਮਨੋਵਿਗਿਆਨਕ ਪੱਖ ਤੋਂ ਹਾਸੇ ਨਾਲ ਸਾਡੇ ਮਨ ਉਤੇ ਪਏ ਦਬਾਓ ਅਤੇ ਸਥਿਤੀ ਦੇ ਤਣਾਓ ਦੂਰ ਹੁੰਦੇ ਹਨ।

ਤਣਾਓ ਤੋਂ ਛੁਟਕਾਰਾ ਪਾਉਣ ਲਈ ਹੱਸਣਾ ਜ਼ਰੂਰੀ ਹੁੰਦਾ ਹੈ।

ਸਾਨੂੰ ਭੁਲੇਖਾ ਹੁੰਦਾ ਹੈ ਕਿ ਅਸੀਂ ਸਭ ਥਾਂ ਹੱਸ ਸਕਦੇ ਹਾਂ।

ਕੋਈ ਵੀ ਵਿਅਕਤੀ ਵਿਰੋਧੀ ਜਾਂ ਖਤਰੇ ਵਾਲੀ ਸਥਿਤੀ ਵਿਚ ਤਣ ਜਾਣ ਕਾਰਨ ਹੱਸ ਨਹੀਂ ਸਕਦਾ। ਅਜਨਬੀਆਂ ਵਿਚ ਬੈਠੇ ਅਸੀਂ ਲੋੜ ਨਾਲੋਂ ਵਧੇਰੇ ਗੰਭੀਰ ਹੋ ਜਾਂਦੇ ਹਾਂ ਅਤੇ ਸਾਨੂੰ ਪਤਾ ਨਹੀਂ ਲੱਗਦਾ ਕਿ ਕਿਹੜੇ ਵਿਸ਼ੇ 'ਤੇ ਕੀ ਗੱਲ ਕੀਤੀ ਜਾਵੇ।

ਹਾਸਾ ਆਪਣੇ ਜਾਣੂਆਂ-ਪਛਾਣੂਆਂ ਨਾਲ ਹੀ ਸੰਭਵ ਹੁੰਦਾ ਹੈ।

ਹਾਸੇ ਤੋਂ ਆਪਸੀ ਰਿਸ਼ਤੇ, ਜਾਣ-ਪਛਾਣ ਦੀ ਪੱਧਰ ਅਤੇ ਮਿਆਦ ਆਦਿ ਬਹੁਤ ਸਾਰੀਆਂ ਗੱਲਾਂ ਦਾ ਪਤਾ ਲੱਗ ਜਾਂਦਾ ਹੈ। ਅਸੀਂ ਉਸੇ ਨਾਲ ਹੱਸ ਸਕਦੇ ਹਾਂ, ਜਿਸ ਨਾਲ ਸਾਡਾ ਰਿਸ਼ਤਾ ਡੂੰਘਾ, ਪੱਕਾ ਅਤੇ ਵਿਸ਼ਾਲ ਹੁੰਦਾ ਹੈ।

ਵਿਅੰਗ ਹਾਸੇ ਦਾ ਹੀ ਵਿਸ਼ੇਸ਼ ਰੂਪ ਹੁੰਦਾ ਹੈ ਅਤੇ ਇਹ ਬੜੇ ਹੀ ਧਿਆਨ ਨਾਲ ਵਰਤਣ ਵਾਲਾ ਸ਼ਾਬਦਿਕ ਹਥਿਆਰ ਹੈ। ਵਿਅੰਗ ਦੀ ਪੱਧਰ ਅਤੇ ਵਿਅੰਗ ਕਰਨ ਵਾਲੇ ਦੀ ਸਮੁੱਚੀ ਸ਼ਖ਼ਸੀਅਤ ਦਾ ਗਿਆਨ ਉਸ ਦੀਆਂ ਟਿੱਪਣੀਆਂ ਤੋਂ ਉਪਜਣ ਵਾਲੇ ਹਾਸੇ ਤੋਂ ਸਹਿਜੇ ਹੀ ਪ੍ਰਾਪਤ ਕੀਤਾ ਜਾ ਸਕਦਾ ਹੈ।

ਹਾਸੇ ਦੀ ਆਵਾਜ਼ ਤੋਂ ਵਿਅਕਤੀ ਦੇ ਸਭਿਅਕ ਜਾਂ ਅਸਭਿਅਕ ਹੋਣ ਅਤੇ ਉਸ ਦੀ ਮਾਨਸਿਕ ਪੱਧਰ ਦਾ ਗਿਆਨ ਵੀ ਪ੍ਰਾਪਤ ਹੁੰਦਾ ਹੈ।

ਜਦੋਂ ਅਸੀਂ ਕਿਸੇ ਦੀ ਹਾਜ਼ਰੀ ਵਿਚ ਪੂਰਨਭਾਂਤ ਸੁਰੱਖਿਅਤ ਅਨੁਭਵ ਕਰੀਏ ਤਾਂ ਸਾਡਾ ਮਾਨਸਿਕ ਅਤੇ ਸਰੀਰਕ ਤਣਾਓ ਖ਼ਤਮ ਹੋ ਜਾਣ ਦੀ ਸੂਰਤ ਵਿਚ, ਸਾਡਾ ਚਿਹਰਾ ਢਿੱਲਾ ਅਤੇ ਨਰਮ ਹੋ ਜਾਂਦਾ ਹੈ ਅਤੇ ਅਜਿਹੇ ਪ੍ਰਭਾਵ ਨੂੰ ਹੀ ਮੁਸਕਰਾਹਟ ਜਾਂ ਵਿਗਸੀ ਹੋਈ ਮੁਸਕਰਾਹਟ ਨੂੰ ਹਾਸਾ ਕਹਿੰਦੇ ਹਨ।

ਹਾਸਾ ਅਕਸਰ ਕਿਸੇ ਦੀ ਮੂਰਖਤਾ 'ਚੋਂ ਉਪਜਦਾ ਹੈ।

ਸਾਰੇ ਲਤੀਫ਼ੇ ਕਿਸੇ ਨਾ ਕਿਸੇ ਪ੍ਰਕਾਰ ਦੀ ਮੂਰਖਤਾ ਉਤੇ ਆਧਾਰਤ ਹੁੰਦੇ ਹਨ, ਇਸੇ ਲਈ ਇਹ ਹਾਸਾ ਉਪਜਾਉਂਦੇ ਹਨ।

ਮੁਸਕਰਾਹਟ ਨਾ ਕੇਵਲ ਸਭਿਅਕ ਹੋਣ ਦਾ ਪ੍ਰਮਾਣ ਹੈ ਸਗੋਂ ਇਹ ਦੂਜਿਆਂ ਨੂੰ ਨੇੜੇ ਆਉਣ ਦਾ ਸੱਦਾ ਅਤੇ ਪ੍ਰਵਾਨਗੀ ਦਿੱਤੇ ਜਾਣ ਦਾ ਪ੍ਰਗਟਾਵਾ ਵੀ ਹੁੰਦੀ ਹੈ।

ਹਾਸੇ ਅਤੇ ਮੁਸਕਰਾਹਟ ਵਿਚ ਉਵੇਂ ਹੀ ਅੰਤਰ ਹੈ ਜਿਵੇਂ ਪੱਤ-ਗੋਭੀ ਅਤੇ ਗੁਲਾਬ ਦੇ ਫੁੱਲ ਵਿਚ। ਜਦੋਂ ਅਸੀਂ ਜੀਵਨ ਦੀਆਂ ਬਾਰੀਕੀਆਂ ਸਮਝ ਜਾਂਦੇ ਹਾਂ ਤਾਂ ਅਸੀਂ ਹੱਸਣ ਦੀ ਥਾਂ ਮੁਸਕਰਾਉਂਦੇ ਹਾਂ। ਮੁਸਕਰਾਹਟ ਇਕ ਗੰਭੀਰ ਪ੍ਰਤੀਕਰਮ ਹੁੰਦੀ ਹੈ, ਜਿਸ ਵਿਚ ਪਛਾਣ ਅਤੇ ਸ਼ੁਕਰਾਨੇ ਦਾ ਅੰਸ਼ ਵੀ ਮਿਲਿਆ ਹੁੰਦਾ ਹੈ।

ਹਾਸਾ ਬੇਸ਼ਰਮੀ ਅਤੇ ਲਾਪ੍ਰਵਾਹੀ ਦਾ ਪ੍ਰਗਟਾਵਾ ਹੁੰਦਾ ਹੈ, ਜਿਸ ਵਿਚ ਕਿਸੇ ਨਾ ਕਿਸੇ ਵਿਅਕਤੀ ਦੀ ਮੂਰਖਤਾ ਨੂੰ ਨਿਸ਼ਾਨਾ ਬਣਾਇਆ ਜਾਂਦਾ ਹੈ।

ਹਾਸਾ ਕਈ ਪ੍ਰਕਾਰ ਦਾ ਹੁੰਦਾ ਹੈ; ਜਿਵੇਂ ਸ਼ਰਮਿੰਦਗੀ 'ਚੋਂ ਉਪਜਿਆ ਹਾਸਾ, ਬੀਮਾਰ ਹਾਸਾ, ਥੱਕਿਆ ਹੋਇਆ ਹਾਸਾ, ਵਿਅੰਗਾਤਮਕ ਹਾਸਾ, ਹੰਕਾਰ ਭਰਿਆ ਹਾਸਾ ਅਤੇ ਪਾਗਲਪਣ ਵਾਲਾ ਹਾਸਾ। ਰਾਮ ਮੁਸਕਰਾਉਂਦੇ ਹਨ, ਰਾਵਣ ਹੱਸਦੇ ਹਨ।

ਕਈ ਲੋਕ ਤਹਿਆਂ ਵਿਚ ਹੱਸਦੇ ਹਨ ਅਤੇ ਅਜੀਬ-ਅਜੀਬ ਗਰਰ-ਗਰਰ ਦੀਆਂ ਆਵਾਜ਼ਾਂ ਕੱਢਦੇ ਹਨ। ਕਈ ਇਵੇਂ ਹੱਸਦੇ ਹਨ ਜਿਵੇਂ ਗੱਡੀ ਸੁਰੰਗ ਵਿਚ ਵੜ ਰਹੀ ਹੋਵੇ ਜਾਂ ਭਰੇ ਪਤਨਾਲੇ ਵਿਚੋਂ ਪਾਣੀ ਨਿਕਲ ਰਿਹਾ ਹੋਵੇ।

ਕਈ ਵਾਰ ਚਿਰਾਂ ਮਗਰੋਂ ਮਿਲੇ ਵਿਅਕਤੀ ਨੂੰ ਅਸੀਂ ਉਸ ਦੇ ਹਾਸੇ ਦੀ ਆਵਾਜ਼ ਤੋਂ ਹੀ ਪਛਾਣਦੇ ਹਾਂ। ਕਿਸੇ ਨੂੰ ਜਿਨ੍ਹਾਂ ਜਿਨ੍ਹਾਂ ਗੱਲਾਂ ਉਤੇ ਹਾਸਾ ਆਉਂਦਾ ਹੈ, ਉਨ੍ਹਾਂ ਦੇ ਆਧਾਰ ਉੱਤੇ ਉਸ ਦੀ ਸ਼ਖ਼ਸੀਅਤ ਦਾ ਖ਼ਾਕਾ ਉਸਾਰਿਆ ਜਾ ਸਕਦਾ ਹੈ। ਕਈ ਲੋਕ ਰੋਣਾ ਚਾਹੁਣ ਦੇ ਬਾਵਜੂਦ ਰੋ ਨਹੀਂ ਸਕਦੇ, ਇਸ ਲਈ ਉਹ ਹੱਸਦੇ ਹਨ।

ਕਈਆਂ ਦੇ ਦੰਦ ਸੋਹਣੇ ਹੁੰਦੇ ਹਨ, ਜਿਨ੍ਹਾਂ ਨੂੰ ਦਿਖਾਉਣ ਲਈ ਉਹ ਹੱਸਦੇ ਹਨ।

ਮੌਲਿਕ ਵਿਅਕਤੀਆਂ ਦੇ ਹਾਸੇ ਵਿਚ ਵੀ ਮੌਲਿਕਤਾ ਹੁੰਦੀ ਹੈ।

ਕਈ ਵਾਰੀ ਹਾਸਾ ਖ਼ੁਸ਼ੀ ਵਿਚੋਂ ਨਹੀਂ ਦੁੱਖ ਵਿਚੋਂ ਉਪਜਦਾ ਹੈ ਅਤੇ ਦੁੱਖ ਵੇਲੇ ਪਾਗਲਾਂ ਵਾਂਗ ਹੱਸਣਾ ਦੁੱਖ ਨੂੰ ਪ੍ਰਗਟਾਉਣ-ਛੁਪਾਉਣ ਦਾ ਇਕ ਸਰਬ-ਵਿਆਪਕ ਢੰਗ ਹੈ।

ਹਾਸੇ ਨਾਲ ਕਦੀ ਦੁਸ਼ਮਣ ਨੂੰ ਦੋਸਤ ਨਹੀਂ ਬਣਾਇਆ ਜਾ ਸਕਦਾ ਪਰ ਦੋਸਤ ਉੱਤੇ ਹੱਸਣ ਨਾਲ ਉਸ ਨੂੰ ਦੁਸ਼ਮਣ ਜ਼ਰੂਰ ਬਣਾਇਆ ਜਾ ਸਕਦਾ ਹੈ।

ਕੁਆਰੀਆਂ ਕੁੜੀਆਂ ਦਾ ਹਾਸਾ ਅਗਿਆਨਤਾ, ਮਾਸੂਮਤਾ ਅਤੇ ਨਿਰਛੱਲਤਾ ਚੋਂ ਉਪਜਦਾ ਹੈ ਅਤੇ ਉਨ੍ਹਾਂ ਦਾ ਹੱਸਣਾ ਪਿਆਰ ਕਰਨ ਦੀ ਦਾਅਵਤ ਹੁੰਦਾ ਹੈ।

ਵੇਖਿਆ ਗਿਆ ਹੈ ਕਿ ਜਿੱਥੇ ਵੀ ਦੋਸਤਾਂ ਜਾਂ ਸਹੇਲੀਆਂ ਦੀਆਂ ਢਾਣੀਆਂ ਜੁੜ ਬੈਠਦੀਆਂ ਹਨ, ਉਥੇ ਹੀ ਹਾਸੇ ਦੀ ਮਹਿਫ਼ਲ ਆਰੰਭ ਹੋ ਜਾਂਦੀ ਹੈ।

ਹੱਸਣ ਨਾਲ ਸਾਡੀ ਸਿਹਤ ਚੰਗੀ ਨਹੀਂ ਹੁੰਦੀ, ਅਸੀਂ ਆਪਣੀ ਸਿਹਤ ਚੰਗੀ ਹੋਣ ਕਾਰਨ ਹੀ ਹੱਸਦੇ ਹਾਂ।

# ਭੋਜਨ

ਪੇਟ ਦਾ ਕੋਈ ਧਰਮ ਨਹੀਂ ਹੁੰਦਾ।

ਭੁੱਖੇ ਵਿਅਕਤੀ ਨੂੰ ਕੋਈ ਉਪਦੇਸ਼ ਨਹੀਂ ਸੁਣਦਾ।

ਜਦੋਂ ਭੁੱਖ ਲੱਗੀ ਹੋਵੇ ਉਸ ਸਮੇਂ ਬਹਿਸ ਨਹੀਂ ਕੀਤੀ ਜਾ ਸਕਦੀ।

ਭੁੱਖੇ ਆਦਮੀ ਕੋਲ ਰੋਟੀ ਰਾੜ੍ਹਨ ਜਾਂ ਆਲੂ ਛਿੱਲਣ ਦਾ ਸਬਰ ਨਹੀਂ ਹੁੰਦਾ।

ਭੁੱਖੇ ਬੰਦੇ ਲਈ ਹਰ ਸਮਾਂ ਖਾਣ ਲਈ ਸ਼ੁਭ ਹੁੰਦਾ ਹੈ। ਭੁੱਖਿਆਂ ਦੇ ਦੇਸ਼ ਵਿਚ ਪਤੀਲੇ ਅਤੇ ਕੜਛੀ ਵਾਲਾ ਵਿਅਕਤੀ ਹੀ ਰਾਜਾ ਹੁੰਦਾ ਹੈ।

ਸਭ ਨੂੰ ਧੋਖਾ ਦਿੱਤਾ ਜਾ ਸਕਦਾ ਹੈ ਪਰ ਪੇਟ ਸਾਹਮਣੇ ਕੋਈ ਵੀ ਧੋਖਾ ਸਫ਼ਲ ਨਹੀਂ ਹੁੰਦਾ। ਜੇ ਕੋਈ ਭੁੱਖਾ ਵਿਅਕਤੀ ਕਿਸੇ ਚੋਣ ਵਿਚ ਖੜ੍ਹਾ ਹੋ ਜਾਵੇ ਤਾਂ ਨਿਸ਼ਚੇ ਹੀ ਖਾਲੀ ਥਾਲੀ ਉਸ ਦਾ ਚੋਣ ਨਿਸ਼ਾਨ ਹੋਵੇਗੀ।

ਸਵੈਮਾਣ ਜਾਂ ਅਣਖ ਜਾਂ ਇੱਜ਼ਤ ਜਾਂ ਸਤਿਕਾਰ ਆਦਿ ਦੇ ਅਰਥ ਉਸੇ ਅਨੁਪਾਤ ਵਿਚ ਹੁੰਦੇ ਹਨ, ਜਿਸ ਅਨੁਪਾਤ ਵਿਚ ਸਾਡੇ ਕੋਲ ਖਾਣ-ਪੀਣ ਲਈ ਖੁੱਲ੍ਹਾ ਭੋਜਨ ਹੋਵੇ।

ਭੁੱਖੇ ਵਿਅਕਤੀ ਨੂੰ ਸਿਵਾਇ ਰੋਟੀ ਤੋਂ ਕੁਝ ਦਿਖਾਈ ਨਹੀਂ ਦਿੰਦਾ, ਸੋ ਪੇਟ ਦੀ ਭੁੱਖ ਜਦੋਂ ਅੱਖਾਂ ਵਿਚ ਆ ਵਸੇ ਤਾਂ ਨੀਂਦਰ ਖਾਰਜ ਹੋ ਜਾਂਦੀ ਹੈ।

ਮਨੁੱਖ ਉਤਨਾ ਚਿਰ ਹੀ ਜਿਊਂਦਾ ਹੈ, ਜਦੋਂ ਤੱਕ ਉਹ ਕੁਝ ਖਾ ਪੀ ਸਕਦਾ ਹੋਵੇ।

ਨਸਲ ਨੂੰ ਅੱਗੇ ਚਲਾਉਣ ਦੇ ਕਾਰਜ ਲਈ ਖਾਣਾ ਅਤੇ ਸੰਭੋਗ ਕਰਨਾ ਪ੍ਰਕਿਤੀ ਵੱਲੋਂ ਹਰ ਮਨੁੱਖ ਨੂੰ ਸੌਂਪੇ ਗਏ ਦੋ ਪ੍ਰਮੁੱਖ ਕਾਰਜ ਹਨ।

ਸੋਚਣਾ, ਫ਼ਲਸਫ਼ੇ ਉਸਾਰਨੇ, ਸਾਹਿਤ ਰਚਣਾ, ਸੰਗੀਤ ਸਿਰਜਣਾ ਆਦਿ ਕਾਰਜ ਭੋਜਨ ਖਾਣ ਦੀ ਸਮੱਸਿਆ ਨੂੰ ਹੱਲ ਕਰਨ ਉਪਰੰਤ ਹੀ ਸੰਭਵ ਹੁੰਦੇ ਹਨ।

ਖਾਣਾ ਅਤੇ ਸੰਭੋਗ ਕਰਨਾ ਦੋ ਅਜਿਹੇ ਕਾਰਜ ਹਨ ਜਿਨ੍ਹਾਂ ਲਈ ਕਿਸੇ ਨੂੰ ਪ੍ਰੇਰਨਾ ਨਹੀਂ ਪੈਂਦਾ। ਦੁਨੀਆਂ ਦੀ ਬਹੁਗਿਣਤੀ ਇਨ੍ਹਾਂ ਦੋ ਮੁੱਢਲੀਆਂ ਕਿਰਿਆਵਾਂ ਵਿਚ ਲੱਗੀ ਹੋਈ ਹੈ। ਜਦੋਂ ਕੋਈ ਮਨੁੱਖ ਕੰਮ ਨੂੰ ਵੀ ਖਾਣ ਅਤੇ ਸੰਭੋਗ ਵਾਲੀ ਦਿਲਚਸਪੀ ਨਾਲ ਕਰੇ ਤਾਂਹੀ ਉਸ ਦੀ ਸ਼ਖ਼ਸੀਅਤ ਵਿਕਾਸ ਦੇ ਰਾਹ ਪੈਂਦੀ ਹੈ ਅਤੇ ਉਸ ਦਾ ਜੀਵਨ ਦੋ ਦੀ ਥਾਂ ਭੋਜਨ, ਸੰਭੋਗ ਅਤੇ ਕੰਮ, ਤਿੰਨ ਪੱਧਰਾਂ ਉਤੇ ਵਿਚਰਨਾ ਸ਼ੁਰੂ ਹੁੰਦਾ ਹੈ।

ਇਸ ਤੋਂ ਵੀ ਅਗਲੇਰੀ ਸਥਿਤੀ ਹੈ, ਕੁਝ ਸਿਰਜਣ ਜਾਂ ਰਚਣ ਦੀ, ਜਿਸ ਨਾਲ ਮਨੁੱਖ ਕਲਾਕਾਰ ਬਣ ਜਾਂਦਾ ਹੈ।

ਸੰਸਾਰ ਦੇ ਸਾਰੇ ਮਹਾਨ ਵਿਅਕਤੀ ਇਸ ਲਈ ਪ੍ਰਸਿੱਧ ਹਨ, ਕਿਉਂਕਿ ਉਹ ਸਿਰਜਣਾ ਦੀ ਚੌਥੀ ਸਥਿਤੀ ਵਿਚ ਵਿਚਰਦੇ ਰਹੇ ਹਨ। ਅਜਿਹੇ ਵਿਅਕਤੀਆਂ ਲਈ ਖਾਣ ਅਤੇ ਸੰਭੋਗ ਦੀ ਥਾਂ ਕੰਮ ਅਤੇ ਸਿਰਜਣਾ ਮਹੱਤਵਪੂਰਨ ਹੋ ਜਾਂਦੇ ਹਨ। ਜਿਨ੍ਹਾਂ ਲੋਕਾਂ ਕੋਲ ਭੋਜਨ ਖੁੱਲ੍ਹਾ ਹੁੰਦਾ ਹੈ ਪਰ ਸਭਿਆਚਾਰਿਕ ਅਮੀਰੀ ਨਹੀਂ ਹੁੰਦੀ, ਉਹ ਤੁਹਾਨੂੰ ਅਰਥਪੂਰਣ ਗੱਲਬਾਤ ਰਾਹੀਂ ਨਹੀਂ, ਭਰੀਆਂ ਪਲੇਟਾਂ ਨਾਲ ਭਰਮਾਉਣ ਦਾ ਯਤਨ ਕਰਨਗੇ।

ਸਾਡੇ ਮੱਧ-ਕਾਲੀ ਰਾਜੇ-ਮਹਾਰਾਜੇ ਖਾਣ ਅਤੇ ਸੰਭੋਗ ਦੀਆਂ ਲਾਲਸਾਵਾਂ ਅਤੇ ਭੁੱਖਾਂ ਵਿਚ ਉਲਝੇ ਰਹੇ ਹਨ ਅਤੇ ਨਤੀਜਾ ਇਹ ਹੋਇਆ ਹੈ ਕਿ ਅਸੀਂ ਸਭਿਆਚਾਰਿਕ ਵਿਕਾਸ ਦੇ ਰਾਹ ਪਏ ਹੀ ਨਹੀਂ। ਸਾਡੇ ਕੋਲ ਅਮੀਰੀ ਦਾ ਸੰਕਲਪ ਹੀ ਨਹੀਂ ਹੈ ਅਤੇ ਨਤੀਜੇ ਵਜੋਂ ਅਸੀਂ ਖਾਣ-ਪੀਣ ਅਤੇ ਹੰਢਾਉਣ ਅਤੇ ਸੰਭੋਗ ਦੀਆਂ ਖੁੱਲ੍ਹੀਆਂ ਸੰਭਾਵਨਾਵਾਂ ਨੂੰ ਹੀ ਅਮੀਰੀ ਸਮਝਣ ਦਾ ਭੁਲੇਖਾ ਖਾ ਬੈਠੇ ਹਾਂ।

ਖਾਣਾ ਨਿਰਸੰਦੇਹ ਜੀਵਨ ਦਾ ਇਕ ਮਹੱਤਵਪੂਰਨ ਅਮਲ ਹੈ ਪਰ ਵੇਖਣ ਵਾਲੀ ਗੱਲ ਤਾਂ ਇਹ ਹੈ ਕਿ ਅਸੀਂ ਖਾਣ ਲਈ ਜਿਊਂਦੇ ਹਾਂ ਜਾਂ ਜਿਊਣ ਲਈ ਖਾਂਦੇ ਹਾਂ?

ਭੁੱਖ ਪ੍ਰਤਿ ਸਾਡਾ ਦ੍ਰਿਸ਼ਟੀਕੋਣ ਸਾਡੀ ਸੋਚ ਉਸਾਰਦਾ ਹੈ।

ਇਕ ਸਿਆਣੇ ਨੇ ਕਿਹਾ ਹੈ, 'ਮੈਨੂੰ ਦੱਸੋ ਤੁਸੀਂ ਕੀ ਖਾਂਦੇ ਹੋ, ਮੈਂ ਤੁਹਾਨੂੰ ਦੱਸਾਂਗਾ ਤੁਸੀਂ ਕੀ ਹੋ ਅਤੇ ਕੀ ਸੋਚਦੇ ਹੋ।'

ਭਾਰਤ ਵਿਚ ਅਹਿੰਸਾਵਾਦ ਦਾ ਪ੍ਰਚਾਰ ਸੰਭਵ ਹੀ ਤਾਂ ਹੋਇਆ ਜਦੋਂ ਅਸੀਂ ਆਪਣੇ ਭੋਜਨ ਵਿਚੋਂ ਮਨ ਨੂੰ ਭਟਕਾਉਣ ਅਤੇ ਵਿਕਾਰ ਉਪਜਾਉਣ ਅਤੇ ਉਤੇਜਿਤ ਕਰਨ ਵਾਲੀ ਸਮੱਗ੍ਰੀ ਹੀ ਖਾਰਜ ਕਰ ਦਿੱਤੀ।

ਬਹਾਦਰ ਜਾਨਵਰ ਉਹੀ ਗਿਣੇ ਜਾਂਦੇ ਹਨ ਜਿਹੜੇ ਮਾਸ ਖਾਂਦੇ ਹਨ ਅਤੇ ਦੁਨੀਆਂ ਦੀਆਂ ਬਹਾਦਰ ਕੌਮਾਂ ਵੀ ਮਾਸ ਖਾਣ ਵਾਲੇ ਲੋਕਾਂ ਦੀਆਂ ਹੀ ਹਨ ਪਰ ਆਤਮਿਕ ਸੋਚ-ਉਡਾਰੀਆਂ, ਮਾਸ ਨਾ ਖਾਣ ਵਾਲੀਆਂ ਕੌਮਾਂ ਨੇ ਹੀ ਲਾਈਆਂ ਹਨ।

ਜਿਸ ਕਿਸਮ ਦਾ ਅਸੀਂ ਭੋਜਨ ਖਾਂਦੇ ਹਾਂ, ਉਸੇ ਅਨੁਸਾਰ ਹੀ ਸਾਡੀ ਸੋਚ ਉਸਰਦੀ ਹੈ ਅਤੇ ਜੀਵਨ-ਆਦਰਸ਼ ਉਭਰਦੇ ਹਨ। ਸਪਸ਼ਟ ਹੈ ਕਿ ਭੋਜਨ ਸਾਡੀ ਸ਼ਖ਼ਸੀਅਤ ਅਤੇ ਸੋਚ-ਉਸਾਰੀ ਵਿਚ ਅਹਿਮ ਰੋਲ ਅਦਾ ਕਰਦਾ ਹੈ।

ਆਪਣੇ ਜੀਵਨ ਆਦਰਸ਼ਾਂ, ਆਪਣੀ ਸੋਚ ਅਤੇ ਆਪਣੀ ਲੋੜ ਅਨੁਸਾਰ ਹੀ ਸਾਨੂੰ ਆਪਣਾ ਭੋਜਨ ਨਿਰਧਾਰਤ ਕਰਨਾ ਚਾਹੀਦਾ ਹੈ।

ਕਿਸੇ ਯੂਨਾਨੀ ਨੇ ਫਿਲਾਸਫਰ ਡਾਇਓਜਨੀਸ ਨੂੰ ਪੁੱਛਿਆ : ਮਨੁੱਖ ਨੂੰ ਭੋਜਨ ਕਦੋਂ ਖਾਣਾ ਚਾਹੀਦਾ ਹੈ? ਉੱਤਰ ਮਿਲਿਆ: ਅਮੀਰ ਨੂੰ ਉਦੋਂ ਜਦੋਂ ਉਸ ਦਾ ਦਿਲ ਕਰੇ ਅਤੇ ਗਰੀਬ ਨੂੰ ਉਦੋਂ ਜਦੋਂ ਮਿਲ ਜਾਵੇ।

ਬੱਚੇ ਅਤੇ ਜਵਾਨ ਵਿਅਕਤੀ ਕਿਸੇ ਵੀ ਵੇਲੇ ਕੁਝ ਵੀ ਖਾ ਸਕਦੇ ਹਨ ਪਰ ਸਿਆਣੀ ਉਮਰ ਦੇ ਵਿਅਕਤੀ ਸਮੇਂ ਅਤੇ ਲੋੜ ਅਨੁਸਾਰ ਖਾਂਦੇ ਹਨ।

ਕਿਸੇ ਵਿਅਕਤੀ ਨੂੰ ਖਾਂਦਿਆਂ ਵੇਖ ਕੇ ਸਹਿਜੇ ਹੀ ਅਨੁਮਾਨ ਲਾਇਆ ਜਾ ਸਕਦਾ

ਹੈ ਕਿ ਉਹ ਖੁੱਲ੍ਹ-ਦਿਲਾ ਹੈ ਜਾਂ ਕੰਜੂਸ, ਫਜ਼ੂਲ-ਖਰਚ ਹੈ ਜਾਂ ਸੰਜਮੀ, ਪਰਉਪਕਾਰੀ ਹੈ ਜਾਂ ਸੁਆਰਥੀ, ਮਿਲਵਰਤਣ ਵਾਲਾ ਹੈ ਜਾਂ ਹੋਛਾ, ਪਰੰਪਰਾਪੂਜ ਹੈ ਜਾਂ ਅਗਾਂਹਵਧੂ।

ਕਈ ਵਿਅਕਤੀਆਂ ਦਾ ਭੋਜਨ ਨਾਲ ਢਿੱਡ ਤਾਂ ਭਰ ਜਾਂਦਾ ਹੈ ਪਰ ਉਨ੍ਹਾਂ ਦੀ ਅੱਖ ਨਹੀਂ ਰੱਜਦੀ। ਸੁੱਸਤ ਬੰਦਿਆਂ ਦਾ ਢਿੱਡ ਕਦੀ ਭਰਦਾ ਹੀ ਨਹੀਂ ਅਤੇ ਮੰਗਤਿਆਂ ਦਾ ਮੂੰਹ ਲੈਟਰ-ਬਾਕਸ ਵਾਂਗ ਸਦਾ ਖੁੱਲ੍ਹਾ ਰਹਿੰਦਾ ਹੈ।

ਮੰਗਤੇ ਸਮਾਜ ਨੂੰ ਕੋਈ ਯੋਗਦਾਨ ਨਹੀਂ ਦਿੰਦੇ, ਸਗੋਂ ਉਨ੍ਹਾਂ ਦੇ ਮੂੰਹ ਉੱਤੇ ਲਿਖਿਆ ਹੁੰਦਾ ਹੈ : ਹੋਰ ਲਿਆਓ, ਹੋਰ ਲਿਆਓ। ਬਹੁਤੇ ਲੋਕ ਭੋਜਨ ਦੇ ਪੱਖੋਂ ਮੰਗਤਿਆਂ ਵਾਲਾ ਕਾਰਜ ਹੀ ਨਿਭਾਉਣ ਵਿਚ ਰੁਝੇ ਹੋਏ ਹਨ।

ਸਭ ਪ੍ਰਕਾਰ ਦੇ ਸੰਜਮ ਖਾਣ ਦੇ ਸੰਜਮ ਤੋਂ ਆਰੰਭ ਹੁੰਦੇ ਹਨ।

ਜਿਹੜਾ ਖਾਣ ਵਿਚ ਬੇਨੇਮਾ ਹੈ, ਉਹ ਸਮੇਂ ਦਾ ਪਾਬੰਦ ਨਹੀਂ ਹੋ ਸਕਦਾ, ਨਾ ਹੀ ਉਸ ਨੂੰ ਆਪਣੀ ਆਮਦਨ ਵਿਚ ਗੁਜ਼ਾਰਾ ਕਰਨ ਦੀ ਆਦਤ ਹੁੰਦੀ ਹੈ।

ਜਿਨ੍ਹਾਂ ਘਰਾਂ ਵਿਚ ਖਾਣ ਦਾ ਸੰਜਮ ਨਹੀਂ ਹੁੰਦਾ, ਉੱਥੇ ਹੋਰ ਭਾਵੇਂ ਕੁਝ ਹੋਵੇ ਸਰੀਰਕ ਸੁੰਦਰਤਾ ਜਾਂ ਗਿਆਨ ਦੀ ਅਮੀਰੀ ਨਹੀਂ ਹੋਵੇਗੀ।

ਜਿਸ ਵਿਅਕਤੀ ਨੂੰ ਬਿਨਾਂ ਕੰਮ ਕੀਤਿਆਂ ਭੋਜਨ ਮਿਲਣ ਲੱਗ ਜਾਵੇ ਉਸ ਨੂੰ ਕੰਮ ਕਰਨ ਦੀ ਆਦਤ ਨਹੀਂ ਪੈਂਦੀ ਅਤੇ ਅਜਿਹੇ ਵਿਅਕਤੀ ਹੀ ਸਮਾਜ ਵਿਚ ਵਿਭਚਾਰ ਫੈਲਾਉਂਦੇ ਹਨ। ਜਿਨ੍ਹਾਂ ਨੂੰ ਵਿਰਸੇ ਵਿਚ ਜਾਇਦਾਦ ਤਾਂ ਮਿਲਦੀ ਹੈ ਪਰ ਕੰਮ ਕਰਨ ਦੀ ਆਦਤ ਨਹੀਂ ਮਿਲਦੀ, ਉਹ ਆਪਣੇ ਭਰਾਵਾਂ ਨਾਲ ਹੀ ਮੁਕੱਦਮੇਬਾਜ਼ੀ ਵਿਚ ਉਲਝੇ ਰਹਿੰਦੇ ਹਨ ਅਤੇ ਅਜਿਹੇ ਵਿਅਕਤੀਆਂ ਵਿਚ ਦੂਜਿਆਂ ਦਾ ਧਿਆਨ ਖਿੱਚਣ ਲਈ ਝਗੜੇ ਕਰਨ ਜਾਂ ਬੀਮਾਰ ਹੋਣ ਦੀ ਰੁਚੀ ਵੱਧ ਜਾਂਦੀ ਹੈ।

ਖਾਣ-ਪੀਣ ਤੋਂ ਬਿਨਾਂ ਕੋਈ ਸਮਾਗਮ ਸੰਪੂਰਨ ਨਹੀਂ ਹੁੰਦਾ। ਭਾਰਤ ਵਿਚ ਹਰ ਸਮਾਗਮ ਖਾਣ-ਪੀਣ ਦਾ ਹੀ ਇਕ ਬਹਾਨਾ ਹੁੰਦਾ ਹੈ। ਤਿਉਹਾਰ, ਮੇਲੇ, ਵਿਆਹ ਆਦਿ ਸਾਰੇ ਖਾਣ-ਪੀਣ ਦੇ ਵੰਨ-ਸੁਵੰਨੇ ਅਵਸਰਾਂ ਕਰਕੇ ਹੀ ਮਨਭਾਉਂਦੇ ਬਣੇ ਹਨ।

ਜਦੋਂ ਸਾਡੇ ਘਰਾਂ ਵਿਚ ਖਾਣ-ਪੀਣ ਦੀ ਪੱਧਰ ਵਿਆਹਾਂ ਵਿਚਲੇ ਖਾਣੇ ਦੀ ਪੱਧਰ 'ਤੇ ਆ ਜਾਵੇਗੀ, ਉਦੋਂ ਬਰਾਤਾਂ ਆਪੇ ਛੋਟੀਆਂ ਹੋ ਜਾਣਗੀਆਂ।

ਨਿਰਸੰਦੇਹ ਅਸੀਂ ਕਿਸੇ ਮਿਲਣੀ ਜਾਂ ਵਿਆਹ ਆਦਿ ਨੂੰ ਖਾਣ ਦੇ ਸੰਦਰਭ ਵਿਚ ਹੀ ਯਾਦ ਰੱਖਦੇ ਹਾਂ। ਕੋਈ ਸਮਾਗਮ ਉਂਜ ਭਾਵੇਂ ਕਿਤਨਾ ਵੀ ਚੰਗਾ ਹੋਵੇ ਜੇ ਖਾਣ-ਪੀਣ ਚੰਗਾ ਅਤੇ ਖੁੱਲ੍ਹਾ ਨਹੀਂ ਤਾਂ ਸਾਰੇ ਸ਼ਿਕਾਇਤਾਂ ਹੀ ਕਰਦੇ ਜਾਣਗੇ।

ਜਦੋਂ ਅਸੀਂ ਕਿਸੇ ਨਾਲ ਰੁੱਸਦੇ ਹਾਂ ਤਾਂ ਸਭ ਤੋਂ ਪਹਿਲਾਂ ਉਸ ਨਾਲੋਂ ਖਾਣ-ਪੀਣ ਦੇ ਸਬੰਧ ਤੋੜ ਲੈਂਦੇ ਹਾਂ ਅਤੇ ਉਸ ਨਾਲ ਮੁੜ ਖਾਣਾ ਆਰੰਭ ਕੇ ਹੀ ਸਮਝੌਤਾ ਹੁੰਦਾ ਹੈ।

ਜਦੋਂ ਕੋਈ ਸਾਡਾ ਮਿੱਤਰ ਪਿਆਰਾ ਜਾਂ ਸਾਕ-ਸਬੰਧੀ ਮਰ ਜਾਂਦਾ ਹੈ ਤਾਂ ਅਸਲ 'ਚ ਉਦੋਂ ਤੱਕ ਹੀ ਦੁੱਖ ਹੁੰਦਾ ਹੈ ਜਦੋਂ ਤੱਕ ਠੀਕ ਭੁੱਖ ਨਹੀਂ ਲੱਗਦੀ। ਭੁੱਖ ਲੱਗਣ ਉਤੇ ਸਾਡਾ ਨਾਤਾ ਮੁੜ ਜਿਉਂਦੇ ਸੰਸਾਰ ਨਾਲ ਜੁੜ ਜਾਂਦਾ ਹੈ। ਕਿਸੇ ਦੀ ਅੰਤਿਮ ਅਰਦਾਸ ਉਪਰੰਤ

ਪ੍ਰਸ਼ਾਦ ਵਰਤਾ ਕੇ ਵੀ ਇਹੀ ਸੁਨੇਹਾ ਦਿੱਤਾ ਜਾਂਦਾ ਹੈ ਕਿ ਜਿਉਂਦਿਆਂ ਨਾਲ ਜੁੜੇ ਰਹੀਏ।

ਵਧੇਰੇ ਖਾਣ ਨਾਲ ਸਾਡੇ ਗਿਆਨ-ਇੰਦਰੇ ਖੁੰਢੇ ਹੋ ਜਾਂਦੇ ਹਨ।

ਜਿਹੜੇ ਵਿਅਕਤੀ ਤੁੰਨ-ਤੁੰਨ ਕੇ ਭੋਜਨ ਖਾਂਦੇ ਹਨ, ਉਹ ਚੰਗੇ ਕਾਮੇ ਜਾਂ ਸਾਥੀ ਨਹੀਂ ਹੋ ਸਕਦੇ। ਰੱਜਵਾਂ ਭੋਜਨ ਖਾਣ ਉਪਰੰਤ ਵਿਅਕਤੀ ਨੂੰ ਸਾਰਾ ਸੰਸਾਰ ਇਕ ਵਿਸ਼ਾਲ ਬਿਸਤਰਾ ਦਿਖਾਈ ਦਿੰਦਾ ਹੈ।

ਕਹਿੰਦੇ ਹਨ ਕਿ ਬਹਿ ਕੇ ਖਾਧਿਆਂ ਮੋਟਾਪਾ ਵੱਧਦਾ ਹੈ, ਖਲੋ ਕੇ ਖਾਧਿਆਂ ਤਾਕਤ ਮਿਲਦੀ ਹੈ, ਟੁਰਨ ਨਾਲ ਭੋਜਨ ਹਜ਼ਮ ਹੁੰਦਾ ਹੈ ਅਤੇ ਦੌੜਨ ਉਪਰੰਤ ਖਾਧੇ ਜਾਣ ਵਾਲੇ ਭੋਜਨ ਵਿਚੋਂ ਉਮਰ ਲੰਮੀ ਕਰਨ ਵਾਲੇ ਅਤੇ ਸਰੀਰ ਨੂੰ ਅਰੋਗ ਬਣਾਉਣ ਵਾਲੇ ਤੱਤ ਅਤੇ ਰਸ ਮਿਲਦੇ ਹਨ।

ਕਈ ਵਿਅਕਤੀ ਇਜ ਖਾਂਦੇ ਹਨ ਜਿਵੇਂ ਇਹ ਉਨ੍ਹਾਂ ਦਾ ਆਖਰੀ ਭੋਜਨ ਹੋਵੇ।

ਭੁੱਖ ਰੱਖ ਕੇ ਖਾਣਾ ਜਾਂ ਵਰਤ ਰੱਖਣਾ ਅਸਲ ਵਿਚ ਖਾਣ ਵਿਚ ਸੰਜਮ ਲਿਆਉਣ ਦੇ ਢੰਗ ਹਨ। ਜਿਨ੍ਹਾਂ ਨੇ ਕਦੀ ਭੁੱਖ ਹੜਤਾਲ ਕੀਤੀ ਹੈ ਉਹ ਜਾਣਦੇ ਹਨ ਕਿ ਭੁੱਖ ਕੀ ਹੁੰਦੀ ਹੈ ਅਤੇ ਭੁੱਖ ਵਿਚ ਸਾਡੇ ਗਿਆਨ ਇੰਦਰੇ ਕਿਵੇਂ ਤਿੱਖੇ ਹੋ ਜਾਂਦੇ ਹਨ।

ਪੰਜਾਬੀਆਂ ਕੋਲ ਭੁੱਖ ਦਾ ਅਨੁਭਵ ਨਹੀਂ ਹੈ।

ਸਾਡੇ ਸਾਹਿਤ ਵਿਚ ਭੁੱਖ ਦੀ ਪੇਸ਼ਕਾਰੀ ਨਹੀਂ ਹੋਈ।

ਨਿਰੰਤਰ ਖਾਂਦੇ ਵਿਅਕਤੀ ਅਤੇ ਸੂਰ ਵਿਚ ਕੋਈ ਅੰਤਰ ਨਹੀਂ ਹੁੰਦਾ।

ਪੰਜਾਬੀ ਖਾਣ-ਪੀਣ ਦੇ ਪੱਖੋਂ ਸੌਖੇ ਹਨ ਅਤੇ ਵਧੇਰੇ ਖਾਂਦੇ ਹਨ, ਇਸ ਲਈ ਸਾਡੇ ਸਾਹਿਤ ਵਿਚ ਤਿੱਖੇ ਜੀਵਨ-ਅਨੁਭਵ ਦੇ ਚਿੱਤਰ ਨਹੀਂ ਮਿਲਦੇ।

ਕਹਿੰਦੇ ਹਨ ਰੂਸ ਵਿਚ ਜਦੋਂ ਇਨਕਲਾਬ ਆਇਆ ਤਾਂ ਸਾਂਝੇ ਲੰਗਰ ਅਤੇ ਖੁੱਲ੍ਹਾ ਭੋਜਨ ਮਿਲਣ ਕਾਰਨ ਰੂਸੀ ਮੋਟੇ ਹੋਣ ਲੱਗ ਪਏ। ਉਸ ਵੇਲੇ ਲੈਨਿਨ ਨੇ ਕਿਹਾ ਸੀ 'ਇਨ੍ਹਾਂ ਨੂੰ ਰੱਜ ਕੇ ਖੁਆਓ ਅਤੇ ਖੁਆਉਣ ਉਪਰੰਤ ਭਰੇ ਹੋਏ ਪਤੀਲੇ ਰੋੜ੍ਹ ਦਿਓ ਤਾਂ ਜੋ ਇਹ ਜਾਣ ਲੈਣ ਕਿ ਹੁਣ ਅਸੀਂ ਇਤਨਾ ਭੋਜਨ ਪਕਾ ਸਕਦੇ ਹਾਂ ਕਿ ਸਾਡੀ ਜਨਮਾਂ-ਜਨਮਾਂਤਰਾਂ ਦੀ ਭੁੱਖ ਸ਼ਾਂਤ ਹੋ ਜਾਵੇ।'

ਰੂਸੀਆਂ ਦੀ ਨਵੀਂ ਪੀੜ੍ਹੀ ਪਤਲੀ ਹੈ।

ਅਜੋਕੇ ਯੁਗ ਵਿਚ ਪੱਤਲਾਪਣ ਅਮੀਰੀ ਦੀ ਨਿਸ਼ਾਨੀ ਹੈ ਅਤੇ ਅਮੀਰ ਉਹ ਸਮਝਿਆ ਜਾਂਦਾ ਹੈ, ਜਿਸ ਕੋਲ ਪੈਸਾ ਮੋਟਾ ਹੋਵੇ ਪਰ ਸਰੀਰ ਪੱਤਲਾ ਹੋਵੇ।

ਸੁਆਦ ਭੁੱਖ ਦਾ ਹੁੰਦਾ ਹੈ, ਭੋਜਨ ਦਾ ਨਹੀਂ।

ਜਿਹੜੇ ਖੁਸ਼ੀ ਅਤੇ ਜੋਸ਼, ਦਿਲਚਸਪੀ ਅਤੇ ਸ਼ੌਕ ਨਾਲ ਭੋਜਨ ਨਹੀਂ ਖਾ ਸਕਦੇ, ਉਹ ਕਿਸੇ ਦੇ ਕੰਮ ਵੀ ਨਹੀਂ ਆ ਸਕਦੇ। ਰਲ ਕੇ, ਬਹਿ ਕੇ, ਪ੍ਰਸੰਨ-ਚਿੱਤ ਨਾਲ ਭੋਜਨ ਖਾਣਾ ਇਕ ਵਸਦੇ-ਰਸਦੇ ਘਰ ਦੀ ਨਿਸ਼ਾਨੀ ਹੁੰਦਾ ਹੈ।

ਕਿਸੇ ਟੱਬਰ ਦੀ ਖੁਸ਼ਹਾਲੀ, ਉਸ ਘਰ ਦੀ ਰਸੋਈ ਨਾਲ ਜੁੜੀ ਹੁੰਦੀ ਹੈ।

ਖਾਣਾ ਖਾਣ ਲਈ ਔਸਤ ਵੀਹ ਮਿੰਟ ਲਗਦੇ ਹਨ, ਇਨ੍ਹਾਂ ਵੀਹ ਮਿੰਟਾਂ ਦੀ ਵਿਉਂਤ ਸਾਡੇ ਸਮੁੱਚੇ ਜੀਵਨ-ਦ੍ਰਿਸ਼ਟੀਕੋਣ ਨੂੰ ਨਿਰਧਾਰਤ ਕਰਦੀ ਹੈ।

ਕਈ ਖਾ-ਖਾ ਕੇ ਆਪਣੇ ਸਰੀਰ ਨੂੰ ਕੁਢੱਬਾ ਬਣਾ ਲੈਂਦੇ ਹਨ।

ਸਾਰਾ ਜੀਵਨ ਮਨੁੱਖ ਹਰ ਰੋਜ਼ ਤਿੰਨ ਵਾਰ ਭੋਜਨ ਖਾਂਦਾ ਹੈ ਪਰ ਇਸ ਅਭਿਆਸ ਦੇ ਬਾਵਜੂਦ ਲੋਕ ਨਹੀਂ ਜਾਣਦੇ ਕਿ ਕਿਸੇ ਸਮਾਗਮ 'ਤੇ ਉਨ੍ਹਾਂ ਨੂੰ ਆਪਣੀ ਪਲੇਟ ਵਿਚ ਕਿਤਨਾ ਭੋਜਨ ਪਾਉਣਾ ਚਾਹੀਦਾ ਹੈ ਅਤੇ ਆਪਣੀ ਪਲੇਟ ਵਿਚ ਉਹ, ਅਕਸਰ ਲਾਲਚ ਕਾਰਨ, ਤੱਸਲੇ ਜਿਤਨਾ ਭੋਜਨ ਪਾ ਕੇ ਆਪਣੀ ਮੂਰਖਤਾ ਦਾ ਪ੍ਰਗਟਾਵਾ ਕਰਦੇ ਹਨ।

ਇਕ ਅਜਿਹੇ ਵਿਅਕਤੀ ਨੇ ਇਕ ਡਾਕਟਰ ਨੂੰ ਪੁੱਛਿਆ, ਕੋਈ ਢੰਗ ਦੱਸੋ, ਪਤਲਾ ਹੋਣਾ ਚਾਹੁੰਦਾ ਹਾਂ। ਡਾਕਟਰ ਨੇ ਕਿਹਾ, ਕਿਸੇ ਨੂੰ ਪਿਆਰ ਕਰੋ। ਡਾਕਟਰ ਦਾ ਭਾਵ ਸੀ ਕਿ ਕਿਸੇ ਨੂੰ ਪਿਆਰ ਕਰਨ ਦੀ ਸਥਿਤੀ ਵਿਚ ਸਾਨੂੰ ਆਪਣਾ ਮੋਟਾਪਾ ਕੁਢੱਬਾ ਪ੍ਰਤੀਤ ਹੋਵੇਗਾ ਅਤੇ ਇਸ ਪਹਿਚਾਣ ਵਿਚੋਂ ਹੀ ਖਾਣ ਦਾ ਸੰਜਮ ਉਪਜੇਗਾ, ਕਿਉਂਕਿ ਅਸੀਂ ਪਿਆਰ ਨਾਲ ਹੀ ਰੱਜ ਜਾਵਾਂਗੇ।

ਕਹਿੰਦੇ ਹਨ ਕਿ ਘੱਟ ਖਾਧੇ ਦਾ ਕਦੀ ਪਛਤਾਵਾ ਨਹੀਂ ਹੁੰਦਾ।

ਮੋਟੇ ਬੰਦੇ ਅਚਾਨਕ ਅਤੇ ਜਲਦੀ ਮਰਦੇ ਹਨ।

ਇਹ ਵੀ ਕਿਹਾ ਜਾਂਦਾ ਹੈ ਕਿ ਜਿਹੜੀ ਚੀਜ਼ ਕੇਵਲ ਸੁਆਦ ਲਈ ਖਾਧੀ ਜਾਵੇ, ਉਹ ਬੀਮਾਰੀਆਂ ਨੂੰ ਜਨਮ ਦਿੰਦੀ ਹੈ।

ਤੰਦਰੁਸਤ ਰਹਿਣ ਦਾ ਇਕ ਸੁਨਿਹਰੀ ਅਸੂਲ ਹੈ, ਜੋ ਮਰਜ਼ੀ ਖਾਓ ਪਰ ਖਾਣੇ ਦੇ ਮੇਜ਼ 'ਤੇ ਖਾਓ, ਜਾਂ ਜੋ ਖਾਣਾ ਹੈ, ਉਹ ਇਕੋ ਵਾਰੀ ਥਾਲੀ ਵਿਚ ਪਾ ਲਵੋ।

ਸਾਡੇ ਦੇਸ਼ ਵਿਚ ਅਮੀਰੀ ਦੇ ਅਰਥ ਖੁੱਲ੍ਹਾ ਰੱਜ ਕੇ ਖਾਣ-ਪੀਣ ਵਿਚਲੀ ਮੌਜ ਤੋਂ ਲਏ ਜਾਂਦੇ ਹਨ ਪਰ ਅਜਿਹੇ ਘਰਾਂ ਵਿਚ ਮਾਲਕ ਬੀਮਾਰ ਹੁੰਦੇ ਹਨ ਅਤੇ ਘੱਟ ਖਾਣ ਵਾਲੇ ਅਤੇ ਕੰਮ ਕਰਨ ਵਾਲੇ ਨੌਕਰ ਹੀ ਤੰਦਰੁਸਤ ਹੁੰਦੇ ਹਨ।

ਅਸਲ ਅਮੀਰੀ ਅਤੇ ਖੁਸ਼ਹਾਲੀ ਉੱਥੇ ਹੁੰਦੀ ਹੈ, ਜਿੱਥੇ ਖਾਣ ਪੀਣ ਨੂੰ ਖੁੱਲ੍ਹਾ ਹੋਵੇ ਪਰ ਸਰੀਰ ਵਿਚੋਂ ਸੰਜਮ ਅਤੇ ਸੰਕੋਚ ਝਲਕੇ।

# ਮੁਆਫ਼ ਕਰਨਾ

ਜਦੋਂ ਤੱਕ ਕੋਈ ਗ਼ਲਤੀ ਨਹੀਂ ਕਰਦਾ, ਉਦੋਂ ਤੱਕ ਉਹ ਆਪਣੇ ਆਪ ਨੂੰ ਮਨੁੱਖ ਅਖਵਾਉਣ ਦਾ ਹੱਕਦਾਰ ਨਹੀਂ ਬਣਦਾ।

ਗ਼ਲਤੀ ਨਾਲ ਹੀ ਸਾਨੂੰ ਅਹਿਸਾਸ ਹੁੰਦਾ ਹੈ ਕਿ ਅਸੀਂ ਇਨਸਾਨ ਹਾਂ।

ਇਸੇ ਕਰਕੇ ਕਿਹਾ ਜਾਂਦਾ ਹੈ ਕਿ ਮਨੁੱਖ ਗ਼ਲਤੀ ਦਾ ਪੁਤਲਾ ਹੈ।

ਰੱਬ ਨੂੰ ਗ਼ਲਤੀ ਕਰਨ ਦਾ ਅਧਿਕਾਰ ਨਹੀਂ। ਕੇਵਲ ਰੱਬ ਹੀ ਗ਼ਲਤੀ ਨਹੀਂ ਕਰਦਾ ਅਤੇ ਕੋਈ ਗ਼ਲਤੀ ਨਾ ਕਰਨ ਕਰਕੇ ਹੀ ਉਹ ਰੱਬ ਹੈ।

ਕਹਿੰਦੇ ਹਨ ਇਕ ਵਾਰੀ ਰੱਬ ਨੇ ਆਪਣੇ ਇਕ ਭਗਤ ਨੂੰ ਪੁੱਛਿਆ : ਦੱਸ ਤੂੰ ਕੀ ਕੀ ਗ਼ਲਤੀਆਂ ਕੀਤੀਆਂ ਹਨ ? ਅੱਗੋਂ ਉੱਤਰ ਮਿਲਿਆ, ਮਹਾਰਾਜ ਮੈਂ ਕੋਈ ਗ਼ਲਤੀ ਨਹੀਂ ਕੀਤੀ। ਰੱਬ ਨੇ ਨਾਰਾਜ਼ ਹੋ ਕੇ ਕਿਹਾ : ਕਿਉਂ ? ਤੈਨੂੰ ਵਿਸ਼ਵਾਸ ਨਹੀਂ ਸੀ ਕਿ ਮੈਂ ਤੈਨੂੰ ਮੁਆਫ਼ ਕਰ ਦੇਵਾਂਗਾ ?

ਗ਼ਲਤੀ ਕਰਨਾ ਮਨੁੱਖੀ ਫ਼ਿਤਰਤ ਹੈ, ਮਨੁੱਖ ਹੋਣ ਦਾ ਸਬੂਤ ਹੈ, ਜਦੋਂ ਕਿ ਗ਼ਲਤੀਆਂ ਨੂੰ ਮੁਆਫ਼ ਕਰਨਾ ਰੱਬ ਦਾ ਸੁਭਾਓ ਹੈ।

ਮਨੁੱਖ ਨੇ ਆਪਣੀਆਂ ਤਰਕਸ਼ੀਲ ਕਿਰਿਆਵਾਂ, ਮਸ਼ੀਨਾਂ ਅਤੇ ਕੰਪਿਊਟਰਾਂ ਨੂੰ ਸੌਂਪ ਦਿੱਤੀਆਂ ਹਨ ਪਰ ਗ਼ਲਤੀ ਕਰਨ ਦਾ ਲੱਛਣ ਮਨੁੱਖ ਦੇ ਕੋਲ ਹੀ ਰਹੇਗਾ।

ਜਿਹੜੀ ਚੀਜ਼ ਖ਼ਰਾਬ ਹੋ ਸਕਦੀ ਹੈ ਜਾਂ ਵਿਗੜ ਸਕਦੀ ਹੈ, ਉਸ ਨੇ ਅੰਤ ਨੂੰ ਖ਼ਰਾਬ ਹੋਣਾ ਜਾਂ ਵਿਗੜਨਾ ਹੀ ਹੁੰਦਾ ਹੈ।

ਮਨੁੱਖਾਂ ਅਤੇ ਜਾਨਵਰਾਂ ਵਿਚ ਅੰਤਰ ਇਹ ਹੈ ਕਿ ਮਨੁੱਖ ਆਪਣੀ ਗ਼ਲਤੀ ਨੂੰ ਵੇਖ ਕੇ ਪਛਤਾ ਸਕਦਾ ਹੈ, ਜਾਨਵਰ ਅਜਿਹਾ ਨਹੀਂ ਕਰ ਸਕਦੇ।

ਮਨੁੱਖ ਅਤੇ ਰੱਬ ਵਿਚਕਾਰ ਸਾਂਝ ਇਹ ਹੈ ਕਿ ਕਈ ਵਾਰੀ ਗ਼ਲਤੀ ਕਰਨ ਵਾਲਾ ਮਨੁੱਖ, ਦੂਜੇ ਤੋਂ ਆਸ ਕਰਦਾ ਹੈ ਕਿ ਉਹ ਰੱਬ ਬਣ ਕੇ ਉਸ ਨੂੰ ਮੁਆਫ਼ ਕਰੇ।

ਗ਼ਲਤੀਆਂ ਅਸੀਂ ਸਾਰੇ ਕਰਦੇ ਹਾਂ ਪਰ ਬਹੁਤ ਘੱਟ ਲੋਕ ਹਨ, ਜਿਨ੍ਹਾਂ ਨੂੰ ਦੂਜਿਆਂ ਦੀਆਂ ਗ਼ਲਤੀਆਂ ਅਣਡਿਠ ਕਰਨ ਜਾਂ ਮੁਆਫ਼ ਕਰਨ ਦਾ ਹੁਨਰ ਆਉਂਦਾ ਹੈ।

ਬਹੁਤੇ ਲੋਕ ਸਾਹ ਲੈਂਦੇ ਹਨ ਅਤੇ ਉਸੇ ਨੂੰ ਜੀਵਨ ਸਮਝਦੇ ਹਨ, ਬਹੁਤ ਘੱਟ ਲੋਕ ਹਨ, ਜਿਨ੍ਹਾਂ ਨੂੰ ਜਿਊਣ ਦਾ ਹੁਨਰ ਆਉਂਦਾ ਹੈ।

ਇਵੇਂ ਹੀ ਬਹੁਤੇ ਲੋਕ ਬਦਲੇ ਦੀ ਭਾਵਨਾ ਦਾ ਸ਼ਿਕਾਰ ਹੁੰਦੇ ਹਨ ਅਤੇ ਕੋਈ ਵਿਰਲਾ ਹੀ ਹੁੰਦਾ ਹੈ ਜਿਸ ਵਿਚ ਮੁਆਫ਼ ਕਰਨ ਦੀ ਦਲੇਰੀ ਹੁੰਦੀ ਹੈ।

ਗਲਤੀ ਹਰ ਕਿਸੇ ਤੋਂ ਹੋ ਜਾਂਦੀ ਹੈ। ਗ਼ਲਤੀਆਂ ਦੋ ਕਿਸਮ ਦੀਆਂ ਹੁੰਦੀਆਂ ਹਨ, ਆਪੇ ਹੋ ਜਾਣ ਵਾਲੀ ਅਤੇ ਜਾਣ-ਬੁਝ ਕੇ ਕੀਤੀ ਜਾਣ ਵਾਲੀ।

ਸਿਆਣੇ ਵਿਅਕਤੀ ਗ਼ਲਤੀ ਤੋਂ ਅੱਗੇ ਲੰਘ ਜਾਂਦੇ ਹਨ ਜਦੋਂ ਕਿ ਮੂਰਖ਼ ਵਿਅਕਤੀ ਗ਼ਲਤੀ ਉੱਤੇ ਹੀ ਅੜਿਆ ਰਹਿੰਦਾ ਹੈ।

ਸਾਰੇ ਮਨੁੱਖਾਂ ਵਿਚ ਸਾਂਝ ਹੀ ਇਸ ਗੱਲ ਦੀ ਹੈ ਕਿ ਉਹ ਗ਼ਲਤੀਆਂ ਕਰਦੇ ਹਨ।

ਇਹ ਤੱਥ ਮਨੁੱਖਾਂ ਵਿਚਕਾਰ ਅਨੇਕਾਂ ਸਹਿਯੋਗਾਂ ਦਾ ਆਧਾਰ ਬਣਦਾ ਹੈ।

ਬਦਲੇ ਦੀ ਭਾਵਨਾ ਅਸਲ ਵਿਚ ਜੰਗਲੀ ਇਨਸਾਫ਼ ਹੈ।

ਸਾਰੇ ਕਾਨੂੰਨਾਂ ਅਤੇ ਨੇਮਾਂ ਦਾ ਨਿਰਮਾਣ ਇਸ ਆਧਾਰ ਉੱਤੇ ਹੋਇਆ ਹੈ ਕਿ ਮਨੁੱਖ ਵਿਚ ਬਦਲੇ ਦੀ ਭਾਵਨਾ ਨੂੰ ਘਟਾਇਆ ਜਾ ਸਕੇ।

ਬਦਲਾ ਲੈਣ ਵਾਲਾ ਮਨੁੱਖ ਆਪਣੇ ਆਪ ਨੂੰ ਦੂਜੀ ਧਿਰ ਦੀ ਪੱਧਰ ਤੱਕ ਡੇਗਦਾ ਹੈ ਅਤੇ ਬਦਲਾ ਲੈਂਦੇ-ਲੈਂਦੇ ਦੂਜੀ ਧਿਰ ਨਾਲੋਂ ਵੀ ਨਿਘਰ ਜਾਂਦਾ ਹੈ।

ਬਦਲੇ ਦੀ ਭਾਵਨਾ ਵਾਲੇ ਮਨੁੱਖ ਭੂਤਕਾਲ ਵਿਚ ਹੀ ਵਿਚਰਦੇ ਰਹਿੰਦੇ ਹਨ।

ਬਦਲਾ ਲੈਣ ਵਾਲੀ ਧਿਰ ਦੀ ਮਾਨਸਿਕ ਸਥਿਤੀ ਇਕ ਬੇਚੈਨ, ਅਸ਼ਾਂਤ ਅਤੇ ਤੜਪ ਰਹੇ ਵਿਅਕਤੀ ਵਾਲੀ ਹੁੰਦੀ ਹੈ।

ਕਈ ਮਨੁੱਖਾਂ ਦੀ ਸੋਚ ਹੀ ਪੁੱਠੀ ਹੁੰਦੀ ਹੈ ਅਤੇ ਉਹ ਜੇ ਕਿਸੇ ਦਾ ਕੁਝ ਕਰ ਸਕਦੇ ਹਨ ਤਾਂ ਕੇਵਲ ਨੁਕਸਾਨ ਹੀ ਕਰ ਸਕਦੇ ਹਨ।

ਅਜਿਹੇ ਵਿਅਕਤੀਆਂ ਵਿਚ ਮੁਆਫ਼ ਕੀਤੇ ਜਾਣ ਦੀ ਇੱਛਾ ਨਹੀਂ ਹੁੰਦੀ, ਇਹ ਮੁਆਫ਼ ਨਹੀਂ ਕੀਤੇ ਜਾ ਸਕਦੇ, ਇਹ ਸਮਾਜ ਦੇ ਸਰੀਰ 'ਤੇ ਫੋੜਾ ਹੁੰਦੇ ਹਨ। ਇਨ੍ਹਾਂ ਦਾ ਨਿਵਾਸ-ਸਥਾਨ ਜੇਲ੍ਹ ਜਾਂ ਪਾਗਲਖਾਨਾ ਹੁੰਦਾ ਹੈ।

ਜਦੋਂ ਕੋਈ ਸਾਡੇ ਨਾਲ ਘਿਸਰ ਕੇ ਲੰਘਦਾ ਹੈ ਤਾਂ ਸਾਨੂੰ ਪਤਾ ਲੱਗ ਜਾਂਦਾ ਹੈ ਕਿ ਉਹ ਸੁਭਾਵਕ ਹੀ ਘਿਸਰਿਆ ਹੈ ਜਾਂ ਜਾਣ ਕੇ ਸ਼ਰਾਰਤ ਨਾਲ ਘਿਸਰਿਆ ਹੈ। ਬਦਲਾ ਲੈਣ ਸਮੇਂ ਵੀ ਇਹ ਅੰਤਰ ਕਰਨਾ ਜ਼ਰੂਰੀ ਹੁੰਦਾ ਹੈ ਕਿ ਗ਼ਲਤੀ ਜਾਣ ਕੇ ਕੀਤੀ ਗਈ ਹੈ ਜਾਂ ਸੁਭਾਵਿਕ ਹੀ ਹੋ ਗਈ ਹੈ। ਗ਼ਲਤੀ ਕਰਨ ਵਾਲੇ ਦੇ ਪਹਿਲੇ ਪੰਜ ਵਾਕ ਅਜਿਹਾ ਨਿਰਣਾ ਕਰਨ ਲਈ ਕਾਫ਼ੀ ਹੁੰਦੇ ਹਨ। ਕੁਝ ਗ਼ਲਤੀਆਂ ਅਜਿਹੀਆਂ ਹੁੰਦੀਆਂ ਹਨ ਜਿਹੜੀਆਂ ਦੁਸ਼ਮਣ ਹੀ ਕਰਦੇ ਹਨ, ਜਾਂ ਜਿਹੜੇ ਅਜਿਹੀਆਂ ਗ਼ਲਤੀਆਂ ਕਰਦੇ ਹਨ, ਉਹ ਸਾਡੇ ਦੁਸ਼ਮਣ ਜਾਂ ਅਸੀਂ ਉਨ੍ਹਾਂ ਦੇ ਦੁਸ਼ਮਣ ਬਣ ਜਾਂਦੇ ਹਾਂ।

ਦੁਸ਼ਮਣਾਂ ਨੂੰ ਮੁਆਫ਼ ਕਰਨਾ ਸੌਖਾ ਹੁੰਦਾ ਹੈ ਪਰ ਦੋਸਤਾਂ ਨੂੰ ਮੁਆਫ਼ ਕਰਨ ਦੀਆਂ ਮਿਸਾਲਾਂ ਬੜੀਆਂ ਘੱਟ ਹਨ।

ਉਂਜ ਤਾਂ ਦੋਸਤੀਆਂ ਵਿਚ ਅਸੀਂ ਬੜਾ ਕੁਝ ਸਹਿਜੇ ਹੀ ਬਰਦਾਸ਼ਤ ਕਰ ਲੈਂਦੇ ਹਾਂ ਪਰ ਜਦੋਂ ਗੱਲ ਮੁਆਫ਼ੀ ਮੰਗਣ ਅਤੇ ਮੁਆਫ਼ ਕਰਨ ਤੱਕ ਜਾ ਪਹੁੰਚੇ ਤਾਂ ਉਸ ਤੋਂ ਪਹਿਲਾਂ ਹੀ ਦੋਸਤੀ ਮੁੱਕ ਚੁੱਕੀ ਹੁੰਦੀ ਹੈ ਅਤੇ ਦੋਸਤ, ਦੁਸ਼ਮਣ ਬਣ ਚੁੱਕੇ ਹੁੰਦੇ ਹਨ।

ਮੁਆਫ਼ ਕੀਤਾ ਦੋਸਤ, ਬਦਲਾ ਲੈਣ ਲਈ ਮੌਕਾ ਉਡੀਕਦਾ ਰਹਿੰਦਾ ਹੈ।

ਅਜਿਹੀ ਸਥਿਤੀ ਵਿਚ ਕੁਝ ਘਟਨਾਵਾਂ ਸੁਭਾਵਿਕ ਹੀ ਇਝ ਵਾਪਰਦੀਆਂ ਹਨ ਕਿ ਦੋਵੇਂ ਧਿਰਾਂ ਵਿਚਕਾਰ ਵਿੱਥ ਵੱਧਦੀ ਰਹਿੰਦੀ ਹੈ ਅਤੇ ਜ਼ਿੰਦਗੀ ਵਿਚ ਸਮਾਂ ਹੀ ਨਹੀਂ ਮਿਲਦਾ ਕਿ ਰਿਸ਼ਤੇ ਨੂੰ ਮੁੜ ਗੰਢਿਆ ਜਾ ਸਕੇ।

ਜਦੋਂ ਸਾਡੀ ਕਿਸੇ ਨਾਲ ਬਣੀ ਹੋਵੇ ਤਾਂ ਅਸੀਂ ਵਿਹਾਰ ਦੇ ਪੱਖੋਂ ਉਸ ਦਾ ਬਹੁਤ ਕੁਝ ਬਰਦਾਸ਼ਤ ਕਰ ਲੈਂਦੇ ਹਾਂ, ਪਰ ਜਦੋਂ ਵਿਗੜ ਜਾਵੇ ਤਾਂ ਅਸੀਂ ਦੂਜੇ ਦੀ ਹਰ ਹਰਕਤ ਦੇ ਗੁੱਝੇ ਅਰਥ ਕੱਢਣ ਅਤੇ ਉਸ 'ਤੇ ਸ਼ੱਕ ਕਰਨ ਲੱਗ ਪੈਂਦੇ ਹਾਂ।

ਬੇਵਫ਼ਾਈ ਦੀ ਹਾਲਤ ਵਿਚ ਪਤਨੀ, ਪਤੀ ਨੂੰ ਮੁਆਫ਼ ਕਰ ਦਿੰਦੀ ਹੈ ਪਰ ਪਤੀ ਵਿਚ, ਪਤਨੀ ਨੂੰ ਮੁਆਫ਼ ਕਰਨ ਦਾ ਹੌਸਲਾ ਘੱਟ ਹੀ ਵੇਖਿਆ ਗਿਆ ਹੈ।

ਸਾਡੀਆਂ ਸਾਰੀਆਂ ਗ਼ਲਤੀਆਂ ਆਮ ਕਰਕੇ ਸਾਡੇ ਵਿਹਾਰ ਵਿਚੋਂ ਜਨਮਦੀਆਂ ਹਨ। ਕਈ ਵਾਰੀ ਦੂਜਿਆਂ ਦੀ ਗਲਤੀ ਨੂੰ ਅਸੀਂ ਮੂਰਖਤਾ ਦਾ ਨਾਂ ਦੇ ਕੇ ਮੁਆਫ਼ ਕਰਨ ਦਾ ਬਹਾਨਾ ਲਾਉਂਦੇ ਹਾਂ। ਮੂਰਖਤਾ ਅਸਲ ਵਿਚ ਸਾਡੇ ਵਿਚ ਉਪਜਿਆ ਬੇਅਸੂਲਾ ਹੌਸਲਾ ਹੁੰਦੀ ਹੈ। ਕੇਵਲ ਮੂਰਖ ਹੀ ਆਪਣੇ ਠੀਕ ਹੋਣ ਦੀ ਜ਼ਿੱਦ ਕਰਦੇ ਹਨ।

ਸਾਡਾ ਗਿਆਨ ਇਸ ਗੱਲ ਵਿਚ ਪ੍ਰਗਟ ਹੁੰਦਾ ਹੈ ਕਿ ਅਸੀਂ ਮੂਰਖਾਂ ਨਾਲ ਕਿਵੇਂ ਪੇਸ਼ ਆਉਂਦੇ ਹਾਂ। ਮੂਰਖ ਦੀ ਨਿਸ਼ਾਨੀ ਹੀ ਇਹ ਹੁੰਦੀ ਹੈ ਕਿ ਗ਼ਲਤ ਹੋਣ ਦੇ ਬਾਵਜੂਦ ਉਹ ਆਪਣੇ ਆਪ ਨੂੰ ਹੀ ਸਹੀ ਸਮਝਦਾ ਹੈ।

ਜਦੋਂ ਮੂਰਖਤਾ ਹੱਦ ਟੱਪ ਜਾਵੇ ਤਾਂ ਉਹ ਖ਼ਬਤ ਬਣ ਜਾਂਦੀ ਹੈ।

ਖ਼ਬਤੀ ਹੁੰਦਾ ਹੀ ਉਹ ਹੈ ਜੋ ਕਿਸੇ ਵੀ ਕੀਮਤ ਉੱਤੇ ਆਪਣੇ ਵਿਚਾਰ ਬਦਲਣ ਲਈ ਤਿਆਰ ਨਹੀਂ ਹੁੰਦਾ।

ਅਜਿਹੇ ਲੋਕਾਂ ਨੂੰ ਨਾ ਸੁਧਾਰਿਆ ਜਾ ਸਕਦਾ ਹੈ, ਨਾ ਬਦਲਿਆ ਜਾ ਸਕਦਾ ਹੈ। ਇਨ੍ਹਾਂ ਨੂੰ ਮੁਆਫ਼ ਕਰਨ ਦੀ ਥਾਂ ਇਨਾਂ ਤੋਂ ਮੁਆਫ਼ੀ ਮੰਗ ਲੈਣੀ ਹੀ ਸਿਆਣਪ ਹੈ।

ਗ਼ਲਤੀਆਂ ਸਾਰੇ ਕਰਦੇ ਹਨ ਪਰ ਕੁਝ ਲੋਕ ਆਪਣੀ ਗ਼ਲਤੀ ਨੂੰ ਜਾਇਜ਼ ਠਹਿਰਾਉਣ ਲਈ ਬੜੀ ਮਿਹਨਤ ਕਰਦੇ ਹਨ।

ਨੀਤੀ ਸ਼ਾਸਤਰ ਵਿਚ ਕਿਹਾ ਗਿਆ ਹੈ ਕਿ ਜਦੋਂ ਤੱਕ ਤੁਹਾਡੇ 'ਤੇ ਦੋਸ਼ ਨਾ ਲਾਇਆ ਜਾਵੇ, ਉਦੋਂ ਤੱਕ ਆਪਣੀ ਸਫ਼ਾਈ ਦੇਣ ਤੋਂ ਸੰਕੋਚ ਹੀ ਕਰਨਾ ਚਾਹੀਦਾ ਹੈ। ਵੇਖਿਆ ਗਿਆ ਹੈ ਕਿ ਚੰਗੇ ਵਿਅਕਤੀ ਗ਼ਲਤੀ ਦਾ ਪਤਾ ਲਗਦਿਆਂ ਹੀ ਮੁਆਫ਼ੀ ਮੰਗਦੇ ਹਨ। ਉਹ ਮੁਆਫ਼ੀ ਮੰਗ ਕੇ ਦੂਜੀ ਧਿਰ ਨੂੰ ਨਿਰ-ਹਥਿਆਰ ਕਰ ਦਿੰਦੇ ਹਨ। ਮੁਆਫ਼ੀ ਮੰਗਣ ਨਾਲ ਦੂਜੀ ਧਿਰ ਦਾ ਸਾਰਾ ਤਣਾਓ ਇਕਦਮ ਢਿੱਲਾ ਹੋ ਜਾਂਦਾ ਹੈ।

ਮੁਆਫ਼ੀ ਵੀ ਕਈ ਢੰਗਾਂ ਨਾਲ ਮੰਗੀ ਜਾਂਦੀ ਹੈ।

ਸੱਚੀ ਭਾਵਨਾ ਨਾਲ ਮੰਗੀ ਮੁਆਫ਼ੀ ਵਾਤਾਵਰਣ ਨੂੰ ਸੁਖਾਵਾਂ ਬਣਾ ਕੇ ਦੋਹਾਂ ਧਿਰਾਂ ਨੂੰ ਹੋਰ ਨੇੜੇ ਲੈ ਆਉਂਦੀ ਹੈ। ਅਜਿਹੀ ਮੁਆਫ਼ੀ ਵਿਚ ਮੁਆਫ਼ੀ ਮੰਗਣ ਵਾਲਾ ਕਹਿ ਰਿਹਾ ਹੁੰਦਾ ਹੈ : ਮੈਂ ਜੋ ਕੁਝ ਕੀਤਾ ਹੈ, ਉਹ ਮੇਰਾ ਅਸਲ ਵਰਤਾਰਾ ਨਹੀਂ ਸੀ, ਮੈਨੂੰ ਆਪਣਾ ਅਸਲ ਸੁਭਾਅ ਵਿਖਾਉਣ ਲਈ ਇਕ ਅਵਸਰ ਦਿਓ।

ਉੱਪਰੋਂ ਉੱਪਰੋਂ ਮੰਗੀ ਗਈ ਮੁਆਫ਼ੀ ਦਾ ਅਸਲ ਉਦੇਸ਼ ਦੂਜੀ ਧਿਰ ਵੱਲੋਂ ਬਦਲਾ ਲੈਣ ਦੇ ਯਤਨਾਂ ਨੂੰ ਖੁੰਢਾ ਕਰਨਾ ਹੁੰਦਾ ਹੈ।

ਕਿਸੇ ਨੂੰ ਮੁਆਫ਼ ਕਰਦੇ ਹੋਏ ਅਸਲ ਵਿਚ ਅਸੀਂ ਉਸ ਦੇ ਦੋਸ਼ ਦੀ ਹੀ ਪੁਸ਼ਟੀ ਕਰ ਰਹੇ ਹੁੰਦੇ ਹਾਂ। ਹਰ ਕਿਸੇ ਨੂੰ ਮੁਆਫ਼ ਕਰ ਦੇਣਾ ਵੀ ਅਨਿਆਇ ਹੁੰਦਾ ਹੈ, ਕਿਉਂਕਿ ਇਵੇਂ ਮੁਆਫ਼ ਕਰਨ ਵਾਲਾ, ਮੁਆਫ਼ ਕੀਤੇ ਜਾਣ ਵਾਲੇ ਦੇ ਮੁਕਾਬਲੇ ਆਪਣੀ ਵਾਧੂ ਵਡਿਆਈ ਸਥਾਪਤ ਕਰ ਜਾਂਦਾ ਹੈ।

ਕਈ ਬਾਗੀ ਇਸ ਗੱਲ ਨੂੰ ਮੁਆਫ਼ ਨਹੀਂ ਕਰਦੇ ਕਿ ਉਨ੍ਹਾਂ ਨੂੰ ਮੁਆਫ਼ੀ ਦਿੱਤੀ ਗਈ ਸੀ। ਇਕ ਬਾਦਸ਼ਾਹ ਨੇ ਇਕ ਬਾਗੀ ਬਾਰੇ ਕਿਹਾ ਸੀ : ਉਹ ਮਹਾਨ ਦੇਸ਼-ਭਗਤ ਬਣਨਾ ਚਾਹੁੰਦਾ ਹੈ ਪਰ ਮੈਂ ਉਸ ਨੂੰ ਸਫ਼ਲ ਨਹੀਂ ਹੋਣ ਦੇਵਾਂਗਾ, ਕਿਉਂਕਿ ਮੈਂ ਉਸ ਦੀ ਹਰ ਬਗਾਵਤ ਨੂੰ ਮੁਆਫ਼ ਕਰ ਦੇਵਾਂਗਾ।

ਉਹ ਵਿਅਕਤੀ ਤਰਸਯੋਗ ਹੁੰਦਾ ਹੈ ਜਿਸ ਨੂੰ ਮੁਆਫ਼ ਕਰਨ ਦਾ ਅਵਸਰ ਮਿਲੇ ਪਰ ਉਹ ਮੁਆਫ਼ ਨਾ ਕਰੇ। ਅਜਿਹੇ ਵਿਅਕਤੀ ਨੂੰ ਦੂਜੀ ਧਿਰ ਕਦੀ ਵੀ ਮੁਆਫ਼ ਨਹੀਂ ਕਰਦੀ। ਜਦੋਂ ਕਿਸੇ ਵਿਅਕਤੀ ਨੂੰ ਮੁਆਫ਼ੀ ਮੰਗਣ ਦੇ ਬਾਵਜੂਦ ਮੁਆਫ਼ ਨਾ ਕੀਤਾ ਜਾਵੇ, ਉਹ ਸੌ ਸੱਪਾਂ ਦੀ ਜ਼ਹਿਰ ਘੋਲਦਾ ਹੈ ਅਤੇ ਡੰਗ ਮਾਰਨ ਲਈ ਮੌਕੇ ਦੀ ਤਲਾਸ਼ ਵਿਚ ਰਹਿੰਦਾ ਹੈ।

ਮੁਆਫ਼ੀ ਮੰਗਣ ਦੇ ਬਾਵਜੂਦ ਜਦੋਂ ਕਿਸੇ ਨੂੰ ਮੁਆਫ਼ ਨਾ ਕੀਤਾ ਜਾਵੇ ਤਾਂ ਇਸ ਤੋਂ ਵੱਡੀ ਕੋਈ ਬੇਇੱਜ਼ਤੀ ਨਹੀਂ ਹੁੰਦੀ।

ਮੁਆਫ਼ ਕਰ ਹੀ ਉਹ ਸਕਦੇ ਹਨ ਜੋ ਤਾਕਤਵਰ ਹੋਣ।

ਮੁਆਫ਼ ਕਰਨ ਨਾਲ ਤਾਕਤਵਰ ਹੋਰ ਸ਼ਕਤੀਸ਼ਾਲੀ ਹੋ ਜਾਂਦੇ ਹਨ।

ਮੁਆਫ਼ ਕਰਨ ਦੀ ਸ਼ਕਤੀ ਵਿਸ਼ਾਲ ਸੂਝ ਅਤੇ ਮਨ ਦੀ ਅਮੀਰੀ ਵਿਚੋਂ ਜਨਮਦੀ ਹੈ। ਜਿਉਂ-ਜਿਉਂ ਸਾਡਾ ਗਿਆਨ ਵੱਧਦਾ ਹੈ, ਤਿਉਂ-ਤਿਉਂ ਸਾਡੇ ਵਿਚ ਮੁਆਫ਼ ਕਰਨ ਦੀ ਸ਼ਕਤੀ ਵੱਧਦੀ ਹੈ ਅਤੇ ਵੱਧਣੀ ਚਾਹੀਦੀ ਹੈ।

ਮੁਆਫ਼ ਕਰਨ ਦਾ ਜਿਗਰਾ ਕੇਵਲ ਬਹਾਦਰਾਂ ਅਤੇ ਮਹਾਨ ਵਿਅਕਤੀਆਂ ਵਿਚ ਹੁੰਦਾ ਹੈ, ਡਰਪੋਕ ਸਦਾ ਬਦਲਾ ਲੈਣ ਬਾਰੇ ਸੋਚਦੇ ਹਨ।

ਆਮ ਕਰ ਕੇ ਅਸੀਂ ਦੂਜਿਆਂ ਦੇ ਵਰਤਾਰੇ ਪ੍ਰਤਿ ਨਿਰਪੱਖ ਅਤੇ ਆਪਣੇ ਵਰਤਾਰੇ ਪ੍ਰਤਿ ਪੱਖਪਾਤੀ ਰੁਚੀ ਅਪਣਾਉਂਦੇ ਹਾਂ। ਅਸੀਂ ਆਪਣੇ ਆਪ ਨੂੰ ਮੁਆਫ਼ ਕਰ ਦਿੰਦੇ ਹਾਂ ਪਰ ਦੂਜਿਆਂ ਨੂੰ ਸਜ਼ਾ ਦੇਣ ਬਾਰੇ ਸੋਚਦੇ ਹਾਂ।

ਸੁਲੇਮਾਨ ਨੇ ਕਿਹਾ ਸੀ : ਸਭ ਤੋਂ ਵੱਧ ਸਜ਼ਾ ਆਪਣੇ ਆਪ ਨੂੰ ਦਿਓ।

ਹਰ ਧਰਮ ਦੇ ਗ੍ਰੰਥਾਂ ਵਿਚ ਮੁਆਫ਼ ਕਰਨ ਨੂੰ ਮਹਾਨ ਅਤੇ ਸਤਿਕਾਰਯੋਗ ਮਨੁੱਖੀ ਗੁਣ ਦੱਸਿਆ ਗਿਆ ਹੈ। ਮੁਆਫ਼ ਕਰ ਕੇ ਅਸੀਂ ਦੂਜੀ ਧਿਰ ਨੂੰ ਨਫ਼ਰਤ ਕਰਨ ਦੇ ਦੁੱਖਦਾਈ ਅਮਲ ਤੋਂ ਬਚ ਜਾਂਦੇ ਹਾਂ। ਅਰਦਾਸ ਵਿਚ ਉਨ੍ਹਾਂ ਦੀ ਮਹਿਮਾ ਗਾਈ ਗਈ ਹੈ 'ਜਿਨ੍ਹਾਂ ਵੇਖ ਕੇ ਅਣਡਿੱਠ ਕੀਤਾ।' ਮੁਆਫ਼ ਕਰਨ ਦੀ ਬਿਰਤੀ ਤੋਂ ਬਿਨਾਂ ਸਰਬੱਤ ਦੇ ਭਲੇ ਦੀ ਅਰਦਾਸ ਨਹੀਂ ਕੀਤੀ ਜਾ ਸਕਦੀ।

ਮੁਆਫ਼ ਕਰਨਾ ਗੁਣ ਹੈ ਪਰ ਮੁਆਫ਼ ਕਰ ਕੇ ਭੁੱਲ ਜਾਣਾ ਉਸ ਤੋਂ ਵੀ ਵੱਡਾ ਗੁਣ ਹੁੰਦਾ ਹੈ। ਮੁਆਫ਼ ਕਰਨਾ ਪਰ ਨਾ ਭੁੱਲਣਾ ਅਸਲ ਵਿਚ ਮੁਆਫ਼ ਨਾ ਕਰਨ ਦੇ ਬਰਾਬਰ ਹੁੰਦਾ ਹੈ। ਕਈ ਵਿਅਕਤੀ ਮੁਆਫ਼ ਕੀਤੇ ਜਾਣ ਦੇ ਬਾਵਜੂਦ ਪਛਤਾਉਂਦੇ ਰਹਿੰਦੇ ਹਨ। ਉਹ ਅਸਲੀਅਤ ਵਿਚ ਜ਼ਿੰਦਗੀ ਨੂੰ ਨਵੇਂ ਸਿਰੇ ਤੋਂ ਸ਼ੁਰੂ ਕਰਨ ਦੇ ਅਭਿਲਾਸ਼ੀ ਹੁੰਦੇ ਹਨ। ਉਹ ਮਿੱਟੀ ਤੋਂ ਕੰਚਨ ਬਣ ਜਾਂਦੇ ਹਨ।

ਉਹ ਸਮਾਜ ਲਈ ਚਾਨਣ-ਮੁਨਾਰਾ ਹੋ ਨਿਬੜਦੇ ਹਨ।

ਸਖ਼ਤ ਸਜ਼ਾਵਾਂ ਨਾਲ ਜੁਰਮ ਨਹੀਂ ਘਟਦੇ।

ਸਜ਼ਾ ਨਾਲ ਭੈੜੇ ਕੰਮਾਂ ਤੋਂ ਵਰਜਿਆ ਤਾਂ ਜਾ ਸਕਦਾ ਹੈ ਪਰ ਇਸ ਦਾ ਅਰਥ ਇਹ ਨਹੀਂ ਕਿ ਉਹ ਵਿਅਕਤੀ ਚੰਗੇ ਕੰਮ ਕਰਨ ਲੱਗ ਪਵੇਗਾ।

ਚਾਹੀਦਾ ਤਾਂ ਇਹ ਹੈ ਕਿ ਅਸੀਂ ਭੈੜੇ ਕੰਮਾਂ ਦੀ ਸਜ਼ਾ ਦੇਣ ਦੇ ਮੁਕਾਬਲੇ ਚੰਗੇ ਕੰਮਾਂ ਲਈ ਸ਼ਾਬਾਸ਼ ਦੇਣ ਵਿਚ ਵਧੇਰੇ ਚੁਸਤ ਹੋਈਏ ਪਰ ਹੁੰਦਾ ਬਿਲਕੁਲ ਉਲਟ ਹੈ।

ਚੰਗੇ ਕੰਮਾਂ ਦੀ ਪ੍ਰਸ਼ੰਸਾ ਕਰਨ ਦੀਆਂ ਸੰਭਾਵਨਾਵਾਂ ਸੁੰਗੜ ਗਈਆਂ ਹਨ।

ਅਪਰਾਧ ਕਰਨ ਉਪਰੰਤ ਅਤੇ ਸਜ਼ਾ ਮਿਲਣ ਤੋਂ ਝੱਟ ਪਹਿਲੇ ਦਾ ਸਮਾਂ ਬੜਾ ਸੰਕਟਮਈ ਹੁੰਦਾ ਹੈ। ਮੁਜਰਿਮ ਭਾਵੇਂ ਕਿਤਨਾ ਵੀ ਪੱਕਾ ਹੋਵੇ ਅਤੇ ਉਸ ਨੂੰ ਭਾਵੇਂ ਅਦਾਲਤ ਬਰੀ ਵੀ ਕਰ ਦੇਵੇ, ਉਹ ਆਪਣੇ ਆਪ ਨੂੰ ਬਰੀ ਨਹੀਂ ਕਰਦਾ।

ਅਸਲੀਅਤ ਤਾਂ ਇਹ ਹੈ ਕਿ ਕੋਈ ਵੀ ਜੁਰਮ ਮੁਆਫ਼ ਨਹੀਂ ਕੀਤਾ ਜਾਂਦਾ, ਕਿਉਂਕਿ ਸਜ਼ਾ ਜੁਰਮ ਕਰਨ ਦੇ ਵਿਚ ਹੀ ਹੁੰਦੀ ਹੈ।

ਸਭ ਤੋਂ ਵੱਡੀ ਸਜ਼ਾ, ਅਸਲ ਵਿਚ ਜਾਣੂਆਂ, ਗੁਆਂਢੀਆਂ ਅਤੇ ਆਪਣੇ ਹੀ ਘਰ ਦੇ ਜੀਆਂ ਵੱਲੋਂ ਪ੍ਰਗਟਾਈ ਜਾਣ ਵਾਲੀ ਅਪ੍ਰਵਾਨਗੀ ਹੁੰਦੀ ਹੈ।

ਅਧਿਆਪਕ ਵਲੋਂ, ਗੁੱਸੇ ਦੀ ਹਾਲਤ ਵਿਚ, ਵਿਦਿਆਰਥੀ ਨੂੰ ਦਿੱਤੀ ਹਰ ਸਜ਼ਾ ਜਾਇਜ਼ ਹੈ, ਪਰ ਅਧਿਆਪਕ ਵਲੋਂ ਵਿਉਂਤ ਬਣਾ ਕੇ ਵਿਦਿਆਰਥੀ ਨੂੰ ਸਜ਼ਾ ਦੇਣਾ, ਮੁਆਫ਼ ਕਰਨ ਯੋਗ ਵਰਤਾਰਾ ਨਹੀਂ ਹੁੰਦਾ।

ਅਸੀਂ ਦੂਜਿਆਂ ਦੀਆਂ ਸਾਰੀਆਂ ਗ਼ਲਤੀਆਂ ਮੁਆਫ਼ ਕਰ ਦਿੰਦੇ ਹਾਂ ਪਰ ਜਿਸ ਗ਼ਲਤੀ ਨਾਲ ਸਾਡਾ ਮਾਣ-ਸਤਿਕਾਰ ਘਟਿਆ ਹੋਵੇ, ਉਸ ਨੂੰ ਮੁਆਫ਼ ਕਰਨਾ ਸਭ ਤੋਂ ਵੱਧ ਔਖਾ ਹੁੰਦਾ ਹੈ।

ਕਿਸੇ ਵਿਅਕਤੀ, ਪਰਿਵਾਰ, ਸਮਾਜ ਜਾਂ ਕੌਮ ਵਿਚ ਅਫ਼ਸੋਸ ਕਰਨਾ, ਪਛਤਾਵਾ ਕਰਨਾ, ਦੁੱਖ ਮਨਾਉਣਾ, ਮੁਆਫ਼ੀ ਮੰਗਣੀ ਅਤੇ ਮੁਆਫ਼ ਕਰਨਾ, ਉਨ੍ਹਾਂ ਦੇ ਜਿਊਂਦੇ ਹੋਣ ਦਾ ਪ੍ਰਮਾਣ ਹੁੰਦਾ ਹੈ।

ਮੁਆਫ਼ ਕਰਨ ਦਾ ਹੁਨਰ ਗਿਆਨਵਾਨ ਵਿਅਕਤੀਆਂ, ਖੁਸ਼ਹਾਲ ਸਮਾਜਾਂ; ਸੋਹਣੀਆਂ ਅਤੇ ਬਹਾਦਰ ਕੌਮਾ ਵਿਚ ਹੀ ਹੁੰਦਾ ਹੈ।

୦୦୦

# ਵਿਆਹ

ਵਿਆਹ ਕਰਨਾ ਇਕ ਸਮਾਜਿਕ ਫਰਜ਼ ਅਤੇ ਪ੍ਰਕ੍ਰਿਤਕ ਲੋੜ ਹੈ।

ਪੁਰਸ਼ ਦੇ ਮੁਕਾਬਲੇ ਔਰਤ ਲਈ ਵਿਆਹ ਹੋਰ ਵੀ ਜ਼ਰੂਰੀ ਸਮਝਿਆ ਜਾਂਦਾ ਹੈ, ਕਿਉਂਕਿ ਪੁਰਸ਼ ਦੀ ਸਫ਼ਲਤਾ ਆਰਥਿਕ ਖੇਤਰ ਨਾਲ ਸਬੰਧਤ ਹੁੰਦੀ ਹੈ, ਜਦੋਂ ਕਿ ਔਰਤ ਦੀ ਜ਼ਿੰਦਗੀ ਦਾ ਮੁਹਾਵਰਾ ਉਸ ਦੀ ਸੰਤਾਨ ਹੁੰਦਾ ਹੈ।

ਕੋਈ ਵਿਅਕਤੀ ਭਾਵੇਂ ਕਿਤਨਾ ਵੀ ਮਹਾਨ ਹੋਵੇ ਅਤੇ ਉਸ ਦਾ ਮਨੁੱਖਤਾ ਨੂੰ ਯੋਗਦਾਨ ਭਾਵੇਂ ਕਿਤਨਾ ਵੀ ਸਲਾਹੁਣਯੋਗ ਹੋਵੇ ਅਤੇ ਭਾਵੇਂ ਉਹ ਵਿਆਹ ਕਰੇ ਜਾਂ ਨਾ ਹੀ ਕਰੇ ਪਰ ਉਸ ਦੀ ਮਹਾਨਤਾ ਜਾਂ ਯੋਗਦਾਨ ਦਾ ਸਤਿਕਾਰ ਉਸ ਦੇ ਚੰਗਾ, ਸਫਲ ਪਤੀ ਜਾਂ ਪਿਤਾ ਹੋਣ ਜਾਂ ਬਣ ਸਕਣ ਦੇ ਅਨੁਪਾਤ ਵਿਚ ਹੀ ਹੋਵੇਗਾ।

ਵਿਆਹ ਨੂੰ ਜੇ ਗਲਤੀ ਵੀ ਸਮਝ ਲਿਆ ਜਾਵੇ ਤਾਂ ਵੀ ਇਹ ਇਕ ਅਜਿਹੀ ਗਲਤੀ ਹੈ ਜੋ ਹਰ ਕਿਸੇ ਨੂੰ ਕਰਨੀ ਚਾਹੀਦੀ ਹੈ।

ਕਿਹਾ ਜਾਂਦਾ ਹੈ ਕਿ ਜਿਹੜੀ ਗਲਤੀ ਸਾਰੀ ਦੁਨੀਆਂ ਕਰਦੀ ਹੈ, ਉਹ ਗਲਤੀ ਨਹੀਂ ਰਹਿੰਦੀ, ਉਹ ਲੋੜ, ਰਿਵਾਜ ਜਾਂ ਪਰੰਪਰਾ ਬਣ ਜਾਂਦੀ ਹੈ।

ਵਿਆਹ ਇਕ ਅਜਿਹਾ ਵਿਸ਼ਾ ਹੈ ਜਿਸ ਸਬੰਧੀ ਹਰ ਵਿਅਕਤੀ ਆਪਣੇ ਅਨੁਭਵ ਦੇ ਆਧਾਰ ਉੱਤੇ ਆਪਣੇ ਆਪ ਨੂੰ ਫ਼ਿਲਾਸਫ਼ਰ ਸਮਝਦਾ ਹੈ ਅਤੇ ਇਸ ਸਬੰਧੀ ਆਪਣੀ ਸਫ਼ਲਤਾ ਜਾਂ ਅਸਫ਼ਲਤਾ ਦੇ ਆਧਾਰ ਉਤੇ ਬਹਿਸ ਕਰਨ ਲਈ ਸਦਾ ਤਿਆਰ ਰਹਿੰਦਾ ਹੈ।

ਵਿਆਹ ਨੂੰ ਸਫਲ ਬਣਾਉਣ ਵਿਚ ਦੋਹਾਂ ਧਿਰਾਂ ਦੀ ਢੇਰ ਅਤੇ ਨਿਰੰਤਰ ਮਿਹਨਤ ਲੱਗੀ ਹੁੰਦੀ ਹੈ ਅਤੇ ਇਸ ਨੂੰ ਅਸਫ਼ਲ ਬਣਾਉਣ ਲਈ ਦੋਹਾਂ ਧਿਰਾਂ ਨੂੰ ਹੋਰ ਵੀ ਵਧੇਰੇ ਮਿਹਨਤ ਕਰਨੀ ਪੈਂਦੀ ਹੈ।

ਸੁਕਰਾਤ ਨੇ ਕਿਹਾ ਸੀ ਕਿ ਵਿਆਹ ਕਰਾਉਣ ਵਾਲੇ ਤਾਂ ਦੁੱਖੀ ਹੁੰਦੇ ਹੀ ਹਨ, ਪਰ ਵਿਆਹ ਨਾ ਕਰਾਉਣ ਵਾਲੇ ਵੀ ਕਿਸੇ ਵੀ ਪੱਖੋਂ ਸੁੱਖੀ ਨਹੀਂ ਕਹੇ ਜਾ ਸਕਦੇ।

ਹਰ ਇਕ ਵਿਅਕਤੀ ਵਿਆਹ ਸਬੰਧੀ ਕਈ ਲਤੀਫ਼ੇ ਸੁਣਾ ਸਕਦਾ ਹੈ ਪਰ ਅਜੇ ਤੱਕ ਮਨੁੱਖ ਵਿਆਹ ਦੇ ਮੁਕਾਬਲੇ, ਮਰਦ ਅਤੇ ਔਰਤ ਵਿਚਕਾਰ ਵਧੇਰੇ ਹੰਢਣਸਾਰ, ਸੁਖਾਵਾਂ ਅਤੇ ਕਾਰਗਰ ਰਿਸ਼ਤਾ ਨਹੀਂ ਉਸਾਰ ਸਕਿਆ। ਵਿਆਹ ਅਸਲ ਵਿਚ ਸੰਤਾਨ ਪੈਦਾ ਕਰਨ ਅਤੇ ਬੱਚਿਆਂ ਨੂੰ ਪਾਲਣ-ਪੋਸਣ ਦੇ ਕਰਤੱਵ ਨਿਭਾਉਣ ਦਾ ਵਸੀਲਾ ਹੁੰਦਾ ਹੈ, ਬਾਕੀ ਸਾਰੀਆਂ ਤਸੱਲੀਆਂ ਦੂਜੇ ਨੰਬਰ ਤੇ ਆਉਂਦੀਆਂ ਹਨ।

ਸੰਤਾਨ ਦੀ ਲੋੜ ਸਾਮੰਤਵਾਦੀ ਯੁਗ ਵਿਚ ਜ਼ਮੀਨ-ਜਾਇਦਾਦ ਦੇ ਵਾਰਸ ਪ੍ਰਾਪਤ ਕਰਨ ਦੀ ਲੋੜ ਅਤੇ ਅਭਿਲਾਸ਼ਾ ਵਿਚੋਂ ਉਪਜੀ ਸੀ।

ਹੁਣ ਪੂੰਜੀਵਾਦੀ ਯੁਗ ਵਿਚ ਕਿਰਾਏ ਉਤੇ ਮਕਾਨਾਂ ਵਿਚ ਰਹਿਣ ਵਾਲੇ ਨੌਕਰੀ-ਪੇਸ਼ਾ ਲੋਕਾਂ ਕੋਲ ਆਪਣੀ ਸੰਤਾਨ ਨੂੰ ਦੇਣ ਲਈ ਜਾਇਦਾਦ ਦਾ ਪੁਰਾਣਾ ਰੂਪ ਨਹੀਂ ਰਿਹਾ ਅਤੇ ਨਤੀਜਾ ਇਹ ਹੋਇਆ ਹੈ ਕਿ ਵਿਆਹ ਦੀ ਖਿੱਚ ਢਿੱਲੀ ਹੋ ਰਹੀ ਹੈ ਅਤੇ ਮਰਦ-ਔਰਤ ਦੇ ਸੰਤਾਨ-ਮੁਕਤ ਜਿਨਸੀ ਸਬੰਧਾਂ ਦੀਆਂ ਸੰਭਾਵਨਾਵਾਂ ਵੱਧ ਰਹੀਆਂ ਹਨ।

ਉਂਜ ਵੀ ਮਹਾਂਨਗਰਾਂ ਵਿਚ ਖੁਲ੍ਹੇ ਜਿਨਸੀ ਸਬੰਧਾਂ ਦੀਆਂ ਤਾਂ ਅਥਾਹ ਸੰਭਾਵਨਾਵਾਂ ਹਨ ਪਰ ਵਿਆਹ, ਜ਼ਿੰਮੇਵਾਰੀਆਂ ਭਰੀ ਮੁਸੀਬਤ ਬਣਦਾ ਜਾ ਰਿਹਾ ਹੈ।

ਦੂਜੇ ਪਾਸੇ ਗਰਭ-ਰੋਕੂ ਵਿਧੀਆਂ ਨੇ ਸੰਭੋਗ ਨੂੰ ਸੰਤਾਨ ਤੋਂ ਨਿਖੇੜ ਦਿੱਤਾ ਹੈ। ਜੇ ਲੋਕ ਬੱਚੇ ਘੱਟ ਪੈਦਾ ਕਰ ਰਹੇ ਹਨ ਤਾਂ ਕਾਰਨ ਇਹ ਨਹੀਂ ਕਿ ਉਹ ਸਮਝਦਾਰ ਹੋ ਗਏ ਹਨ, ਸਗੋਂ ਕਾਰਨ ਇਹ ਹੈ ਕਿ ਬੱਚੇ ਪਾਲਣੇ ਬੜੇ ਮਹਿੰਗੇ ਹੋ ਗਏ ਹਨ ਅਤੇ ਉਨ੍ਹਾਂ ਨੂੰ ਆਪਣੇ ਪੈਰਾਂ 'ਤੇ ਖੜ੍ਹਾ ਕਰਨ ਦੀ ਸਮੱਸਿਆ ਬੜੀ ਡਰਾਉਣੀ ਹੋ ਗਈ ਹੈ।

ਹੁਣ ਇਹ ਗੱਲ ਵੀ ਨਿਸ਼ਚਿਤ ਹੋ ਗਈ ਹੈ ਕਿ ਸੰਤਾਨ ਹੋਰ ਭਾਵੇਂ ਕੁਝ ਵੀ ਕਰੇ, ਉਹ ਆਪਣੇ ਮਾਪਿਆਂ ਦੀ ਸੇਵਾ ਨਹੀਂ ਕਰੇਗੀ, ਸਗੋਂ ਸੰਤਾਨ ਮਾਪਿਆਂ ਤੋਂ ਸੇਵਾ ਕਰਵਾਉਂਦੀ ਰਹੇਗੀ। ਜਦੋਂ ਆਰਥਿਕ ਰਿਸ਼ਤੇ ਬਦਲ ਗਏ ਹਨ ਤਾਂ ਸਮਾਜਿਕ ਰਿਸ਼ਤੇ ਵੀ ਬਦਲਣੇ ਲਾਜ਼ਮੀ ਹਨ।

ਪ੍ਰਮਾਣ ਵਜੋਂ ਅਜੋਕੇ ਯੁਗ ਵਿਚ ਪਿਆਰ ਦੇ ਨਾਂ ਥਲੇ ਜਿਨਸੀ ਸਬੰਧ ਸਥਾਪਤ ਕਰਨ ਲਈ ਹਰ ਕੋਈ ਤਿਆਰ ਹੈ ਪਰ ਵਿਆਹ ਕਰਨ ਲਈ ਹਰ ਕੋਈ ਤਿਆਰ ਨਹੀਂ। ਵਿਆਹ ਤਾਂ ਜਬਰੀ ਫੌਜੀ ਭਰਤੀ ਬਣ ਗਿਆ ਹੈ, ਜਦੋਂ ਕਿ ਪਿਆਰ ਜਾਂ ਇਸ਼ਕ ਜਾਂ ਮੁਹੱਬਤ, ਪੂਰੀ ਤਨਖ਼ਾਹ ਸਮੇਤ ਛੁੱਟੀ ਬਣ ਗਈ ਹੈ।

ਵਿਆਹ ਦਾ ਸੰਕਲਪ ਪੁਰਾਣਾ ਅਤੇ ਵਿਆਪਕ ਹੈ ਅਤੇ ਇਹ ਮਨੁੱਖੀ ਸੰਸਕਾਰਾਂ ਵਿਚ ਇਸ ਹੱਦ ਤੱਕ ਧੱਸਿਆ ਹੋਇਆ ਹੈ ਕਿ ਇਸ ਤੋਂ ਛੁਟਕਾਰਾ ਪਾਉਣਾ ਸੰਭਵ ਨਹੀਂ। ਅਸੀਂ ਵਿਆਹ ਦੀ ਸੰਸਥਾ ਨੂੰ ਤਿਆਗ ਤਾਂ ਨਹੀਂ ਸਕਦੇ ਪਰ ਵਿਆਹ ਕਰਾਉਣਾ ਆਪਣੀ ਵਿੱਤ ਅਨੁਸਾਰ, ਮੁਲਤਵੀ ਜ਼ਰੂਰ ਕਰਨ ਲੱਗ ਪਏ ਹਾਂ।

ਪਹਿਲਾਂ ਵਿਆਹ ਚੜ੍ਹਦੀ ਜਵਾਨੀ ਵਿਚ ਹੁੰਦੇ ਸਨ ਅਤੇ ਦੋਵੇਂ ਧਿਰਾਂ ਕੱਚੀਆਂ ਹੋਣ ਕਾਰਨ ਇਕ ਦੂਜੀ ਨਾਲ ਪੂਰੀ ਤਰ੍ਹਾਂ ਰੱਚਮਿਚ ਜਾਂਦੀਆਂ ਸਨ।

ਪਹਿਲਾਂ ਇਕ ਹੀ ਔਰਤ ਆਪਣੇ ਪਤੀ ਲਈ ਪ੍ਰੇਮਿਕਾ, ਮਾਸ਼ੂਕ ਅਤੇ ਪਤਨੀ ਹੋਇਆ ਕਰਦੀ ਸੀ, ਅਰਥਾਤ ਵੀਹ ਕੁ ਸਾਲ ਦੀ ਉਮਰ ਵਿਚ ਹੀ ਪਤਨੀ, ਪ੍ਰੇਮਿਕਾ ਅਤੇ ਪਤਨੀ ਦੋਵੇਂ ਬਣਦੀ ਸੀ। ਹੁਣ ਵਿਆਹ ਢੱਲਦੀ ਜਵਾਨੀ ਵਿਚ ਹੁੰਦੇ ਹਨ ਜਦੋਂ ਕਿ ਵਿਆਹ ਤੋਂ ਪਹਿਲਾਂ, ਜਵਾਨੀ ਵਿਚ ਜਿਹੜਾ ਰਿਸ਼ਤਾ ਅਸੀਂ ਉਸਾਰਦੇ ਹਾਂ, ਉਸ ਨੂੰ ਅਸੀਂ ਪਿਆਰ, ਮੁਹੱਬਤ, ਇਸ਼ਕ ਆਦਿ ਦਾ ਨਾਂ ਦੇਣ ਲੱਗ ਪਏ ਹਾਂ।

ਦੂਜੇ ਸ਼ਬਦਾਂ ਵਿਚ ਹੁਣ ਹਰ ਇਕ ਵਿਅਕਤੀ ਆਪਣੇ ਜੀਵਨ ਵਿਚ ਅੰਦਰਖ਼ਾਤੇ ਦੋ ਜਾਂ ਤਿੰਨ ਜਾਂ ਚਾਰ ਵਿਆਹ ਕਰਦਾ ਹੈ।

ਪਿਆਰ, ਮੁਹੱਬਤ ਆਦਿ ਅਸਲ ਵਿਆਹ ਲਈ ਰਿਹਰਸਲਾਂ ਬਣ ਗਏ ਹਨ।

ਉਸ ਵਿਆਹ ਦਾ ਅਨੁਮਾਨ ਲਾਓ ਜਿਥੇ ਪਤਨੀ ਨੂੰ ਚਾਰ ਇਸ਼ਕ ਹੰਢਾਉਣ ਦਾ ਅਨੁਭਵ ਹੋਵੇ ਅਤੇ ਪਤੀ ਕੋਰਾ ਕਾਗਜ਼ ਹੋਵੇ।

ਇਹ ਤਾਂ ਨਹੀਂ ਕਿਆਸਿਆ ਜਾ ਸਕਦਾ ਕਿ ਵਿਆਹ ਦੀ ਸੰਸਥਾ ਦਾ ਅੰਤ ਕੀ ਹੋਵੇਗਾ, ਪਰ ਇਹ ਜ਼ਰੂਰ ਨਿਸ਼ਚੇ ਨਾਲ ਕਿਹਾ ਜਾ ਸਕਦਾ ਹੈ ਕਿ ਵਿਆਹ ਉਹ ਨਹੀਂ ਰਹੇ, ਜੋ ਹੋਇਆ ਕਰਦੇ ਸਨ।

ਕਈ ਲੋਕ ਚਿੰਤਿਤ ਹਨ ਕਿ ਤਲਾਕ ਵੱਧ ਰਹੇ ਹਨ ਪਰ ਉਹ ਭੁੱਲ ਜਾਦੇ ਹਨ ਕਿ ਹਰ ਤਲਾਕ ਪਿੱਛੇ ਭਾਵਨਾ ਇਕ ਹੋਰ ਵਿਆਹ ਕਰਨ ਦੀ ਹੀ ਹੁੰਦੀ ਹੈ।

ਤਲਾਕ ਨਹੀਂ ਵੱਧ ਰਹੇ, ਅਸਲ ਵਿਚ ਵਿਆਹ ਵੱਧ ਰਹੇ ਹਨ।

ਕੋਈ ਸਮਾਂ ਸੀ ਜਦੋਂ ਵਿਆਹ ਆਪਣੇ ਆਪ ਵਿਚ ਇਕ ਅੰਤਮ ਉਦੇਸ਼ ਸੀ ਪਰ ਹੁਣ ਦੂਜੀ ਧਿਰ ਨੂੰ ਲੁੱਟਣ ਦਾ ਜਾਂ ਸਭ ਦੇ ਸਾਹਮਣੇ ਵਾਜੇ-ਗਾਜੇ ਨਾਲ ਡਾਕਾ ਮਾਰਨ ਦਾ ਇਹ ਇਕ ਸਾਧਨ ਹੋ ਗਿਆ ਹੈ।

ਇਸੇ ਕਰ ਕੇ ਵਿਆਹ ਨਾਲ ਜੁੜੀ ਸਤਿਕਾਰ ਦੀ ਭਾਵਨਾ ਲੋਪ ਹੋ ਗਈ ਹੈ।

ਕਹਿੰਦੇ ਹਨ ਜੇ ਤੁਸੀਂ ਲੰਗੜੇ ਹੋਏ ਬਿਨਾਂ ਲੰਗੜਿਆਂ ਵਾਂਗ ਟੁਰਨਾ ਚਾਹੁੰਦੇ ਹੋ ਤਾਂ ਵਿਆਹ ਕਰਵਾ ਲਵੋ।

ਇਹ ਵੀ ਕਿਹਾ ਜਾਂਦਾ ਹੈ ਕਿ ਵਿਆਹ ਅਜਿਹੀ ਦਵਾਈ ਹੈ ਜਿਸ ਨਾਲ ਇਸ਼ਕ ਦਾ ਬੁਖ਼ਾਰ ਲਹਿ ਜਾਂਦਾ ਹੈ। ਇਵੇਂ ਵੀ ਕਿਹਾ ਜਾਂਦਾ ਹੈ ਕਿ ਜਦੋਂ ਪ੍ਰੇਮੀ ਵਿਆਹ ਕਰਦੇ ਹਨ ਤਾਂ ਪਿਆਰ ਦਹਿਲੀਜ਼ ਤੋਂ ਬਾਹਰ ਹੀ ਰਹਿ ਜਾਂਦਾ ਹੈ।

ਸਾਡੇ ਦੇਸ਼ ਵਿਚ ਸੁਹਾਗ ਰਾਤ ਉਤੇ ਜੋ ਜ਼ੋਰ ਦਿੱਤਾ ਜਾਂਦਾ ਹੈ, ਉਹ ਕਈਆਂ ਲਈ ਬੜਾ ਡਰਾਉਣਾ ਅਤੇ ਬਹੁਤਿਆਂ ਲਈ ਬੜਾ ਹਾਸੋਹੀਣਾ ਹੈ।

ਪਹਿਲੀ ਰਾਤ ਉਪਰੰਤ ਹੀ ਦੋਹਾਂ ਧਿਰਾਂ ਨੂੰ ਇਹ ਅਨੁਭਵ ਹੋ ਜਾਂਦਾ ਹੈ ਕਿ 'ਇਹ ਉਹ ਨਹੀਂ, ਜਿਸ ਸਬੰਧੀ ਮੈਂ ਇਤਨੇ ਸੁਪਨੇ ਵੇਖੇ ਸਨ।'

ਸੋਚਵਾਨ ਵਿਅਕਤੀ ਲਈ ਵਿਆਹ ਉਮਰ-ਕੈਦ ਹੁੰਦਾ ਹੈ।

ਮਨੋਵਿਗਿਆਨਕ ਕਾਰਨਾਂ ਕਰਕੇ ਔਰਤ ਪਰੰਪਰਾਗਤ ਕੰਮਾਂ ਵਿਚ ਰੁੱਝ ਕੇ ਵਧੇਰੇ ਖ਼ੁਸ਼ ਹੁੰਦੀ ਹੈ ਜਦੋਂ ਕਿ ਪੁਰਸ਼ ਨਵੀਨਤਾ ਦਾ ਅਭਿਲਾਸ਼ੀ ਹੁੰਦਾ ਹੈ।

ਵਿਆਹ ਸਮੇਂ ਔਰਤ ਆਪਣੀ ਖ਼ੁਸ਼ੀ ਕੁਰਬਾਨ ਕਰਦੀ ਹੈ ਅਤੇ ਪੁਰਸ਼ ਆਪਣੀ ਆਜ਼ਾਦੀ ਦਾ ਤਿਆਗ ਕਰਦਾ ਹੈ।

ਵਿਆਹ ਇਕ ਅਜਿਹੀ ਲਾਟਰੀ ਬਣ ਗਿਆ ਹੈ, ਜਿਸ ਵਿਚ ਹਾਰਨ ਦੇ ਬਾਵਜੂਦ ਅਸੀਂ ਆਪਣੀ ਟਿਕਟ ਨਹੀਂ ਪਾੜ ਸਕਦੇ।

ਜਿਹੜੇ ਪੁਰਸ਼ ਆਪਣੀ ਵਿੱਤ ਨਾਲੋਂ ਉਚੇਰੇ ਘਰ ਵਿਚ ਵਿਆਹ ਕਰਦੇ ਹਨ, ਉਹ ਪਤਨੀ ਨੂੰ ਨਹੀਂ, ਹਾਕਮ ਨੂੰ ਘਰ ਲੈ ਆਉਂਦੇ ਹਨ।

ਜਿਹੜੀਆਂ ਔਰਤਾਂ ਆਪਣੇ ਮਾਪਿਆਂ ਵਿਰੁਧ ਬਗਾਵਤ ਕਰ ਕੇ ਵਿਆਹ ਕਰਦੀਆਂ ਹਨ, ਉਨ੍ਹਾਂ ਨੂੰ ਪੂਰੀ ਤਰ੍ਹਾਂ ਗੁਲਾਮ ਬਣਾਇਆ ਜਾਂਦਾ ਹੈ ਅਤੇ ਉਹ ਪਤਨੀਆਂ ਘੱਟ ਹੁੰਦੀਆਂ ਹਨ ਅਤੇ ਨੌਕਰਾਣੀਆਂ ਵਧੇਰੇ। ਉਨ੍ਹਾਂ ਲਈ ਅੱਗੇ ਕੋਈ ਰਾਹ ਨਹੀਂ ਹੁੰਦਾ ਅਤੇ ਪਿੱਛੇ ਮੁੜਿਆ ਨਹੀਂ ਜਾ ਸਕਦਾ।

ਇਵੇਂ ਹੀ ਜਿਹੜੀਆਂ ਕਈ ਪ੍ਰੇਮੀ ਹੰਢਾਉਂਦੀਆਂ ਹਨ, ਉਨ੍ਹਾਂ ਵਿਚ ਇਕ ਨਾਲੋਂ ਵਧੇਰੇ ਪਤੀ ਹੰਢਾਉਣ ਦੀ ਲਾਲਸਾ ਵੀ ਹੁੰਦੀ ਹੈ।

ਦੂਜੇ ਪਾਸੇ ਵਿਆਹ ਤੋਂ ਪਹਿਲੇ ਅਸਫਲ ਪਿਆਰ ਦਾ ਬਦਲਾ ਲੈਣ ਲਈ, ਪਤਨੀ ਨੂੰ ਉਹਲੇ ਵਜੋਂ ਵਰਤ ਕੇ, ਪਤੀ ਨਵੇਂ ਇਸ਼ਕ ਪਾਲਦੇ ਹਨ।

ਜਿਹੜਾ ਵੀ ਵਿਅਕਤੀ ਵਾਲ ਰੰਗਦਾ ਹੈ, ਉਹ ਭਾਵੇਂ ਮੰਨੇ ਨਾ ਮੰਨੇ, ਉਹ ਆਪਣੇ ਮਨ ਵਿਚ ਇਕ ਹੋਰ ਇਸ਼ਕ ਕਰਨ ਲਈ ਤੜਪ ਰਿਹਾ ਹੁੰਦਾ ਹੈ।

ਜਦੋਂ ਧੀਆਂ-ਪੁੱਤਰ ਅਚਾਨਕ ਆਗਿਆਕਾਰੀ ਬਣ ਜਾਣ ਤਾਂ ਸਮਝੋ ਉਹ ਬਾਹਰ ਕੋਈ ਵਰਜਿਤ ਰਿਸ਼ਤਾ ਉਸਾਰ ਰਹੇ ਹਨ।

ਸ਼ਿਕਾਇਤ ਕੀਤੀ ਜਾਂਦੀ ਹੈ ਕਿ ਅਜੋਕੇ ਯੁਗ ਵਿਚ ਵਿਆਹ ਅਸਫਲ ਹੋ ਰਹੇ ਹਨ ਜਦੋਂ ਕਿ ਅਸਲੀਅਤ ਇਹ ਹੈ ਕਿ ਜੀਵਨ ਦੇ ਹੋਰ ਖੇਤਰਾਂ ਵਾਂਗ ਵਿਆਹ ਵਿਚ ਵੀ ਅਸੀਂ ਵੰਨ-ਸੁਵੰਨਤਾ ਭਾਲਦੇ ਹਾਂ।

ਹੁਣ ਅਸੀਂ ਘੜੀ ਜਾਂ ਬੂਟ ਜਾਂ ਸੂਟ ਜਾਂ ਪੈੱਨ ਜਾਂ ਸੋਫ਼ਾ ਆਦਿ ਨਵੇਂ ਡਿਜ਼ਾਇਨ ਅਤੇ ਨਵੇਂ ਫੈਸ਼ਨ ਦਾ ਪਸੰਦ ਕਰਦੇ ਹਾਂ, ਇਹੀ ਹਾਲ ਰਿਸ਼ਤਿਆਂ ਦਾ ਹੋ ਗਿਆ ਹੈ।

ਨਵੇਂ ਰਿਸ਼ਤੇ, ਨਵੇਂ ਫੈਸ਼ਨ ਵਾਂਗ, ਵਧੇਰੇ ਲੁਭਾਉਣੇ ਹੁੰਦੇ ਹਨ।

ਪ੍ਰਸ਼ਨ ਉੱਠਦਾ ਹੈ ਕਿ ਹਰ ਵੇਲੇ ਲੜਨ-ਝਗੜਨ ਵਾਲੇ ਪਤੀ-ਪਤਨੀ ਤਲਾਕ ਦੇ-ਲੈ ਕੇ ਹੋਰ ਵਿਆਹ ਕਿਉਂ ਨਹੀਂ ਕਰ ਲੈਂਦੇ?

ਉੱਤਰ ਸਪੱਸ਼ਟ ਹੈ ਕਿ ਵਿਆਹ ਉਪਰੰਤ ਬਗਾਵਤ ਕਰਨ ਦੀ ਹਿੰਮਤ ਘੱਟ ਜਾਂਦੀ ਹੈ, ਸੋ ਜਿਵੇਂ-ਕਿਵੇਂ ਗੁਲਾਮੀ ਦਾ ਜੀਵਨ ਜਿਉਣ ਦਾ ਢੌਂਗ ਰਚਾਇਆ ਜਾਂਦਾ ਹੈ ਅਤੇ ਅੰਦਰਖਾਤੇ ਹਰ ਕੋਈ ਆਪਣੀ ਸਮਰੱਥਾ ਅਤੇ ਸਾਧਨਾਂ ਦੇ ਅਨੁਪਾਤ ਵਿਚ ਸਾਜ਼ਸ਼ਾਂ ਕਰਦਾ ਰਹਿੰਦਾ ਹੈ ਪਰ ਸਫ਼ਲਤਾ ਨਹੀਂ ਮਿਲਦੀ।

ਪਿਆਰ ਆਦਰਸ਼ਕ ਵਰਤਾਰਾ ਹੁੰਦਾ ਹੈ ਜਦੋਂ ਕਿ ਵਿਆਹ ਯਥਾਰਥਕ ਅਮਲ ਹੁੰਦਾ ਹੈ। ਇਨ੍ਹਾਂ ਦੋਹਾਂ ਦਾ ਸੁਮੇਲ ਕਦਾਚਿਤ ਸੰਭਵ ਨਹੀਂ ਹੁੰਦਾ।

ਪਿਆਰ ਇਕ ਇਨਕਲਾਬੀ ਅਨੁਭਵ ਹੈ, ਜਦੋਂ ਕਿ ਵਿਆਹ ਨਰਮ-ਖਿਆਲੀਏ ਅਤੇ ਸਮਝੌਤਾਵਾਦੀ ਹੋਣ ਦਾ ਨਾਂ ਹੈ।

ਕਈ ਤਾਂ ਇੱਥੋਂ ਤੱਕ ਕਹਿੰਦੇ ਹਨ ਕਿ ਵਿਆਹ ਦੋ ਬੰਦਿਆਂ ਵਲੋਂ ਰਲ ਕੇ ਕੀਤੀ ਗਲਤੀ ਹੁੰਦਾ ਹੈ ਅਤੇ ਦੋਵੇਂ ਇਸ ਗਲਤੀ ਮਗਰੋਂ ਅਨੇਕਾਂ ਗਲਤੀਆਂ ਰਲ ਕੇ ਕਰਦੇ ਹਨ ਅਤੇ ਜ਼ਿੰਦਗੀ ਬੀਤ ਜਾਂਦੀ ਹੈ।

ਕਈਆਂ ਲਈ ਵਿਆਹ ਸਰਾਪ ਹੁੰਦਾ ਹੈ ਅਤੇ ਕਈਆਂ ਲਈ ਵਰਦਾਨ।

ਵਿਆਹ ਹੈ ਤਾਂ ਵਰਦਾਨ ਪਰ ਅਨੇਕਾਂ ਇਸ ਨੂੰ ਸਰਾਪ ਬਣਾ ਲੈਂਦੇ ਹਨ।

ਵਿਆਹ ਦੇ ਰੋਸ਼ਨ ਪੱਖ ਵੀ ਹਨ। ਇੱਕ ਸਫਲ ਪਤੀ ਹੀ ਸਫਲ ਮਨੁੱਖ ਹੋ ਸਕਦਾ ਹੈ। ਸੰਭੋਗ ਦੇ ਖੇਤਰ ਵਿਚ ਨਵੇਂ-ਨਵੇਂ ਪ੍ਰਯੋਗ ਆਪਣੀ ਪਤਨੀ ਨਾਲ ਹੀ ਸੰਭਵ ਹੁੰਦੇ ਹਨ।

ਪਤੀ-ਪਤਨੀ ਦੇ ਕਾਮ ਸਬੰਧਾਂ ਵਿਚ ਘੱਟਦੀ ਸਰੀਰਕ ਸ਼ਕਤੀ, ਆਮ ਕਰਕੇ ਸੰਭੋਗ ਦੀ ਸੁਧਰੀ ਤਕਨੀਕ ਨੂੰ ਜਨਮ ਦਿੰਦੀ ਹੈ।

ਕੋਈ ਵਿਅਕਤੀ ਕਿੰਨੀ ਵੀ ਰਿਸ਼ਵਤ ਕਿਉਂ ਨਾ ਲੈਂਦਾ ਹੋਏ, ਉਸ ਦੀ ਅਸਲੀਅਤ ਉਸ ਦੀ ਤਨਖਾਹ ਅਨੁਸਾਰ ਹੁੰਦੀ ਹੈ।

ਕੋਈ ਵਿਅਕਤੀ ਬਾਹਰ ਭਾਵੇਂ ਕਿੰਨੇ ਹੀ ਰਿਸ਼ਤੇ ਉਸਾਰੇ, ਹੰਢਣਸਾਰ ਅਤੇ ਤਸੱਲੀ ਵਾਲਾ ਰਿਸ਼ਤਾ ਆਪਣੀ ਪਤਨੀ ਜਾਂ ਆਪਣੇ ਪਤੀ ਨਾਲ ਹੀ ਸੰਭਵ ਹੁੰਦਾ ਹੈ।

ਕਈ ਪਤੀ-ਪਤਨੀ ਇਸ ਹੱਦ ਤੱਕ ਇਕ ਦੂਜੇ ਨਾਲ ਜੁੜੇ ਹੁੰਦੇ ਹਨ ਕਿ ਉਹ ਇਕ ਦਿਨ ਵੀ ਵੱਖ ਨਹੀਂ ਰਹਿ ਸਕਦੇ ਅਤੇ ਨੈਣ-ਨਕਸ਼ਾਂ ਦੇ ਪੱਖੋਂ ਉਹ ਪਤੀ-ਪਤਨੀ ਨਾਲੋਂ ਵਧੇਰੇ ਭੈਣ-ਭਰਾ ਪ੍ਰਤੀਤ ਹੋਣ ਲੱਗ ਪੈਂਦੇ ਹਨ।

ਸਹਿਣਸ਼ੀਲਤਾ ਦੀ ਉੱਤਮ ਮਿਸਾਲ, ਵਿਆਹ ਦੀ ਪੰਜਾਹਵੀਂ ਵਰ੍ਹੇਗੰਢ ਹੁੰਦੀ ਹੈ।

ਵਿਆਹ ਤੋਂ ਬਾਹਰੇ ਰਿਸ਼ਤੇ ਪਿਆਰ ਵਾਲੇ ਨਹੀਂ, ਕੇਵਲ ਸੰਭੋਗ ਵਾਲੇ ਹੀ ਹੁੰਦੇ ਹਨ ਪਰ ਇਹ ਰਿਸ਼ਤੇ ਤ੍ਰਿਪਤ ਨਹੀਂ ਕਰਦੇ।

ਵਿਆਹ ਦਾ ਅਤੀਤ, ਵਰਤਮਾਨ ਅਤੇ ਭਵਿੱਖ ਹੁੰਦਾ ਹੈ, ਜਦੋਂ ਕਿ ਨਾਜਾਇਜ਼ ਰਿਸ਼ਤੇ ਦਾ ਕੋਈ ਭਵਿੱਖ ਨਹੀਂ ਹੁੰਦਾ।

ਨਾਜਾਇਜ਼ ਰਿਸ਼ਤਾ ਕੇਵਲ ਕਬਜ਼ਾ ਹੁੰਦਾ ਹੈ ਅਤੇ ਹਨੇਰੇ ਅਤੇ ਜੁਰਮ ਦੀ ਭਾਵਨਾ ਵਾਲੇ ਵਾਤਾਵਰਣ ਵਿਚ ਇਹ ਇਕ ਦੂਜੇ ਨੂੰ ਉਜਾੜਨ ਦਾ ਅਮਲ ਹੁੰਦਾ ਹੈ।

ਉਹ ਵਿਆਹ ਬੜੇ ਸਫਲ ਹੁੰਦੇ ਹਨ, ਜਿੱਥੇ ਪਤੀ ਦਿਮਾਗ ਅਤੇ ਪਤਨੀ ਦਿਲ ਦਾ ਰੋਲ ਅਦਾ ਕਰਦੀ ਹੈ। ਆਮ ਕਰਕੇ ਪਤਨੀਆਂ ਚਾਹੁੰਦੀਆਂ ਹਨ ਕਿ ਉਨ੍ਹਾਂ ਦੇ ਪਤੀ ਸਿਆਣੇ ਅਤੇ ਦ੍ਰਿੜ੍ਹ ਇਰਾਦੇ ਵਾਲੇ ਹੋਣ।

ਕਈ ਲੋਕ ਪੈਸੇ ਦੇ ਲਾਲਚ ਵਿਚ ਵਿਆਹ ਕਰਵਾਉਂਦੇ ਹਨ ਪਰ ਉਨ੍ਹਾਂ ਦੇ ਹੱਥ ਕੇਵਲ ਪਰਸ ਹੀ ਆਉਂਦਾ ਹੈ।

ਜਿਹੜੇ ਆਪਣੀਆਂ ਪਤਨੀਆਂ ਨੂੰ ਕੁੱਟਦੇ ਹਨ, ਉਹ ਆਪਣੇ ਹੀ ਇਕ ਹਿੱਸੇ ਨੂੰ ਦੁਖੀ, ਤੰਗ ਅਤੇ ਪੀੜਤ ਕਰਦੇ ਹਨ।

ਕਈ ਲੋਕ ਵਿਆਹ ਦੀ ਅਸਫਲਤਾ ਦੇ ਕਈ ਆਧਾਰ ਦਸਦੇ ਹਨ ਪਰ ਉਹ ਭੁੱਲ ਜਾਂਦੇ ਹਨ ਕਿ ਮਨੁੱਖਾਂ ਵਾਂਗ ਵਿਆਹ ਕਦੀ ਵੀ ਸੰਪੂਰਨ ਨਹੀਂ ਹੋ ਸਕਦਾ।

ਵਿਆਹ ਇਕ ਜਿਊਂਦਾ-ਜਾਗਦਾ ਰਿਸ਼ਤਾ ਹੈ। ਇਸ ਵਿਚ ਉਤਰਾਵਾਂ-ਚੜ੍ਹਾਵਾਂ ਦਾ ਆਉਣਾ ਲਾਜ਼ਮੀ ਹੁੰਦਾ ਹੈ।

ਵਿਆਹ ਕਰਨਾ ਇਸ ਲਈ ਵੀ ਜ਼ਰੂਰੀ ਹੈ, ਕਿਉਂਕਿ ਮਨੁੱਖ ਦਾ ਇਕੱਲਿਆਂ ਰਹਿਣਾ ਸਮਾਜ ਲਈ ਨੁਕਸਾਨਦੇਹ ਹੁੰਦਾ ਹੈ।

ਜਿਹੜੇ ਵਿਆਹ ਨਹੀਂ ਕਰ ਸਕਦੇ ਜਾਂ ਪਤੀ ਜਾਂ ਪਤਨੀ ਵਜੋਂ ਰੋਲ ਨਹੀਂ ਨਿਭਾ ਸਕਦੇ ਉਹ ਹੋਰ ਕਿਸੇ ਕੰਮ ਵਿਚ ਵੀ ਘੱਟ ਹੀ ਸਫਲ ਹੁੰਦੇ ਹਨ।

ਵਿਆਹ ਦੀ ਸਫਲਤਾ ਲਈ ਸਬਰ ਦੀ ਲੋੜ ਹੁੰਦੀ ਹੈ।

ਬੇਸਬਰਾਪਣ ਹਰ ਥਾਂ ਨੁਕਸਾਨ, ਪਛਤਾਵੇ, ਅਸਫ਼ਲਤਾ ਅਤੇ ਉਦਾਸੀ ਨੂੰ ਸਿਰਜਣ ਅਤੇ ਹੰਢਾਉਣ ਦਾ ਕਾਰਨ ਬਣਦਾ ਹੈ।

ਕਹਿੰਦੇ ਹਨ ਸਫ਼ਲ ਵਿਆਹ ਮਾਣਨ ਲਈ ਪਤੀ ਨੂੰ ਆਪਣੇ ਕੰਨ ਅਤੇ ਪਤਨੀ ਨੂੰ ਆਪਣੀਆਂ ਅੱਖਾਂ ਬੰਦ ਕਰ ਲੈਣੀਆਂ ਚਾਹੀਦੀਆਂ ਹਨ।

ਇਹ ਵੀ ਕਿਹਾ ਜਾਂਦਾ ਹੈ ਕਿ ਵਿਆਹ ਅੱਖਾਂ ਖੋਲ੍ਹ ਕੇ ਕਰਨਾ ਚਾਹੀਦਾ ਹੈ ਪਰ ਵਿਆਹ ਉਪਰੰਤ ਅੱਖਾਂ ਅੱਧੀਆਂ ਬੰਦ ਕਰ ਲੈਣੀਆਂ ਚਾਹੀਦੀਆਂ ਹਨ। ਮੁਸੀਬਤ ਇਹ ਹੈ ਕਿ ਬਹੁਤੇ ਲੋਕ ਕਰਦੇ ਬਿਲਕੁਲ ਇਸ ਦੇ ਉਲਟ ਹਨ।

ਵਿਆਹ, ਮਨੁੱਖ ਵਿਚ ਪ੍ਰਕਾਰਕ ਜਾਂ ਗੁਣਾਤਮਕ ਤਬਦੀਲੀ ਲਿਆਉਂਦਾ ਹੈ।

ਇਹ ਮੂਰਖਾਂ ਨੂੰ ਸਿਆਣੇ ਅਤੇ  ਸਿਆਣਿਆਂ ਨੂੰ ਮੂਰਖ ਵੀ ਬਣਾ ਦਿੰਦਾ ਹੈ।

ਕਾਹਲੀ ਵਿਚ ਕੀਤੇ ਵਿਆਹ ਦਾ ਸਾਰੀ ਉਮਰ ਪਛਤਾਵਾ ਰਹਿੰਦਾ ਹੈ।

ਜਿਹੜੇ ਔਰਤ ਦੀ ਕੇਵਲ ਸੁੰਦਰਤਾ ਨੂੰ ਸਾਹਮਣੇ ਰੱਖ ਕੇ ਵਿਆਹ ਕਰਦੇ ਹਨ, ਉਨ੍ਹਾਂ ਦੀਆਂ ਰਾਤਾਂ ਤਾਂ ਭਾਵੇਂ ਰੰਗੀਨ ਹੁੰਦੀਆਂ ਹਨ ਪਰ ਦਿਨ ਬੇਰੰਗ ਹੁੰਦੇ ਹਨ।

ਜਦੋਂ ਦੋਵੇਂ ਧਿਰਾਂ ਵੱਧ ਤੋਂ ਵੱਧ ਪੱਖਾਂ ਤੋਂ ਬਰਾਬਰ ਹੋਣ ਤਾਂ ਵਿਆਹ ਦੀ ਸਫ਼ਲਤਾ ਦੀ ਸੰਭਾਵਨਾ ਅਕਸਰ ਵੱਧ ਜਾਂਦੀ ਹੈ।

ਜਿਹੜੇ ਲੋਕ ਬਹੁਤ ਅਧਿਕ ਆਸਾਂ ਨਾਲ ਵਿਆਹ ਕਰਦੇ ਹਨ, ਉਹ ਆਲ੍ਹਣੇ ਦੀ ਥਾਂ ਪਿੰਜਰਾ ਅਤੇ ਘਰ ਦੀ ਥਾਂ ਜੇਲ੍ਹ ਉਸਾਰ ਲੈਂਦੇ ਹਨ।

ਜਿੱਥੇ ਪਤਨੀ ਜੇਲ੍ਹ ਵਿਚ ਬੰਦ ਕੀਤੀ ਜਾਂਦੀ ਹੈ, ਉੱਥੇ ਪਤੀ ਦੀ ਸਥਿਤੀ ਵੀ ਬਹੁਤੀ ਚੰਗੀ ਨਹੀਂ ਹੁੰਦੀ, ਉਹ ਜੇਲ੍ਹਰ ਬਣਿਆ ਰਹਿੰਦਾ ਹੈ।

ਵਿਆਹ ਪੁਰਸ਼ ਦੀ ਮਨੁੱਖਤਾ, ਵਿਦਵਾਨ ਦੀ ਵਿਦਵਤਾ, ਬਹਾਦਰ ਦੀ ਬਹਾਦਰੀ ਅਤੇ ਮਰਦ ਦੀ ਮਰਦਾਨਗੀ ਅਤੇ ਔਰਤ ਦੀ ਮਮਤਾ, ਸੂਝ, ਸਿਆਣਪ ਅਤੇ ਸਲੀਕੇ ਦੀ ਯੋਗਤਾ ਅਤੇ ਸਮਰੱਥਾ ਦਾ ਇਮਤਿਹਾਨ ਹੁੰਦਾ ਹੈ।

ਇਹ ਫੁੱਲ ਤੋਂ ਫਲ ਬਣਨ ਦਾ ਅਮਲ ਹੁੰਦਾ ਹੈ।

# ਔਰਤ ਅਤੇ ਪੁਰਸ਼ ਦੀ ਬਰਾਬਰੀ

ਬਹੁਤ ਥੋੜ੍ਹੇ ਵਿਅਕਤੀਆਂ ਨੂੰ ਆਪਣੀ ਹੋਂਦ ਉੱਤੇ ਮਾਣ ਹੁੰਦਾ ਹੈ। ਜਿਨ੍ਹਾਂ ਨੂੰ ਮਾਣ ਹੁੰਦਾ ਹੈ, ਉਹ ਆਮ ਕਰਕੇ ਅਸਲ ਵਿਚ ਘਮੰਡ ਦਾ ਸ਼ਿਕਾਰ ਹੁੰਦੇ ਹਨ।

ਕੇਵਲ ਮਾਣ ਵਾਲੇ ਵਿਅਕਤੀ ਹੀ ਦੂਜਿਆਂ ਨੂੰ ਮਾਣਯੋਗ ਬਣਾ ਸਕਦੇ ਹਨ।

ਘਮੰਡੀ ਵਿਅਕਤੀ ਹਰ ਵੇਲੇ ਦੂਜਿਆਂ ਨੂੰ ਆਪਣੇ ਤੋਂ ਨੀਵਾਂ ਸਿੱਧ ਕਰਨ ਦੇ ਚਲਿੱਤਰ ਕਰਨ ਵਿਚ ਰੁੱਝੇ ਰਹਿੰਦੇ ਹਨ।

ਆਲੇ-ਦੁਆਲੇ ਝਾਤ ਮਾਰ ਕੇ ਵੇਖੋ ਅਤੇ ਆਪ ਹੀ ਨਿਰਣਾ ਕਰੋ ਕਿ ਕਿਤਨੇ ਕੁ ਵਿਅਕਤੀ ਮਾਣਯੋਗ ਹਨ।

ਕਈ ਵਾਰੀ ਅਹੁਦਾ ਮਾਣਯੋਗ ਹੁੰਦਾ ਹੈ ਪਰ ਵਿਅਕਤੀ ਨਹੀਂ। ਕਈ ਕੁਰਸੀਆਂ ਮਾਣਯੋਗ ਹੁੰਦੀਆਂ ਹਨ ਪਰ ਉਨ੍ਹਾਂ ਉਤੇ ਬੈਠਣ ਵਾਲੇ ਨਹੀਂ।

ਜਿਨ੍ਹਾਂ ਦੀ ਸੋਚ ਭੀੜੀਆਂ ਗਲੀਆਂ ਤੋਂ ਅੱਗੇ ਨਹੀਂ ਜਾਂਦੀ, ਉਹ ਵਾਦੀਆਂ ਦੀ ਖੁੱਲ੍ਹ ਨੂੰ ਮਾਣ ਨਹੀਂ ਸਕਦੇ।

ਇਵੇਂ ਹੀ ਗੁਲਾਮ, ਦੂਜਿਆਂ ਨੂੰ ਆਜ਼ਾਦ ਨਹੀਂ ਕਰ ਸਕਦੇ।

ਔਰਤ ਇਸ ਲਈ ਗੁਲਾਮ ਹੈ, ਕਿਉਂਕਿ ਉਸ ਉਤੇ ਹਾਕਮ ਪੁਰਸ਼ ਆਪ ਗੁਲਾਮ ਹੈ।

ਅਸੀਂ ਉਸੇ ਅਨੁਪਾਤ ਵਿਚ ਦੂਜਿਆਂ ਨੂੰ ਆਜ਼ਾਦੀ ਦੇਵਾਂਗੇ, ਜਿਸ ਪੱਧਰ ਤੱਕ ਅਸੀਂ ਆਪ ਆਜ਼ਾਦ ਹੋਵਾਂਗੇ ਅਤੇ ਡਰ ਤੋਂ ਮੁਕਤ ਹੋਵਾਂਗੇ।

ਚਾਹੀਦਾ ਤਾਂ ਇਹ ਹੈ ਕਿ ਅਸੀਂ ਆਪਣੇ ਵਰਤਾਰੇ ਵਿਚ ਸਖ਼ਤ ਹੋਈਏ ਅਤੇ ਆਪਣੇ ਵਿਚਾਰਾਂ ਵਿਚ ਲਚਕਦਾਰ, ਪਰ ਹੋ ਬਿਲਕੁਲ ਉਲਟ ਰਿਹਾ ਹੈ।

ਕੁਝ ਗਿਣਤੀ ਦੇ ਸੂਝਵਾਨ ਵਿਅਕਤੀ ਭਾਵਕ ਪੱਧਰ ਉਤੇ ਚਾਹੁੰਦੇ ਹਨ ਕਿ ਔਰਤ ਨੂੰ ਪੁਰਸ਼ ਦੇ ਬਰਾਬਰ ਸਮਝਣਾ ਚਾਹੀਦਾ ਹੈ ਪਰ ਉਹ ਇਸ ਭੁਲੇਖੇ ਦਾ ਸ਼ਿਕਾਰ ਹਨ ਕਿ ਇਹ ਸਭ ਕੁਝ ਕਿਸੇ ਨਾ ਕਿਸੇ ਤਰੀਕੇ ਨਾਲ ਆਪੇ ਸੰਭਵ ਹੋ ਜਾਵੇਗਾ। ਸਾਨੂੰ ਸਪਸ਼ਟ ਭਾਂਤ ਸਮਝ ਲੈਣਾ ਚਾਹੀਦਾ ਹੈ ਕਿ ਸਮਾਜ ਵਿਚ ਕੁਝ ਵੀ ਆਪੇ ਨਹੀਂ ਹੁੰਦਾ।

ਪੁਰਸ਼-ਪ੍ਰਧਾਨ ਸਮਾਜ ਵਿਚ ਜੇ ਔਰਤ ਨੂੰ ਕੁਝ ਅਧਿਕਾਰ ਪ੍ਰਾਪਤ ਹੋ ਗਏ ਹਨ ਤਾਂ ਪੁਰਸ਼ ਦੀ ਮਿਹਰਬਾਨੀ ਉਸ ਦਾ ਕਾਰਨ ਨਹੀਂ, ਸਗੋਂ ਪੁਰਸ਼ ਦੀ ਲੋੜ ਅਤੇ ਸੁਆਰਥ ਉਸ ਦਾ ਅਸਲ ਕਾਰਨ ਹਨ। ਜਿਵੇਂ ਹੁਣ ਇਸਤਰੀ ਕਮਾਉਣ ਦੇ ਯੋਗ ਹੋ ਗਈ ਹੈ, ਸੋ ਪੁਰਸ਼ ਨੇ ਉਸ ਨੂੰ ਪਰਿਵਾਰ ਦੀ ਆਮਦਨ ਵਧਾਉਣ ਲਈ ਘਰ ਦੀ ਕੈਦ ਵਿਚੋਂ ਬਾਹਰ ਜਾਣ ਸਬੰਧੀ ਕੁਝ ਰਿਆਇਤਾਂ ਦੇਣੀਆਂ ਪ੍ਰਵਾਨ ਕੀਤੀਆਂ ਹਨ।

ਵੇਖਣ ਨੂੰ ਤਾਂ ਭਾਵੇਂ ਪ੍ਰਤੀਤ ਹੁੰਦਾ ਹੈ ਕਿ ਔਰਤ ਨੂੰ ਕੁਝ ਅਧਿਕਾਰ ਮਿਲ ਗਏ ਹਨ, ਪਰ ਅਸਲ ਵਿਚ ਔਰਤ ਦੀ ਗੁਲਾਮੀ ਵਿਚ ਵਾਧਾ ਹੋਇਆ ਹੈ ਅਤੇ ਗੁਲਾਮੀ ਦੇ ਨਵੇਂ ਸਿਰਜੇ ਗਏ ਰੂਪ ਬੜੇ ਮਨਮੋਹਣੇ ਹਨ।

ਸਾਡੇ ਜੀਵਨ ਦੇ ਕਈ ਆਧਾਰ ਹਨ, ਜਿਵੇਂ ਆਰਥਿਕ, ਰਾਜਨੀਤਕ, ਧਾਰਮਿਕ, ਸਮਾਜਿਕ, ਵਿਦਿਅਕ, ਸਭਿਆਚਾਰਿਕ ਆਦਿ। ਇਨ੍ਹਾਂ ਸਾਰੇ ਖੇਤਰਾਂ ਵਿਚ ਔਰਤ ਦਾ ਸ਼ੋਸ਼ਣ ਵੱਧਿਆ ਹੈ। ਉਪਰੋਕਤ ਵਿਭਿੰਨ ਖੇਤਰਾਂ ਦੀ ਵੱਖਰੀ ਚਰਚਾ ਇਸ ਨੁਕਤੇ ਨੂੰ ਵਧੇਰੇ ਸਪੱਸ਼ਟ ਕਰ ਦੇਵੇਗੀ।

ਆਧੁਨਿਕ ਯੁਗ ਦੀ ਆਰਥਿਕ ਪ੍ਰਣਾਲੀ ਪੱਛੜੇ ਦੇਸ਼ਾਂ ਵਿਚ ਖੇਤੀਬਾੜੀ ਉਤੇ ਅਤੇ ਵਿਕਸਿਤ ਦੇਸ਼ਾਂ ਵਿਚ ਉਦਯੋਗਿਕ ਤਕਨਾਲੋਜੀ ਉਤੇ ਆਧਾਰਿਤ ਹੈ।

ਇਹ ਦੋਵੇਂ ਖੇਤਰ ਸਿਰਜੇ ਹੀ ਇਸ ਢੰਗ ਨਾਲ ਗਏ ਹਨ ਕਿ ਪੁਰਸ਼ ਦੀ ਕਾਰਜ-ਕੁਸ਼ਲਤਾ ਨੂੰ ਵਧਾਉਣ ਦਾ ਉਦੇਸ਼ ਸਪਸ਼ਟ ਸਾਹਮਣੇ ਆ ਜਾਂਦਾ ਹੈ।

ਸਾਰੇ ਸੰਦ, ਪੁਰਸ਼ ਦੀ ਜਿਸਮਾਨੀ ਤਾਕਤ ਨੂੰ ਧਿਆਨ ਵਿਚ ਰੱਖ ਕੇ ਬਣਾਏ ਗਏ ਹਨ। ਮਸ਼ੀਨਾਂ ਦਾ ਰੂਪ, ਆਕਾਰ ਅਤੇ ਗਤੀ ਇਸ ਢੰਗ ਨਾਲ ਨਿਰਧਾਰਤ ਕੀਤੀ ਗਈ ਹੈ ਕਿ ਉਨ੍ਹਾਂ ਵਿਚ ਪੁਰਸ਼ ਦੀ ਸੋਚ ਪ੍ਰਵਾਨ ਹੋਵੇ ਜਾਂ ਇਵੇਂ ਕਹਿ ਲਿਆ ਜਾਏ ਕਿ ਸਾਰੇ ਸੰਦ ਪੁਰਸ਼ ਨੇ ਆਪਣੀ ਸਰੀਰਕ ਤਾਕਤ ਅਤੇ ਸਮਰੱਥਾ ਨੂੰ ਧਿਆਨ ਵਿਚ ਰੱਖ ਕੇ ਬਣਾਏ ਹਨ।

ਇਹ ਇਕ ਕਾਰਨ ਹੈ ਕਿ ਆਰਥਿਕਤਾ ਦੇ ਖੇਤਰ ਵਿਚ ਚਾਹੁਣ ਦੇ ਬਾਵਜੂਦ ਔਰਤ, ਪੁਰਸ਼ ਦੇ ਬਰਾਬਰ ਨਹੀਂ ਹੋ ਸਕਦੀ। ਜੇ ਉਸ ਨੇ ਪੁਰਸ਼ ਦੇ ਬਰਾਬਰ ਆਉਣਾ ਹੈ ਤਾਂ ਉਸ ਨੂੰ ਪੁਰਸ਼ ਦੇ ਸਿਰਜੇ ਸੰਦ ਵਰਤਣੇ ਪੈਣਗੇ ਅਰਥਾਤ ਇਕ ਅਜਿਹੀ ਸਥਿਤੀ ਵਿਚ ਵਿਚਰਨਾ ਪਵੇਗਾ ਜਿਹੜੀ ਮੁੱਢੋਂ-ਸੁੱਢੋਂ ਪੁਰਸ਼-ਪੱਖੀ ਹੈ।

ਆਧੁਨਿਕ ਯੁਗ ਮਸ਼ੀਨ ਦਾ ਯੁਗ ਹੈ। ਮਸ਼ੀਨ ਨੂੰ ਪੁਰਸ਼ ਨੇ ਆਪਣੀ, ਨਾ ਕਿ ਔਰਤ ਦੀ, ਕਾਰਜ-ਕੁਸ਼ਲਤਾ ਵਧਾਉਣ ਲਈ ਬਣਾਇਆ ਹੈ। ਕੁਝ ਮਸ਼ੀਨਾਂ ਔਰਤਾਂ ਵੀ ਵਰਤਦੀਆਂ ਹਨ, ਪਰ ਉਦੋਂ ਤੱਕ ਹੀ ਜਦੋਂ ਤੱਕ ਉਹ ਠੀਕ ਕੰਮ ਕਰਨ।

ਪੁਰਸ਼ ਦੀ ਬਣਾਈ ਕਿਸੇ ਮਸ਼ੀਨ ਨੂੰ ਔਰਤ ਠੀਕ ਨਹੀਂ ਕਰ ਸਕਦੀ। ਇਹੀ ਕਾਰਨ ਹੈ ਕਿ ਦੁਨੀਆਂ ਭਰ ਵਿਚ ਮਕੈਨਿਕ ਪੁਰਸ਼ ਹੀ ਹਨ।

ਤਕਨਾਲੋਜੀ ਦੇ ਨਿਰਮਾਣ ਰਾਹੀਂ ਪੁਰਸ਼ ਨੇ ਬੜੇ ਸੂਖ਼ਮ ਢੰਗ ਨਾਲ ਔਰਤ ਦੀ ਪੁਰਸ਼ ਦੇ ਬਰਾਬਰ ਆਉਣ ਦੀ ਸੰਭਾਵਨਾ ਹੀ ਮੁਕਾ ਦਿੱਤੀ ਹੈ। ਕੁਝ ਲੋਕ ਆਖਣਗੇ ਕਿ ਔਰਤਾਂ ਟੈਲੀਫੋਨ ਉਪਰੇਟਰ ਹਨ, ਟਾਈਪ ਕਰ ਸਕਦੀਆਂ ਹਨ। ਉੱਤਰ ਇਹ ਹੈ ਕਿ ਪੁਰਸ਼ ਨੇ ਔਰਤ ਨੂੰ ਅਧਿਆਪਕਾਵਾਂ, ਨਰਸਾਂ ਆਦਿ ਦੇ ਕੇਵਲ ਉਹ ਕੰਮ ਸੰਭਾਲੇ ਹਨ, ਜਿਨ੍ਹਾਂ ਵਿਚ ਇਕ ਹੀ ਕਿਰਿਆ ਦਾ ਮੁੜ-ਮੁੜ ਦੁਹਰਾਓ ਹੁੰਦਾ ਹੈ। ਜਿਨ੍ਹਾਂ ਕੰਮਾਂ ਵਿਚ ਨਵੀਨਤਾ ਹੈ, ਵਧੇਰੇ ਤਸੱਲੀ ਦੀ ਸੰਭਾਵਨਾ ਹੈ, ਉਹ ਪੁਰਸ਼ ਨੇ ਆਪ ਸੰਭਾਲੇ ਹੋਏ ਹਨ।

ਪੁਰਸ਼ ਇਹ ਪ੍ਰਚਾਰ ਕਰਦਾ ਹੈ ਕਿ ਖਤਰੇ ਵਾਲੇ ਕੰਮ ਔਰਤਾਂ ਨਹੀਂ ਕਰ ਸਕਦੀਆਂ ਜਦੋਂ ਕਿ ਸੱਚਾਈ ਇਹ ਹੈ ਕਿ ਔਰਤ ਨੂੰ ਉਨ੍ਹਾਂ ਖੇਤਰਾ ਵਿਚੋਂ ਬਾਹਰ ਕੱਢਣ ਲਈ ਪੁਰਸ਼ ਨੇ ਬਹੁਤ ਸਾਰੇ ਕੰਮਾਂ ਨੂੰ ਜਾਣ ਬੁਝ ਕੇ ਅਤਿਅੰਤ ਖ਼ਤਰਨਾਕ ਬਣਾ ਦਿੱਤਾ ਹੈ।

ਰਾਜਨੀਤੀ ਇਕ ਹੋਰ ਅਜਿਹਾ ਖੇਤਰ ਹੈ, ਜਿਸ ਵਿਚ ਪੁਰਸ਼ ਦੀ ਪ੍ਰਧਾਨਤਾ ਹੈ। ਬਹੁਤ ਸਾਰੇ ਰਾਜਸੀ ਦਾਓ-ਪੇਚ ਅਤੇ ਨੀਤੀਆਂ-ਪੈਂਤੜੇ ਇਸ ਉਦੇਸ਼ ਨਾਲ ਉਸਾਰੇ ਗਏ ਹਨ ਕਿ ਔਰਤ ਉਨ੍ਹਾਂ ਵਿਚ ਦਾਖਲ ਹੀ ਨਾ ਹੋ ਸਕੇ।

ਜੋ ਕੁਝ ਔਰਤਾਂ ਰਾਜਨੀਤੀ ਵਿਚ ਅੱਗੇ ਆਈਆਂ ਹਨ ਤਾਂ ਉਹ ਪੁਰਸ਼ਾਂ ਵਾਲੀਆਂ ਚਲਾਕੀਆਂ ਵਰਤ ਕੇ ਹੀ ਆਈਆਂ ਹਨ। ਅਜਿਹੀਆਂ ਔਰਤਾਂ ਦੇ ਸਲਾਹਕਾਰ ਪੁਰਸ਼ ਹੀ ਹਨ ਅਰਥਾਤ ਅਜਿਹੀਆਂ ਔਰਤਾਂ ਔਰਤ-ਜਾਤੀ ਦਾ ਕਿਸੇ ਪੱਖੋਂ ਕਲਿਆਣ ਕਰਨ ਦੀ ਬਜਾਇ ਪੁਰਸ਼ਾਂ ਵਿਚ ਘਿਰ ਕੇ ਪੁਰਸ਼ਾਂ ਵਾਲੀਆਂ ਚੁਸਤੀਆਂ ਕਰਨ ਲੱਗ ਪਈਆਂ ਹਨ।

ਬਲਾਤਕਾਰ ਅਤੇ ਨੂੰਹਾਂ ਨੂੰ ਸਾੜੇ ਜਾਣ ਦੀਆਂ ਘਟਨਾਵਾਂ ਅੱਗੇ ਨਾਲੋਂ ਵਧੀਆਂ ਹਨ ਅਤੇ ਇਨ੍ਹਾਂ ਦੋਹਾਂ ਪ੍ਰਕਾਰ ਦੀਆਂ ਘਟਨਾਵਾਂ ਵਿਚ ਕਿਸੇ ਨਾ ਕਿਸੇ ਪਾਸੇ ਤੋਂ ਕੋਈ ਪੁਰਸ਼ ਹੀ ਜ਼ਿੰਮੇਵਾਰ ਹੁੰਦਾ ਹੈ। ਔਰਤ ਹਾਕਮਾਂ ਨੇ ਔਰਤਾਂ ਉੱਤੇ ਹੋਣ ਵਾਲੇ ਪਰੰਪਰਾਗਤ ਜ਼ੁਲਮਾਂ ਵੱਲ ਧਿਆਨ ਨਹੀਂ ਦਿੱਤਾ।

ਫ਼ੌਜ, ਪੁਲੀਸ ਆਦਿ ਰਾਜਨੀਤੀ ਦਾ ਅੰਗ ਹੁੰਦੇ ਹਨ।

ਹਥਿਆਰਾਂ ਦੀ ਬਣਤਰ ਹੀ ਕੁਝ ਇਸ ਪ੍ਰਕਾਰ ਦੀ ਹੈ ਕਿ ਔਰਤ, ਔਰਤ ਹੋਣ ਦੇ ਨਾਤੇ, ਇਨ੍ਹਾਂ ਨੂੰ ਵਰਤ ਹੀ ਨਹੀਂ ਸਕਦੀ। ਸਾਰੇ ਹਥਿਆਰ, ਜਿਵੇਂ ਪਿਸਤੌਲ, ਬੰਦੂਕ, ਤੋਪ, ਟੈਂਕ, ਬੰਬਰ, ਰਾਕਟ, ਮਿਜ਼ਾਈਲ ਆਦਿ ਪੁਰਸ਼ ਦੇ ਹਮਲਾਵਰੀ ਲਿੰਗ ਦਾ ਹੀ ਬਦਲਵਾਂ ਰੂਪ ਹਨ। ਇਨ੍ਹਾਂ ਨੂੰ ਪੁਰਸ਼ ਹੀ ਸਹੀ ਢੰਗ ਨਾਲ ਵਰਤ ਸਕਦਾ ਹੈ।

ਜੇ ਔਰਤ ਨੇ ਹਥਿਆਰਾਂ ਦਾ ਨਿਰਮਾਣ ਕੀਤਾ ਹੁੰਦਾ ਤਾਂ ਉਹ ਉਪਰੋਕਤ ਪ੍ਰਕਾਰ ਦੇ ਹਥਿਆਰ ਨਹੀਂ ਹੋਣੇ ਸਨ। ਪੁਰਸ਼ ਦੇ ਸਿਰਜੇ ਹਥਿਆਰ ਆਕ੍ਰਮਣਕਾਰੀ ਹਨ, ਜਦੋਂ ਕਿ ਔਰਤ ਦੇ ਸਿਰਜੇ ਹਥਿਆਰ ਰੱਖਿਆਤਮਕ ਹੋਣੇ ਸਨ।

ਸਾਰੇ ਕਾਨੂੰਨ, ਪੁਰਸ਼ ਦੇ ਮਨ ਦੀਆਂ ਚਾਲਬਾਜ਼ੀਆਂ ਅਤੇ ਚਲਾਕੀਆਂ ਨੂੰ ਧਿਆਨ ਵਿਚ ਰੱਖ ਕੇ ਬਣਾਏ ਗਏ ਹਨ, ਪਰ ਔਰਤ-ਮੁਜਰਿਮਾਂ ਉੱਤੇ ਵੀ ਪੁਰਸ਼ਾਂ ਵਾਲਾ ਕਾਨੂੰਨ ਹੀ ਲਾਗੂ ਕੀਤਾ ਜਾਂਦਾ ਹੈ। ਦਫ਼ਤਰਾਂ ਵਿਚ ਕੰਮ ਕਰਨ ਵਾਲੀਆਂ ਔਰਤਾਂ ਨੂੰ ਪੁਰਸ਼ ਦੀ ਬਣਾਈ ਨੇਮਾਵਲੀ ਨਿਭਾਉਣੀ ਪੈਂਦੀ ਹੈ। ਸਕੂਲਾਂ ਵਿਚ ਪੜ੍ਹਾਉਣ ਵਾਲੀਆਂ ਔਰਤਾਂ ਨੂੰ ਪੁਰਸ਼ਾਂ ਦੀ ਸਿਰਜੀ ਵਿਦਿਅਕ ਪ੍ਰਣਾਲੀ ਉੱਤੇ ਅਮਲ ਕਰਨਾ ਪੈਂਦਾ ਹੈ। ਇਵੇਂ ਹੀ ਹਸਪਤਾਲਾਂ ਵਿਚ ਕੰਮ ਕਰਨ ਵਾਲੀਆਂ ਔਰਤਾਂ ਨੂੰ ਪੁਰਸ਼ਾਂ ਦੀ ਸਿਰਜੀ ਚਿਕਿਤਸਾ-ਪ੍ਰਣਾਲੀ ਹੀ ਲਾਗੂ ਕਰਨੀ ਪੈਂਦੀ ਹੈ। ਸਪੱਸ਼ਟ ਹੈ ਕਿ ਪੁਰਸ਼ ਬੜੇ ਬਰੀਕ ਹਥਿਆਰਾਂ ਨਾਲ ਔਰਤਾਂ ਪ੍ਰਤਿ ਆਪਣੇ ਸ਼ੋਸ਼ਣ ਨੂੰ ਤਿੱਖਾ ਕਰ ਰਿਹਾ ਹੈ।

ਧਾਰਮਿਕ ਖੇਤਰ ਵਿਚ ਪੁਰਸ਼ ਦੀ ਸਭ ਤੋਂ ਵੱਡੀ ਚਾਲ ਇਹ ਰਹੀ ਹੈ ਕਿ ਰੱਬ ਨੂੰ ਇਸਤਰੀ ਦੇ ਰੂਪ ਵਿਚ ਨਹੀਂ, ਪੁਰਸ਼ ਦੇ ਰੂਪ ਵਿਚ, ਸਥਾਪਿਤ ਕੀਤਾ ਗਿਆ ਹੈ। ਇਵੇਂ ਇਸ ਸੰਸਾਰ ਦਾ ਪੁਰਸ਼, ਰੱਬ ਰਾਹੀਂ ਔਰਤ ਜਾਤੀ ਨੂੰ ਨਿਤਾਣਾ ਕਰਨ ਵਿਚ ਸਫਲ ਹੋਇਆ ਹੈ। ਹਿੰਦੂ ਧਰਮ ਵਿਚ ਸਾਰੀ ਤਾਕਤ ਦੇਵੀ-ਦੇਵਤਿਆਂ ਕੋਲ ਹੈ ਅਤੇ ਦੇਵੀਆਂ ਦੀ ਸ਼ਕਤੀ ਵੀ ਪੁਰਸ਼ਾਂ ਵਾਲੀ ਹੀ ਹੈ।

ਇਵੇਂ ਹੀ ਸੰਸਾਰ ਦੇ ਸਾਰੇ ਧਰਮਾਂ ਵਿਚ ਪੁਰਸ਼ ਦੀ ਪ੍ਰਧਾਨਤਾ ਹੈ। ਸਾਰੇ ਗੁਰੂ, ਪੀਰ, ਫਕੀਰ, ਸਾਧ, ਸੰਤ ਆਦਿ ਪੁਰਸ਼ ਹਨ। ਕਈ ਧਰਮ ਔਰਤ ਨੂੰ ਧਾਰਮਿਕ ਸਥਾਨਾਂ ਵਿਚ ਨਹੀਂ ਵੜਨ ਦਿੰਦੇ। ਸਾਹਿਤ ਵਿਚ ਔਰਤਾਂ ਨੂੰ ਇਸ ਹੱਦ ਤੱਕ ਭੰਡਿਆ ਗਿਆ ਹੈ ਕਿ ਉਨ੍ਹਾਂ ਨੂੰ ਜਾਨਵਰਾਂ ਨਾਲ ਸੰਗਿਆ ਦਿੱਤੀ ਗਈ ਹੈ।

ਭਾਰਤ ਵਿਚ ਜ਼ਾਤ-ਪਾਤ ਨਾਲ ਪੁਰਸ਼ਾਂ ਦੀਆਂ ਵੰਡੀਆਂ ਪਾਈਆਂ ਗਈਆਂ ਹਨ ਪਰ ਔਰਤ ਨੂੰ ਕਿਸੇ ਜ਼ਾਤ ਵਿਚ ਨਹੀਂ ਗਿਣਿਆ ਗਿਆ, ਅਰਥਾਤ ਉਸ ਨੂੰ ਮਨੁੱਖ ਹੀ ਨਹੀਂ ਸਮਝਿਆ ਗਿਆ।

ਹਰ ਸਮਾਜ ਆਪਣੀਆਂ ਰਸਮਾਂ-ਰੀਤਾਂ ਦੇ ਸਿਰ 'ਤੇ ਚਲਦਾ ਹੈ।

ਸੰਸਾਰ ਪੱਧਰ ਉੱਤੇ ਸਮਾਜਿਕ ਅਤੇ ਸਭਿਆਚਾਰਿਕ ਵਰਤਾਰੇ ਦਾ ਅਧਿਐਨ ਕਰੀਏ ਤਾਂ ਕੋਈ ਸੰਦੇਹ ਨਹੀਂ ਰਹਿ ਜਾਂਦਾ ਕਿ ਜੰਮਣ ਤੋਂ ਲੈ ਕੇ ਮਰਨ ਤੱਕ ਹਰ ਰਸਮ, ਤਿਉਹਾਰ, ਮੇਲੇ, ਸ਼ਗਨ, ਵਰਤ, ਸਰਾਧ ਆਦਿ ਵਿਚ ਪੁਰਸ਼ ਦੀ ਪ੍ਰਧਾਨਤਾ ਹੈ। ਉਪਰੋਕਤ ਰਸਮਾਂ-ਰਿਵਾਜਾਂ ਵਿਚ ਔਰਤ ਵੱਧ ਚੜ੍ਹ ਕੇ ਹਿੱਸਾ ਲੈਂਦੀ ਹੈ ਪਰ ਉਦੇਸ਼ ਪੁਰਸ਼ ਦੀ ਮਨਜ਼ੂਰੀ ਪ੍ਰਾਪਤ ਕਰਨਾ ਹੀ ਹੁੰਦਾ ਹੈ। ਰੱਖੜੀ ਬੰਨ੍ਹੀ ਜਾਂਦੀ ਹੈ ਭਰਾ ਨੂੰ, ਵਰਤ ਰੱਖਿਆ ਜਾਂਦਾ ਹੈ ਪਤੀ ਲਈ, ਅਸੀਸ ਦਿੱਤੀ ਜਾਂਦੀ ਹੈ ਪੁੱਤਰ ਲਈ, ਸਰਾਧ ਮਨਾਇਆ ਜਾਂਦਾ ਹੈ ਸਹੁਰੇ ਦਾ। ਜਨਮ, ਵਿਆਹ, ਮਰਨ ਆਦਿ ਦੀਆਂ ਸਾਰੀਆਂ ਰਸਮਾਂ ਵਿਚ ਵੀ ਪੁਰਸ਼ ਦੀ ਮਾਨਤਾ ਹੈ।

ਧੀਆਂ ਜੰਮਣ ਦਾ ਦੋਸ਼ ਪਤਨੀ ਉਤੇ ਲੱਗਦਾ ਹੈ ਪਰ ਪੁੱਤਰ ਜੰਮਣ ਦਾ ਸਿਹਰਾ ਪਤੀ ਦੇ ਸਿਰ ਬੱਝਦਾ ਹੈ।

ਗਾਲ੍ਹ ਭਾਵੇਂ ਦਿੱਤੀ ਪੁਰਸ਼ ਨੂੰ ਜਾਂਦੀ ਹੈ ਪਰ ਪੱਤ ਇਸਤਰੀ ਦੀ ਲੁੱਟੀ ਜਾਂਦੀ ਹੈ।

ਘਰ ਵਿਚ ਉਹੀ ਚੀਜ਼ ਬਣਦੀ ਹੈ, ਜੋ ਪਤੀ ਨੂੰ ਪਸੰਦ ਹੋਵੇ।

ਪਤਨੀ ਆਪਣੀ ਮਾਂਗ ਵਿਚ ਸੁਹਾਗਣ ਹੋਣ ਦਾ ਸੰਧੂਰ ਲਾਵੇ ਪਰ ਪਤੀ ਲਈ ਕੁਝ ਵੀ ਜ਼ਰੂਰੀ ਨਹੀਂ। ਵਿਧਵਾ ਚਿੱਟੇ ਕੱਪੜੇ ਪਾਵੇ ਪਰ ਪੁਰਸ਼ ਲਈ ਕੋਈ ਅਜਿਹੀ ਬੰਦਸ਼, ਰੁਕਾਵਟ ਜਾਂ ਮਜਬੂਰੀ ਨਹੀਂ।

ਆਲੇ-ਦੁਆਲੇ ਝਾਤ ਮਾਰ ਕੇ ਵੇਖੋ ਹਰ ਖੇਤਰ ਵਿਚ ਪੁਰਸ਼ ਨੇ ਸਰਦਾਰੀ ਸਾਂਭੀ ਹੋਈ ਹੈ। ਇਹ ਸਰਦਾਰੀ ਪੁਰਸ਼ ਨੂੰ ਸੌਂਪੀ ਨਹੀਂ ਗਈ, ਉਸ ਨੇ ਖੋਹੀ ਹੋਈ ਹੈ ਅਤੇ ਇਸ ਸਰਦਾਰੀ ਨੂੰ ਪੱਕਾ ਕਰਨ ਲਈ ਪੁਰਸ਼ ਨੇ ਵਿਚਾਰਕ ਅਤੇ ਵਿਹਾਰਕ ਦੋਹਾਂ ਖੇਤਰਾਂ ਵਿਚ ਅਜਿਹੇ ਸਿਧਾਂਤਾਂ, ਨੇਮਾਂ, ਅਸੂਲਾਂ, ਵਿਧੀਆਂ, ਕਾਨੂੰਨਾਂ, ਢੰਗਾਂ, ਨੀਤੀਆਂ, ਰਸਮਾਂ ਆਦਿ ਦਾ ਨਿਰਮਾਣ ਕੀਤਾ ਹੈ ਕਿ ਔਰਤ ਨੂੰ ਜੰਮਦਿਆਂ ਹੀ ਪੁਰਸ਼ ਦੇ ਅਧੀਨ ਕਰ ਦਿੱਤਾ ਜਾਂਦਾ ਹੈ।

ਪੁਰਸ਼ ਨੇ ਉਪਰੋਕਤ ਚਲਾਕੀਆਂ ਤੋਂ ਇਲਾਵਾ ਸਭ ਤੋਂ ਵੱਡਾ ਝੂਠ ਅਤੇ ਜਬਰ ਇਹ ਪ੍ਰਚਾਰਿਆ ਹੈ ਕਿ ਔਰਤ ਸਰੀਰਕ ਪੱਖੋਂ ਕਮਜ਼ੋਰ ਹੈ, ਜਦੋਂ ਕਿ ਸਚਾਈ ਇਹ ਹੈ ਕਿ ਪੁਰਸ਼ ਨੇ ਸਭ ਕੁਝ ਆਪਣੇ ਦ੍ਰਿਸ਼ਟੀਕੋਣ ਤੋਂ ਸਿਰਜ ਕੇ ਔਰਤ ਵਲੋਂ ਜੀਵਨ-ਪਿੜ ਵਿਚ ਸਾਵਾਂ ਉਤਰਨ ਦੇ ਸਭ ਰਾਹ ਬੰਦ ਕਰ ਦਿੱਤੇ ਹਨ।

ਇਹ ਪ੍ਰਚਾਰ ਫਲਸਫੇ ਦੀ ਪੱਧਰ ਤੇ ਜਾ ਪਹੁੰਚਿਆ ਹੈ ਅਤੇ ਔਰਤ ਨੇ ਪੁਰਸ਼ ਦੇ ਉਪਰੋਕਤ ਹੱਥ-ਕੰਡਿਆਂ ਦਾ ਸ਼ਿਕਾਰ ਹੋ ਕੇ ਆਪਣੇ ਆਪ ਨੂੰ ਵਧੇਰੇ ਸਫਲ ਅਤੇ ਸਾਊ ਗੁਲਾਮ ਬਣਾ ਕੇ, ਪੁਰਸ਼ ਦੀ ਹਉਮੈ ਨੂੰ ਬਾਲਣ ਪਾਇਆ ਹੈ।

ਮਨੋਵਿਗਿਆਨਕ ਤੌਰ ਉਤੇ ਔਰਤ ਵੱਲੋਂ ਮਨੁੱਖ ਨੂੰ ਜਨਮ ਦੇ ਸਕਣ ਦੀ ਸਮਰੱਥਾ ਸਾਹਮਣੇ, ਪੁਰਸ਼ ਨੇ ਆਪਣੀ ਹੀਣਤਾ ਨੂੰ ਛੁਪਾਉਣ ਲਈ ਇਤਨਾ ਵੱਡਾ ਅਤੇ ਗੁੰਝਲਦਾਰ ਆਡੰਬਰ ਰਚਿਆ ਹੈ ਕਿ ਉਸ ਵਿਚ ਔਰਤ ਗੁਆਚ ਗਈ ਹੈ।

ਇੱਥੇ ਹੀ ਬੱਸ ਨਹੀਂ, ਲੜਕੀਆਂ ਦੀ ਪਾਲਣਾ-ਪੋਸਣਾ ਹੀ ਇਸ ਢੰਗ ਨਾਲ ਕੀਤੀ ਜਾਣ ਲੱਗ ਪਈ ਹੈ ਕਿ ਉਹ ਵਧੇਰੇ ਸੌਖ ਨਾਲ ਗੁਲਾਮ ਬਣਾਈਆਂ ਜਾ ਸਕਣ।

ਪੁਰਸ਼ ਉੱਤੇ ਨਿਰਭਰਤਾ ਅਤੇ ਉਸ ਨਾਲ ਵਿਆਹ ਦੀ ਇੱਛਾ, ਇਸਤਰੀ ਦੇ ਜੀਵਨ ਦੀ ਚੂਲ ਬਣ ਗਈ ਹੈ।

ਪੁਰਸ਼ ਦੀਆਂ ਇਨ੍ਹਾਂ ਚਾਲਾਂ ਵਿਚ ਔਰਤ ਇਸ ਹੱਦ ਤੱਕ ਖੁਭ ਗਈ ਹੈ ਕਿ ਔਰਤ ਹੀ ਔਰਤ ਜਾਤ ਨੂੰ ਨਫ਼ਰਤ ਕਰਨ ਲੱਗ ਪਈ ਹੈ, ਜਿਸ ਦੇ ਨਤੀਜੇ ਵਜੋਂ ਹੀ ਸੱਸਾਂ ਆਪਣੀਆਂ ਨੂੰਹਾਂ ਨੂੰ ਸਾੜ ਰਹੀਆਂ ਹਨ ਅਤੇ ਸਾਡੇ ਸਮਾਜ ਵਿਚ ਧੀ ਦਾ ਜੰਮ ਪੈਣਾ ਪਰਿਵਾਰ ਲਈ ਸੋਗੀ ਸਮਾਚਾਰ ਬਣ ਗਿਆ ਹੈ।

ਹੁਣ ਧੀਆਂ ਨੂੰ ਕੁੱਖ ਵਿਚ ਹੀ ਮਾਰਨ ਦਾ ਪ੍ਰਬੰਧ ਵੀ ਹੋ ਗਿਆ ਹੈ।

ਔਰਤ ਨੂੰ ਭੋਗ ਕੇ ਜਾਂ ਉਸ ਨੂੰ ਨੀਵਾਂ ਸਿੱਧ ਕਰਕੇ ਜਾਂ ਗੁਲਾਮ ਬਣਾ ਕੇ, ਪੁਰਸ਼ ਆਪਣੇ ਵਿਕਾਸ ਦੀਆਂ ਸੰਭਾਵਨਾਵਾਂ ਨੂੰ ਵੀ ਖੁੰਢਾ ਕਰਦਾ ਰਿਹਾ ਹੈ।

ਪੁਰਸ਼ ਨੇ ਅਜਿਹੀਆਂ ਨੀਤੀਆਂ, ਵਿਧੀਆਂ ਆਦਿ ਦਾ ਨਿਰਮਾਣ ਨਹੀਂ ਕੀਤਾ, ਜਿਨ੍ਹਾਂ ਵਿਚ ਔਰਤ ਦਾ ਵੀ ਪੂਰਾ ਯੋਗਦਾਨ ਹੋਵੇ ਅਤੇ ਨਤੀਜਾ ਇਹ ਹੋਇਆ ਹੈ ਕਿ ਪੁਰਸ਼ ਨੇ ਪੁਲ ਉਸਾਰਨ ਦੀ ਥਾਂ ਕੰਧਾਂ ਉਸਾਰ ਲਈਆਂ ਹਨ।

ਅਜੋਕੇ ਯੁੱਗ ਵਿਚ ਔਰਤ ਨੂੰ ਪੁਰਸ਼ ਦੀਆਂ ਸ਼ਰਤਾਂ ਉੱਤੇ ਆਪਣਾ ਜੀਵਨ ਗੁਜ਼ਾਰਨਾ ਪੈ ਰਿਹਾ ਹੈ, ਜਿਸ ਦੇ ਨਤੀਜੇ ਵਜੋਂ ਔਰਤ ਦਾ ਕਿਸੇ ਵੀ ਪੱਖੋਂ ਵਿਕਾਸ ਨਹੀਂ ਹੋ ਰਿਹਾ।

ਅਸੀਂ ਉਸ ਸੰਸਾਰ ਵਿਚ ਵਿਚਰ ਰਹੇ ਹਾਂ ਜਿਸ ਦੀ ਅੱਧੀ ਵਸੋਂ ਦੀ ਆਪਣੀ ਕਿਸੇ ਪ੍ਰਕਾਰ ਦੀ ਕੋਈ ਨਿਵੇਕਲੀ ਹੋਂਦ ਹੀ ਨਹੀਂ, ਅਰਥਾਤ ਅਸੀਂ ਅੱਧੇ ਮਨੁੱਖਾਂ ਦੇ ਅੱਧੇ ਸੰਸਾਰ ਵਿਚ ਹੀ ਭਟਕ ਰਹੇ ਹਾਂ।

ਮਨੁੱਖਤਾ ਦੇ ਇਤਿਹਾਸ ਵਿਚੋਂ ਇਸਤਰੀ ਗਾਇਬ ਹੈ।

ਕਿਉਂਕਿ ਇਤਿਹਾਸ ਪੁਰਸ਼ਾਂ ਨੇ ਲਿਖੇ ਹਨ, ਸੋ ਇਤਿਹਾਸ ਵਿਚ ਪੁਰਸ਼ਾਂ ਦੇ ਲੜਨ-ਭਿੜਨ ਅਤੇ ਮਰਨ-ਮਾਰਨ ਦੇ ਹੀ ਵੇਰਵੇ ਦਰਜ ਕੀਤੇ ਗਏ ਹਨ।

ਔਰਤ ਉਦੋਂ ਤੱਕ ਪੁਰਸ਼ ਦੇ ਬਰਾਬਰ ਨਹੀਂ ਹੋ ਸਕਦੀ, ਜਦੋਂ ਤੱਕ ਉਸ ਨੂੰ ਸਭ ਪ੍ਰਕਾਰ ਦੇ ਸਿਧਾਂਤਾਂ, ਨੇਮਾਂ, ਅਸੂਲਾਂ, ਵਿਧੀਆਂ, ਢੰਗਾਂ, ਨੀਤੀਆਂ, ਵਿਉਂਤਾਂ, ਪ੍ਰੋਗਰਾਮਾਂ, ਰਸਮਾਂ ਆਦਿ ਦੇ ਨਿਰਮਾਣ ਵਿਚ ਭਾਈਵਾਲ ਨਹੀਂ ਬਣਾਇਆ ਜਾਂਦਾ।

ਜਦੋਂ ਤੱਕ ਅਜਿਹਾ ਕੁਝ ਨਹੀਂ ਕੀਤਾ ਜਾਂਦਾ ਉਦੋਂ ਤੱਕ ਆਰਥਿਕ, ਰਾਜਨੀਤਕ, ਸਮਾਜਿਕ, ਧਾਰਮਿਕ, ਸਭਿਆਚਾਰਿਕ ਆਦਿ ਖੇਤਰਾਂ ਵਿਚ ਧਕਾ ਦੇਣ ਵਾਲੀਆਂ ਸਮੱਸਿਆਵਾਂ ਉਪਜਦੀਆਂ ਰਹਿਣਗੀਆਂ।

ਪੂੰਜੀਵਾਦ ਨੇ ਵਿਗਿਆਨ ਦਾ ਨਿਰਮਾਣ ਅਤੇ ਵਿਕਾਸ ਪੁਰਸ਼ ਦੇ ਦ੍ਰਿਸ਼ਟੀਕੋਣ ਤੋਂ ਹੀ ਕੀਤਾ ਹੈ ਅਤੇ ਔਰਤ ਦਾ ਉਸ ਵਿਚ ਯੋਗਦਾਨ ਨਾ ਮਾਤਰ ਵੀ ਨਹੀਂ।

ਸਾਮੰਤਵਾਦ ਵਾਂਗ ਹੀ ਪੂੰਜੀਵਾਦ ਵਿਚ ਵੀ ਔਰਤ ਵਲੋਂ ਪੁਰਸ਼ ਦੀ ਬਰਾਬਰੀ ਦਾ ਸੁਪਨਾ ਵੀ ਨਹੀਂ ਵੇਖਿਆ ਜਾ ਸਕਦਾ।

ਦੂਜੇ ਪਾਸੇ ਸਮਾਜਵਾਦ ਵਿਚ ਰਾਜਨੀਤਕ, ਆਰਥਿਕ ਅਤੇ ਸਮਾਜਿਕ ਬਰਾਬਰੀ ਭਾਵੇਂ ਕਾਨੂੰਨੀ ਤੌਰ ਉਤੇ ਲਾਗੂ ਕਰ ਦਿੱਤੀ ਗਈ ਹੈ ਪਰ ਮਾਨਸਿਕ ਪੱਧਰ ਉਤੇ ਬਰਾਬਰੀ ਦਾ ਲਾਗੂ ਕਰਨਾ ਉਦੋਂ ਤੱਕ ਸੰਭਵ ਨਹੀਂ ਹੋ ਸਕਦਾ ਜਦੋਂ ਤੱਕ ਨੀਤੀਆਂ ਘੜਨ ਵਾਲੇ ਕਾਰਜ ਵਿਚ ਅਤੇ ਸਿਧਾਂਤਕ ਪੱਧਰ ਉੱਤੇ ਔਰਤ ਦੇ ਯੋਗਦਾਨ ਨੂੰ ਸੰਭਵ ਨਹੀਂ ਬਣਾਇਆ ਜਾਂਦਾ। ਇਸ ਸਮੱਸਿਆ ਨੂੰ ਹੱਲ ਕਰਨ ਤੋਂ ਪਹਿਲਾਂ ਇਸ ਸਮੱਸਿਆ ਦੇ ਅਸਲੇ, ਸਾਰ ਅਤੇ ਸੁਭਾਅ ਨੂੰ ਸਮਝਣਾ ਜ਼ਰੂਰੀ ਹੈ।

ਅਜੋਕੇ ਯੁਗ ਵਿਚ ਇਹ ਭਰਮ ਉਸਾਰਿਆ ਜਾ ਰਿਹਾ ਹੈ ਕਿ ਔਰਤ ਹਰ ਖੇਤਰ ਵਿਚ ਪੁਰਸ਼ ਦੇ ਬਰਾਬਰ ਹੋ ਗਈ ਹੈ ਪਰ ਸੱਚ ਇਹ ਹੈ ਕਿ ਪੁਰਸ਼, ਔਰਤ ਦੇ ਕੱਪੜੇ ਸਿਊਣ, ਖਾਣਾ ਪਕਾਉਣ, ਬਰੀਕ ਕੰਮ ਕਰਨ ਆਦਿ ਜਿਹੇ ਉਨ੍ਹਾਂ ਖੇਤਰਾਂ ਵਿਚ ਵੀ ਪ੍ਰਵੇਸ਼ ਕਰਨ ਲੱਗ ਪਿਆ ਹੈ, ਜਿਨ੍ਹਾਂ ਵਿਚ ਔਰਤ ਨੂੰ ਨਿਪੁੰਨ ਸਮਝਿਆ ਜਾਂਦਾ ਸੀ।

ਹੁਣ ਔਰਤਾਂ ਵੱਲੋਂ ਆਪਣੇ ਰੱਖ-ਰਖਾਓ ਅਤੇ ਸਜਾਵਟ ਲਈ ਵਰਤੀਆਂ ਜਾਣ ਵਾਲੀਆਂ ਲਗਭਗ ਸਾਰੀਆਂ ਚੀਜ਼ਾਂ ਪੁਰਸ਼ ਹੀ ਬਣਾਉਂਦੇ ਹਨ।

ਧਿਆਨ ਨਾਲ ਵੇਖੋ 'ਤੇ ਜਾਣੋ ਕਿ ਔਰਤ, ਪੁਰਸ਼ ਦੇ ਬਰਾਬਰ ਹੋ ਰਹੀ ਹੈ ਜਾਂ ਪੁਰਸ਼ ਦੇ ਵਧੇਰੇ ਸ਼ੋਸ਼ਣ ਦਾ ਸ਼ਿਕਾਰ ਹੋ ਰਹੀ ਹੈ!

# ਸੰਗੀਤ

ਮਨੁੱਖੀ ਮਨ ਦੀ ਕੋਈ ਸਥਿਤੀ ਅਜਿਹੀ ਨਹੀਂ ਹੁੰਦੀ, ਜਿਹੜੀ ਸੰਗੀਤ ਵਿਚ ਪੇਸ਼ ਨਾ ਕੀਤੀ ਜਾ ਸਕੇ।

ਇਵੇਂ ਹੀ ਹਰ ਦੁੱਖ ਬਰਦਾਸ਼ਤ ਕਰਨ ਯੋਗ ਹੁੰਦਾ ਹੈ, ਜੇ ਉਸ ਨੂੰ ਸੰਗੀਤ ਦੀਆਂ ਸੁਰਾਂ ਦੇ ਹਵਾਲੇ ਕੀਤਾ ਜਾ ਸਕੇ।

ਸੰਗੀਤ ਵਿਚ ਵਹਿਸ਼ੀ ਨੂੰ ਸ਼ਾਂਤ ਕਰਨ ਦੀ ਅਤੇ ਡਰਪੋਕ ਨੂੰ ਯੋਧਾ ਬਣਾਉਣ ਦੀ ਸ਼ਕਤੀ ਹੁੰਦੀ ਹੈ। ਸੰਗੀਤ ਸਾਡੇ ਵਿਚ ਪ੍ਰਕਾਰਕ ਤਬਦੀਲੀ ਲਿਆਉਂਦਾ ਹੈ।

ਇਹ ਸਾਡੀ ਸ਼ਖ਼ਸੀਅਤ ਦੇ ਟੋਏ-ਟਿੱਬੇ ਪੱਧਰੇ ਕਰਦਾ ਹੈ।

ਮਨੁੱਖ ਦੀਆਂ ਮਹਾਨ ਪ੍ਰਾਪਤੀਆਂ ਵਿਚ ਸੰਗੀਤ ਦਾ ਸਥਾਨ ਮੋਹਰੀ ਰਿਹਾ ਹੈ।

ਜੀਵਨ ਵਿਚ ਅਨੇਕਾਂ ਦੁੱਖ ਹਨ ਅਤੇ ਅਣਗਿਣਤ ਸੰਕਟ ਆਉਂਦੇ ਹਨ ਪਰ ਤਾਂ ਵੀ ਜੇ ਮਨੁੱਖ ਵਿਚ ਜੀਵਨ ਜਿਊਣ ਦੀ ਲਾਲਸਾ ਬਣੀ ਰਹਿੰਦੀ ਹੈ ਤਾਂ ਉਸ ਦਾ ਇਕ ਕਾਰਨ ਇਹ ਹੈ ਕਿ ਮਨੁੱਖ ਕੋਲ ਸੰਗੀਤ ਹੈ।

ਮਨੁੱਖ ਨੇ ਅਨੇਕਾਂ ਪ੍ਰਕਾਰ ਦੀ ਕਲਾ ਦਾ ਨਿਰਮਾਣ ਕੀਤਾ ਹੈ ਅਤੇ ਸੰਗੀਤ ਦੀ ਸਿਰਜਣਾ ਉਸ ਦੇ ਯੋਗਦਾਨਾਂ ਵਿਚੋਂ ਸਭ ਤੋਂ ਉੱਤਮ ਹੈ।

ਪ੍ਰਕ੍ਰਿਤੀ ਵਿਚ ਸੰਗੀਤ ਨਹੀਂ ਆਵਾਜ਼ਾਂ ਹਨ, ਪ੍ਰਕ੍ਰਿਤੀ ਦੀਆਂ ਆਵਾਜ਼ਾਂ ਵਿਚ ਅਨੁਸ਼ਾਸਨ ਉਪਜਾ ਕੇ ਮਨੁੱਖ ਸੰਗੀਤ ਪੈਦਾ ਕਰਦਾ ਹੈ। ਨਿਰੇ ਰੌਲੇ ਅਤੇ ਸ਼ੋਰ-ਸ਼ਰਾਬੇ ਨਾਲੋਂ ਸੰਗੀਤ ਨੂੰ ਨਿਖੇੜਨ ਦਾ ਕੰਮ ਅਤੇ ਸੰਗੀਤ ਮਾਣਨ ਦਾ ਕਾਰਜ, ਮਨੁੱਖ ਹੀ ਕਰਦਾ ਹੈ।

ਸੰਗੀਤ ਦਾ ਮੁੱਢਲਾ ਅਨੁਭਵ ਜਨਮ ਤੋਂ ਵੀ ਪਹਿਲੇ ਪ੍ਰਾਪਤ ਹੁੰਦਾ ਹੈ।

ਮਾਂ ਦੇ ਗਰਭ ਵਿਚ, ਬੱਚੇ ਦੇ ਮਨ ਉਤੇ, ਮਾਂ ਦੇ ਦਿਲ ਦੀ ਧੱੜਕਣ ਦੀ ਮੁੱਢਲੀ, ਪੱਕੀ ਅਤੇ ਡੂੰਘੀ ਛਾਪ ਲੱਗਦੀ ਹੈ। ਦਿਲ ਦੀ ਧੱੜਕਣ ਦੀ ਇਹ ਛਾਪ ਸਾਰੀਆਂ ਧੁਨੀਆਂ, ਸੁਰਾਂ ਅਤੇ ਲੈਆਂ ਦਾ ਆਧਾਰ ਹੁੰਦੀ ਹੈ।

ਪੰਘੂੜਾ, ਪੀਂਘ ਆਦਿ ਦਾ ਉਤਰਾਅ-ਚੜ੍ਹਾ ਦਿਲ ਦੀ ਧੱੜਕਣ ਦੇ ਉਤਰਾਅ-ਚੜ੍ਹਾ ਅਤੇ ਲੈਅ-ਤਾਲ ਦਾ ਹੀ ਵਿਕਸਤ ਹੋਇਆ ਰੂਪ ਹੁੰਦਾ ਹੈ।

ਜੇ ਮਾਂ ਦਾ ਦਿਲ ਇਕ ਮਿੰਟ ਵਿਚ ਸੱਠ ਵਾਰੀ ਧੜਕਦਾ ਹੈ ਤਾਂ ਇਸ ਮਾਤਰਾ ਦੇ ਕਿਸੇ ਅਨੁਪਾਤ ਵਿਚ ਝੂਲਣ ਵਾਲਾ ਝੂਲਾ ਹੀ ਬੱਚੇ ਨੂੰ ਸੁਆ ਸਕਦਾ ਹੈ।

ਅਨੁਪਾਤ-ਰਹਿਤ ਹਿੱਲ-ਜੁੱਲ ਨਾਲ ਬੱਚੇ ਨੂੰ ਸੁੱਖ-ਆਰਾਮ ਦੀ ਥਾਂ ਔਖ ਦਾ ਅਨੁਭਵ ਹੋਵੇਗਾ ਅਤੇ ਉਹ ਰੋਵੇਗਾ।

ਜਿਹੜਾ ਵੀ ਆਪਣੀ ਮਾਂ ਨੂੰ ਪਿਆਰ ਨਹੀਂ ਕਰਦਾ, ਉਹ ਹੋਰ ਭਾਵੇਂ ਕੁਝ ਬਣ ਜਾਵੇ ਪਰ ਉਹ ਸੰਗੀਤਕਾਰ ਨਹੀਂ ਬਣ ਸਕਦਾ।

ਸਪੱਸ਼ਟ ਹੈ ਕਿ ਸੰਗੀਤ ਦੀ ਮੁੱਢਲੀ ਗੁੜ੍ਹਤੀ ਮਾਂ ਤੋਂ ਹੀ ਮਿਲਦੀ ਹੈ। ਇਹੀ ਕਾਰਨ ਹੈ ਕਿ ਸੰਗੀਤਕਾਰਾਂ ਦੇ ਦਿਲ ਅਤੇ ਹਾਵਭਾਵ ਔਰਤਾਂ ਵਾਲੇ ਹੁੰਦੇ ਹਨ ਅਤੇ ਉਨ੍ਹਾਂ ਦਾ ਜੀਵਨ ਅਤੇ ਸੰਸਾਰ ਪ੍ਰਤਿ ਦ੍ਰਿਸ਼ਟੀਕੋਣ ਮਮਤਾ, ਪਿਆਰ ਅਤੇ ਸਨੇਹ ਭਰਿਆ ਹੁੰਦਾ ਹੈ।

ਭਾਰਤੀ ਸੰਗੀਤ ਸੁਣਦਿਆਂ ਸਾਡਾ ਸਿਰ ਝੂਮਦਾ ਹੈ, ਜਦੋਂ ਕਿ ਪੱਛਮੀ ਸੰਗੀਤ ਸੁਣ ਕੇ ਸਾਡੇ ਪੈਰ ਨੱਚਦੇ ਹਨ। ਅੰਤਰ ਸਪਸ਼ਟ ਹੈ।

ਭਾਰਤੀ ਸੰਗੀਤ ਮਨੁੱਖ ਦੀ ਰੂਹ ਨੂੰ ਮੁਖ਼ਾਤਬ ਹੁੰਦਾ ਹੈ ਜਦੋਂ ਕਿ ਪੱਛਮੀ ਸੰਗੀਤ ਮਨੁੱਖੀ ਸਰੀਰ ਨੂੰ ਉਤੇਜਿਤ ਕਰਦਾ ਹੈ।

ਸਿਰ ਅਤੇ ਪੈਰਾਂ ਦੇ ਅੰਤਰ ਤੋਂ ਹੀ ਦੋਵੇਂ ਪ੍ਰਕਾਰ ਦੇ ਸੰਗੀਤ ਦੇ ਅੰਤਰ ਅਤੇ ਪ੍ਰਭਾਵ ਦੇ ਵੱਖਰੇਵੇਂ ਨੂੰ ਜਾਣਿਆ ਜਾ ਸਕਦਾ ਹੈ।

ਭਾਰਤੀ ਸੰਗੀਤ ਦੀ ਪਰੰਪਰਾ ਬਹੁਤ ਪੁਰਾਣੀ ਹੈ ਅਤੇ ਸਾਡੇ ਦਰਸ਼ਨ ਅਤੇ ਸਾਹਿਤ ਵਾਂਗ ਹੀ ਸਾਡਾ ਸੰਗੀਤ ਵੀ ਅਧਿਆਤਮਵਾਦੀ ਅਤੇ ਆਦਰਸ਼ਵਾਦੀ ਹੈ, ਜਦੋਂ ਕਿ ਪੱਛਮੀ ਸੰਗੀਤ ਸਰੀਰਵਾਦੀ ਅਤੇ ਪਦਾਰਥਵਾਦੀ ਹੈ।

ਭਾਰਤੀ ਸੰਗੀਤ ਪਰੰਪਰਾ ਨੂੰ ਕਲਾਸੀਕਲ ਕਿਹਾ ਗਿਆ ਹੈ।

ਕਲਾਸੀਕਲ ਉਸ ਨੂੰ ਕਹਿੰਦੇ ਹਨ, ਜਿਹੜਾ ਸਦੀਆਂ ਪੁਰਾਣਾ ਹੋਵੇ ਪਰ ਹਰ ਪਲ ਨਵਾਂ ਅਤੇ ਸੱਜਰਾ ਲੱਗੇ।

ਸੰਗੀਤ ਨਾਲ ਗੀਤ ਅਤੇ ਨ੍ਰਿਤ ਦਾ ਡੂੰਘਾ ਰਿਸ਼ਤਾ ਹੈ।

ਇਹ ਤਿੰਨੇ ਤੱਤ ਨਾਟਕ ਦੇ ਜਨਮ ਅਤੇ ਵਿਕਾਸ ਵਿਚ ਵੀ ਸਹਾਈ ਹੋਏ ਹਨ।

ਜਦੋਂ ਬੁੱਲ੍ਹ ਚੁੰਮ ਨਾ ਸਕਣ, ਉਸ ਸਮੇਂ ਉਹ ਗਾਉਂਦੇ ਹਨ।

ਕਈ ਦਿਨ ਅਜਿਹੇ ਹੁੰਦੇ ਹਨ, ਜਦੋਂ ਕਿਸੇ ਗੀਤ ਦੀ ਆਵਾਜ਼ ਜਾਂ ਕਿਸੇ ਸੰਗੀਤ ਦੀ ਧੁਨ ਕਿੰਨਾ-ਕਿੰਨਾ ਚਿਰ ਸਾਡੇ ਬੁੱਲ੍ਹਾਂ ਉੱਤੇ ਨੱਚਦੀ ਰਹਿੰਦੀ ਹੈ। ਇਹ ਡੂੰਘੀ ਲਟਕ ਅਤੇ ਰੂਹਾਨੀ ਖੁਸ਼ੀ ਦਾ ਸਮਾਂ ਹੁੰਦਾ ਹੈ।

ਜਦੋਂ ਕੋਈ ਬੱਚਾ ਜਾਂ ਵਿਅਕਤੀ ਕੰਮ ਕਰਦਿਆਂ-ਕਰਦਿਆਂ ਗਾਉਣ ਲੱਗ ਪਵੇ, ਸਮਝੋ ਕੰਮ ਦੀ ਪੱਧਰ ਉੱਚੀ ਹੋ ਗਈ ਹੈ।

ਗਾਇਆ ਜਾ ਹੀ ਉਦੋਂ ਸਕਦਾ ਹੈ, ਜਦੋਂ ਮਨ ਖੁਸ਼ੀ ਦੇ ਵਹਿਣ ਵਿਚ ਇਕਾਗਰ ਹੋਇਆ ਹੋਇਆ ਹੋਵੇ।

ਮਨੋਵਿਗਿਆਨ ਵਿਚ ਖੁਸ਼ੀ ਅਸਲ ਵਿਚ ਸੁਰੱਖਿਆ ਦੀ ਡੂੰਘੀ ਭਾਵਨਾ ਵਿਚੋਂ ਉਪਜਦੀ ਹੈ। ਖ਼ਤਰੇ ਜਾਂ ਸੰਕਟ ਜਾਂ ਡਰ ਦੀ ਸਥਿਤੀ ਵਿਚ ਗਾਇਆ ਨਹੀਂ ਜਾ ਸਕਦਾ।

ਸੰਕਟ ਉਪਰੰਤ ਸੁਰੱਖਿਆ ਦੀ ਭਾਵਨਾ ਉਪਜਾਉਣ ਲਈ ਵੀ ਸੰਗੀਤ ਜਾਂ ਗੀਤ ਜਾਂ ਨਾਚ ਦਾ ਸਹਾਰਾ ਲਿਆ ਜਾਂਦਾ ਹੈ।

ਸੰਗੀਤ ਦੀਆਂ ਧੁਨਾਂ ਵਿਚ ਜਦੋਂ ਅਸੀਂ ਕਿਸੇ ਨਾਲੋਂ ਵਿਛੜਦੇ ਹਾਂ ਤਾਂ ਅਸੀਂ ਸਹਿਜੇ ਹੀ ਵਿਛੋੜਾ ਬਰਦਾਸ਼ਤ ਕਰ ਸਕਣ ਦੇ ਯੋਗ ਹੋ ਜਾਂਦੇ ਹਾਂ।

ਦੁਖੀ ਮਨ ਨੂੰ ਜਦੋਂ ਸੰਗੀਤ ਦੀ ਟੇਕ ਮਿਲ ਜਾਵੇ ਤਾਂ ਮਨੁੱਖੀ ਮਨ ਸ਼ੁੱਧ ਹੋ ਕੇ ਨਿਰਮਲ, ਸਵੱਛ ਅਤੇ ਹਲਕਾ-ਫੁੱਲ ਹੋ ਜਾਂਦਾ ਹੈ।

ਇਹੀ ਵਿਰੇਚਨ ਜਾਂ ਕਥਾਰਸਿਜ਼ ਦਾ ਸਿਧਾਂਤ ਹੈ।

ਸੰਗੀਤ ਨਾਲ ਮਨ ਵਿਚੋਂ ਮੈਲ ਧੁੱਲ ਜਾਂਦੀ ਹੈ।

ਪੁਰਾਣੇ ਸਮਿਆਂ ਵਿਚ ਬੀਮਾਰੀਆਂ ਦਾ ਇਲਾਜ ਸੰਗੀਤ ਨਾਲ ਕੀਤਾ ਜਾਂਦਾ ਸੀ ਅਤੇ ਜਦੋਂ ਸੰਗੀਤ ਦੀਆਂ ਧੁਨਾਂ ਨਾਲ ਮਰੀਜ਼ਾਂ ਦੇ ਮਨਾਂ ਵਿਚੋਂ ਡਰ ਜਾਂ ਸਹਿਮ ਆਦਿ ਦੀ ਭਾਵਨਾ ਕੱਢ ਦਿੱਤੀ ਜਾਂਦੀ ਸੀ ਤਾਂ ਉਹ ਮੁੜ ਤੰਦਰੁਸਤ ਹੋ ਜਾਂਦੇ ਸਨ।

ਜਿਹੜੀ ਗੱਲ ਅਸੀਂ ਉਂਜ ਨਹੀਂ ਕਹਿ ਸਕਦੇ, ਉਹ ਸੰਗੀਤ ਜਾਂ ਗੀਤ ਜਾਂ ਨਾਚ ਰਾਹੀਂ ਸਹਿਜੇ ਹੀ ਕਹਿ ਸਕਦੇ ਹਾਂ।

ਮਨੁੱਖੀ ਜਜ਼ਬਿਆਂ ਨੂੰ ਸ਼ਬਦਾਂ ਦੀ ਥਾਂ ਸੰਗੀਤ ਵਿਚ ਵਧੇਰੇ ਯੋਗਤਾ ਅਤੇ ਸਫਲਤਾ ਨਾਲ ਪ੍ਰਗਟਾਇਆ ਜਾ ਸਕਦਾ ਹੈ।

ਹਰ ਮਨੁੱਖੀ ਖੁਸ਼ੀ ਜਾਂ ਦੁੱਖ ਨੂੰ ਸੰਗੀਤ ਵਿਚ ਪ੍ਰਗਟਾਇਆ ਗਿਆ ਹੈ।

ਵੱਖ-ਵੱਖ ਰਾਗ ਅਸਲ ਵਿਚ ਵੱਖ-ਵੱਖ ਮਾਨਸਿਕ ਸਥਿਤੀਆਂ ਦੇ ਹੀ ਲਖਾਇਕ ਹੁੰਦੇ ਹਨ। ਜਿਨ੍ਹਾਂ ਲੋਕਾਂ ਲਈ ਸੰਗੀਤ ਉਪਜੀਵਕਾ ਦਾ ਸਾਧਨ ਹੁੰਦਾ ਹੈ, ਉਹ ਸੰਗੀਤ ਦੀਆਂ ਡੂੰਘਾਈਆਂ ਵਿਚ ਨਹੀਂ ਉਤਰ ਸਕਦੇ। ਸੰਗੀਤ ਦੀਆਂ ਡੂੰਘਾਈਆਂ ਮਾਣਨ ਲਈ ਸ਼ੁੱਧ, ਇਕਾਗਰ ਹਿਰਦਾ ਪਹਿਲੀ ਅਤੇ ਲਾਜ਼ਮੀ ਸ਼ਰਤ ਹੁੰਦੀ ਹੈ।

ਸੰਗੀਤ-ਪ੍ਰੇਮੀ, ਸੁਆਰਥੀ ਜਾਂ ਵੈਰ-ਭਾਵ ਵਾਲਾ ਹੋ ਹੀ ਨਹੀਂ ਸਕਦਾ।

ਹਰ ਕੋਈ ਨਾ ਤਾਂ ਸੰਗੀਤਕਾਰ ਬਣਨ ਦੇ ਯੋਗ ਹੁੰਦਾ ਹੈ ਅਤੇ ਨਾ ਹੀ ਹਰ ਕਿਸੇ ਵਿਚ ਸੰਗੀਤ ਦੀ ਸਮਝ ਦੀ ਸਹਿਜ-ਸੁਭਾਵਕ ਪ੍ਰਵਿਰਤੀ ਹੁੰਦੀ ਹੈ।

ਉਂਜ ਸੰਗੀਤ ਹਰ ਕਿਸੇ ਨੂੰ ਉਸ ਦੀ ਸਮਰੱਥਾ ਅਨੁਸਾਰ ਮੋਹ ਹੀ ਲੈਂਦਾ ਹੈ।

ਸੰਗੀਤ ਦੇ ਜਾਦੂ ਤੋਂ ਬਚਣਾ ਸੰਭਵ ਨਹੀਂ ਹੁੰਦਾ।

ਧਰਮ ਨੇ ਸੰਗੀਤ ਪੈਦਾ ਨਹੀਂ ਕੀਤਾ, ਸਗੋਂ ਆਪਣੇ ਵਾਧੇ ਅਤੇ ਵਿਸਤਾਰ ਲਈ ਧਰਮ ਨੇ ਸੰਗੀਤ ਨੂੰ ਵਰਤਿਆ ਹੈ। ਇਸੇ ਕਰਕੇ ਹਰੇਕ ਧਰਮ ਦੀ ਇਕ ਨਿਵੇਕਲੀ ਸੰਗੀਤ-ਪਰੰਪਰਾ ਹੁੰਦੀ ਹੈ।

ਸੰਗੀਤ ਦੀ ਜਾਦੂਮਈ ਸ਼ਕਤੀ ਨੂੰ ਵਰਤ ਕੇ ਹਰ ਧਰਮ ਨੇ ਮਨੁੱਖੀ ਮਨ ਨੂੰ ਰੀਝਾਇਆ ਹੈ। ਸੰਗੀਤ ਨੇ ਮਨੁੱਖਾਂ ਨੂੰ ਜੋੜਿਆ ਹੈ ਅਤੇ ਜੀਵਨ ਵਿਚ ਇਕਸੁਰਤਾ ਅਤੇ ਇਕਸਾਰਤਾ ਦੇ ਗੁਣ ਲਿਆਂਦੇ ਹਨ।

ਜਿਸ ਵਿਅਕਤੀ ਦੀ ਰੂਹ ਵਿਚ ਸੰਗੀਤ ਹੈ, ਉਸ ਨੂੰ ਸੁਭਾਵਿਕ ਹੀ ਜੀਵਨ ਅਤੇ ਸੰਸਾਰ ਦੀਆਂ ਸੋਹਣੀਆਂ ਵਸਤਾਂ ਨਾਲ ਪਿਆਰ ਹੁੰਦਾ ਹੈ।

ਜਦੋਂ ਕਿਸੇ ਦੇਸ਼ ਦੇ ਜੀਵਨ ਵਿਚ ਤਬਦੀਲੀ ਆਉਂਦੀ ਹੈ ਤਾਂ ਉਥੋਂ ਦਾ ਸੰਗੀਤ ਵੀ ਬਦਲ ਜਾਂਦਾ ਹੈ। ਮਨੁੱਖੀ ਜਜ਼ਬਿਆਂ ਦੇ ਹਰ ਧਰਾਤਲ ਉੱਤੇ ਅਸੀਂ ਸੰਗੀਤ ਨਾਲ ਜੁੜੇ ਹੋਏ ਹਾਂ। ਸੰਗੀਤ ਦੀ ਬੋਲੀ ਜਜ਼ਬੇ ਦੀ ਬੋਲੀ ਹੈ, ਇਹ ਤਰਕ ਜਾਂ ਵਿਵਾਦ ਜਾਂ ਵਿਰੋਧ ਜਾਂ ਖੰਡਨ ਦੀ ਬੋਲੀ ਨਹੀਂ।

ਸੰਗੀਤ ਦੇ ਪ੍ਰਭਾਵ ਅਧੀਨ ਸਾਨੂੰ ਹੌਕਾ ਜਾਂ ਉਦਾਸੀ ਵੀ ਚੰਗੇ ਲੱਗਦੇ ਹਨ।

ਸੰਗੀਤਕਾਰ ਇਕੱਲ ਵਿਚ ਹੀ ਸੰਗੀਤ ਦਾ ਸਾਥ ਮਾਣਦੇ ਹਨ।

ਗੁਰੂ ਗੋਬਿੰਦ ਸਿੰਘ ਨੇ ਨਗਾਰੇ ਦੀ ਚੋਟ ਨਾਲ ਹੀ ਸਾਧਾਰਣ ਲੋਕਾਂ ਨੂੰ ਜਾਬਰਾਂ ਨਾਲ ਟੱਕਰ ਲੈਣ ਦੇ ਯੋਗ ਬਣਾਇਆ ਸੀ। ਉਨ੍ਹਾਂ ਨੇ ਤਲਵਾਰ ਨੂੰ ਸਾਜ਼ ਦੀ ਪਦਵੀ ਦਿੱਤੀ ਸੀ, ਉਨ੍ਹਾਂ ਨੇ ਸਾਰੰਗੀ ਅਤੇ ਢੱਡ ਨੂੰ, ਲਿਤਾੜੇ ਹੋਏ ਲੋਕਾਂ ਨੂੰ ਸ਼ੇਰ ਬਣਾਉਣ ਲਈ ਵਰਤਿਆ ਸੀ ਅਤੇ ਚਿੜੀਆਂ ਨੂੰ ਬਾਜ਼ਾਂ ਦੀ ਸ਼ਕਤੀ ਪ੍ਰਦਾਨ ਕੀਤੀ ਸੀ।

ਹਰ ਮਹਾਨ ਵਿਅਕਤੀ ਸੰਗੀਤ ਦਾ ਉਪਾਸ਼ਕ ਰਿਹਾ ਹੈ।

ਬੱਚਿਆਂ ਨੂੰ ਕੋਈ ਵੀ ਚੀਜ਼ ਸਿਖਾਉਣ ਦਾ ਸਭ ਤੋਂ ਸੌਖਾ ਢੰਗ ਸੰਗੀਤ ਵਾਲਾ ਹੈ।

ਸੰਗੀਤ ਨਾਲ ਜੋੜ ਕੇ ਬੱਚਿਆਂ ਦੀ ਸੋਝੀ ਸੰਵਾਰੀ ਜਾ ਸਕਦੀ ਹੈ।

ਸੰਗੀਤ ਦੇ ਪ੍ਰਭਾਵ ਅਧੀਨ ਪ੍ਰੇਮਿਕਾ, ਸੌਖਿਆਂ ਹੀ ਮੰਨ ਜਾਂਦੀ ਹੈ।

ਜਿਸ ਕਿਸੇ ਨੂੰ ਵੀ ਸੰਗੀਤ ਦਾ ਸ਼ੌਕ ਹੈ, ਉਸ ਨੂੰ ਚੰਗਾ ਪ੍ਰਭਾਵ ਪਾਉਣ ਵਿਚ ਕੋਈ ਮੁਸ਼ਕਿਲ ਨਹੀਂ ਹੁੰਦੀ। ਉਂਜ ਵੀ ਸੰਗੀਤ ਸਾਡੀ ਆਲੇ-ਦੁਆਲੇ ਦੀ ਸਮਝ ਨੂੰ ਪ੍ਰਚੰਡ ਕਰਦਾ ਹੈ। ਸੰਗੀਤ ਦੇ ਪ੍ਰੇਮੀਆਂ ਦੀ ਤਬੀਅਤ ਵਿਚ ਚੰਚਲਤਾ ਦੀ ਥਾਂ ਟਿਕਾਓ ਹੁੰਦਾ ਹੈ।

ਸਲੀਕਾ ਅਤੇ ਸੰਜਮ, ਸਨੇਹ ਅਤੇ ਸਹਿਯੋਗ, ਸਾਦਗੀ ਅਤੇ ਸੁਚੱਜਤਾ, ਸੰਗੀਤ-ਪ੍ਰੇਮੀਆਂ ਦੀ ਸ਼ਖ਼ਸੀਅਤ ਦੇ ਲੱਛਣ ਹੁੰਦੇ ਹਨ।

ਅਜਿਹੇ ਵਿਅਕਤੀਆਂ ਦੀ ਪਹਿਲੀ ਵਫ਼ਾਦਾਰੀ ਸੰਗੀਤ ਪ੍ਰਤਿ ਹੁੰਦੀ ਹੈ, ਬਾਕੀ ਸਭ ਕੁਝ ਦੂਜੇ ਨੰਬਰ ਉੱਤੇ ਆਉਂਦਾ ਹੈ।

ਕਿਸੇ ਇਲਾਕੇ ਜਾਂ ਦੇਸ਼ ਜਾਂ ਕੌਮ ਦੇ ਸਾਜ਼ਾਂ ਜਾਂ ਸੰਗੀਤ ਤੋਂ ਉਸ ਥਾਂ ਦੀਆਂ ਆਰਥਿਕ, ਸਮਾਜਿਕ, ਸਭਿਆਚਾਰਿਕ, ਮਾਨਸਿਕ, ਕਲਾਤਮਕ ਆਦਿ ਅਨੇਕਾਂ ਸਥਿਤੀਆਂ ਦਾ ਸਹਿਜੇ ਹੀ ਅਨੁਮਾਨ ਲਾਇਆ ਜਾ ਸਕਦਾ ਹੈ।

ਬਹਾਦਰ ਅਤੇ ਖੁਸ਼ਹਾਲ ਕੌਮਾਂ ਦੇ ਸਾਜ਼ ਮਜ਼ਬੂਤ ਅਤੇ ਸੰਗੀਤ-ਪ੍ਰਗਟਾਵੇ ਖੜਕਵੇਂ ਅਤੇ ਗੂੰਜਵੇਂ ਹੁੰਦੇ ਹਨ।

ਸਾਜ਼ਾਂ ਦੀ ਬਣਤਰ ਜਾਂ ਗੁੰਝਲ ਤੋਂ ਲੋਕਾਂ ਦੇ ਜੀਵਨ ਦੇ ਢਿੱਲੇ ਜਾਂ ਪੀਡੇ ਹੋਣ ਦਾ ਅਨੁਮਾਨ ਵੀ ਲੱਗ ਸਕਦਾ ਹੈ ਅਤੇ ਇਹ ਵੀ ਪਤਾ ਲੱਗ ਜਾਂਦਾ ਹੈ ਕਿ ਉਹ ਕੌਮ ਕਲਾਤਮਕ ਸਿਖਰਾਂ ਨੂੰ ਛੂਹਣ ਦੇ ਕਿੰਨੀ ਜੋਗ ਹੈ।

ਸੰਗੀਤ-ਵਿਹੂਣੀ ਕੌਮ ਜਿਉਂਦੀ ਨਹੀਂ ਰਹਿੰਦੀ, ਕਿਉਂਕਿ ਉਸ ਵਿਚ ਜੀਵਨ-ਮਾਣਨ ਦੀ ਹਿੰਮਤ ਨਹੀਂ ਹੁੰਦੀ।

ਸੰਗੀਤ ਨੂੰ ਮੰਦੇ ਉਦੇਸ਼ਾਂ ਲਈ ਵਰਤਿਆ ਹੀ ਨਹੀਂ ਜਾ ਸਕਦਾ।

ਸੰਗੀਤਕਾਰ ਦੀ ਸ਼ਖ਼ਸੀਅਤ ਦਾ ਖੋਟ ਤਾਂ ਸੰਗੀਤਕਾਰ ਕੋਲ ਰਹਿ ਜਾਂਦਾ ਹੈ, ਜਦੋਂ ਕਿ ਉਸ ਦੀ ਕਲਾ ਅਤੇ ਸ਼ਖ਼ਸੀਅਤ ਦਾ ਰੋਸ਼ਨ ਪੱਖ ਸੰਗੀਤ ਸਾਂਭ ਲੈਂਦਾ ਹੈ।

ਬੇਮੁਹਾਰੀਆਂ ਅਤੇ ਬੇਨੇਮੀਆਂ ਆਵਾਜ਼ਾਂ ਨੂੰ ਕਾਬੂ ਕਰਨਾ ਅਤੇ ਨੇਮਬੱਧ ਕਰਨਾ ਸੰਗੀਤ ਦਾ ਲੱਛਣ ਹੁੰਦਾ ਹੈ।

ਸੰਗੀਤ ਹਵਾ ਹੀ ਹੁੰਦੀ ਹੈ, ਪਰ ਅਨੁਸ਼ਾਸਨ ਵਿਚ ਬੱਝੀ ਹੋਈ ਹਵਾ।

ਜਿਥੇ ਸੰਗੀਤ ਉੱਚਾ-ਸੁੱਚਾ ਹੈ, ਉਥੇ ਜੀਵਨ ਦੀ ਪੱਧਰ ਨੀਵੀਂ ਨਹੀਂ ਹੋ ਸਕਦੀ।

ਲੋਕਾਂ ਦੀ ਬਹੁਗਿਣਤੀ ਸੰਗੀਤ-ਪ੍ਰੇਮੀ ਹੋਣ ਦਾ ਯਤਨ ਕਰਦੀ ਹੈ।

ਸੰਗੀਤ ਦਾ ਜਿਨ੍ਹਾਂ ਨੂੰ ਸ਼ੌਕ ਹੁੰਦਾ ਹੈ, ਉਹ ਪਹਾੜਾਂ ਵਾਂਗ ਸ਼ਾਂਤ ਹੁੰਦੇ ਹਨ, ਝੀਲਾਂ ਵਾਂਗ ਡੂੰਘੇ ਹੁੰਦੇ ਹਨ ਅਤੇ ਸਮੁੰਦਰਾਂ ਵਾਂਗ ਵਿਸ਼ਾਲ ਹੁੰਦੇ ਹਨ।

ਸੰਗੀਤ ਸਭ ਪ੍ਰਕਾਰ ਦੀ ਸੰਕੀਰਣਤਾ ਖ਼ਤਮ ਕਰ ਦਿੰਦਾ ਹੈ।

ਸੰਗੀਤ ਰੂਹ ਨੂੰ ਜਾਣ ਵਾਲੀ ਸ਼ਾਹ-ਰਾਹ ਹੈ, ਜਿਸ ਉੱਤੇ ਉਹ ਹੀ ਟੁਰ ਸਕਦੇ ਹਨ, ਜਿਨ੍ਹਾਂ ਦੇ ਮੁੱਖ ਉਜਲੇ ਹਨ, ਜਿਨ੍ਹਾਂ ਦੇ ਬੋਲ ਮਿੱਠੇ ਹਨ, ਜਿਨ੍ਹਾਂ ਦੀ ਸੋਚ ਉੱਚੀ ਹੈ, ਜਿਨ੍ਹਾਂ ਦਾ ਮਨ ਸ਼ਾਂਤ ਹੈ, ਜਿਨ੍ਹਾਂ ਦਾ ਦਿਲ ਸੰਗੀਤ ਵਿਚ ਧੜਕਦਾ ਹੈ।

○○○

# ਵਿਸ਼ਵਾਸ

ਕਿਸੇ ਸਬੂਤ ਤੋਂ ਬਿਨਾਂ ਮਨੌਤ ਨੂੰ ਵਿਸ਼ਵਾਸ ਕਹਿੰਦੇ ਹਨ।

ਇਹ ਮਨ ਦੀ ਇਕ ਅਜਿਹੀ ਅਵਸਥਾ ਹੁੰਦੀ ਹੈ, ਜਿਸ ਵਿਚ ਕਿਸੇ ਬਾਹਰਲੇ ਆਸਰੇ ਦੀ ਕੋਈ ਲੋੜ ਨਹੀਂ ਰਹਿੰਦੀ।

ਵਿਸ਼ਵਾਸ ਆਪਣੇ ਆਪ ਉਤੇ ਟਿਕਿਆ ਹੁੰਦਾ ਹੈ।

ਵਿਸ਼ਵਾਸ ਅਣਵੇਖੀਆਂ ਵਸਤਾਂ, ਵਿਚਾਰਾਂ, ਵਿਅਕਤੀਆਂ ਦੀ ਗਵਾਹੀ ਹੁੰਦਾ ਹੈ। ਅਸੀਂ ਸਾਰੇ ਅਨੇਕਾਂ ਵਿਸ਼ਵਾਸਾਂ ਦੇ ਆਧਾਰ ਉਤੇ ਹੀ ਆਪਣਾ ਜੀਵਨ ਜਿਊਂਦੇ ਹਾਂ।

ਕੇਵਲ ਵਿਸ਼ਵਾਸ ਨਾਲ ਬਹੁਤੇ ਕੰਮ ਨਹੀਂ ਕੀਤੇ ਜਾ ਸਕਦੇ ਪਰ ਵਿਸ਼ਵਾਸ ਤੋਂ ਬਿਨਾਂ ਤਾਂ ਕੁਝ ਵੀ ਨਹੀਂ ਕੀਤਾ ਜਾ ਸਕਦਾ।

ਵਿਸ਼ਵਾਸ ਪਿਆਰ ਦਾ ਉਹ ਰੂਪ ਹੈ, ਜਿਸ ਵਿਚ ਸਭ ਚੀਜ਼ਾਂ ਸਹੀ ਅਤੇ ਸੋਨੇ ਰੰਗੀਆਂ ਹੋ ਜਾਂਦੀਆਂ ਹਨ, ਸਾਡੀਆਂ ਅੱਖਾਂ ਨੂੰ ਵੇਖਣਾ ਆ ਜਾਂਦਾ ਹੈ, ਸਾਡੇ ਕੰਨਾਂ ਨੂੰ ਰੌਲੇ ਅਤੇ ਸੰਗੀਤ ਵਿਚਲਾ ਅੰਤਰ ਪਤਾ ਲੱਗ ਜਾਂਦਾ ਹੈ, ਸਾਡੀ ਚਾਲ ਵਿਚ ਮੜ੍ਹਕ ਆ ਜਾਂਦੀ ਹੈ, ਅਸੀਂ ਅਦਰੋਂ-ਬਾਹਰੋਂ ਰੰਗੇ ਜਾਂਦੇ ਹਾਂ ਅਤੇ ਸਾਡਾ ਕਾਇਆ-ਕਲਪ ਹੋ ਜਾਂਦਾ ਹੈ।

ਵਿਸ਼ਵਾਸ ਨਾਲ ਅਕਸਰ ਅਸੰਭਵ ਵੀ ਸੰਭਵ ਬਣ ਜਾਂਦਾ ਹੈ।

ਵਿਸ਼ਵਾਸ ਵਿਚ ਆਸ ਹੁੰਦੀ ਹੈ, ਸੋਹਣੇ ਭਵਿੱਖ ਦੀ ਸੰਭਾਵਨਾ ਉਸਰਦੀ ਹੈ, ਆਪਣੇ ਆਪ ਵਿਚ ਸਫ਼ਲਤਾ ਦੀ ਉਮੀਦ ਉਭਰਦੀ ਹੈ ਅਰਥਾਤ ਅਸੀਂ ਹਾਂ-ਪੱਖੀ ਹੋ ਜਾਂਦੇ ਹਾਂ।

ਵਿਸ਼ਵਾਸ ਨਾਲ ਸਾਡੀ ਕਲਪਨਾ ਨੂੰ ਪਰ ਲੱਗ ਜਾਂਦੇ ਹਨ, ਅਸੀਂ ਇਕ ਅਜਿਹੇ ਵਾਤਾਵਰਣ ਵਿਚ ਵਿਚਰਦੇ ਹਾਂ ਜਿੱਥੇ ਅੱਖਾਂ ਨਾਲ ਸੁਣਿਆ ਜਾ ਸਕਦਾ ਹੈ, ਕੰਨਾਂ ਨਾਲ ਵੇਖਿਆ ਜਾ ਸਕਦਾ ਹੈ, ਕਲਪਨਾ ਨਾਲ ਉੱਡਿਆ ਜਾ ਸਕਦਾ ਹੈ।

ਜਿਸ ਕੋਲ ਵਿਸ਼ਵਾਸਾਂ ਦੀ ਦੌਲਤ ਹੈ, ਉਹ ਗਰੀਬ ਨਹੀਂ ਹੋ ਸਕਦਾ, ਕਿਉਂਕਿ ਉਸ ਦੇ ਯਤਨ ਮਜ਼ਬੂਤ ਹੁੰਦੇ ਹਨ ਅਤੇ ਉਸ ਵਿਚ ਜਿੱਤ ਦਾ ਭਰੋਸਾ ਹੁੰਦਾ ਹੈ।

ਵਿਸ਼ਵਾਸ ਨਾਲ ਸਮੁੱਚੀ ਸ਼ਖ਼ਸੀਅਤ ਵਿਚ ਟਿਕਾਓ ਆਉਂਦਾ ਹੈ।

ਵਿਸ਼ਵਾਸ ਦਾ ਸਭ ਤੋਂ ਵੱਡਾ ਗੁਣ ਇਹ ਹੈ ਕਿ ਇਸ ਨਾਲ ਆਸ ਦੇ ਨਾਲ ਨਾਲ ਸਬਰ ਵੱਧਦਾ ਹੈ ਅਤੇ ਜਿਨ੍ਹਾਂ ਵਿਚ ਆਸ ਅਤੇ ਸਬਰ ਹੋਣ, ਸਮਾਂ ਉਨ੍ਹਾਂ ਦੀ ਸੇਵਾ ਵਿਚ ਆ ਟਿਕਦਾ ਹੈ ਅਤੇ ਘਟਨਾਵਾਂ ਉਨ੍ਹਾਂ ਦੀ ਇੱਛਾ ਅਨੁਸਾਰ ਮੋੜ ਕੱਟਦੀਆਂ ਹਨ।

ਵਿਸ਼ਵਾਸ ਨਾਲ ਅਸੰਭਵ ਨੂੰ ਸੰਭਵ ਭਾਵੇਂ ਨਾ ਬਣਾਇਆ ਜਾ ਸਕਦਾ ਹੋਵੇ ਪਰ ਸੰਭਵ ਨੂੰ ਆਪਣੀ ਇੱਛਾ ਅਨੁਸਾਰ ਮੋੜਿਆ ਜਾ ਸਕਦਾ ਹੈ।

ਵਿਸ਼ਵਾਸ ਉਸ ਸ਼ਕਤੀ ਦਾ ਨਾਂ ਹੈ ਜਿਹੜੀ ਸਾਨੂੰ ਥੱਕਣ ਨਹੀਂ ਦਿੰਦੀ, ਜਿਹੜੀ ਲੰਮੇ ਇਰਾਦੇ ਸਿਰਜਣ ਦਾ ਸਾਹਸ ਦਿੰਦੀ ਹੈ ਅਤੇ ਸਭ ਤੋਂ ਵੱਧ, ਇਹ ਸਾਨੂੰ ਡਰ ਜਾਂ ਭੈਅ ਜਾਂ ਸਹਿਮ ਉੱਤੇ ਜਿੱਤ ਪ੍ਰਾਪਤ ਕਰਨ ਦਾ ਬਲ ਦਿੰਦੀ ਹੈ।

ਵਿਸ਼ਵਾਸ ਕਰਨਾ ਸ਼ਕਤੀਸ਼ਾਲੀ ਹੋਣ ਦੀ ਗੁੜ੍ਹਤੀ ਹੈ।

ਜੀਵਨ ਦੇ ਵੱਖ-ਵੱਖ ਖੇਤਰਾਂ ਵਿਚਲੇ ਜੀਵਨ ਅਨੁਭਵਾਂ ਦੇ ਆਧਾਰ ਉਤੇ ਅਸੀਂ ਆਪਣੀ ਵਿਤ ਅਨੁਸਾਰ ਵਿਸ਼ਵਾਸ ਉਸਾਰਦੇ ਹਾਂ।

ਮਨੁੱਖ ਅਤੇ ਜਾਨਵਰ ਵਿਚ ਅੰਤਰ ਹੀ ਇਹ ਹੈ ਕਿ ਮਨੁੱਖ ਕੋਲ ਵਿਸ਼ਵਾਸ ਹਨ।

ਕਿਸੇ ਕੌਮ ਜਾਂ ਦੇਸ਼ ਦੀ ਸਮੁੱਚੀ ਸਭਿਅਤਾ ਮਨੁੱਖੀ ਵਿਸ਼ਵਾਸਾਂ ਉੱਤੇ ਹੀ ਉਸਰੀ ਹੁੰਦੀ ਹੈ। ਜੇ ਮਨੁੱਖ ਤੋਂ ਉਸ ਦੇ ਵਿਸ਼ਵਾਸ ਖੋਹ ਲਏ ਜਾਣ ਤਾਂ ਮਨੁੱਖ ਦਾ ਇਤਿਹਾਸ ਭੇਡਾਂ ਦੇ ਇਤਿਹਾਸ ਤੋਂ ਵੱਖਰਾ ਨਹੀਂ ਹੋਵੇਗਾ।

ਵਿਸ਼ਵਾਸ ਮਨੁੱਖ ਦੇ ਅੰਦਰੋਂ ਉਭਰਦਾ ਹੈ, ਇਹ ਬਾਹਰੋਂ ਠੋਸਿਆ ਨਹੀਂ ਜਾ ਸਕਦਾ।

ਮਨੁੱਖ ਅੰਦਰਲੇ ਵਿਸ਼ਵਾਸਾਂ ਦੇ ਸਹਾਰੇ, ਉਪਰੋਂ ਠੋਸੇ ਹੋਏ ਵਿਸ਼ਵਾਸਾਂ ਵਿਰੁੱਧ ਬਗਾਵਤਾਂ ਕਰਦੇ ਰਹੇ ਹਨ।

ਮਨੁੱਖ ਦੇ ਅੰਦਰਲੇ ਵਿਸ਼ਵਾਸਾਂ ਨੂੰ ਕੁੱਚਲਣ ਲਈ ਫੌਜ ਭੇਜਣਾ ਵਿਅਰਥ ਹੁੰਦਾ ਹੈ।

ਸੰਸਾਰ ਦੇ ਸਾਰੇ ਮਹਾਨ ਵਿਅਕਤੀਆਂ ਵਿਚ ਸਾਂਝੀ ਗੱਲ ਇਹ ਹੈ ਕਿ ਉਨ੍ਹਾਂ ਕੋਲ ਆਪਣੇ ਵਿਸ਼ਵਾਸਾਂ ਦੀ ਦੌਲਤ ਅਤੇ ਸ਼ਕਤੀ ਸੀ।

ਉੱਚੇ ਵਿਸ਼ਵਾਸ, ਡੂੰਘੇ ਅਨੁਭਵਾਂ ਵਿਚੋਂ ਉਭਰਦੇ ਹਨ।

ਲੋਕਾਂ ਦੀ ਬਹੁ-ਗਿਣਤੀ, ਜੀਵਨ ਨੂੰ ਨਿਰਵਿਘਨ ਬਣਾਉਣ ਵਿਚ ਮਗਨ ਹੁੰਦੀ ਹੈ। ਅਜੋਕੇ ਮਨੁੱਖ ਦੀਆਂ ਬਹੁਤੀਆਂ ਚਿੰਤਾਵਾਂ ਅਤੇ ਸਮੱਸਿਆਵਾਂ ਦਾ ਕਾਰਨ ਇਹ ਹੈ ਕਿ ਅਜੋਕਾ ਮਨੁੱਖ ਵਿਸ਼ਵਾਸ-ਵਿਹੂਣਾ ਹੋ ਗਿਆ ਹੈ।

ਵਿਸ਼ਵਾਸ ਉਸਰਦੇ ਕਿਵੇਂ ਹਨ ? ਵਿਸ਼ਵਾਸ ਕੰਮ ਕਰਨ ਵਿਚੋਂ ਅਰਥਾਤ ਮਿਹਨਤ ਦੀ ਕੁੱਖ ਵਿਚੋਂ ਜਨਮਦੇ ਹਨ। ਹਜ਼ਾਰਾਂ ਸਾਲਾਂ ਦਾ ਪ੍ਰੋਗਰਾਮ ਬਣਾ ਕੇ ਉਸ ਵਿਚ ਜੁੱਟ ਜਾਣਾ ਵਿਸ਼ਵਾਸ ਦੇ ਰਾਹ ਉੱਤੇ ਟੁਰਨ ਦਾ ਪਹਿਲਾ ਕਦਮ ਹੁੰਦਾ ਹੈ।

ਕੰਮ ਇਵੇਂ ਵਿਉਂਤਿਆ ਜਾਂਦਾ ਹੈ, ਜਿਵੇਂ ਅਸੀਂ ਮਰਨਾ ਹੀ ਨਹੀਂ ਅਤੇ ਕੰਮ ਇਸ ਸ਼ਿੱਦਤ ਨਾਲ ਕੀਤਾ ਜਾਂਦਾ ਹੈ ਜਿਵੇਂ ਅਸਾਂ ਕੱਲ੍ਹ ਮਰ ਜਾਣਾ ਹੈ।

ਗਰੀਬੀ ਪੈਸੇ ਦੀ ਨਹੀਂ ਹੁੰਦੀ, ਗਰੀਬੀ ਸੰਸਿਆਂ ਵਾਲੀ ਸੌੜੀ ਦ੍ਰਿਸ਼ਟੀ ਦੀ ਹੁੰਦੀ ਹੈ।

ਗਰੀਬੀ ਛੋਟੇ ਅਤੇ ਸੌੜੇ ਇਰਾਦਿਆਂ ਦਾ ਨਾਂ ਹੈ।

ਵੱਡੇ ਇਰਾਦੇ ਵੱਡੇ ਵਿਸ਼ਵਾਸ ਸਿਰਜਦੇ ਹਨ।

ਵੱਡੇ ਇਰਾਦਿਆਂ ਦੀ ਜਨਮ-ਭੂਮੀ ਬਿਸਤਰਾ ਨਹੀਂ, ਕਰਮ-ਭੂਮੀ ਹੁੰਦੀ ਹੈ।

ਸਮਾਜ ਵਿਚ ਹਰ ਇਕ ਨੂੰ ਕੋਈ ਨਾ ਕੋਈ ਕੰਮ ਸੌਂਪਿਆ ਗਿਆ ਹੈ ਪਰ ਲੋਕਾਂ ਦੀ ਬਹੁ-ਗਿਣਤੀ ਆਪਣੇ ਕੰਮ ਪ੍ਰਤੀ ਭਗੌੜਾ ਹੋਈ ਫਿਰਦੀ ਹੈ। ਦੁਨੀਆਂ ਉਨ੍ਹਾਂ ਦੀ ਚਲਾਈ ਚੱਲ ਰਹੀ ਹੈ, ਜਿਹੜੇ ਆਪਣੇ ਕੰਮ ਵਿਚ ਰੁੱਝੇ ਹੋਏ ਹਨ।

ਖਾਣਾ ਅਤੇ ਸੰਭੋਗ ਕਰਨਾ ਕੁਦਰਤ ਵੱਲੋਂ ਸਾਡੇ ਜ਼ਿੰਮੇ ਲੱਗੇ ਹੋਏ ਦੋ ਕੰਮ ਹਨ। ਬਹੁਤ ਘੱਟ ਲੋਕ ਹਨ ਜਿਹੜੇ ਕਾਰਜ ਨੂੰ ਵੀ ਖਾਣ ਅਤੇ ਸੰਭੋਗ ਵਾਲੀ ਦਿਲਚਸਪੀ ਨਾਲ ਕਰਦੇ ਹਨ। ਅਜਿਹੇ ਲੋਕਾਂ ਦੀ ਸ਼ਖ਼ਸੀਅਤ ਵਿਚ ਲੰਬਾਈ, ਚੌੜਾਈ ਦੇ ਨਾਲ ਨਾਲ ਡੂੰਘਾਈ ਦਾ ਵਿਕਾਸ ਹੁੰਦਾ ਹੈ, ਇਨ੍ਹਾਂ ਲੋਕਾਂ ਨੂੰ ਵਿਸ਼ਵਾਸ ਉਸਾਰਨ ਦੀ ਮੌਜ ਮਿਲਦੀ ਹੈ।

ਇਹ ਲੋਕ ਜ਼ਿੰਦਗੀ ਦੀ ਰਿੜਕਣ ਵਿਚੋਂ ਉਪਰ ਆਇਆ ਮੱਖਣ ਖਾਂਦੇ ਹਨ। ਬਾਕੀ ਤਾਂ ਬਚੀ ਲੱਸੀ ਨਾਲ ਹੀ ਸੰਤੁਸ਼ਟ ਹਨ। ਇਹੀ ਲੋਕ ਜ਼ਿੰਦਗੀ ਦੇ ਉਸਰਈਏ ਅਖਵਾਉਂਦੇ ਹਨ, ਬਾਕੀ ਕਾਟੀਮਾਰਾਂ ਦੀ ਭੀੜ ਹੁੰਦੀ ਹੈ।

ਲੋਕਾਂ ਦੀ ਬਹੁ-ਗਿਣਤੀ, ਸਾਹ ਲੈਣ ਨੂੰ ਹੀ ਜ਼ਿੰਦਗੀ ਸਮਝਦੀ ਹੈ।

ਸਾਡੇ ਜੀਵਨ ਵਿਚ ਵਿਸ਼ਵਾਸ ਅਤੇ ਵਿਵੇਕ ਸੱਜਾ-ਖੱਬਾ ਹੱਥ ਹਨ।

ਇਹ ਵੀ ਇਕ ਵਿਸ਼ਵਾਸ ਹੈ ਕਿ ਮਨੁੱਖ ਤਰਕ ਜਾਂ ਵਿਵੇਕ ਨਾਲ ਸਾਰੀਆਂ ਸਮੱਸਿਆਵਾਂ ਸੁਲਝਾ ਸਕਦਾ ਹੈ।

ਵਿਸ਼ਵਾਸ ਵੀ ਇਕ ਤਰਕ ਹੈ ਪਰ ਵਿਸ਼ਵਾਸ ਵਾਲੇ ਤਰਕ ਦੀ ਪੱਧਰ ਦਾਰਸ਼ਨਿਕ ਤਰਕ ਤੋਂ ਉਚੇਰੀ ਹੁੰਦੀ ਹੈ। ਤਰਕ ਦਾ ਖੇਤਰ ਦਿਮਾਗ਼ ਹੈ ਜਦੋਂ ਕਿ ਵਿਸ਼ਵਾਸ ਦਾ ਖੇਤਰ, ਇਹ ਭਾਵਨਾ ਹੁੰਦੀ ਹੈ ਕਿ ਜਿਥੇ ਕੋਈ ਸਮੱਸਿਆ ਤਰਕ ਨਾਲ ਸੁਲਝਾਈ ਨਾ ਜਾ ਸਕਦੀ ਹੋਵੇ, ਉਥੇ ਆਮ ਕਰਕੇ ਵਿਸ਼ਵਾਸ ਆਧਾਰਤ ਅਮਲ ਕੀਤਾ ਜਾਂਦਾ ਹੈ ਅਤੇ ਸਮੱਸਿਆ ਅਕਸਰ ਹੱਲ ਹੋ ਜਾਂਦੀ ਹੈ।

ਅਨੇਕਾਂ ਵਾਰ ਵੇਖਿਆ ਗਿਆ ਹੈ ਕਿ ਜਦੋਂ ਡਾਕਟਰ ਕਿਸੇ ਰੋਗੀ ਨੂੰ ਜਵਾਬ ਦੇ ਦਿੰਦੇ ਹਨ ਤਾਂ ਉਹ ਰੋਗੀ ਕਿਸੇ ਵਿਸ਼ਵਾਸ ਦਾ ਲੜ ਫੜ ਕੇ ਅਰੋਗ ਹੋ ਜਾਂਦਾ ਹੈ।

ਕਹਿੰਦੇ ਹਨ ਵਿਗਿਆਨ ਵਿਚ ਵਿਸ਼ਵਾਸ ਦਾ ਕੋਈ ਸਥਾਨ ਨਹੀਂ।

ਕਈ ਕਹਿੰਦੇ ਹਨ ਕਿ ਵਿਸ਼ਵਾਸ ਕੰਮ-ਚੋਰਾਂ ਅਤੇ ਕਿਸਮਤ ਵਿਚ ਵਿਸ਼ਵਾਸ ਕਰਨ ਵਾਲਿਆਂ ਵੱਲੋਂ ਚਲਾਈ ਗੱਪ ਹੁੰਦੀ ਹੈ।

ਉਪਰੋਕਤ ਦੋਸ਼ ਲਾਉਣ ਵਾਲੇ ਵਿਸ਼ਵਾਸ ਤੋਂ ਭਟਕ ਗਏ ਪ੍ਰਤੀਤ ਹੁੰਦੇ ਹਨ। ਗਣਿਤ ਦੇ ਫਾਰਮੂਲੇ ਅਤੇ ਵਿਗਿਆਨ ਦੀਆਂ ਕਾਢਾਂ ਇਸ ਵਿਸ਼ਵਾਸ ਉੱਤੇ ਹੀ ਉਸਰੀਆਂ ਹੋਈਆਂ ਹਨ ਕਿ ਪ੍ਰਕ੍ਰਿਤੀ ਦੇ ਨੇਮ ਅਟੱਲ ਰਹਿਣਗੇ।

ਇਹ ਵਿਸ਼ਵਾਸ ਕੀਤਾ ਜਾਂਦਾ ਹੈ ਕਿ ਕਲ ਸੂਰਜ ਚੜ੍ਹੇਗਾ। ਵਿਗਿਆਨ ਕੋਲ ਕੋਈ ਤਰਕ ਨਹੀਂ, ਜਿਸ ਨਾਲ ਉਹ ਦਸ ਸਕੇ ਕਿ ਪ੍ਰਕ੍ਰਿਤੀ ਦੇ ਨੇਮ ਅਟੱਲ ਕਿਉਂ ਹਨ।

ਪ੍ਰਕ੍ਰਿਤੀ ਦੇ ਨੇਮ, ਪ੍ਰਕ੍ਰਿਤੀ ਵਿਚ ਸਾਡੇ ਵਿਸ਼ਵਾਸ ਦਾ ਆਧਾਰ ਹੁੰਦੇ ਹਨ।

ਵਿਸ਼ਵਾਸ ਅਤੇ ਵਹਿਮ ਵਿਚਲੇ ਅੰਤਰ ਨੂੰ ਜਾਣਨਾ ਵੀ ਜ਼ਰੂਰੀ ਹੈ।

ਧਰਮ ਨੇ ਮਨੁੱਖ ਦੀ ਵਿਸ਼ਵਾਸ ਉਸਾਰਨ ਦੀ ਰੁਚੀ ਨੂੰ ਵਰਤ ਕੇ, ਆਪਣੇ ਉਦੇਸ਼ਾਂ ਲਈ, ਅਨੇਕਾਂ ਵਹਿਮ ਅਤੇ ਭਰਮ ਫੈਲਾਏ ਹਨ, ਜਿਨ੍ਹਾਂ ਨੂੰ ਅਕਸਰ ਵਿਸ਼ਵਾਸ ਅਤੇ ਕਈ ਵਾਰੀ ਅੰਧ-ਵਿਸ਼ਵਾਸ ਕਿਹਾ ਜਾਂਦਾ ਰਿਹਾ ਹੈ।

ਜਦੋਂ ਲੋਕਾਂ ਦੀ ਸਮਝ ਉੱਚੀ ਹੋਵੇ, ਉਦੋਂ ਵਿਸ਼ਵਾਸ ਉਸਰਦੇ ਹਨ, ਪਰ ਸੌੜੇ ਉਦੇਸ਼ ਅਤੇ ਕਲਪਨਾ ਦੀ ਕੰਗਾਲੀ ਅੰਧ-ਵਿਸ਼ਵਾਸਾਂ ਨੂੰ ਜਨਮ ਦਿੰਦੀ ਹੈ।

ਮਨੁੱਖੀ ਇਤਿਹਾਸ ਵਿਚ ਵੱਡੇ ਵਿਸ਼ਵਾਸਾਂ ਵਾਲੇ ਦੌਰ ਵੱਡੀਆਂ ਪ੍ਰਾਪਤੀਆਂ ਦੇ ਦੌਰ ਸਨ। ਉੱਚੇ ਵਿਸ਼ਵਾਸਾਂ ਨੇ ਅਨੇਕਾਂ ਪਵਿੱਤਰ ਇਨਸਾਨ ਪੈਦਾ ਕੀਤੇ ਹਨ।

ਵਿਸ਼ਵਾਸ-ਹੀਣਤਾ, ਜ਼ੁਲਮ ਅਤੇ ਜਬਰ ਨੂੰ ਵਧਾਉਂਦੀ ਹੈ ਜਦੋਂ ਕਿ ਵਿਸ਼ਵਾਸ ਦੇ ਮੋਰਚੇ ਤੇ ਲੜ ਰਹੇ ਵਿਅਕਤੀ ਹੀ ਗੁਆਚੀ ਹੋਈ ਆਜ਼ਾਦੀ ਨੂੰ ਮੁੜ ਪ੍ਰਾਪਤ ਕਰ ਰਹੇ ਹਨ।

ਤਰਕ ਸਾਨੂੰ ਨਾ ਮੁੱਕਣ ਵਾਲੀ ਸੋਚ ਦੀ ਭਟਕਣ ਵਿਚ ਪਾਉਂਦਾ ਹੈ ਪਰ ਵਿਸ਼ਵਾਸ ਉਹ ਸਥਿਤੀ ਹੁੰਦੀ ਹੈ ਜਿੱਥੇ ਸਭ ਭਟਕਣਾਂ ਮੁੱਕ ਜਾਂਦੀਆਂ ਹਨ ਅਤੇ ਮਨੁੱਖ ਕਰਮਯੋਗੀ ਬਣ ਜਾਂਦਾ ਹੈ।

ਸੱਚ ਤਾਂ ਇਹ ਹੈ ਕਿ ਤਰਕ ਅਤੇ ਵਿਸ਼ਵਾਸ ਵਿਚਕਾਰ ਕੋਈ ਵਿਰੋਧ ਨਹੀਂ, ਸਗੋਂ ਇਹ ਇਕ ਦੂਜੇ ਦੇ ਪੂਰਕ ਹਨ।

ਜਦੋਂ ਅਸੀਂ ਕੋਈ ਪੂਰਨ ਤਰਕ ਉਸਾਰ ਲੈਂਦੇ ਹਾਂ, ਉਹ ਵਿਸ਼ਵਾਸ ਬਣ ਜਾਂਦਾ ਹੈ।

ਹਰ ਇਕ ਵਿਸ਼ਵਾਸ ਨੂੰ ਉਸਾਰਨ ਵਿਚ ਸਦੀਆਂ ਲੱਗੀਆਂ ਹਨ।

ਮਿਹਨਤ ਦੀ ਬਿਰਤੀ ਤੋਂ ਬਿਨਾਂ ਵਿਸ਼ਵਾਸ ਦੇ ਕੋਈ ਅਰਥ ਨਹੀਂ ਹੁੰਦੇ।

ਵਿਸ਼ਵਾਸ ਦੀ ਬੁਨਿਆਦ ਅਮਲੀ ਕਮ ਹੁੰਦੀ ਹੈ।

ਅਮਲ ਵਿਚੋਂ ਵਿਸ਼ਵਾਸ ਅਤੇ ਵਿਸ਼ਵਾਸ ਵਿਚੋਂ ਅਮਲ ਇਕ ਅਜਿਹਾ ਰਾਹ ਹੈ, ਜਿਹੜਾ ਮਨੁੱਖ ਨੂੰ ਗਲਤੀਆਂ ਦੇ ਬਾਵਜੂਦ ਅੱਗੇ ਲਿਜਾਂਦਾ ਹੈ।

ਵਿਸ਼ਵਾਸ-ਵਿਹੂਣਾ ਅਮਲ ਅਤੇ ਅਮਲ-ਵਿਹੂਣਾ ਵਿਸ਼ਵਾਸ ਮਨੁੱਖੀ ਅਧੋਗਤੀ ਦੀਆਂ ਪਹਿਚਾਣਾਂ ਹੁੰਦੀਆਂ ਹਨ।

ਜਿਸ ਕੋਲ ਵਿਸ਼ਵਾਸ ਨਹੀਂ ਉਹ ਕਿਹੜੇ ਆਧਾਰ ਉੱਤੇ ਮਨੁੱਖ ਅਖਵਾਉਣਾ ਚਾਹੁੰਦਾ ਹੈ? ਵਿਸ਼ਵਾਸ ਦਾ ਦਰਜਾ ਪਿਆਰ ਤੋਂ ਵੀ ਉਚੇਰਾ ਹੈ।

ਵਿਸ਼ਵਾਸ ਵਿਚੋਂ ਹੀ ਪਿਆਰ ਉਪਜਦਾ ਹੈ।

ਅਸੀਂ ਉਨ੍ਹਾਂ ਤੋਂ ਹੀ ਕੁਝ ਸਿੱਖ ਸਕਦੇ ਹਾਂ, ਜਿਨ੍ਹਾਂ 'ਤੇ ਸਾਨੂੰ ਵਿਸ਼ਵਾਸ ਹੋਵੇ।

ਉਹੀ ਡਾਕਟਰ ਸਾਡਾ ਇਲਾਜ ਕਰ ਸਕਦਾ ਹੈ ਜਿਸ ਦੀ ਯੋਗਤਾ ਅਤੇ ਸਮਰੱਥਾ ਉੱਤੇ ਅਸੀਂ ਵਿਸ਼ਵਾਸ ਕਰਦੇ ਹਾਂ।

ਵਿਸ਼ਵਾਸ ਵਿਚੋਂ ਹੀ ਸੁਰੱਖਿਆ ਦੀ ਭਾਵਨਾ ਉਪਜਦੀ ਹੈ।

ਵਿਸ਼ਵਾਸ ਵਿਚੋਂ ਹੀ ਸਾਨੂੰ ਸੱਚ ਦੇ ਦੀਦਾਰੇ ਹੁੰਦੇ ਹਨ।

ਸ਼ਕਤੀਸ਼ਾਲੀ ਵਿਸ਼ਵਾਸ ਸ਼ਕਤੀਸ਼ਾਲੀ ਮਨੁੱਖਾਂ ਨੂੰ ਜਨਮ ਦਿੰਦੇ ਹਨ, ਜਿਹੜੇ ਮੋੜਵੇਂ ਰੂਪ ਵਿੱਚ ਵਿਸ਼ਵਾਸਾਂ ਨੂੰ ਹੋਰ ਬਲਵਾਨ ਬਣਾਉਂਦੇ ਹਨ।

ਜਦੋਂ ਕੋਈ ਕੌਮ ਆਪਣੇ ਡੂੰਘੇ ਅਤੇ ਪਰਖੇ ਹੋਏ ਵਿਸ਼ਵਾਸਾਂ ਪ੍ਰਤਿ ਬੇਮੁਖ ਹੁੰਦੀ ਹੈ, ਉਸੇ ਅਨੁਪਾਤ ਵਿਚ ਉਸ ਦਾ ਪਤਨ ਹੁੰਦਾ ਹੈ।

ਇਵੇਂ ਹੀ ਹਰ ਕੌਮ ਆਪਣੇ ਵਿਸ਼ਵਾਸਾਂ ਦੇ ਅਨੁਪਾਤ ਵਿਚ ਹੀ ਉੱਚੀ ਉੱਠਦੀ ਹੈ।

ਜਿਹੜੀ ਕੌਮ ਵਿਸ਼ਵਾਸ ਨਹੀਂ ਉਸਾਰ ਸਕਦੀ ਪਰ ਉੱਚੀਆਂ ਇਮਾਰਤਾਂ ਅਤੇ ਚੌੜੀਆਂ ਸੜਕਾਂ ਬਣਵਾ ਸਕਦੀ ਹੈ, ਉਹ ਅਸਲ ਵਿਚ ਬੀਮਾਰ ਰੁਚੀਆਂ ਵਾਲੇ ਬੌਣੇ ਵਿਅਕਤੀਆਂ ਲਈ ਹਸਪਤਾਲ ਉਸਾਰ ਰਹੀ ਹੁੰਦੀ ਹੈ ਅਤੇ ਉਸ ਦੀਆਂ ਚੌੜੀਆਂ-ਚੌੜੀਆਂ ਸੜਕਾਂ ਉੱਤੇ ਸੌੜੇ-ਸੌੜੇ ਬੰਦੇ ਦਿਸ਼ਾਹੀਣ ਅਵਸਥਾ ਵਿਚ ਭਟਕਦੇ ਰਹਿੰਦੇ ਹਨ।

ਸਭ ਤੋਂ ਪਹਿਲੀ ਲੋੜ ਇਹ ਹੈ ਕਿ ਅਸੀਂ ਆਪਣੇ ਆਪ ਉੱਤੇ ਵਿਸ਼ਵਾਸ ਕਰੀਏ ਅਤੇ ਫਿਰ ਕੌਮ ਜਾਂ ਦੇਸ਼, ਫਿਰ ਸੰਸਾਰ ਭਰ ਦੇ ਮਨੁੱਖਾਂ ਵਿਚ ਵਿਸ਼ਵਾਸ ਕਰੀਏ।

ਵਿਸ਼ਵਾਸ ਅਤੇ ਸੋਚ ਵਿਚ ਕੋਈ ਵਿਰੋਧ ਨਹੀਂ, ਅਨੇਕਾਂ ਵਾਰ ਇਹ ਇਕ ਦੂਜੇ ਦੀ ਥਾਂ ਲੈਂਦੇ ਹਨ। ਸਾਡੀ ਲੋੜ ਹੈ ਕਿ ਅਸੀਂ ਆਪਣੀ ਨਿਵੇਕਲੀ ਸੋਚ ਉਸਾਰ ਕੇ ਆਪਣੇ ਪੈਰਾਂ ਉਤੇ ਖਲੋਈਏ। ਇਹ ਰਾਹ ਸੌਖਾ ਨਹੀਂ। ਸੌਖੀਆਂ ਜਿੱਤਾਂ ਦੇ ਅਭਿਲਾਸ਼ੀ ਲੋਕਾਂ ਦੀ ਬਹੁਗਿਣਤੀ ਕੋਈ ਵਿਸ਼ਵਾਸ ਨਹੀਂ ਉਸਾਰ ਸਕਦੀ।

ਵੇਖਣਾ ਇਹ ਹੈ ਕਿ ਅਸੀਂ ਇਕੱਲੇ ਵਿਚਰਨਾ ਹੈ ਜਾਂ ਭੀੜ ਵਿਚ, ਅਸਾਂ ਅੱਗ ਵਾਂਗ ਆਪਣਾ ਰਾਹ ਆਪ ਬਣਾਉਣਾ ਹੈ ਜਾਂ ਪਰੰਪਰਾ ਦੀ ਦਲ-ਦਲ ਵਿਚ ਖੁਭੇ ਰਹਿਣਾ ਹੈ ?

ਕੀ ਅਸੀਂ ਮਨਸੂਰ ਬਣਨ ਲਈ ਤਿਆਰ ਹਾਂ ?

ਕੀ ਸਾਡੇ ਵਿਚ ਸੁਕਰਾਤ ਬਣਨ ਦੀ ਸ਼ਕਤੀ ਹੈ ?

ਮਿਹਨਤ ਕਰਨ ਨਾਲ ਵਿਸ਼ਵਾਸ ਵੱਧਦਾ ਹੈ ਅਤੇ ਵਿਸ਼ਵਾਸ ਨਾਲ ਕੰਮ ਸੌਖੇ ਹੋ ਜਾਂਦੇ ਹਨ। ਹਰੇਕ ਪ੍ਰਾਪਤੀ ਸਾਨੂੰ ਅਗਲੇਰੀਆਂ ਪ੍ਰਾਪਤੀਆਂ ਲਈ ਉਤਸ਼ਾਹ, ਹੌਸਲਾ ਅਤੇ ਵਿਸ਼ਵਾਸ ਦਿੰਦੀ ਹੈ।

ਸਾਨੂੰ ਯਾਦ ਰੱਖਣਾ ਚਾਹੀਦਾ ਹੈ ਕਿ ਜਿੱਤ ਉਨ੍ਹਾਂ ਦੀ ਹੀ ਹੁੰਦੀ ਹੈ, ਜਿਨ੍ਹਾਂ ਨੂੰ ਆਪਣੀ ਜਿੱਤ ਵਿਚ ਵਿਸ਼ਵਾਸ ਹੁੰਦਾ ਹੈ ਅਤੇ ਜੱਦੋ-ਜਹਿਦ ਉਹੀ ਕਰਦੇ ਹਨ, ਜਿਨ੍ਹਾਂ ਨੂੰ ਆਪਣੇ ਆਪ ਵਿਚ ਵਿਸ਼ਵਾਸ ਹੁੰਦਾ ਹੈ।

# ਰੋਣਾ

ਰੋਣਾ ਇਕ ਸਰਬਵਿਆਪਕ ਮਨੁੱਖੀ ਅਨੁਭਵ ਹੈ।

ਮਨੁੱਖ ਜਾਨਵਰਾਂ ਤੋਂ ਵੱਖਰਾ ਹੈ, ਕਿਉਂਕਿ ਜਾਨਵਰ ਮਨੁੱਖਾਂ ਵਾਂਗ ਰੋਣਾ ਜਾਂ ਹੱਸਣਾ ਨਹੀਂ ਜਾਣਦੇ।

ਅੱਥਰੂ ਮਨੁੱਖੀ ਦੁੱਖ-ਦਰਦ ਦਾ ਤਰਲ ਰੂਪ ਹੁੰਦੇ ਹਨ।

ਮੀਂਹ ਇਸ ਲਈ ਚੰਗਾ ਲੱਗਦਾ ਹੈ, ਕਿਉਂਕਿ ਇਹ ਰੋਣ ਵਾਂਗ ਲਗਦਾ ਹੈ।

ਬਹੁਤ ਦੇਰ ਤੱਕ ਮੀਂਹ ਪੈਂਦੇ ਰਹਿਣ ਨਾਲ ਅਸੀਂ ਇਸ ਲਈ ਅੱਕ ਜਾਂਦੇ ਹਾਂ, ਕਿਉਂਕਿ ਬਹੁਤ ਰੋਣ ਨਾਲ ਅਸੀਂ ਨਿਢਾਲ ਹੋ ਜਾਂਦੇ ਹਾਂ।

ਤਰੇਲ ਪ੍ਰਕ੍ਰਿਤੀ ਦੇ ਧਰਤੀ ਪ੍ਰਤੀ ਸਨੇਹ ਦੇ ਬਰੀਕ ਅੱਥਰੂ ਹੁੰਦੇ ਹਨ ਅਤੇ ਇਸੇ ਆਧਾਰ ਉਤੇ ਫੁੱਲਾਂ ਉਤੇ ਪਈ ਤਰੇਲ ਚੰਗੀ ਲੱਗਦੀ ਹੈ।

ਜਿਵੇਂ ਮੀਂਹ, ਬੱਦਲ ਆਦਿ ਸਾਨੂੰ ਗੰਭੀਰ ਬਣਾ ਦਿੰਦੇ ਹਨ, ਤਿਵੇਂ ਹੀ ਰੋਣ ਤੋਂ ਪਹਿਲਾਂ ਜਾਂ ਰੋਂਦਿਆਂ ਅਸੀਂ ਬੜੀ ਗੰਭੀਰ ਮਾਨਸਿਕ ਅਵਸਥਾ ਵਿਚੋਂ ਲੰਘਦੇ ਹਾਂ।

ਕਿਸੇ ਦਾ ਇੱਕਲਿਆਂ ਰੋਣਾ ਉਸ ਦੇ ਸੱਚੇ ਹੋਣ ਦਾ ਪ੍ਰਮਾਣ ਹੁੰਦਾ ਹੈ।

ਅੱਥਰੂ, ਸੱਚ, ਹਮਦਰਦੀ, ਪਿਆਰ, ਪਛਤਾਵੇ ਅਤੇ ਵਿਛੋੜੇ ਦਾ ਅੰਮ੍ਰਿਤ ਹੁੰਦੇ ਹਨ। ਹਟਕੋਰੇ, ਹੌਕੇ, ਆਹਾਂ, ਸਿਸਕੀਆਂ, ਅੱਥਰੂਆਂ ਦੀਆਂ ਸਖੀ-ਸਹਿਯੋਗੀ ਬਿਰਤੀਆਂ ਹਨ।

ਅਥਰੂਆਂ ਦੀ ਆਪਣੀ ਨਿਵੇਕਲੀ ਬੋਲੀ ਹੁੰਦੀ ਹੈ।

ਰੋ ਉਹੀ ਸਕਦਾ ਹੈ ਜਿਸ ਦਾ ਅਨੁਭਵ ਡੂੰਘਾ ਹੋਵੇ।

ਲੋੜ ਹੈ ਕਿ ਕਿਸੇ ਵਿਸ਼ੇ ਦਾ ਅਧਿਐਨ ਇਤਨਾ ਡੂੰਘਾ ਕੀਤਾ ਜਾਵੇ ਕਿ ਅੱਖਾਂ ਵਿਚ ਅੱਥਰੂ ਆ ਜਾਣ। ਪ੍ਰੇਮੀਆਂ ਦਾ ਰੋਣਾ ਇਕ ਦੂਜੇ ਲਈ ਬਰਦਾਸ਼ਤ ਕਰਨਾ ਔਖਾ ਹੁੰਦਾ ਹੈ, ਇਸੇ ਕਰਕੇ ਉਹ ਇੱਕ-ਦੂਜੇ ਦੀ ਬੇਨਤੀ ਝੱਟ ਮੰਨ ਜਾਂਦੇ ਹਨ।

ਵਿਛੜਨਾ ਇਕ ਦੁੱਖਦਾਈ ਅਨੁਭਵ ਹੈ।

ਦੋਸਤਾਂ ਦਾ ਹੀ ਨਹੀਂ, ਦੁਸ਼ਮਣਾਂ ਦਾ ਵਿਛੜਨਾ ਵੀ ਸਾਨੂੰ ਦੁੱਖ ਦਿੰਦਾ ਹੈ।

ਆਪਣੇ ਜੀਵਨ ਦੇ ਦੁੱਖ-ਦਰਦ ਘਟਾਉਣ ਲਈ ਅਸੀਂ ਬੱਚਿਆਂ ਦੀ ਤਾਂਘ ਕਰਦੇ ਹਾਂ ਪਰ ਫਿਰ ਬੱਚਿਆਂ ਦੇ ਵਿਛੋੜੇ ਅਤੇ ਦੁੱਖੜਿਆਂ ਨੂੰ ਆਪਣੇ ਰੋਣ ਦਾ ਸਾਧਨ ਬਣਾਉਂਦੇ ਹਾਂ।

ਰੋਣਾ ਇਕ ਉਸਾਰੂ ਅਨੁਭਵ ਹੈ।

ਜੇ ਪੁਰਸ਼ਾਂ ਵਿਚ ਰੋਣ ਦੀ ਅਤੇ ਰੋਣ ਵਾਲਿਆਂ ਦੇ ਦੁੱਖ ਜਾਣਨ ਦੀ ਸਮਰੱਥਾ ਹੁੰਦੀ ਤਾਂ ਸੰਸਾਰ ਵਿਚ ਇਤਨੀਆਂ ਲੜਾਈਆਂ ਅਤੇ ਤਬਾਹੀਆਂ ਨਹੀਂ ਸਨ ਹੋਣੀਆਂ।

ਜਿਹੜੀ ਔਰਤ ਰੋ ਨਹੀਂ ਸਕਦੀ, ਉਹ ਨਾ ਪਿਆਰ ਕਰ ਸਕਦੀ ਹੈ, ਨਾ ਪਿਆਰ ਕੀਤੇ ਜਾਣ ਯੋਗ ਹੁੰਦੀ ਹੈ।

ਔਰਤ ਲਈ ਰੋਣਾ, ਦੁੱਖ ਸਹਿਣ ਦਾ, ਇਕ ਮਹੱਤਵਪੂਰਣ ਅਮਲ ਹੈ।

ਆਮ ਕਰਕੇ ਔਰਤ ਪੁਰਸ਼ ਦੇ ਮੁਕਾਬਲੇ ਕਈ ਗੁਣਾਂ ਵਧੇਰੇ ਰੋਂਦੀ ਹੈ। ਇਸੇ ਆਧਾਰ ਉਤੇ ਕਿਹਾ ਜਾ ਸਕਦਾ ਹੈ ਕਿ ਪਰਿਵਾਰਕ, ਸਮਾਜਿਕ ਅਤੇ ਭਾਵਕ ਸਮੱਸਿਆਵਾਂ ਦੇ ਖੇਤਰ ਵਿਚ ਪੁਰਸ਼ ਦੇ ਮੁਕਾਬਲੇ, ਔਰਤ ਵਧੇਰੇ ਭਰੋਸੇ ਨਾਲ ਵਿਚਰਦੀ ਹੈ।

ਪੁਰਸ਼-ਪ੍ਰਧਾਨ ਸਮਾਜ ਵਿਚ ਪੁਰਸ਼ ਦੇ ਰੋਣ ਨੂੰ ਅਸੀਂ ਇਨਸਾਨੀ ਕਮਜ਼ੋਰੀ ਸਮਝਣ ਲੱਗ ਪਏ ਹਾਂ ਅਤੇ ਨਤੀਜਾ ਇਹ ਹੋਇਆ ਹੈ ਕਿ ਪੁਰਸ਼ਾਂ ਨੇ ਰੋਣ ਦੇ ਨਵੇਂ ਢੰਗ ਲੱਭ ਲਏ ਹਨ। ਸ਼ਰਾਬ ਦੇ ਕੌੜੇ ਘੁੱਟ ਅਸਲ 'ਚ ਅੱਥਰੂਆਂ ਦੇ ਉਬਾਲ ਨੂੰ ਮੱਠਾ ਕਰਨ ਲਈ ਛਿੱਟੇ ਮਾਰਨ ਵਾਂਗ ਹੁੰਦੇ ਹਨ। ਜ਼ੁਕਾਮ, ਰੋਣ ਦਾ ਹੀ ਬਦਲਿਆ ਰੂਪ ਹੁੰਦਾ ਹੈ।

ਜ਼ੁਕਾਮ ਵਿਚ ਅਸੀਂ ਨੱਕ ਰਾਹੀਂ ਰੋਂਦੇ ਹਾਂ।

ਜੇ ਸ਼ਰਾਬ ਦੁਖੀ ਪੁਰਸ਼ਾਂ ਦਾ ਮਨ-ਪ੍ਰਚਾਵਾ ਹੈ ਤਾਂ ਰੋਣਾ ਔਰਤਾਂ ਦਾ ਸੋਗੀ ਮਨੋਰੰਜਨ ਕਿਹਾ ਜਾ ਸਕਦਾ ਹੈ।

ਰੋਣ ਨਾਲ ਸਾਡਾ ਕਥਾਰਸਿਜ਼ ਅਰਥਾਤ ਸ਼ੁੱਧੀਕਰਣ ਹੁੰਦਾ ਹੈ ਅਤੇ ਅਸੀਂ ਭਾਵਨਾਵਾਂ ਦੇ ਪੱਖੋਂ ਹਲਕੇ-ਫੁਲਕੇ ਅਤੇ ਨ੍ਹਾਤੇ-ਧੋਤੇ ਅਨੁਭਵ ਕਰਦੇ ਹਾਂ।

ਦੁੱਧ ਪੀਣ ਵਾਲੇ ਜੀਵਾਂ ਦੀਆਂ ਅੱਖਾਂ ਵਿਚ ਨਮੀ ਲਿਆਉਣ ਲਈ ਪ੍ਰਕ੍ਰਿਤੀ ਨੇ ਆਪ ਹੀ ਪ੍ਰਬੰਧ ਕੀਤਾ ਹੋਇਆ ਹੈ। ਜਦੋਂ ਅੰਦਰ ਭਾਵਨਾਤਮਕ ਤੂਫ਼ਾਨ ਉਠਦੇ ਹਨ ਅਤੇ ਦਬਾਓ ਵੱਧ ਜਾਂਦਾ ਹੈ ਤਾਂ ਪਹਿਲਾਂ ਗੱਚ ਆਉਂਦਾ ਹੈ ਅਤੇ ਇਸ ਦੇ ਨਾਲ ਹੀ ਅੱਥਰੂਆਂ ਦੇ ਰੂਪ ਵਿਚ ਜਜ਼ਬੇ ਵਹਿ ਤੁਰਦੇ ਹਨ।

ਰੋਣ ਦੀ ਕਿਰਿਆ ਮੀਂਹ ਦੀ ਕਿਰਿਆ ਵਾਂਗ ਹੁੰਦੀ ਹੈ ਅਤੇ ਇਹ ਮੀਂਹ ਵਾਂਗ ਹੀ ਵੱਖ-ਵੱਖ ਪੜਾਵਾਂ ਵਿਚੋਂ ਲੰਘਦੀ ਹੈ।

ਰੋਣ ਸਮੇਂ ਅਸੀਂ ਕਿਸੇ ਦੇ ਨਿੱਘੇ ਸਾਥ ਲਈ ਤਰਸਦੇ ਹਾਂ, ਕਿਉਂਕਿ ਅਸੀਂ ਅੰਤਾਂ ਦੀ ਇਕੱਲ ਅਨੁਭਵ ਕਰਦੇ ਹਾਂ।

ਬਿਲਕੁਲ ਇਵੇਂ ਹੀ ਮੀਂਹ ਸਮੇਂ ਹੁੰਦਾ ਹੈ। ਮੀਂਹ ਨਾਲ ਅਸੀਂ ਇਕੱਲ ਨੂੰ ਵਧੇਰੇ ਸ਼ਿੱਦਤ ਨਾਲ ਅਨੁਭਵ ਕਰਦੇ ਹਾਂ।

ਮੀਂਹ ਸਾਨੂੰ ਉਸ ਸਮੇਂ ਬਹੁਤ ਚੰਗਾ ਲੱਗਦਾ ਹੈ ਜਦੋਂ ਅਸੀਂ ਆਪ ਰੋ ਰਹੇ ਹੋਈਏ। ਜਿਹੋ ਜਿਹੀ ਸ਼ਬਦਾਵਲੀ ਅਸੀਂ ਮੀਂਹ ਸਬੰਧੀ ਵਰਤਦੇ ਹਾਂ ਕੁਝ ਉਹੋ ਜਿਹੀ ਹੀ ਰੋਣ ਲਈ ਵਰਤੀ ਜਾਂਦੀ ਹੈ। ਕਈ ਵਾਰੀ ਘਣੇ ਬੱਦਲਾਂ ਵਾਂਗ ਭਾਵਨਾਵਾਂ ਵੀ ਬੜੀਆਂ ਸੰਘਣੀਆਂ ਹੁੰਦੀਆਂ ਹਨ, ਮੀਂਹ ਨਹੀਂ ਪੈਂਦਾ ਅਤੇ ਇਵੇਂ ਹੀ ਰੋਣ ਦੀ ਲੋੜ ਅਤੇ ਇੱਛਾ ਦੇ ਬਾਵਜੂਦ ਕਈ ਵਾਰੀ ਰੋਣ ਨਹੀਂ ਹੁੰਦਾ। ਕਈ ਵਾਰੀ ਅੱਖਾਂ ਭਰ ਆਉਂਦੀਆਂ ਹਨ ਪਰ ਵਹਿੰਦੀਆਂ

ਨਹੀਂ, ਇਵੇਂ ਹੀ ਕਾਲੀਆਂ ਘਟਾਵਾਂ ਕਈ ਵਾਰ ਆਉਂਦੀਆਂ ਤਾਂ ਹਨ ਪਰ ਵਰ੍ਹੇ ਬਿਨਾਂ ਅੱਗੇ ਲੰਘ ਜਾਂਦੀਆਂ ਹਨ।

ਮੀਂਹ ਨਾਲ ਜੁੜੇ ਹੋਏ ਕਿਤਨੇ ਹੀ ਲੋਕ-ਗੀਤ ਹਨ, ਜਿਨ੍ਹਾਂ ਵਿਚ ਵਿਛੋੜੇ ਦਾ ਵਿਰਲਾਪ ਹੈ, ਮਿਲਣ ਦੀ ਤਾਂਘ ਹੈ, ਰੋਣ ਦਾ ਹਵਾਲਾ ਹੈ, ਚੰਨ ਮਾਹੀ ਦੀ ਦੋ ਟੱਕਿਆਂ ਦੀ ਨੌਕਰੀ ਪਿਛੇ ਮੱਖਣੀ ਦੇ ਬਿਨਾਂ ਮਾਣੇ, ਲੱਖਾਂ ਦੇ ਸਾਵਣ ਦੇ ਲੰਘ ਜਾਣ ਦਾ ਝੋਰਾ ਹੁੰਦਾ ਹੈ। ਜਦੋਂ ਕਿਸੇ ਵਿਛੜੇ ਦੀ ਯਾਦ ਆਉਂਦੀ ਹੈ ਤਾਂ ਲਾਚਾਰੀ ਨਾਲ ਅੱਖਾਂ ਭਰ ਜਾਂਦੀਆਂ ਹਨ।

ਅੱਥਰੂਆਂ ਦੀਆਂ ਵੀ ਕਿਸਮਾਂ ਹੁੰਦੀਆਂ ਹਨ। ਕਮੀਨੇ ਲੋਕ ਮਗਰਮੱਛਾਂ ਵਾਂਗ ਰੋਂਦੇ ਹਨ। ਪਿਆਜ਼ ਦੇ ਛਿਲਕੇ ਵੀ ਅੱਥਰੂ ਲਿਆਉਂਦੇ ਹਨ। ਧੂੰਏ ਨਾਲ ਵੀ ਅੱਥਰੂ ਆਉਂਦੇ ਹਨ ਅਤੇ ਅਸੀਂ ਹਾਲੋਂ-ਬੇਹਾਲ ਹੋ ਜਾਂਦੇ ਹਾਂ। ਅੱਥਰੂ ਗੈਸ ਵੀ ਹੁੰਦੀ ਹੈ, ਜਿਸ ਦਾ ਇਕ ਮਾਤਰ ਉਦੇਸ਼ ਅੱਖਾਂ ਵਿਚ ਅੱਥਰੂ ਲਿਆ ਕੇ ਲੋਕਾਂ ਵਿਚ ਉਤੇਜਿਤ ਹੋਏ ਗੁੱਸੇ ਜਾਂ ਭਾਵਨਾਵਾਂ ਦਾ ਨਿਕਾਸ ਕਰਕੇ, ਉਨ੍ਹਾਂ ਦੀ ਸੋਚਣੀ ਨੂੰ ਸਵੱਛ ਬਣਾਉਣਾ ਹੁੰਦਾ ਹੈ।

ਫਿਲਮੀ ਰੋਣਾ ਵੀ ਰੋਣ ਦੀ ਇਕ ਕਿਸਮ ਹੁੰਦੀ ਹੈ।

ਅਸਲ ਅੱਥਰੂ ਉਹ ਹੁੰਦੇ ਹਨ, ਜੋ ਮਨੁੱਖੀ ਮਨ ਵਿਚ ਭਾਵਨਾਤਮਕ ਦਬਾਓ ਤੋਂ ਉਪਜਣ ਅਤੇ ਆਪ-ਮੁਹਾਰੇ ਵਹਿ ਟੁਰਨ।

ਜਦੋਂ ਕੋਈ ਮਰ ਜਾਂਦਾ ਹੈ ਤਾਂ ਅਸੀਂ ਉਸ ਨੂੰ ਅੱਥਰੂਆਂ ਭਿੱਜੀ ਵਿਦਾਇਗੀ ਦਿੰਦੇ ਹਾਂ। ਧੀਆਂ ਦੀ ਡੋਲੀ ਟੋਰਨ ਸਮੇਂ ਮਾਪੇ, ਭੈਣ, ਭਰਾ ਅਤੇ ਵਿਆਹੀ ਜਾਣ ਵਾਲੀ ਧੀ ਸਾਰੇ ਰੋਂਦੇ ਹਨ। ਇਸ ਸਮੇਂ ਮਾਂਵਾਂ ਧੀਆਂ ਇੰਜ ਰੋਂਦੀਆਂ ਹਨ ਜਿਵੇਂ ਕਹਿ ਰਹੀਆਂ ਹੋਣ : ਨਦੀ ਨਾਵ ਸੰਜੋਗੀ ਮੇਲੇ, ਸਾਡਾ ਕਿਹਾ ਸੁਣਿਆ ਮਾਫ਼ ਕਰਨਾ।

ਵਿਆਹ ਸਮੇਂ, ਵਿਛੋੜੇ ਦੇ ਗਾਉਣ ਲਾ ਕੇ ਜਾਂ ਗੀਤ ਗਾ ਕੇ, ਧੀ ਭਾਵਨਾਤਮਕ ਪੱਧਰ ਉੱਤੇ ਪਰਿਵਾਰ ਤੋਂ ਵਿੱਛੜਨ ਲਈ ਤਿਆਰ ਕੀਤੀ ਜਾਂਦੀ ਹੈ ਅਤੇ ਮਾਪੇ ਉਸ ਨੂੰ ਟੋਰਨ ਦਾ ਜਿਗਰਾ ਉਸਾਰਦੇ ਹਨ।

ਹਰ ਪ੍ਰਕਾਰ ਦੇ ਪਿਆਰ ਅਨੁਭਵ ਵਿਚ ਰੋਣ ਦਾ ਮਹੱਤਵਪੂਰਨ ਰੋਲ ਹੁੰਦਾ ਹੈ। ਮਹਿਬੂਬ ਸਭ ਤੋਂ ਪਿਆਰੀ ਉਦੋਂ ਲੱਗਦੀ ਹੈ ਜਦੋਂ ਉਸ ਦੀਆਂ ਅੱਖਾਂ ਭਰ ਆਈਆਂ ਹੋਣ, ਕਿਉਂਕਿ ਅਜਿਹੇ ਅੱਥਰੂ ਪਿਆਰ ਦੇ ਸੱਚੇ ਹੋਣ ਦੀ ਤਸਦੀਕ ਹੁੰਦੇ ਹਨ।

ਜਦੋਂ ਪ੍ਰੇਮੀ ਦੇ ਭਰੋਸੇ ਨਾਲ ਪ੍ਰੇਮਿਕਾ ਦਾ ਦਿਲ ਟਿਕ ਜਾਵੇ ਤਾਂ ਉਸ ਦੇ ਬੁੱਲ੍ਹਾਂ 'ਤੇ ਮੁਸਕਰਾਹਟ ਅਤੇ ਅੱਖਾਂ ਵਿਚ ਖ਼ੁਸ਼ੀ ਦੇ ਅੱਥਰੂ ਹੁੰਦੇ ਹਨ। ਇੰਜ ਪ੍ਰਤੀਤ ਹੁੰਦਾ ਹੈ, ਜਿਵੇਂ ਮੀਂਹ ਪੈਂਦੇ-ਪੈਂਦੇ ਅਚਾਨਕ ਧੁੱਪ ਨਿਕਲ ਆਈ ਹੋਵੇ।

ਰੋਣ ਉਪਰੰਤ ਵਿਅਕਤੀ ਬੜਾ ਸਾਊ ਅਤੇ ਨਿਰਛੱਲ ਪ੍ਰਤੀਤ ਹੁੰਦਾ ਹੈ।

ਰੋਣ ਨਾਲ ਸਾਡੇ ਵਿਚ ਜ਼ਿੰਦਗੀ ਦੇ ਦੁਖਾਂਤ ਬਰਦਾਸ਼ਤ ਕਰਨ ਦੀ ਸਮਰੱਥਾ ਅਤੇ ਹਿੰਮਤ ਵੱਧਦੀ ਹੈ। ਬਹੁਤ ਸਮਾਂ ਪਹਿਲਾਂ ਇਕ ਕਹਾਣੀ ਸੁਣੀ ਸੀ ਕਿ ਇਕ ਔਰਤ ਦਾ ਪਤੀ ਮਰ ਗਿਆ ਤਾਂ ਉਹ ਰੋਈ ਨਾ। ਕਬੀਲੇ ਦੇ ਲੋਕਾਂ ਨੂੰ ਫਿਕਰ ਪੈ ਗਿਆ ਕਿ ਇਵੇਂ ਤਾਂ

ਇਹ ਮਰ ਜਾਵੇਗੀ। ਉਨ੍ਹਾਂ ਨੇ ਉਸ ਦੇ ਬੱਚੇ ਨੂੰ ਉਸ ਦੀ ਗੋਦ ਵਿਚ ਬਿਠਾ ਦਿੱਤਾ ਅਤੇ ਵਿਧਵਾ ਦੇ ਅੱਥਰੂ ਵਹਿ ਤੁਰੇ।

ਜਨਮ ਸਮੇਂ ਬੱਚੇ ਦਾ ਰੋਣਾ, ਉਸ ਦੇ ਠੀਕ ਹੋਣ ਦਾ ਸਬੂਤ ਹੁੰਦਾ ਹੈ।

ਕਿਸੇ ਦੇ ਮਰਨੇ ਉੱਤੇ ਇੱਕਠੀਆਂ ਹੋਈਆਂ ਔਰਤਾਂ ਆਪਣੇ ਵਿਛੜਿਆਂ ਨੂੰ ਯਾਦ ਕਰ-ਕਰ ਰੋਂਦੀਆਂ ਹਨ।

ਅੰਗ੍ਰੇਜ਼ੀ ਨਾਵਲਕਾਰ ਹਾਰਡੀ ਨੂੰ ਵਿਰਲਾਪ ਕਰਦੀਆਂ ਔਰਤਾਂ ਬੜੀਆਂ ਪ੍ਰਭਾਵਸ਼ਾਲੀ ਲੱਗਦੀਆਂ ਸਨ। ਇਹੀ ਕਾਰਨ ਹੈ ਕਿ ਉਸ ਦੇ ਦੁਖਾਂਤ ਨਾਵਲਾਂ ਵਿਚ ਮੌਤ ਦੇ ਦ੍ਰਿਸ਼ ਅੰਤਾਂ ਦੇ ਦਰਦ ਨਾਲ ਭਰੇ ਪਏ ਹਨ।

ਬੰਗਾਲੀ ਨਾਵਲਾਂ ਦੀਆਂ ਨਾਇਕਾਵਾਂ ਇਤਨੇ ਦੁਖੀ ਵਾਤਾਵਰਣ 'ਚ ਪੇਸ਼ ਕੀਤੀਆਂ ਗਈਆਂ ਹਨ ਕਿ ਮਲੋਮੱਲੀ ਪਾਠਕਾਂ ਦੀਆਂ ਅੱਖਾਂ ਭਰ ਆਉਂਦੀਆਂ ਹਨ।

ਦੁੱਖ, ਮਨੁੱਖਤਾ ਦੀ ਯੂਨੀਵਰਸਿਟੀ ਹੈ, ਜਿਸ ਵਿਚ ਸਾਡੀ ਗਿਆਨ ਦੀ ਡੂੰਘਾਈ ਅਤੇ ਅਨੁਭਵ ਦੀ ਸਿਖਰ ਨਾਲ ਜਾਣ-ਪਛਾਣ ਹੁੰਦੀ ਹੈ ਅਤੇ ਇਨ੍ਹਾਂ ਉੱਤੇ ਅਸੀਂ ਆਪਣੇ ਅਥਰੂਆਂ ਨਾਲ ਦਸਤਖਤ ਕਰਦੇ ਹਾਂ।

ਪੁਰਾਣੇ ਹਕੀਮ ਕਿਹਾ ਕਰਦੇ ਸਨ : ਰੋਵੋ ਅਤੇ ਆਪਣੇ ਦੁੱਖਾਂ ਨੂੰ ਬਾਹਰ ਨਿਕਲਣ ਦਾ ਰਾਹ ਪ੍ਰਦਾਨ ਕਰੋ।

ਦੋਸਤੋਵਸਕੀ ਕਹਿੰਦਾ ਹੈ ਕਿ ਰੋ ਕੇ ਖੁਸ਼ੀ ਮਨਾਓ।

ਅਨੇਕਾਂ ਮਹਾਨ ਦੁੱਖ ਪ੍ਰਗਟਾਏ ਨਹੀਂ ਜਾ ਸਕਦੇ, ਉਨ੍ਹਾਂ ਨੂੰ ਅਨੁਭਵ ਹੀ ਕੀਤਾ ਜਾ ਸਕਦਾ ਹੈ ਅਤੇ ਇਹ ਅਨੁਭਵ ਰੋਣ ਨਾਲ ਹੀ ਸੰਭਵ ਹੁੰਦਾ ਹੈ।

ਰੋਣਾ ਮਨੁੱਖ ਨੂੰ ਮਨੁੱਖ ਨਾਲ ਜੋੜਦਾ ਹੈ ਅਤੇ ਰੋਣ ਨਾਲ ਸਾਡੇ ਵਿਚ ਨਿਮਰਤਾ ਆਉਂਦੀ ਹੈ। ਜਿਹੜਾ ਸਾਡੇ ਗਲ ਲੱਗ ਕੇ ਰੋਵੇ ਉਹ ਸਦਾ ਲਈ ਸਾਡਾ ਹੋ ਜਾਂਦਾ ਹੈ।

ਮਹਿਬੂਬ ਦਾ ਰੋਣਾ ਉਸ ਦੀ ਵਫ਼ਾ, ਨਿਰਛੱਲਤਾ, ਮਾਸੂਮੀਅਤ ਅਤੇ ਨਿਰਦੋਸ਼ਤਾ ਦਾ ਪ੍ਰਮਾਣ ਹੁੰਦਾ ਹੈ, ਜਿਸ ਕਾਰਨ ਉਹ ਵਧੇਰੇ ਸੋਹਣੀ ਹੀ ਨਹੀਂ, ਵਧੇਰੇ ਪਿਆਰੀ ਵੀ ਲੱਗਣ ਲੱਗ ਪੈਂਦੀ ਹੈ।

ਇਸੇ ਹਾਲਤ ਵਿਚ ਕਿਸੇ ਨੇ ਕਿਹਾ ਸੀ 'ਹਰ ਵੇਲੇ ਅਕਲ ਦੀਆਂ ਗੱਲਾਂ ਨਾ ਕਰਿਆ ਕਰ, ਕੋਈ ਦਿਲ ਦੀ ਬੋਲੀ ਬੋਲ, ਤੇਰੇ ਨਾਲ ਰੋਣ ਨੂੰ ਦਿਲ ਕਰਦਾ ਹੈ।'

ਰੋਣਾ ਇਸ ਗੱਲ ਦਾ ਪ੍ਰਮਾਣ ਹੁੰਦਾ ਹੈ ਕਿ ਅਸੀਂ ਦੇਵਤੇ ਨਹੀਂ, ਮਨੁੱਖ ਹਾਂ।

ਜਿਵੇਂ ਸੋਹਣਾ ਚਿਹਰਾ ਆਪਣੇ ਆਪ ਵਿਚ ਇਕ ਸਿਫਾਰਸ਼ ਹੁੰਦਾ ਹੈ, ਇਵੇਂ ਹੀ ਅੱਥਰੂ ਉਸ ਚਿਹਰੇ ਅੰਦਰਲੇ ਸੋਹਣੇ, ਸੁਹਿਰਦ, ਸਖੀ ਅਤੇ ਪਿਆਰੇ ਦਿਲ ਦੀ ਪਵਿੱਤਰਤਾ ਦਾ ਪ੍ਰਮਾਣ ਅਤੇ ਗਵਾਹੀ ਹੁੰਦੇ ਹਨ।

ਦਿਲ ਦਾ ਆਪਣਾ ਫ਼ਲਸਫ਼ਾ ਹੁੰਦਾ ਹੈ।

ਰੋਣ ਦਾ ਵੀ ਇਕ ਸਲੀਕਾ ਅਤੇ ਲੈਅ-ਤਾਲ ਹੁੰਦੀ ਹੈ।

ਜਿਨ੍ਹਾਂ ਨੂੰ ਰੋਣਾ ਨਹੀਂ ਆਉਂਦਾ, ਉਹ ਬੜੇ ਜ਼ਾਲਮ ਹੁੰਦੇ ਹਨ।

ਟੁੱਟੇ ਦਿਲ ਹਮਦਰਦੀ ਦੇ ਬੁਲੰਦ ਦਰਵਾਜ਼ੇ ਹੁੰਦੇ ਹਨ, ਜਿਨ੍ਹਾਂ ਦੀ ਦਹਿਲੀਜ਼ ਹਰ ਰੋਜ਼ ਅੱਥਰੂਆਂ ਨਾਲ ਧੋਤੀ ਜਾਂਦੀ ਹੈ।

ਜਵਾਨੀ ਦੇ ਮੌਸਮ ਵਿਚ, ਵਿਛੜਿਆਂ ਦੇ ਮੇਲੇ ਦੌਰਾਨ, ਜਿਹੜੇ ਯਾਰ ਹਾਸਿਆਂ ਵਿਚ ਗੁਆਚਦੇ ਹਨ, ਉਹ ਅੱਥਰੂਆਂ ਵਿਚ ਹੀ ਲੱਭਦੇ ਹਨ।

ਪਿਆਰ ਦਾ ਅਨੁਭਵ ਅਸਲ ਵਿਚ ਰੋਣ ਦੀ ਸਿੱਖਿਆ ਲੈਣਾ ਅਤੇ ਅੱਥਰੂਆਂ ਦਾ ਸਭਿਆਚਾਰ ਹੰਢਾਉਣਾ ਹੁੰਦਾ ਹੈ।

ਜਿਨ੍ਹਾਂ ਨੂੰ ਰੋਣਾ ਨਹੀਂ ਆਉਂਦਾ ਉਨ੍ਹਾਂ ਨੂੰ ਖੁਸ਼ੀਆਂ ਦੀ ਕਦਰ ਵੀ ਨਹੀਂ ਹੁੰਦੀ।

ਰੋਣ ਨਾਲ ਜ਼ਿੰਦਗੀ ਬਰਦਾਸ਼ਤ ਕਰਨ ਯੋਗ ਹੋ ਜਾਂਦੀ ਹੈ।

ਰੋ ਰੋ ਕੇ ਖੁਸ਼ਕ ਅੱਖਾਂ, ਇੰਜ ਲੱਗਦਾ ਹੈ, ਜਿਵੇਂ ਸੁਨੇਹਾ ਦੇ ਰਹੀਆਂ ਹੋਣ, 'ਅਸਾਂ ਸਬਰ ਕੀਤਾ, ਤੁਸੀਂ ਸਬਰ ਕਰਨਾ, ਏਹੁ ਧੁਰੋਂ ਹੀ ਹੁੰਦੜਾ ਆਇਆ ਈ।'

◊◊◊

# ਝਗੜੇ

ਜਿਉਂ-ਜਿਉਂ ਮਨੁੱਖ ਵਧੇਰੇ ਸਭਿਅਕ ਹੋ ਰਿਹਾ ਹੈ, ਤਿਉਂ-ਤਿਉਂ ਝਗੜਿਆਂ ਦੀ ਪ੍ਰਕਾਰ, ਸੰਭਾਵਨਾ ਅਤੇ ਗਿਣਤੀ ਵੱਧ ਰਹੀ ਹੈ।

ਸੰਸਾਰ ਵਿਚ ਅੱਜ-ਕਲ ਜੋ ਕੁਝ ਵੀ ਸਮਾਚਾਰ ਪੱਤਰਾਂ ਵਿਚ ਛੱਪਦਾ ਹੈ ਅਤੇ ਟੈਲੀਵਿਜ਼ਨ ਉਤੇ ਵਿਖਾਇਆ ਜਾਂਦਾ ਹੈ ਉਹ ਲਗਭਗ ਸਭ ਕੁਝ ਵੱਖ-ਵੱਖ ਪ੍ਰਕਾਰ ਦੇ ਸਮਾਜਿਕ ਅਤੇ ਆਰਥਿਕ ਝਗੜਿਆਂ ਸਬੰਧੀ ਹੀ ਹੁੰਦਾ ਹੈ।

ਜੀਵਨ ਦੇ ਹਰ ਖੇਤਰ ਵਿਚ ਵੰਨ-ਸੁਵੰਨਤਾ ਵਾਂਗ ਝਗੜੇ ਵੀ ਭਾਂਤ-ਭਾਂਤ ਦੇ ਹੋ ਗਏ ਹਨ। ਘਰੇਲੂ ਝਗੜਿਆਂ ਤੋਂ ਲੈ ਕੇ ਅੰਤਰ-ਰਾਸ਼ਟਰੀ ਝਗੜਿਆਂ ਦੇ ਵਿਚਕਾਰ ਝਗੜਿਆਂ ਦੀਆਂ ਅਣਗਿਣਤ ਵੰਨਗੀਆਂ ਅਤੇ ਹਰ ਵੰਨਗੀ ਦੀਆਂ ਅਨੇਕਾਂ ਕਿਸਮਾਂ ਹਨ। ਝਗੜਿਆਂ ਨੂੰ ਹੁਣ ਅਸੀਂ ਝਗੜੇ ਨਹੀਂ ਕਹਿੰਦੇ, ਸਮੱਸਿਆਵਾਂ ਅਤੇ ਮਸਲੇ ਕਹਿਣ ਲੱਗ ਪਏ ਹਾਂ।

ਕੋਈ ਵੀ ਵਿਅਕਤੀ ਇਹ ਨਹੀਂ ਕਹਿ ਸਕਦਾ ਕਿ ਉਸ ਦਾ ਕਿਸੇ ਨਾਲ ਝਗੜਾ ਨਹੀਂ। ਹੁਣ ਤਾਂ ਲੋਕ ਮਰਿਆਂ ਹੋਇਆਂ ਨਾਲ ਵੀ ਝਗੜਦੇ ਹਨ।

ਵੱਧ ਰਹੀ ਮੁਕੱਦਮੇਬਾਜ਼ੀ ਇਸ ਗੱਲ ਦਾ ਪ੍ਰਮਾਣ ਹੈ ਕਿ ਮਨੁੱਖ ਵਿਚ ਨਿਤ ਨਵੇਂ ਝਗੜੇ ਉਸਾਰਨ ਦੀ ਅਥਾਹ ਸਮਰੱਥਾ ਉਤਪੰਨ ਹੋ ਗਈ ਹੈ।

ਕੋਈ ਸਮਾਂ ਸੀ ਜਦੋਂ ਮਨੁੱਖ ਦਾ ਮੁੱਢਲਾ ਵਿਰੋਧ ਪ੍ਰਕ੍ਰਿਤੀ ਨਾਲ ਸੀ।

ਜਦੋਂ ਸਮਾਜ ਦੀ ਉਸਾਰੀ ਹੋਈ ਤਾਂ ਵਿਅਕਤੀ ਦਾ ਸਮਾਜ ਨਾਲ ਵਿਰੋਧ ਉਤਪੰਨ ਹੋਇਆ।

ਅਜੋਕਾ ਮਨੁੱਖ ਤਾਂ ਆਪਣੇ ਆਪ ਨਾਲ ਝਗੜ ਰਿਹਾ ਹੈ।

ਵਿਗਿਆਨ ਨੇ ਹਰ ਚੀਜ਼ ਨੂੰ ਨਿਖੇੜ ਕੇ ਵੇਖਣ ਦੀ ਅਜਿਹੀ ਪਿਰਤ ਪਾਈ ਹੈ ਕਿ ਹਰ ਚੀਜ ਨੂੰ ਉਸ ਦੇ ਅਣੂ ਰੂਪ ਤਕ ਨਿਖੇੜਨ ਅਤੇ ਹਰ ਗਲ ਦਾ ਵਿਸ਼ਲੇਸ਼ਣ ਕਰਨ ਦਾ ਰਿਵਾਜ ਹੀ ਪ੍ਰਚਲਿਤ ਹੋ ਗਿਆ ਹੈ।

ਵਿਸ਼ਲੇਸ਼ਣ ਨਾਲ ਝਗੜੇ ਸੁਲਝਦੇ ਨਹੀਂ, ਉਪਜਦੇ ਹਨ।

ਪੂੰਜੀਵਾਦ ਨੇ ਸਾਮੰਤਵਾਦ ਦੇ ਸਮਾਜਿਕ ਜੀਵਨ ਦੇ ਸੰਜੁਗਤ ਰੂਪ ਨੂੰ ਤੋੜ ਕੇ ਹਰ ਇਕ ਮਨੁੱਖ ਨੂੰ ਵੱਖਰਾ-ਵੱਖਰਾ ਕਰ ਦਿੱਤਾ ਹੈ ਅਤੇ ਨਤੀਜੇ ਵਜੋਂ ਹੁਣ ਹਰ ਕੋਈ ਇਕੱਲਾ-ਇਕੱਲਾ ਅਨੁਭਵ ਕਰਦਾ ਹੈ।

ਫਿਲਮ, ਟੈਲੀਵਿਜ਼ਨ, ਆਦਿ ਨੂੰ ਭਾਵੇਂ ਭੀੜ ਵੇਖ ਰਹੀ ਹੋਵੇ ਪਰ ਹਰ ਇਕ ਵਿਅਕਤੀ ਨੂੰ ਇਜ ਲੱਗਦਾ ਹੈ, ਜਿਵੇਂ ਉਹ ਇਕੱਲਾ ਹੀ ਵੇਖ ਰਿਹਾ ਹੈ। ਅਖ਼ਬਾਰ ਇਕੱਲਿਆਂ ਪੜ੍ਹ ਕੇ ਹੀ ਤਸੱਲੀ ਹੁੰਦੀ ਹੈ।

ਟਰਾਂਜ਼ਿਸਟਰ ਨੂੰ ਜੇਕਰ ਦੂਜੇ ਲੋਕ ਵੀ ਸੁਣ ਰਹੇ ਹੋਣ ਤਾਂ ਇੰਜ ਪ੍ਰਤੀਤ ਹੁੰਦਾ ਹੈ ਕਿ ਜਿਵੇਂ ਪੂਰੀ ਗੱਲ ਸਾਡੇ ਤੱਕ ਅਪੜਨ ਤੋਂ ਪਹਿਲਾਂ ਹੀ ਬਾਸੀ ਹੋ ਰਹੀ ਹੈ।

ਅਜੋਕਾ ਮਨੁੱਖ ਇਸ ਹੱਦ ਤੱਕ ਵਿਜੋਗਿਆ ਅਤੇ ਅੰਤਰਮੁਖੀ ਹੋ ਗਿਆ ਹੈ ਕਿ ਅਨੇਕਾਂ ਵਾਰੀ ਉਹ ਆਪਣੇ ਨਾਲ ਹੀ ਝਗੜਾ ਕਰਨ ਲੱਗ ਜਾਂਦਾ ਹੈ।

ਸਵੇਰ ਤੋਂ ਸ਼ਾਮ ਤੱਕ ਅਸੀਂ ਸਾਰੇ, ਹਰ ਵੇਲੇ ਹਰ ਥਾਂ, ਵੱਖ-ਵੱਖ ਝਗੜਿਆਂ ਅਤੇ ਸਮੱਸਿਆਵਾਂ ਦੇ ਹੀ ਸਨਮੁਖ ਹੁੰਦੇ ਹਾਂ।

ਜਦੋਂ ਯਤਨ ਕਰਨ ਦੇ ਬਾਵਜੂਦ ਕੋਈ ਸਮੱਸਿਆ ਨਾ ਸੁਲਝੇ ਤਾਂ ਉਹ ਅਕਸਰ ਝਗੜਾ ਬਣ ਜਾਂਦੀ ਹੈ।

ਵਿਚਾਰਧਾਰਾਵਾਂ, ਹਿੱਤਾਂ, ਸ਼ਖ਼ਸੀਅਤਾਂ ਦਾ ਟਕਰਾਓ ਵੀ ਝਗੜੇ ਹੀ ਉਪਜਾਉਂਦਾ ਹੈ। ਵੈਰ-ਵਿਰੋਧ ਝਗੜੇ ਵਿਚੋਂ ਹੀ ਉਪਜਦਾ ਹੈ।

ਪੂੰਜੀਵਾਦੀ ਆਰਥਿਕ ਪ੍ਰਣਾਲੀ, ਸਮਾਜਵਾਦੀ ਆਰਥਿਕ ਪ੍ਰਣਾਲੀ ਦੇ ਮੁਕਾਬਲੇ ਵਧੇਰੇ ਝਗੜੇ ਉਸਾਰਦੀ ਹੈ।

ਸੁਆਰਥ ਸਭ ਪ੍ਰਕਾਰ ਦੇ ਝਗੜਿਆਂ ਦੀ ਬੁਨਿਆਦ ਹੁੰਦਾ ਹੈ।

ਧਰਮ ਦੇ ਪ੍ਰਭਾਵ ਅਧੀਨ, ਤਿਆਗ ਦੀ ਭਾਵਨਾ ਕਾਰਨ, ਮਨੁੱਖ ਝਗੜਿਆਂ ਤੋਂ ਬਚਦਾ ਰਿਹਾ ਹੈ ਪਰ ਉਹ ਸੁਨਹਿਰੀ ਯੁਗ ਹੁਣ ਮੁੜ ਕਦੇ ਨਹੀਂ ਆਵੇਗਾ।

ਹੁਣ ਤਾਂ ਧਰਮ ਦੇ ਖੇਤਰ ਵਿਚ ਹੋਰ ਕਿਸੇ ਵੀ ਖੇਤਰ ਦੇ ਮੁਕਾਬਲੇ ਵਧੇਰੇ ਝਗੜੇ ਹਨ। ਕਿਸੇ ਧਾਰਮਿਕ ਸਥਾਨ ਦੇ ਕੰਮ-ਕਾਜ ਵਿਚ ਡੂੰਘੀ ਦਿਲਚਸਪੀ ਲੈ ਕੇ ਵੇਖੋ ਲਾਗਬਾਜ਼ੀ, ਸਾੜਾ, ਈਰਖਾ, ਦਵੈਤ ਆਦਿ ਗੱਲਾਂ ਤੁਹਾਨੂੰ ਸਹਿਜੇ ਹੀ ਪਤਾ ਲੱਗਣਗੀਆਂ।

ਭਾਰਤ ਵਿਚ ਇਸ ਸਮੇਂ ਬਹੁਤੇ ਝਗੜੇ ਸਮਾਜਿਕ ਤਬਦੀਲੀ ਦੇ ਵੇਗ ਵਿਚੋਂ ਉਤਪੰਨ ਹੋ ਰਹੇ ਹਨ। ਅਨਪੜ੍ਹ ਸੱਸਾਂ, ਪੜ੍ਹੀਆਂ ਲਿਖੀਆਂ ਆਜ਼ਾਦ ਖਿਆਲ ਨੂੰਹਾਂ; ਲਾਲਚੀ ਮਕਾਨ-ਮਾਲਕ, ਥੁੜ੍ਹੇ ਹੋਏ ਕਿਰਾਏਦਾਰ; ਬੁੱਢੇ ਅਫ਼ਸਰ, ਜਵਾਨ ਕਰਮਚਾਰੀ; ਵੱਧਦੀਆਂ ਕੀਮਤਾਂ, ਸੀਮਤ ਆਮਦਨਾਂ ਆਦਿ ਅਨੇਕਾਂ ਹੀ ਅਜਿਹੀਆਂ ਨਵੀਆਂ ਸਥਿਤੀਆਂ ਹਨ ਜਿਹੜੀਆਂ ਉਨ੍ਹਾਂ ਝਗੜਿਆਂ ਨੂੰ ਉਤਪੰਨ ਕਰ ਰਹੀਆਂ ਹਨ, ਜਿਨ੍ਹਾਂ ਦਾ ਪਹਿਲਾਂ ਕੋਈ ਨਾਂ ਵੀ ਨਹੀਂ ਸੀ ਜਾਣਦਾ।

ਦੋਸਤੀ, ਪਿਆਰ, ਹਮਦਰਦੀ, ਸੱਚਾਈ, ਈਮਾਨਦਾਰੀ, ਵਫ਼ਾਦਾਰੀ ਆਦਿ ਸਾਮੰਤਵਾਦੀ ਸੰਕਲਪ ਹਨ।

ਜਿਵੇਂ ਪੂੰਜੀਵਾਦੀ ਸਮਾਜਿਕ ਪ੍ਰਬੰਧ ਨੇ ਨਿੱਜੀ ਸੁਆਰਥ ਨੂੰ ਤਾਂ ਪ੍ਰਮੁਖ ਬਣਾ ਦਿਤਾ ਹੈ ਪਰ ਇਹ ਬਦਲੀ ਪਰਿਸਥਿਤੀ ਅਨੁਸਾਰ, ਨਵਾਂ ਸਭਿਆਚਾਰ ਨਹੀਂ ਉਸਾਰ ਸਕਿਆ। ਦੋਸਤੀ, ਪਿਆਰ, ਹਮਦਰਦੀ ਆਦਿ ਹੁਣ ਸ਼ੱਕ ਦੀ ਦ੍ਰਿਸ਼ਟੀ ਨਾਲ ਵੇਖੇ ਜਾਂਦੇ ਹਨ।

ਮਨੋਵਿਗਿਆਨਕ ਪੱਖ ਤੋਂ ਪੱਕੇ ਦੁਸ਼ਮਣ ਬਣ ਹੀ ਉਹ ਸਕਦੇ ਹਨ, ਜਿਹੜੇ ਕਿਸੇ ਵੇਲੇ ਪੱਕੇ ਦੋਸਤ ਜਾਂ ਭਾਈਵਾਲ ਸਨ।

ਤਲਾਕ ਕਿਸੇ ਵੇਲੇ ਦੇ ਬੇਹੱਦ ਪਿਆਰ ਦਾ ਫ਼ਿਟਿਆ ਹੋਇਆ ਰੂਪ ਹੁੰਦਾ ਹੈ।

ਹੁਣ ਹਮਦਰਦੀ ਨਾਲ ਕਿਸੇ ਦਾ ਦਿਲ ਜਿੱਤ ਕੇ ਮਗਰੋਂ ਉਸ ਨੂੰ ਬਲੈਕਮੇਲ ਕਰਨ ਦੇ ਯਤਨ ਕੀਤੇ ਜਾਂਦੇ ਹਨ, ਸੋ ਝਗੜੇ ਉਪਜਣੇ ਸੁਭਾਵਿਕ ਹਨ।

ਪੂੰਜੀਵਾਦ ਅਧੀਨ ਹਰ ਇਕ ਵਿਅਕਤੀ ਕਿਸੇ ਨਾ ਕਿਸੇ ਸੁਆਰਥੀ ਖੇਡ ਵਿਚ ਰੁੱਝਿਆ ਹੋਇਆ ਹੈ।

ਸੱਚਾਈ, ਵਫ਼ਾਦਾਰੀ, ਈਮਾਨਦਾਰੀ ਆਦਿ ਦੇ ਅਰਥ ਹਰ ਪਲ ਬਦਲਣ ਲੱਗ ਪਏ ਹਨ। ਸਾਡਾ ਦੁਖਾਂਤ ਇਹ ਹੈ ਕਿ ਹੁਣ ਕੁਝ ਵੀ ਨਿਸ਼ਚਿਤ ਨਹੀਂ ਰਿਹਾ। ਅਜਿਹੀ ਸਥਿਤੀ ਨਾਲ ਤਣਾਓ ਉਪਜਦਾ ਹੈ, ਜਿਹੜਾ ਅਗੋਂ ਝਗੜੇ ਉਪਜਾਉਂਦਾ ਹੈ।

ਮਕਾਨ ਦੀ ਮੁਰੰਮਤ ਕਰਾਓ, ਗੁਆਂਢੀ ਨਾਲ ਝਗੜਾ ਹੋ ਜਾਵੇਗਾ।

ਕਿਸੇ ਰਿਸ਼ਤੇਦਾਰ ਦੀ ਮੱਦਦ ਕਰੋ, ਜ਼ਿੰਦਗੀ ਭਰ ਦਾ ਪਛਤਾਵਾ ਸਹੇੜ ਲਵੋਗੇ।

ਕਿਸੇ ਦੇ ਵਿਆਹ ਵਿਚ ਵਿਚੋਲਾ ਬਣ ਕੇ ਵੇਖੋ, ਤੋਹਮਤਾਂ ਅਤੇ ਅਕ੍ਰਿਤਘਣਤਾ ਦੇ ਸਾਖਸ਼ਾਤ ਦਰਸ਼ਨ ਹੋ ਜਾਣਗੇ।

ਕਿਸੇ ਥੁੜ੍ਹੇ ਹੋਏ ਅਤੇ ਲੋੜਵੰਦ ਵਿਅਕਤੀ ਦੀ ਮੱਦਦ ਕਰੋ, ਉਹ ਤੁਹਾਨੂੰ ਹੀ ਕਮੀਨਾ ਸਿੱਧ ਕਰਨ ਲੱਗ ਪਵੇਗਾ।

ਕਹਿੰਦੇ ਹਨ ਦੁਸ਼ਮਣ ਚੁਣਨ ਲੱਗਿਆਂ, ਅਸੀਂ ਮਨਮਾਨੀ ਨਹੀਂ ਕਰ ਸਕਦੇ।

ਦੁਸ਼ਮਣ ਬਣਨ ਲੱਗਿਆਂ ਹੁਣ ਦੋਸਤ ਅਤੇ ਗੁਆਂਢੀ ਬਹੁਤੀ ਦੇਰ ਨਹੀਂ ਲਾਉਂਦੇ।

ਹੈਰਾਨੀ ਦੀ ਗੱਲ ਇਹ ਹੈ ਕਿ ਬਹੁਤੇ ਝਗੜੇ ਉੱਥੇ ਪੈਦਾ ਹੋ ਰਹੇ ਹਨ, ਜਿੱਥੇ ਇਹ ਖਿਲਕੁਲ ਨਹੀਂ ਹੋਣੇ ਚਾਹੀਦੇ।

ਲੋਕਾਂ ਵਿਚ ਮਾਨਤਾ-ਪ੍ਰਾਪਤੀ ਦੀ ਅਥਾਹ ਭੁੱਖ ਉਮੜ ਪਈ ਹੈ। ਕਿਉਂਕਿ ਉਹ ਕੁਝ ਉਸਾਰ ਨਹੀਂ ਸਕਦੇ, ਸੋ ਉਹ ਸਭ ਕੁਝ ਨਕਾਰਨ ਵੱਲ ਰੁੱਝ ਗਏ ਹਨ।

ਝਗੜੇ ਸਮੇਂ ਸੋਚ-ਅਕਲ ਤੋਂ ਕੰਮ ਨਹੀਂ ਲਿਆ ਜਾਂਦਾ ਅਤੇ ਮਗਰੋਂ ਸਮਝੌਤੇ ਦੇ ਰਾਹ ਵਿਚ ਪਹਿਲੋਂ ਕਹੀਆਂ ਗੱਲਾਂ ਹੀ ਰੁਕਾਵਟ ਬਣ ਜਾਂਦੀਆਂ ਹਨ।

ਇਵੇਂ ਵੀ ਕਿਹਾ ਜਾ ਸਕਦਾ ਹੈ ਕਿ ਜਦੋਂ ਕੋਈ ਰਿਸ਼ਤਾ ਆਪਣੀ ਸੰਭਾਵਨਾ ਹੰਢਾ ਬੈਠੇ ਤਾਂ ਵਿਛੜਨ ਦਾ ਸਾਡੇ ਕੋਲ ਕੋਈ ਕੂਲਾ ਢੰਗ ਨਾ ਹੋਣ ਕਾਰਨ, ਉਸ ਨੂੰ ਤੋੜਨ ਦਾ ਸਾਡੇ ਕੋਲ ਇਕ ਮਾਤਰ ਢੰਗ, ਝਗੜਾ ਬਚਦਾ ਹੈ।

ਇਵੇਂ ਝਗੜਾ ਛੁੱਟਕਾਰਾ ਪਾਉਣ ਦਾ ਇਕ ਰਾਹ ਹੁੰਦਾ ਹੈ।

ਹੁਣ ਰੱਬ ਦਾ ਡਰ ਨਹੀਂ ਰਿਹਾ, ਇਸੇ ਕਰਕੇ ਸਾਨੂੰ ਕਿਸੇ ਨਾਲ ਕੀਤੀ ਵਧੀਕੀ ਦਾ ਪਛਤਾਵਾ ਨਹੀਂ ਹੁੰਦਾ।

ਅਸੀਂ ਝਗੜਿਆਂ ਨੂੰ ਜੀਵਨ ਦੀ ਇੱਕ ਸਾਧਾਰਣ ਗੱਲ ਸਮਝ ਲਿਆ ਹੈ ਅਤੇ ਬੱਚਿਆਂ ਦਾ ਪਾਲਣ-ਪੋਸਣ ਵੀ ਇਨ੍ਹਾਂ ਲੀਹਾਂ ਉੱਤੇ ਕਰਨ ਲੱਗ ਪਏ ਹਾਂ।

ਝੂਠੇ ਵਾਅਦੇ ਕਰਨ ਦੀ ਕੁਰੀਤੀ, ਝੱਟਪੱਟ ਅਮੀਰ ਹੋਣ ਦੀ ਬਿਰਤੀ, ਉਧਾਰ ਲੈਣ ਦੀ ਆਦਤ, ਕਰਜ਼ਾ ਚੁੱਕਣ ਦੀ ਕਾਹਲ ਅਤੇ ਸਮਾਜਿਕ ਰਿਸ਼ਤਿਆਂ ਵਿਚ ਦੂਰ-ਦ੍ਰਿਸ਼ਟੀ ਦੀ ਅਣਹੋਂਦ ਵੀ ਝਗੜੇ ਸਿਰਜਦੀ ਹੈ।

ਸਮਝੌਤੇ ਦੀ ਜਦੋਂ ਗੱਲ ਚਲਦੀ ਹੈ, ਦੋਵੇਂ ਧਿਰਾਂ ਆਪਣੀ ਆਪਣੀ ਸਮਰੱਥਾ ਅਨੁਸਾਰ ਝੂਠ ਤਾਂ ਬੋਲਦੀਆਂ ਹੀ ਹਨ, ਚਲਾਕੀ ਵੀ ਕਰਦੀਆਂ ਹਨ ਅਤੇ ਰੜਕ ਵੀ ਮਨ ਵਿਚ ਰੱਖਦੀਆਂ ਹਨ ਅਤੇ ਬਦਲਾ ਲੈਣ ਲਈ ਮੌਕੇ ਦੀ ਉਡੀਕ ਵੀ ਕਰਦੀਆਂ ਹਨ।

ਇਵੇਂ ਝਗੜਿਆਂ ਵਿਚੋਂ ਝਗੜੇ ਜਨਮਦੇ ਹਨ।

ਅਕਲ ਦੀ ਜਿਸ ਪੱਧਰ ਨਾਲ ਝਗੜੇ ਉਪਜਦੇ ਹਨ, ਉਨ੍ਹਾਂ ਨੂੰ ਸੁਲਝਾਉਣ ਲਈ, ਉਚੇਰੀ ਅਕਲ ਦੀ ਲੋੜ ਪੈਂਦੀ ਹੈ।

ਘਰੇਲੂ ਰਿਸ਼ਤਿਆਂ ਵਿਚ ਝਗੜੇ ਬੜੀ ਤੇਜ਼ੀ ਨਾਲ ਵੱਧ ਰਹੇ ਹਨ।

ਪਤੀ-ਪਤਨੀ ਵਿਚ ਝਗੜਾ ਉਦੋਂ ਉਪਜਦਾ ਹੈ ਜਦੋਂ ਪੰਝੀ ਸਾਲ ਪੁਰਾਣੀਆਂ ਆਦਤਾਂ ਨੂੰ ਰਾਤੋ-ਰਾਤ ਤਿਆਗਣ ਦੀ ਜ਼ਿੱਦ ਕੀਤੀ ਜਾਂਦੀ ਹੈ।

ਵਿਆਹੁਤਾ ਜੀਵਨ ਦੀ ਬੁਨਿਆਦ ਸੁਖਾਵੇਂ ਸੰਭੋਗ ਸਬੰਧਾਂ ਉਤੇ ਟਿਕੀ ਹੁੰਦੀ ਹੈ, ਸੋ ਸਰਕਾਰਾਂ ਦਾ ਪਹਿਲਾ ਫ਼ਰਜ਼ ਹੈ ਕਿ ਉਹ ਪੁਰਸ਼ਾਂ ਅਤੇ ਔਰਤਾਂ ਵਿਚਕਾਰ ਸੁਖਾਵੇਂ ਸੰਭੋਗੀ ਸਬੰਧਾਂ ਲਈ ਉਹਨਾਂ ਦੇ ਇਕੱਠਿਆਂ ਰਹਿਣ ਦੀਆਂ ਸਹੂਲਤਾਂ ਪੈਦਾ ਕਰਨ।

ਇਸ ਖੇਤਰ ਵਿਚਲੀ ਅਣਗਹਿਲੀ ਜੀਵਨ ਦੇ ਵਿਕਾਸ ਨੂੰ ਰੋਕ ਦਿੰਦੀ ਹੈ ਅਤੇ ਭਾਵਕ ਝਗੜੇ ਉਸਾਰਦੀ ਹੈ, ਜਿਹੜੇ ਚੁੱਭਵੀਆਂ ਸ਼ਖ਼ਸੀਅਤਾਂ ਸਿਰਜਦੇ ਹਨ।

ਇਹ ਅਸੰਤੁਸ਼ਟ ਵਿਅਕਤੀ ਸਮਾਜਿਕ ਵਾਤਾਵਰਣ ਨੂੰ ਦੂਸ਼ਿਤ ਕਰਦੇ ਹਨ।

ਅਸੀਂ ਜਦੋਂ ਕਿਸੇ ਝਗੜੇ ਬਾਰੇ ਕਿਸੇ ਤੀਜੀ ਧਿਰ ਨਾਲ ਗੱਲ ਕਰਦੇ ਹਾਂ ਤਾਂ ਅਸੀਂ ਸਾਰੀ ਗੱਲ ਦੱਸਣ ਦੀ ਬਜਾਇ, ਕੇਵਲ ਆਪਣੇ ਪੱਖ ਦੀਆਂ ਗੱਲਾਂ ਹੀ ਦੱਸਦੇ ਹਾਂ ਅਤੇ ਤੱਥ ਪ੍ਰਗਟਾਉਣ ਦੀ ਥਾਂ ਆਪਣੀ ਰਾਇ ਪ੍ਰਗਟਾਉਂਦੇ ਹਾਂ।

ਤੀਜੀ ਧਿਰ ਨੂੰ ਠੀਕ ਨਿਰਣਾ ਕਰਨ ਦੇਣ ਦੀ ਥਾਂ, ਉਸ ਨੂੰ ਅਸੀਂ ਆਪਣੇ ਨਾਲ ਰਲਾਉਣ ਦਾ ਯਤਨ ਕਰਦੇ ਹਾਂ।

ਜੇ ਤੀਜੀ ਧਿਰ ਨਿਰਪੱਖ ਹੋਣ ਦਾ ਯਤਨ ਕਰੇ ਤਾਂ ਅਸੀਂ ਉਸ ਨੂੰ ਆਪਣਾ ਦੁਸ਼ਮਣ ਮਿੱਥ ਕੇ ਇਕ ਨਵਾਂ ਝਗੜਾ ਸ਼ੁਰੂ ਕਰ ਲੈਂਦੇ ਹਾਂ।

ਪਹਿਲਾਂ ਸੌਂਹ ਖਾਣ ਨਾਲ ਹੀ ਬਹੁਤੇ ਝਗੜੇ ਨਿਬੜ ਜਾਂਦੇ ਸਨ, ਹੁਣ ਅੰਤਲਾ ਨਿਰਣਾ ਅਸੀਂ ਅਦਾਲਤ ਤੋਂ ਕਰਵਾਉਣਾ ਚਾਹੁੰਦੇ ਹਾਂ ਪਰ ਕਈ ਝਗੜੇ ਇਨ੍ਹਾਂ ਨਿਰਣਿਆਂ ਦੇ ਬਾਵਜੂਦ ਨਹੀਂ ਨਿਬੜਦੇ।

ਸੱਚ ਤਾਂ ਇਹ ਹੈ ਕਿ ਪੂੰਜੀਵਾਦ ਨੇ ਹਰ ਇਕ ਚੀਜ਼ ਨੂੰ ਮੰਡੀ ਦਾ ਮਾਲ ਬਣਾ ਦਿੱਤਾ ਹੈ। ਅਸੀਂ ਹਰ ਚੀਜ਼ ਵਿਚ ਨਫ਼ਾ-ਨੁਕਸਾਨ ਸੋਚਣ ਲੱਗ ਪਏ ਹਾਂ ਅਤੇ ਸਾਡੀ ਬਿਰਤੀ ਸੁਆਰਥੀ ਅਤੇ ਸੰਕੀਰਣ ਹੋ ਗਈ ਹੈ।

ਸੰਕੀਰਣ ਬਿਰਤੀ ਕਾਰਨ ਹਰ ਕੋਈ ਆਪਣੇ ਹੱਕਾਂ ਪ੍ਰਤੀ ਸੁਚੇਤ ਅਤੇ ਆਪਣੇ ਕਰਤੱਵਾਂ ਪ੍ਰਤੀ ਅਵੇਸਲਾ ਹੋ ਗਿਆ ਹੈ।

ਪੂੰਜੀਵਾਦ ਦੇ ਪ੍ਰਭਾਵਾਂ ਅਧੀਨ ਨਿੱਜੀ-ਸੁਆਰਥ ਪ੍ਰਮੁੱਖ ਹੋ ਜਾਣ ਕਾਰਨ, ਹਰ ਸਥਿਤੀ ਨੂੰ ਝਗੜੇ ਦੀ ਦ੍ਰਿਸ਼ਟੀ ਤੋਂ ਵੇਖਿਆ ਜਾਣਾ ਸੁਭਾਵਕ ਗੱਲ ਬਣ ਗਈ ਹੈ।

ਪੂੰਜੀਵਾਦ, ਮਨੁੱਖ ਨੂੰ ਮਨੁੱਖ ਨਾਲੋਂ ਤੋੜਦਾ ਹੈ ਅਤੇ ਨਿੱਜੀ-ਜਾਇਦਾਦ ਦੀ ਬੁਨਿਆਦ ਉਤੇ ਉਸਰਿਆ ਹੋਣ ਕਾਰਨ ਇਹ ਵਿਭਿੰਨ ਸੰਕਟ ਉਸਾਰਦਾ ਹੈ, ਜਿਨ੍ਹਾਂ ਦੇ ਹੱਲ ਲੱਭਣਾ ਇਸ ਵਿਵਸਥਾ ਦੇ ਵੱਸ ਦੀ ਗੱਲ ਨਹੀਂ ਹੁੰਦੀ।

ਸਾਡੇ ਅਜੋਕੇ ਜੀਵਨ ਦੇ ਬਹੁਤੇ ਝਗੜੇ ਪੂੰਜੀਵਾਦੀ ਰਿਸ਼ਤਿਆਂ ਦੇ ਤਣਾਓ ਅਤੇ ਸੁਆਰਥੀ ਬਿਰਤੀ ਦੀ ਉਪਜ ਹੁੰਦੇ ਹਨ।

ਲੋੜ ਇਸ ਗੱਲ ਦੀ ਹੈ ਕਿ ਅਸੀਂ ਵਿਰੋਧ ਅਤੇ ਆਲੋਚਨਾ ਬਰਦਾਸ਼ਤ ਕਰਨ ਦੀ ਆਪਣੀ ਸਮਰੱਥਾ ਵਧਾਈਏ ਅਤੇ ਦੂਜੇ ਦੇ ਦ੍ਰਿਸ਼ਟੀਕੋਣ ਤੋਂ ਸਮੱਸਿਆ ਨੂੰ ਵੇਖਣ ਦਾ ਯਤਨ ਕਰੀਏ ਅਤੇ ਅਜਾਈਂ ਜਾ ਰਹੀ ਸ਼ਕਤੀ ਨੂੰ ਸਾਂਭੀਏ ਅਤੇ ਗੁਆਚੇ ਹੋਏ ਸੰਜਮ ਨੂੰ ਮੁੜ ਪ੍ਰਾਪਤ ਕਰਕੇ ਸੰਤੁਲਤ ਵਿਅਕਤੀ ਬਣੀਏ।

ਲੋਕਾਂ ਦੀਆਂ ਲੋੜਾਂ ਤਾਂ ਪੂਰੀਆਂ ਕੀਤੀਆਂ ਜਾ ਸਕਦੀਆਂ ਹਨ ਪਰ ਝਗੜਿਆਂ ਦਾ ਅਸਲੀ ਸਰੋਤ ਅਪੂਰਤ ਇੱਛਾਵਾਂ ਹੁੰਦੀਆਂ ਹਨ।

ਪੂੰਜੀਵਾਦ ਇੱਛਾਵਾਂ ਵਧਾਉਂਦਾ ਹੈ, ਇੱਛਾਵਾਂ ਹੀ ਸਭ ਪ੍ਰਕਾਰ ਦੇ ਵਿਰੋਧ ਅਤੇ ਝਗੜੇ ਉਪਜਾਉਂਦੀਆਂ ਹਨ।

ਜੇ ਝਗੜੇ ਦੀਆਂ ਦੋਵੇਂ ਧਿਰਾਂ ਆਪਣਾ-ਆਪਣਾ ਦੋਸ਼ ਕਬੂਲਣ ਲਈ ਤਿਆਰ ਹੋ ਜਾਣ ਤਾਂ ਹਰ ਝਗੜਾ ਨਿਬੜ ਸਕਦਾ ਹੈ।

# ਸ਼ਰਾਬੀ

ਸ਼ਰਾਬੀ ਦੇ ਅਰਥ ਉਸ ਵਿਅਕਤੀ ਤੋਂ ਹਨ, ਜਿਹੜਾ ਲੋੜ ਅਤੇ ਸਮਰੱਥਾ ਅਨੁਸਾਰ ਨਹੀਂ, ਸਗੋਂ ਆਦਤ ਵੱਸ ਸ਼ਰਾਬ ਪੀਂਦਾ ਹੈ।

ਹਰ ਸ਼ਰਾਬੀ ਆਪਣੇ ਸ਼ਰਾਬ ਪੀਣ ਸਬੰਧੀ ਕਈ ਦਲੀਲਾਂ ਦੇ ਸਕਦਾ ਹੈ।

ਕੰਮ ਦੀ ਬੋਰੀਅਤ, ਇਕੱਲਤਾ, ਪਿਆਰ ਵਿਚ ਅਸਫਲਤਾ ਕਾਰਨ ਗਮ, ਸੰਗੀਤਕਾਰ, ਕਲਾਕਾਰ ਜਾਂ ਕਵੀ ਹੋਣ ਦੀ ਸਥਿਤੀ, ਪਤਨੀ ਤੋਂ ਅਸੰਤੁਸ਼ਟਤਾ, ਕਿਸੇ ਦੁੱਖ ਜਾਂ ਖੁਸ਼ੀ ਦਾ ਮੌਕਾ ਆਦਿ ਉਸ ਵਲੋਂ ਸ਼ਰਾਬ ਪੀਣ ਦੇ ਕੁਝ ਕਾਰਨ ਹੋ ਸਕਦੇ ਹਨ ਪਰ ਵਾਸਤਵ ਵਿਚ ਇਹ ਸਭ ਬਹਾਨੇ ਹੁੰਦੇ ਹਨ।

ਅਸਲ ਸਮੱਸਿਆ ਸ਼ਰਾਬੀ ਵੱਲੋਂ ਸਮਾਜਿਕ ਰੋਲ ਅਦਾ ਕਰਨ ਦੀ ਅਸਮਰੱਥਾ ਹੁੰਦੀ ਹੈ। ਇਸ ਅਸਮਰੱਥਾ ਤੋਂ ਉਪਜੀ ਨਿਰਾਸਤਾ ਜਾਂ ਉਪਰਾਮਤਾ ਉਸ ਨੂੰ ਇਕ ਸਾਧਾਰਣ ਵਿਅਕਤੀ ਨਹੀਂ ਰਹਿਣ ਦਿੰਦੀ ਅਤੇ ਉਸ ਦਾ ਵਰਤਾਰਾ ਵੀ ਅਸਾਧਾਰਣ ਵਿਅਕਤੀ ਵਾਲਾ ਹੋ ਨਿਬੜਦਾ ਹੈ। ਕਿਉਂਕਿ ਖਾਣ-ਪੀਣ ਜ਼ਿੰਦਗੀ ਦਾ ਇਕ ਮਹੱਤਵਪੂਰਨ ਅਮਲ ਹੈ, ਇਸ ਲਈ ਇਸ ਅਮਲ ਵਿਚ ਵੀ ਤਬਦੀਲੀ ਆਉਂਦੀ ਹੈ। ਅਜਿਹੇ ਵਿਅਕਤੀ ਦੀ ਗੱਲਬਾਤ, ਕਮਾਉਣ, ਖ਼ਰਚਣ, ਪਹਿਨਣ, ਦੂਜਿਆਂ ਪ੍ਰਤਿ ਵਿਹਾਰ ਆਦਿ ਸਭ ਪ੍ਰਕਾਰ ਦੀਆਂ ਆਦਤਾਂ ਵਿਚ ਵੀ ਤਬਦੀਲੀ ਆਉਂਦੀ ਹੈ।

ਸ਼ਰਾਬ ਦੀ ਆਦਤ ਮਹਿੰਗੀ ਹੋਣ ਕਾਰਨ ਅਤੇ ਸਰੀਰ ਉੱਤੇ ਇਸ ਦੇ ਸਪੱਸ਼ਟ ਮਾਰੂ ਪ੍ਰਭਾਵਾਂ ਕਾਰਨ ਇਹ ਆਲੇ-ਦੁਆਲੇ ਦੇ ਲੋਕਾਂ ਦਾ ਵਧੇਰੇ ਧਿਆਨ ਖਿੱਚਦੀ ਹੈ ਅਰਥਾਤ ਸਬੰਧੀਆਂ ਦੀ ਚਿੰਤਾ ਦਾ ਕਾਰਨ ਬਣਦੀ ਹੈ। ਇਹ ਸਮੱਸਿਆ ਬੜੀ ਗੁੰਝਲਦਾਰ ਹੈ। ਇਸ ਲੇਖ ਵਿਚ ਉਪਰੋਕਤ ਸਮੱਸਿਆ ਦੇ ਕੁਝ ਪੱਖ ਹੀ ਵਿਚਾਰੇ ਜਾਣਗੇ।

ਮਹੱਤਵਪੂਰਨ ਗੱਲ ਇਹ ਹੈ ਕਿ ਸ਼ਰਾਬੀ ਨੂੰ ਸ਼ਰਾਬ ਪੀਣ ਦੀ ਆਦਤ ਕਿਨ੍ਹਾਂ ਪਰਿਸਥਿਤੀਆਂ ਅਤੇ ਕਿਹੜੀ ਉਮਰ ਵਿਚ ਪਈ ਹੈ ? ਵੀਹ ਸਾਲ ਤੋਂ ਪਹਿਲਾਂ ਅਤੇ ਇਸ ਦੇ ਨੇੜੇ-ਤੇੜੇ ਪੈਣ ਵਾਲੀ ਆਦਤ ਸ਼ਰਾਬੀ ਦੇ ਸਰੀਰ ਨੂੰ ਇਸ ਹੱਦ ਤੱਕ ਨਸ਼ੇ 'ਤੇ ਨਿਰਭਰ ਕਰ ਦਿੰਦੀ ਹੈ ਕਿ ਸ਼ਰਾਬ ਉਸ ਦੀ ਮੁੱਖ ਖ਼ੁਰਾਕ ਬਣ ਜਾਂਦੀ ਹੈ।

ਜਵਾਨੀ ਦੇ ਜੋਸ਼ ਵਿਚ ਭਾਵੇਂ ਅਜਿਹਾ ਵਿਅਕਤੀ ਮਹਿਸੂਸ ਨਾ ਕਰੇ ਪਰ ਹੌਲੀ-ਹੌਲੀ ਉਸ ਦਾਂ ਸਰੀਰ ਖੋਖਲਾ ਹੋਣ ਕਾਰਨ, ਸਮਾਜਿਕ ਰਿਸ਼ਤਿਆਂ ਪ੍ਰਤਿ ਉਸ ਦਾ ਸਤਿਕਾਰ ਅਤੇ ਮੋਹ ਘੱਟ ਜਾਂਦਾ ਹੈ।

ਅਜਿਹਾ ਸ਼ਰਾਬੀ ਉਨ੍ਹਾਂ ਵਿਅਕਤੀਆਂ ਪ੍ਰਤਿ ਅਵੇਸਲਾ ਹੋ ਜਾਂਦਾ ਹੈ ਜਿਹੜੇ ਉਸ ਦੀ ਆਦਤ-ਬਦਲੀ ਵਿਚ ਰੋਲ ਅਦਾ ਕਰ ਸਕਦੇ ਹਨ। ਨਤੀਜਾ ਇਹ ਹੁੰਦਾ ਹੈ

ਕਿ ਸ਼ਰਾਬੀ ਅਤੇ ਉਸ ਨਾਲ ਸਬੰਧਿਤ ਵਿਅਕਤੀਆਂ ਵਿਚਲਾ ਰਿਸ਼ਤਾ ਧੁੰਦਲਾ ਹੋਈ ਜਾਂਦਾ ਹੈ।

ਦੂਜੇ ਪਾਸੇ, ਅਜਿਹਾ ਸ਼ਰਾਬੀ ਆਪਣੀ ਹੀ ਆਦਤ ਵਾਲੇ ਦੂਜੇ ਲੋਕਾਂ ਨਾਲ ਰਿਸ਼ਤਾ ਗੰਢਦਾ ਹੈ। ਇਵੇਂ ਘਰ ਵਿਚਲਾ ਅਜਨਬੀਪਣ ਬਾਹਰੀ ਜਾਣ-ਪਛਾਣ ਵਿਚ ਪ੍ਰਗਟ ਹੁੰਦਾ ਹੈ ਅਤੇ ਹੌਲੀ-ਹੌਲੀ ਸ਼ਰਾਬੀ ਨੂੰ ਬਾਹਰਲੇ ਆਪਣੇ ਅਤੇ ਆਪਣੇ ਪਰਾਏ ਪ੍ਰਤੀਤ ਹੋਣ ਲੱਗ ਪੈਂਦੇ ਹਨ।

ਉਸ ਦੇ ਨਵੇਂ ਬਣੇ 'ਆਪਣੇ' ਉਸ ਨਾਲ ਹਰ 'ਮੁਸ਼ਕਿਲ' ਵਿਚ ਸਾਥ ਦਿੰਦੇ ਹਨ ਅਤੇ ਸ਼ਰਾਬ ਪੀਣ ਦੀ ਆਦਤ ਪੱਕਦੀ ਅਤੇ ਰੱਸਦੀ ਰਹਿੰਦੀ ਹੈ। ਅਜਿਹਾ ਵਿਅਕਤੀ ਘਰ ਆਉਣ ਤੋਂ ਡਰਨ ਅਤੇ ਬਾਹਰ ਜਾਣ ਲਈ ਤਾਂਘਣ ਲੱਗ ਪੈਂਦਾ ਹੈ।

ਭਾਵੇਂ ਕੋਈ ਵੀ ਖੇਤਰ ਹੋਵੇ, ਉਸ ਖੇਤਰ ਵਿਚ ਰੁੱਝੇ ਲੋਕ, ਇਕ-ਦੂਜੇ ਤੋਂ ਅੱਗੇ ਨਿਕਲਣ ਲਈ ਸਦਾ ਤੱਤਪਰ ਰਹਿੰਦੇ ਹਨ।

ਨਾ ਕੇਵਲ ਉਹ ਉਸ ਖੇਤਰ ਦਾ ਡੂੰਘਾ ਅਤੇ ਵਿਸ਼ਾਲ ਗਿਆਨ ਪ੍ਰਾਪਤ ਕਰਨਾ ਚਾਹੁੰਦੇ ਹਨ ਸਗੋਂ ਉਸ ਖੇਤਰ ਵਿਚ ਆਪਣੀ ਮਾਨਤਾ ਵੀ ਸਥਾਪਿਤ ਕਰਨੀ ਚਾਹੁੰਦੇ ਹਨ।

ਸ਼ਰਾਬੀ ਦਾ ਸਾਰਾ ਗਿਆਨ ਵੱਖ-ਵੱਖ ਸ਼ਰਾਬਾਂ ਅਤੇ ਸ਼ਰਾਬ ਪੀਣ ਵਾਲਿਆਂ ਬਾਰੇ ਹੁੰਦਾ ਹੈ ਅਤੇ ਉਹ ਆਪ ਸ਼ਰਾਬ ਪੀਣ ਦੇ ਪੱਖੋਂ ਚੈਂਪੀਅਨ ਬਣਨਾ ਚਾਹੁੰਦਾ ਹੈ।

ਸ਼ਰਾਬ, ਜੂਆ, ਸਮਗਲਿੰਗ ਅਤੇ ਅਜਿਹੇ ਸਾਰੇ ਵਰਤਾਰਿਆਂ ਵਿਚ ਇਸ ਗੱਲ ਦੀ ਸਾਂਝ ਹੈ ਕਿ ਇਨ੍ਹਾਂ ਵਿਚ ਨਤੀਜਾ ਝੱਟਪਟ ਸਾਹਮਣੇ ਆ ਜਾਂਦਾ ਹੈ, ਅਰਥਾਤ ਅਜਿਹੇ ਧੰਦਿਆਂ ਵਿਚ ਲਗੇ ਜਾਂ ਅਜਿਹੀਆਂ ਆਦਤਾਂ ਵਾਲੇ ਲੋਕ, ਉਨ੍ਹਾਂ ਕੰਮਾਂ ਤੋਂ ਉਪਰਾਮ ਹੋ ਜਾਂਦੇ ਹਨ, ਜਿਨ੍ਹਾਂ ਵਿਚ ਲੰਮੇ ਅਭਿਆਸ ਦੀ ਲੋੜ ਹੋਵੇ।

ਸ਼ਰਾਬੀ ਵਿਚ ਨਿਪੁੰਨ ਸ਼ਰਾਬੀ ਬਣਨ ਜਾਂ ਵਿਸ਼ੇਸ਼ੱਗ ਹੋਣ ਅਤੇ ਸ਼ਰਾਬ ਦੇ ਵੱਖ-ਵੱਖ ਸਾਧਨਾਂ, ਸੁਆਦਾਂ ਅਤੇ ਵਸੀਲਿਆਂ ਦਾ ਮਾਹਿਰ ਹੋਣ ਦੀ ਇੱਛਾ ਉਪਜਦੀ ਹੈ।

ਅਜਿਹਾ ਵਿਅਕਤੀ ਘਰ ਦੀਆਂ ਚੀਜ਼ਾਂ ਵੇਚ ਸਕਦਾ ਹੈ, ਕਿਸੇ ਦਾ ਕੁਟਾਪਾ ਕਰ ਸਕਦਾ ਹੈ ਪਰ ਸ਼ਰਤ ਇਹ ਹੈ ਕਿ ਆਮਦਨ ਤੁਰੰਤ ਹੋਣੀ ਚਾਹੀਦੀ ਹੈ ਅਤੇ ਜੇ ਦੇਰੀ ਹੋਵੇ ਵੀ ਤਾਂ ਇਤਨੀ ਕੁ ਹੀ ਜਿਤਨੀ ਸ਼ਰਾਬ ਪੀਣ ਅਤੇ ਨਸ਼ਾ ਚੜ੍ਹਨ ਵਿਚ ਹੁੰਦੀ ਹੈ।

ਅਜਿਹੇ ਵਿਅਕਤੀ ਵਿਚ ਨਾ ਕੇਵਲ ਉਪਰੋਕਤ ਤਬਦੀਲੀਆਂ ਆਉਂਦੀਆਂ ਹਨ ਸਗੋਂ ਉਸ ਦੀ ਸੋਚ ਦਾ ਪੈਮਾਨਾ ਬੋਤਲ, ਅਧੀਆ, ਪਊਆ ਜਾਂ ਵਲੈਤੀ ਜਾਂ ਦੇਸੀ, ਅਸਲੀ ਜਾਂ ਨਕਲੀ ਆਦਿ ਬਣ ਜਾਂਦੇ ਹਨ।

ਸ਼ਰਾਬੀ ਜਦੋਂ ਕਿਸੇ ਖ਼ੂਬਸੂਰਤ ਔਰਤ ਦੀ ਗੱਲ ਕਰੇਗਾ, ਤਾਂ ਇਵੇਂ ਕਹੇਗਾ, 'ਉਸ ਨੂੰ ਦੇਖ ਕੇ ਤਾਂ ਬੋਤਲ ਦਾ ਨਸ਼ਾ ਚੜ੍ਹਦੈ'। ਜੇ ਕਿਸੇ ਦੁਸ਼ਮਣ ਦੀ ਗੱਲ ਕਰੇਗਾ ਤਾਂ ਕਹੇਗਾ, 'ਉਸ ਅਧੀਏ ਦਾ ਕੀ ਹੈ!' ਜੇ ਕਿਸੇ ਛੋਟੀ ਗੱਡੀ ਦੀ ਗੱਲ ਕਰੇਗਾ ਤਾਂ ਕਹੇਗਾ 'ਪਊਆ ਜਾ ਰਿਹਾ ਹੈ' ਆਦਿ।

ਜਦੋਂ ਕਿਸੇ ਵਿਅਕਤੀ ਦੀ ਸੋਚ, ਆਦਤਾਂ, ਦ੍ਰਿਸ਼ਟੀਕੋਣ ਆਦਿ ਦਾ ਆਧਾਰ ਹੀ ਸ਼ਰਾਬ ਹੋ ਜਾਵੇ ਤਾਂ ਅਜਿਹੇ ਵਿਅਕਤੀ ਲਈ ਸ਼ਰਾਬ ਛੱਡਣਾ ਅਤੇ ਜੀਵਨ ਤਿਆਗਣਾ ਇਕ ਹੀ ਗੱਲ ਹੁੰਦੀ ਹੈ।

ਕੋਈ ਵੀ ਵਿਅਕਤੀ ਇਸ ਸੰਸਾਰ ਵਿਚ ਇਕੱਲਾ ਨਹੀਂ ਰਹਿ ਸਕਦਾ। ਹਰ ਇਕ ਵਿਅਕਤੀ ਦੇ ਭੈਣ-ਭਰਾ, ਦੋਸਤ, ਗਵਾਂਢੀ, ਰਿਸ਼ਤੇਦਾਰ ਆਦਿ ਹੁੰਦੇ ਹਨ।

ਦੋਸਤ ਸਾਡੀ ਆਪਣੀ ਚੋਣ ਹੁੰਦੇ ਹਨ ਜਦੋਂ ਕਿ ਰਿਸ਼ਤੇਦਾਰੀਆਂ ਸਾਡੇ ਜਨਮ ਨਾਲ ਹੀ ਸਾਡੇ ਉਤੇ ਠੋਸ ਦਿੱਤੀਆਂ ਜਾਂਦੀਆਂ ਹਨ।

ਦੋਸਤ ਉਸ ਨੂੰ ਕਹਿੰਦੇ ਹਨ ਜਿਸ ਦੀਆਂ ਆਦਤਾਂ, ਪਸੰਦਗੀਆਂ ਅਤੇ ਨਾ-ਪਸੰਦਗੀਆਂ ਸਾਡੇ ਜਿਹੀਆਂ ਹੋਣ।

ਸੁਭਾਵਕ ਹੀ ਸ਼ਰਾਬੀ ਦੇ ਦੋਸਤ ਅਕਸਰ ਸ਼ਰਾਬੀ ਹੀ ਹੁੰਦੇ ਹਨ। ਇਵੇਂ ਵੀ ਕਿਹਾ ਜਾ ਸਕਦਾ ਹੈ ਕਿ ਸ਼ਰਾਬੀ ਵਧੇਰੇ ਸੌਖਾ ਆਪਣੇ ਸ਼ਰਾਬੀ ਦੋਸਤਾਂ ਵਿਚ ਹੀ ਹੋਏਗਾ।

ਦੂਜੇ ਲੋਕਾਂ ਨਾਲ ਸ਼ਰਾਬੀ ਦਾ ਰਿਸ਼ਤਾ ਨਾ ਤਾਂ ਡੂੰਘਾ ਅਤੇ ਨਾ ਹੀ ਵਿਸ਼ਾਲ ਹੋਵੇਗਾ। ਅਜਿਹੀ ਸਥਿਤੀ ਵਿਚ ਸ਼ਰਾਬੀ ਜੇ ਸ਼ਰਾਬ ਛੱਡਣੀ ਵੀ ਚਾਹੇ ਤਾਂ ਉਸ ਦੇ ਦੋਸਤ ਇਸ ਆਦਤ ਨੂੰ ਨਹੀਂ ਛੱਡਣ ਦੇਣਗੇ ਅਤੇ ਅਜਿਹੀ ਸਥਿਤੀ ਵਿਚ ਸ਼ਰਾਬੀ ਆਪ ਹੀ ਸੋਚਦਾ ਹੈ, 'ਉਹ ਕੀ ਕਹਿਣਗੇ, ਧੋਖਾ ਦੇ ਗਿਐ। ਕਹਿਣਗੇ ਕਿ ਸਾਡੇ ਤੋਂ ਪੀਂਦਾ ਰਿਹਾ ਹੈ ਅਤੇ ਹੁਣ ਪਿਲਾਉਣ ਦੀ ਵਾਰੀ ਆਈ ਹੈ ਤਾਂ ਕਹਿੰਦੈ, ਮੈਂ ਛੱਡ ਦਿੱਤੀ ਹੈ' ਆਦਿ।

ਜੇਕਰ ਸ਼ਰਾਬੀ ਆਪਣੀਆਂ ਆਦਤਾਂ ਨੂੰ ਛੱਡਦਾ ਹੈ ਤਾਂ ਉਸ ਨੂੰ ਆਪਣੇ ਨਿਤ-ਦਿਨ ਦੇ ਰੁਝੇਵੇਂ ਅਤੇ ਸੰਗੀ-ਸਾਥੀ ਅਤੇ ਦੋਸਤ ਵੀ ਛੱਡਣੇ ਪੈਂਦੇ ਹਨ।

ਅਸੁਰੱਖਿਆ ਦੀ ਭਾਵਨਾ ਉਸ ਨੂੰ ਦੋਵੇਂ ਚੀਜ਼ਾਂ ਛੱਡਣ ਤੋਂ ਰੋਕਦੀ ਹੈ।

ਨਵੀਆਂ ਦੋਸਤੀਆ ਪੈ ਨਹੀਂ ਸਕਦੀਆਂ, ਸਭ ਲੋਕ ਸ਼ਰਾਬੀ ਦੇ ਸੁਭਾਅ ਨੂੰ ਜਾਣਦੇ ਹਨ, ਉਸ ਦਾ ਸਾਧਾਰਣ ਵਿਅਕਤੀਆਂ ਨਾਲ ਤਾਲਮੇਲ ਟੁੱਟਦਾ ਟੁੱਟਦਾ ਟੁੱਟ ਗਿਆ ਹੁੰਦਾ ਹੈ, ਵਾਪਸ ਆਉਣਾ ਸੰਭਵ ਨਹੀਂ ਹੁੰਦਾ ਅਤੇ ਆਦਤ ਨੂੰ ਬਣਾਈ ਰੱਖਣਾ ਕੋਈ ਔਖਾ ਨਹੀਂ ਹੁੰਦਾ। ਇਸ ਲਈ ਸ਼ਰਾਬੀ ਸੁਰੱਖਿਅਤ ਖ਼ੇਤਰ ਨੂੰ ਛੱਡ ਕੇ ਅਸੁਰੱਖਿਅਤ ਖੇਤਰ ਵਿਚ ਵਿਚਰਨਾ ਨਹੀਂ ਚਾਹੁੰਦਾ, ਸੋ ਉਹ ਕਈ ਵਾਰੀ ਕੋਸ਼ਿਸ਼ ਕਰਨ ਦੇ ਬਾਵਜੂਦ ਜਦੋਂ ਆਪਣੇ ਇਰਾਦੇ ਵਿਚ ਸਫ਼ਲ ਨਹੀਂ ਹੁੰਦਾ ਤਾਂ ਉਹ, ਉਹ ਕੁਝ ਕਰਨਾ ਹੀ ਛੱਡ ਦਿੰਦਾ ਹੈ, ਜਿਸ ਵਿਚ ਉਹ ਸਫ਼ਲ ਨਹੀਂ ਹੋ ਸਕਦਾ।

ਸ਼ਰਾਬੀ ਅੱਗੇ ਤਾਂ ਜਾ ਸਕਦਾ ਹੈ, ਵਾਪਸ ਨਹੀਂ ਮੁੜ ਸਕਦਾ।

-ਬਹੁਤੇ ਸ਼ਰਾਬੀ ਵਧੇਰੇ ਕੰਮ ਕਰਨ ਕਰਕੇ ਸ਼ਰਾਬ ਨਹੀਂ ਪੀਂਦੇ, ਸਗੋਂ ਸ਼ਰਾਬ ਪੀਣ ਲਈ ਵਧੇਰੇ ਕੰਮ ਕਰਦੇ ਹਨ। ਅਜਿਹੇ ਵਿਅਕਤੀ ਕਿਸੇ ਨਿਰਾਸਤਾ ਦਾ ਸ਼ਿਕਾਰ ਹੁੰਦੇ ਹਨ, ਜਿਵੇਂ ਸੰਤਾਨ ਨਾ ਹੋਣਾ, ਪਤਨੀ ਜਾਂ ਸਹੁਰਿਆਂ ਨਾਲ ਅਣਬਣ, ਕੰਮ ਤੋਂ ਅਸੰਤੁਸ਼ਟੀ ਆਦਿ ਕੁਝ ਉਦਾਹਰਣਾਂ ਹਨ।

ਸ਼ਰਾਬੀ, ਸਰੀਰਕ ਅਤੇ ਮਾਨਸਿਕ ਪੱਖੋਂ ਹੌਲੀ-ਹੌਲੀ ਇਸ ਹੱਦ ਤੱਕ ਨਿਰਬਲ ਹੋ ਜਾਂਦਾ ਹੈ ਕਿ ਉਹ ਆਪਣੇ ਹੀ ਕੀਤੇ ਫੈਸਲਿਆਂ ਨੂੰ ਲਾਗੂ ਕਰਨ ਦੀ ਹਿੰਮਤ ਨਹੀਂ ਰੱਖਦਾ।

ਸ਼ਰਾਬ ਦੇ ਨਿੱਤ ਮਹਿੰਗੀ ਹੋਣ ਅਤੇ ਮਿਲਾਵਟ ਆਦਿ ਤੋਂ ਸ਼ਰਾਬੀ ਪੀੜਤ ਹੁੰਦਾ ਹੈ ਪਰ ਮਜਬੂਰੀ ਦੀ ਹਾਲਤ ਵਿਚ ਉਹ ਸ਼ਰਾਬ ਦੀ ਮਿਕਦਾਰ ਘਟਾਉਣ ਤੋਂ ਅਸਮਰਥ ਹੋਣ ਕਾਰਨ, ਸ਼ਰਾਬ ਦਾ ਦਰਜਾ ਨੀਵਾਂ ਕਰ ਲੈਂਦਾ ਹੈ ਪਰ ਮਾਤਰਾ ਵਧਾ ਲੈਂਦਾ ਹੈ।

ਸ਼ਰਾਬੀ ਲਈ ਗੁਜ਼ਾਰੇ ਦੇ ਅਰਥ ਸ਼ਰਾਬ ਨਾਲ ਜੁੜ ਜਾਂਦੇ ਹਨ। ਉਹ ਉਨ੍ਹਾਂ ਠੇਕਿਆਂ ਦੀ ਭਾਲ ਕਰਦਾ ਹੈ, ਜਿੱਥੇ ਸ਼ਰਾਬ ਸੱਸਤੀ ਮਿਲਦੀ ਹੋਵੇ ਜਾਂ ਦੋ ਸ਼ਰਾਬੀ ਪੂਰੀ ਬੋਤਲ ਖਰੀਦ ਕੇ ਉਸ ਦਾ ਅੱਧ-ਅੱਧ ਕਰਕੇ ਕੁਝ ਪੈਸੇ ਬਚਾ ਲੈਂਦੇ ਹਨ।

ਅਜਿਹੇ ਸ਼ਰਾਬੀ ਉਨ੍ਹਾਂ ਲੋਕਾਂ ਨੂੰ ਮਿਲਣਾ ਹੀ ਬੰਦ ਕਰ ਦਿੰਦੇ ਹਨ, ਜਿਹੜੇ ਉਨ੍ਹਾਂ ਨੂੰ ਸ਼ਰਾਬ ਛੱਡਣ ਦੀ ਮੱਤ ਦੇਣ। ਇਵੇਂ ਸ਼ਰਾਬੀ ਆਪਣੇ ਆਪ ਵਿਚ ਸੁੰਗੜ ਜਾਂਦਾ ਹੈ ਅਤੇ ਕੱਪੜੇ, ਜੁੱਤੇ, ਆਦਿ ਸੱਸਤੇ ਪਾ ਕੇ ਉਸ ਵਿਚ ਗੁਜ਼ਾਰਾ ਕਰਨ ਦੀ ਪ੍ਰਵਿਰਤੀ ਜਾਗਦੀ ਹੈ ਅਤੇ ਸ਼ਰਾਬ ਪੀਣ ਦੀ ਮਜਬੂਰੀ ਕਾਰਨ ਉਹ ਜੀਵਨ ਦੀਆਂ ਉੱਚੀਆਂ ਅਤੇ ਨਰੋਈਆਂ ਕਦਰਾਂ-ਕੀਮਤਾਂ ਵੱਲ ਪਿੱਠ ਕਰ ਲੈਂਦਾ ਹੈ।

ਜੇ ਸ਼ਰਾਬੀ ਗ੍ਰਹਿਸਤੀ ਹੈ ਤਾਂ ਪਤਨੀ ਦੀ ਮਾਰਕੁੱਟ, ਬੱਚਿਆਂ ਦਾ ਕੁਟਾਪਾ, ਗੁਆਂਢੀਆਂ ਨਾਲ ਲੜਾਈ, ਮਾਲਕ ਮਕਾਨ ਨਾਲ ਝਗੜਾ, ਪੈਸੇ ਉਧਾਰੇ ਲੈ ਕੇ ਵਾਪਸ ਨਾ ਦੇਣੇ ਅਤੇ ਦੁਕਾਨਦਾਰ ਤੋਂ ਹਰ ਚੀਜ਼ ਉਧਾਰ ਲੈਣ ਦੀਆਂ ਅਲਾਮਤਾਂ ਨਿਤ-ਦਿਨ ਸਾਹਮਣੇ ਆਉਂਦੀਆਂ ਹਨ।

ਇਸ ਸਥਿਤੀ ਵਿਚ ਸ਼ਰਾਬੀ ਦੀ ਸ਼ਰਾਬ ਛੁਡਾਉਣ ਦਾ ਹਰ ਯਤਨ ਅਸਫਲ ਹੁੰਦਾ ਹੈ। ਸ਼ਰਾਬ ਪੀਣ ਨਾਲ ਵਿਅਕਤੀ ਵਿਚ ਕੰਮ ਕਰਨ ਦੀ ਸਮਰੱਥਾ ਘੱਟਦੀ ਹੈ ਅਤੇ ਨਤੀਜੇ ਵੱਜੋਂ ਬਹਾਨੇ ਲਾਉਣ, ਝੂਠ ਬੋਲਣ ਅਰਥਾਤ ਜ਼ਿੰਦਗੀ ਨਾਲ ਲੁਕਣਮੀਚੀ ਖੇਡਣ ਅਤੇ ਕੰਮ ਤੋਂ ਭਗੌੜਾ ਹੋਣ ਦੀ ਆਦਤ ਪਲਦੀ ਹੈ।

ਅਜਿਹੇ ਵਿਅਕਤੀਆਂ ਦੇ ਬੱਚੇ ਬੜੀਆਂ ਕਠਿਨਾਈਆਂ ਦਾ ਸਾਹਮਣਾ ਕਰਦੇ ਹਨ ਅਤੇ ਉਨ੍ਹਾਂ ਵਿਚ ਆਪਣੀ ਸਮਰੱਥਾ ਅਨੁਸਾਰ ਆਪਣੇ ਸਬੰਧੀ ਫੈਸਲੇ ਆਪ ਕਰਨ ਅਤੇ ਕੁਰਾਹੇ ਪੈ ਜਾਣ ਦੀ ਪ੍ਰਵਿਰਤੀ ਪੈਦਾ ਹੁੰਦੀ ਹੈ।

ਅਜਿਹੇ ਵਿਅਕਤੀਆਂ ਦੀਆਂ ਧੀਆਂ ਘਰ ਵਿਚਲੀ ਖਾਣ-ਹੰਢਾਉਣ ਦੀ ਘਾਟ ਨੂੰ ਬਾਹਰੋਂ ਪੂਰਾ ਕਰਨ ਦਾ ਯਤਨ ਕਰਦੀਆਂ ਹਨ ਅਤੇ ਇਵੇਂ ਸ਼ਰਾਬੀ ਦੀਆਂ ਧੀਆਂ ਅਤੇ ਪੁੱਤਰ ਬੜੀ ਛੋਟੀ ਉਮਰ ਵਿਚ ਖੁਦਮੁਖਤਾਰ ਹੋ ਜਾਂਦੇ ਹਨ।

ਅਜਿਹੇ ਵਿਅਕਤੀ ਦੀ ਪਤਨੀ ਨਾ ਸੁਹਾਗਣ ਹੁੰਦੀ ਹੈ ਅਤੇ ਨਾ ਵਿਧਵਾ।

ਅਜਿਹੀ ਪਤਨੀ ਦੀ ਗੱਲਬਾਤ ਅਤੇ ਵਿਵਹਾਰ ਪੁਰਸ਼ਾਂ ਵਾਲਾ ਹੋ ਜਾਂਦਾ ਹੈ ਅਤੇ ਉਹ ਆਪਣੇ ਬੱਚਿਆਂ ਨੂੰ ਪਤੀ ਵਿਰੁੱਧ ਜੱਥੇਬੰਦ ਕਰਕੇ ਦਿਨ-ਕੱਟੀ ਕਰਦੀ ਹੈ।

ਸ਼ਰਾਬੀ ਲਈ ਸ਼ਾਮ ਗੁਜ਼ਾਰਨਾ ਹੀ ਸਭ ਤੋਂ ਵੱਡਾ ਸੰਕਟ ਹੁੰਦਾ ਹੈ।

ਉਧਾਰ ਲੈ ਕੇ ਜਾਂ ਕਿਸੇ ਦੀ ਮਿੰਨਤ ਕਰਕੇ, ਕੋਈ ਚੀਜ਼ ਗਿਰਵੀ ਰੱਖ ਕੇ ਜਾਂ ਕਿਸੇ ਹੋਰ ਬਹਾਨੇ ਨਾਲ, ਕਿਵੇਂ ਨਾ ਕਿਵੇਂ ਪੀਣ ਵਾਲਿਆਂ ਦੀ ਢਾਣੀ ਜੁੜ ਹੀ ਬੈਠਦੀ ਹੈ।

ਇਵੇਂ ਵੀ ਕਿਹਾ ਜਾ ਸਕਦਾ ਹੈ ਕਿ ਸ਼ਰਾਬੀ ਦਾ ਸੂਰਜ ਚੜ੍ਹਦਾ ਹੀ ਸ਼ਾਮ ਨੂੰ ਹੈ। ਸ਼ਰਾਬੀ ਦੀ ਸਥਿਤੀ ਉਸ ਸਮੇਂ ਬੜੀ ਤਰਸਯੋਗ ਹੁੰਦੀ ਹੈ ਜਦੋਂ ਸ਼ਰਾਬ ਤਾਂ ਉਸ ਕੋਲ ਹੋਵੇ, ਪਰ ਪੀਣ ਦੀ ਕੋਈ ਢੁੱਕਵੀਂ ਥਾਂ ਨਾ ਹੋਵੇ। ਅਜਿਹੀ ਸਥਿਤੀ ਵਿਚ ਉਹ ਨੀਵੇਂ ਵਿਹਾਰ ਦੀਆਂ ਨਵੀਆਂ ਉਦਾਹਰਣਾਂ ਸਿਰਜਦਾ ਹੈ।

ਸ਼ਰਾਬੀ ਦੀ ਰੁਚੀ ਕੰਮ-ਕਾਜ ਜਾਂ ਆਲੇ-ਦੁਆਲੇ ਵਿਚ ਇਸ ਹੱਦ ਤੱਕ ਘੱਟ ਜਾਂਦੀ ਹੈ ਕਿ ਉਹ ਹਰ ਸਮੇਂ ਵਿਹਲਾ ਪਰ ਅੰਤਾਂ ਦਾ ਥੱਕਿਆ ਹੋਇਆ ਵਿਖਾਈ ਦਿੰਦਾ ਹੈ। ਵੇਖਿਆ ਗਿਆ ਹੈ ਕਿ ਹਰ ਆਦਤਨ ਸ਼ਰਾਬੀ ਆਪਣੇ ਆਪ ਨੂੰ, ਆਪਣੇ ਸੰਗੀਆਂ ਸਾਥੀਆਂ ਨੂੰ, ਆਪਣੇ ਆਲੇ-ਦੁਆਲੇ ਨੂੰ ਕੋਸਦਾ ਅਤੇ ਭੰਡਦਾ ਹੈ ਪਰ ਇਸ ਦੇ ਬਾਵਜੂਦ ਉਹ ਅਜਿਹੇ ਖੇਤਰ ਨੂੰ ਛੱਡਣ ਲਈ ਆਪਣੇ ਆਪ ਨੂੰ ਤਿਆਰ ਨਹੀਂ ਕਰ ਸਕਦਾ।

ਸ਼ਰਾਬੀ ਆਪਣੇ ਆਪ ਨੂੰ ਵੀ ਨਫ਼ਰਤ ਕਰਦਾ ਹੈ।

ਸ਼ਰਾਬੀ ਨੂੰ ਜਦੋਂ ਕਈ ਬੀਮਾਰੀਆਂ ਲੱਗ ਜਾਂਦੀਆਂ ਹਨ ਤਾਂ ਵੀ ਉਹ ਮੰਨਣ ਲਈ ਤਿਆਰ ਨਹੀਂ ਹੁੰਦਾ ਕਿ ਉਸ ਦੀਆਂ ਬੀਮਾਰੀਆਂ ਦਾ ਕਾਰਨ ਸ਼ਰਾਬ ਹੈ, ਸਗੋਂ ਉਹ ਇਹ ਕਹਿਣ ਲੱਗ ਪੈਂਦਾ ਹੈ ਕਿ ਉਸ ਦੀਆਂ ਸਾਰੀਆਂ ਬੀਮਾਰੀਆਂ ਦਾ ਇਲਾਜ ਸ਼ਰਾਬ ਹੈ।

ਜਿਹੜਾ ਸ਼ਰਾਬੀ ਆਪਣੇ ਬੱਚਿਆਂ ਦੀ ਯਤੀਮਾਂ ਵਾਲੀ ਅਤੇ ਆਪਣੀ ਪਤਨੀ ਦੀ ਵਿਧਵਾ ਵਰਗੀ ਹਾਲਤ ਵੇਖ ਕੇ ਸ਼ਰਾਬ ਛੱਡਣ ਲਈ ਤਿਆਰ ਨਹੀਂ ਹੁੰਦਾ, ਉਸ ਤੋਂ ਦੁਨੀਆਂ ਦਾ ਕੋਈ ਵੀ ਵਿਅਕਤੀ ਸ਼ਰਾਬ ਨਹੀਂ ਛੁੱਡਵਾ ਸਕਦਾ।

ਅਜਿਹੇ ਬੰਦੇ ਮਰ ਤਾਂ ਪਹਿਲਾਂ ਹੀ ਜਾਂਦੇ ਹਨ ਪਰ ਉਨ੍ਹਾਂ ਦਾ ਸੰਸਕਾਰ ਕਰਨ ਵਿਚ ਕਈ ਵਰ੍ਹੇ ਲਗ ਜਾਂਦੇ ਹਨ।

ਸ਼ਰਾਬੀ ਦੇ ਜਿਊਂਦੇ ਹੋਣ ਦਾ ਕਿਸੇ ਨੂੰ ਕੋਈ ਸੁੱਖ ਨਹੀਂ ਹੁੰਦਾ, ਇਸ ਲਈ ਉਸ ਦੇ ਮਰਨ 'ਤੇ ਕੋਈ ਦੁੱਖ ਨਹੀਂ ਮਨਾਉਂਦਾ।

# ਜੰਗ

ਜੇ ਵਿਸ਼ਾਲ ਦ੍ਰਿਸ਼ਟੀ ਨਾਲ ਵੇਖਿਆ ਜਾਵੇ ਤਾਂ ਸਮੁੱਚਾ ਮਨੁੱਖੀ ਇਤਿਹਾਸ ਲੜਾਈਆਂ ਅਤੇ ਜੰਗਾਂ ਦੀ ਹੀ ਲੰਮੀ ਕਹਾਣੀ ਹੈ। ਜੰਗ ਅਤੇ ਅਮਨ ਇਕ ਦੂਜੇ ਦੀ ਥਾਂ ਲੈਂਦੇ ਰਹੇ ਹਨ।

ਜਿਵੇਂ ਕੋਈ ਵੀ ਇਕ ਮੌਸਮ ਸਾਡੇ ਵਿਚ ਅਗਲੇ ਮੌਸਮ ਲਈ ਇੱਛਾ ਅਤੇ ਉਡੀਕ ਪੈਦਾ ਕਰਦਾ ਹੈ, ਉਵੇਂ ਹੀ ਲੰਮੇ ਅਮਨ ਭਰੇ ਸਮੇਂ ਵਿਚ ਮਨੁੱਖ ਜੰਗ ਲਈ ਤਾਂਘਦਾ ਰਿਹਾ ਹੈ ਅਤੇ ਜੰਗ ਦੇ ਸਮੇਂ ਉਸ ਦੇ ਮਨ ਵਿਚ ਅਮਨ-ਸ਼ਾਂਤੀ ਲਈ ਉਡੀਕ ਅਤੇ ਅਭਿਲਾਸ਼ਾ ਉਪਜਦੀ ਰਹੀ ਹੈ।

ਕੁਦਰਤ ਨੇ ਜੋ ਕੁਝ ਵੀ ਪੈਦਾ ਕੀਤਾ ਹੈ, ਉਸ ਦਾ ਵਿਰੋਧ ਵੀ ਨਾਲ ਹੀ ਉਪਜਾਇਆ ਹੈ। ਦਿਨ-ਰਾਤ, ਗਰਮੀ-ਸਰਦੀ, ਮਰਦ-ਔਰਤ, ਜੀਵਨ-ਮੌਤ, ਠੰਢ-ਗਰਮੀ, ਮੂਰਖ-ਸਿਆਣਾ ਆਦਿ ਅਜਿਹੇ ਜੁੱਟ ਹਨ ਜਿਹੜੇ ਮਨੁੱਖੀ ਅਨੁਭਵ ਦਾ ਆਧਾਰ ਹਨ।

ਪ੍ਰਕ੍ਰਿਤੀ ਜਿਸ ਚੀਜ਼ ਦਾ ਵਿਰੋਧ ਨਹੀਂ ਉਸਾਰ ਸਕੀ, ਉਹ ਚੀਜ਼ ਜਿਊਂਦੀ ਨਹੀਂ ਰਹੀ। ਵਿਰੋਧ ਪ੍ਰਕ੍ਰਿਤੀ ਦਾ ਨੇਮ ਹੈ ਅਤੇ ਇਹੀ ਨੇਮ ਸਾਰੇ ਬ੍ਰਹਿਮੰਡ ਦੇ ਵਿਕਾਸ ਦਾ ਧੁਰਾ ਹੈ। ਇਵੇਂ ਜੰਗ ਅਤੇ ਅਮਨ ਦੋ ਸਥਿਤੀਆਂ ਹਨ ਅਤੇ ਇਕ ਦੂਜੇ ਦੇ ਅਰਥ ਨਿਰਧਾਰਤ ਕਰਨ ਲਈ ਇਨ੍ਹਾਂ ਦੋਹਾਂ ਸੰਕਲਪਾਂ ਦੀ ਸਮਝ ਜ਼ਰੂਰੀ ਹੈ।

ਅਮਨ ਦੇ ਅਰਥ ਜੰਗ ਦੇ ਸੰਦਰਭ ਵਿਚ ਹੀ ਉਜਾਗਰ ਹੁੰਦੇ ਹਨ।

ਜਿੱਥੇ ਕਦੇ ਜੰਗ ਨਹੀਂ ਹੁੰਦੀ, ਉੱਥੇ ਲੋਕਾਂ ਦਾ ਜੀਵਨ ਢਿੱਲਾ, ਸੁੱਸਤ ਅਤੇ ਵਹਿਮਾਂ-ਭਰਮਾਂ ਵਿਚ ਗ੍ਰਸਿਆ ਹੋਇਆ ਹੁੰਦਾ ਹੈ।

ਨਾ ਅਜਿਹੇ ਲੋਕਾਂ ਦੀ ਬੋਲਚਾਲ ਵਿਚ ਕੋਈ ਜਾਨ ਹੁੰਦੀ ਹੈ, ਨਾ ਹੀ ਇਨ੍ਹਾਂ ਦੇ ਸਾਹਿਤ ਵਿਚ ਉਚੇਰੇ ਆਦਰਸ਼ ਉਸਰੇ ਹੋਏ ਮਿਲਦੇ ਹਨ।

ਜਿੱਥੇ ਜੰਗ ਨਹੀਂ ਹੋਈ, ਉਨ੍ਹਾਂ ਲੋਕਾਂ ਦੇ ਮਨਪ੍ਰਚਾਵੇ ਦੇ ਸਾਧਨ ਬੀਮਾਰ ਜਿਹੇ ਅਤੇ ਨਾਚ ਥੱਕੇ-ਥੱਕੇ ਹੁੰਦੇ ਹਨ। ਦੁਨੀਆਂ ਵਿਚ ਤਰੱਕੀ ਉਨ੍ਹਾਂ ਦੇਸ਼ਾਂ ਨੇ ਕੀਤੀ ਹੈ ਜਿਹੜੇ ਲੜਦੇ ਰਹੇ ਹਨ, ਜੰਗਾਂ-ਯੁੱਧਾਂ ਵਿਚ ਰੁੱਝੇ ਰਹੇ ਹਨ, ਅਰਥਾਤ ਡੂੰਘੇ ਅਨੁਭਵ ਨੂੰ ਪ੍ਰਾਪਤ ਕਰਦੇ ਰਹੇ ਹਨ। ਬਹਾਦਰੀ, ਜ਼ਿੰਦਾਦਿਲੀ, ਕੁਰਬਾਨੀ, ਸ਼ਹੀਦੀ, ਪਿਆਰ, ਮੁਹੱਬਤ ਆਦਿ ਦੇ ਅਰਥ ਜੰਗ-ਯੁੱਧ ਦੇ ਸੰਦਰਭ ਵਿਚ ਹੀ ਸਮਝੇ ਜਾ ਸਕਦੇ ਹਨ।

ਮਨੁੱਖ ਦੀ ਅਸਲ ਯੋਗਤਾ ਸੰਕਟ ਵਿਚ ਹੀ ਪਛਾਣੀ ਜਾਂਦੀ ਹੈ।

ਪੰਜਾਬੀ ਇਸ ਲਈ ਅਗਾਂਹਵਧੂ ਅਤੇ ਦਿਲ-ਜਿਗਰੇ ਵਾਲੇ ਸਮਝੇ ਜਾਂਦੇ ਹਨ, ਕਿਉਂਕਿ ਇਨ੍ਹਾਂ ਨੂੰ ਜੰਗਾਂ-ਯੁੱਧਾਂ ਦਾ ਲੰਮਾ ਅਨੁਭਵ ਪ੍ਰਾਪਤ ਹੈ।

ਪੰਜਾਬੀ ਜਦੋਂ ਬਹੁਤ ਸ਼ਾਂਤ ਵਾਤਾਵਰਨ ਵਿਚ ਵਿਚਰਦਾ ਹੈ ਤਾਂ ਜਲਦੀ ਹੀ ਅੱਕ-ਥੱਕ ਜਾਂਦਾ ਹੈ, ਕਿਉਂਕਿ ਆਲਾ-ਦੁਆਲਾ ਉਸ ਦੀ ਜੀਵਨ-ਜਾਚ ਅਤੇ ਉਸ ਦੀਆਂ ਭਾਵਨਾਵਾਂ ਅਨੁਸਾਰ ਨਹੀਂ ਧੜਕਦਾ।

ਸ਼ਾਂਤੀ ਵਿਚ ਆਮ ਕਰਕੇ ਉਪਜ ਵੱਧਦੀ ਹੈ, ਵਧੀ ਹੋਈ ਉਪਜ ਹੰਕਾਰ ਅਤੇ ਹਉਮੈ ਪੈਦਾ ਕਰਦੀ ਹੈ, ਹੰਕਾਰ ਅਤੇ ਹਉਮੈ ਤੋਂ ਲੜਾਈ ਉਪਜਦੀ ਹੈ, ਬਹੁਤ ਸਾਰੀਆਂ ਲੜਾਈਆਂ ਜੁੜ ਕੇ ਜੰਗ ਦਾ ਰੂਪ ਧਾਰਦੀਆਂ ਹਨ।

ਜੰਗ ਵਿਚ ਤਬਾਹੀ ਹੁੰਦੀ ਹੈ, ਤਬਾਹੀ ਨਾਲ ਗਰੀਬੀ ਪਸਰਦੀ ਹੈ, ਗਰੀਬੀ ਨਾਲ ਸਾਡੇ ਵਿਚ ਸੋਚਣ ਦਾ ਸਬਰ ਵੱਧਦਾ ਹੈ, ਅਕਲ ਆਉਂਦੀ ਹੈ, ਇਹ ਸਬਰ ਅਤੇ ਅਕਲ ਦੋਵੇਂ ਧਿਰਾਂ ਨੂੰ ਇਕੱਠਿਆਂ ਕਰਦੀਆਂ ਹਨ ਅਤੇ ਸ਼ਾਂਤੀ ਸਥਾਪਤ ਹੋ ਜਾਂਦੀ ਹੈ।

ਇਵੇਂ ਸ਼ਾਂਤੀ ਵਿਚੋਂ ਜੰਗ ਅਤੇ ਜੰਗ ਵਿਚੋਂ ਸ਼ਾਂਤੀ ਉਪਜਦੀ ਰਹਿੰਦੀ ਹੈ।

ਸ਼ਾਂਤੀ ਅਤੇ ਜੰਗ ਵੱਖ-ਵੱਖ ਪ੍ਰਕਾਰ ਦੀ ਸ਼ਬਦਾਵਲੀ, ਕਾਢਾਂ, ਜੁਗਤਾਂ ਅਤੇ ਸਾਹਿਤ ਸਿਰਜਣ ਵਿਚ ਸਹਾਈ ਹੁੰਦੇ ਹਨ।

ਸ਼ਾਂਤੀ ਅਤੇ ਜੰਗ ਸਾਡੇ ਅਨੁਭਵ ਦਾ ਸਿਰ-ਪੈਰ ਉਲਟਾ ਦਿੰਦੇ ਹਨ।

ਉਦਾਹਰਣ ਵਜੋਂ ਸ਼ਾਂਤੀ ਸਮੇਂ ਪੁੱਤਰ, ਪਿਓ ਨੂੰ ਦਫ਼ਨਾਉਂਦਾ ਹੈ ਪਰ ਜੰਗ ਸਮੇਂ ਪਿਓ ਪੁੱਤਰਾਂ ਨੂੰ ਦਫ਼ਨਾਉਂਦੇ ਹਨ। ਅਮਨ ਵਿਚ ਇਕ ਵਿਅਕਤੀ ਨੂੰ ਮਾਰਨ ਦੀ ਸਜ਼ਾ ਫਾਂਸੀ ਹੁੰਦੀ ਹੈ ਜਦੋਂ ਕਿ ਜੰਗ ਵਿਚ ਜਿੰਨੇ ਵੱਧ ਕਤਲ ਕਰੋ ਉਤਨਾ ਵੱਡਾ ਇਨਾਮ ਮਿਲਦਾ ਹੈ। ਜੰਗ ਵਿਚ ਮਿਲਾਪ ਨਹੀਂ, ਵਿਛੋੜਾ ਹੀ ਹੁੰਦਾ ਹੈ, ਜੰਗ ਜੋੜਦੀ ਨਹੀਂ ਨਿਖੇੜਦੀ ਹੀ ਹੈ।

ਕਿਹਾ ਜਾਂਦਾ ਹੈ ਕਿ ਜੰਗ ਜਾਂ ਲੜਾਈ ਸ਼ੁਰੂ ਕਰਨੀ ਸੌਖੀ ਹੁੰਦੀ ਹੈ ਪਰ ਇਸ ਨੂੰ ਮੁਕਾਉਣਾ ਬੜਾ ਕਠਿਨ ਹੈ, ਕਿਉਂਕਿ ਸ਼ੁਰੂਆਤ ਅਤੇ ਅੰਤ ਇਕ ਹੀ ਧਿਰ ਦੇ ਵੱਸ ਦੀਆਂ ਗੱਲਾਂ ਨਹੀਂ ਰਹਿੰਦੀਆਂ। ਕੋਈ ਵੀ ਮੂਰਖ ਲੜਾਈ ਸ਼ੁਰੂ ਕਰ ਸਕਦਾ ਹੈ ਪਰ ਇਹ ਖਤਮ ਜੇਤੂ ਦੀਆਂ ਸ਼ਰਤਾਂ ਉਤੇ ਹੀ ਹੋਵੇਗੀ ਅਤੇ ਉਦੋਂ ਹੀ ਖਤਮ ਹੋਵੇਗੀ ਜਦੋਂ ਜਿੱਤ-ਹਾਰ ਦਾ ਸਪਸ਼ਟ ਨਿਰਣਾ ਹੋ ਜਾਵੇਗਾ।

ਜੰਗ ਜੋਸ਼, ਉਤਸ਼ਾਹ, ਫੁਰਤੀ, ਹਿੰਮਤ, ਹੌਂਸਲੇ ਆਦਿ ਨੂੰ ਪਰਖਣ ਦਾ ਸਰਬ-ਵਿਆਪੀ ਢੰਗ ਹੈ। ਨੈਪੋਲੀਅਨ ਦੇ ਸ਼ਬਦਾਂ ਵਿਚ ਫੌਜੀ ਦਾ ਪਹਿਲਾ ਗੁਣ ਥਕਾਵਟ ਬਰਦਾਸ਼ਤ ਕਰਨਾ ਹੁੰਦਾ ਹੈ, ਬਹਾਦਰੀ ਦਾ ਦਰਜਾ ਦੂਜੀ ਥਾਂ ਹੈ।

ਵਿਗਿਆਨ ਦੀਆਂ ਲਗਭਗ ਸਾਰੀਆਂ ਕਾਢਾਂ ਜੰਗ ਵਿਚ ਫੌਜਾਂ ਦੀ ਕਾਰਜ-ਕੁਸ਼ਲਤਾ ਵਧਾਉਣ ਦੇ ਸੰਦਰਭ ਵਿਚ ਹੀ ਸੰਭਵ ਹੋਈਆਂ ਹਨ।

ਜੰਗ ਨੇ ਵਿਗਿਆਨ ਨੂੰ ਅਤੇ ਵਿਗਿਆਨ ਨੇ ਜੰਗ ਨੂੰ ਪ੍ਰਫੁਲਤ ਕੀਤਾ ਹੈ।

ਜੰਗ ਸਮੇਂ ਸਾਰੀ ਕੌਮ ਆਪਣੇ ਪੂਰੇ ਸਰੀਰਕ ਅਤੇ ਮਾਨਸਿਕ ਬਲ ਨਾਲ ਜੂਝਦੀ ਹੈ ਅਤੇ ਅਨੁਭਵ ਦੀਆਂ ਨਵੀਆਂ ਸਿਖਰਾਂ ਨੂੰ ਛੋਂਹਦੀ ਹੈ। ਅਨੁਭਵ ਦੀਆਂ ਇਹ ਨਵੀਆਂ ਸਿਖਰਾਂ ਸ਼ਾਂਤੀ ਸਮੇਂ ਹੰਢਾਈਆਂ ਜਾਂਦੀਆਂ ਹਨ।

ਜਦੋਂ ਸ਼ਾਂਤੀ ਦੇ ਲੰਮੇ ਸਮੇਂ ਵਿਚ ਇਹ ਅਨੁਭਵ ਬਹਿਆ ਹੋ ਜਾਂਦਾ ਹੈ ਤਾਂ ਹੋਰ ਅਨੁਭਵਾਂ ਲਈ ਸਾਰੀ ਕੌਮ ਦਾ ਦਿਲ ਜੰਗ ਲਈ ਤਾਂਘਦਾ ਹੈ।

ਨਵੇਂ, ਡੂੰਘੇ ਅਤੇ ਵਿਸ਼ਾਲ ਅਨੁਭਵ ਦੇ ਦ੍ਰਿਸ਼ਟੀਕੋਣ ਤੋਂ ਜੰਗ ਜਾਂ ਲੜਾਈ ਸਭ ਤੋਂ ਵੱਧ ਉਪਯੋਗੀ ਸਾਧਨ ਹੈ। ਸੁਖ-ਰਹਿਣੇ, ਡਰਪੋਕ ਵਿਅਕਤੀ ਜਦੋਂ ਜੰਗ ਦੀ ਵਿਰੋਧਤਾ ਕਰਦੇ ਹਨ ਤਾਂ ਬੜੇ ਹਾਸੋਹੀਣੇ ਤਰਕ ਪੇਸ਼ ਕਰਦੇ ਹਨ।

ਆਦਰਸ਼ ਮਹਾਨ ਹੋਣੇ ਚਾਹੀਦੇ ਹਨ। ਮਰਨ ਤੋਂ ਡਰਨ ਵਾਲਿਆਂ ਦੇ ਆਦਰਸ਼ ਮਹਾਨ ਨਹੀਂ ਹੁੰਦੇ ਅਤੇ ਉਨ੍ਹਾਂ ਦੇ ਜੀਵਨ ਦੀ ਪੱਧਰ ਉੱਚੀ ਨਹੀਂ ਹੁੰਦੀ।

ਲੜਾਈ ਅਸੂਲ ਦੀ ਸਰਹੱਦ ਜਾਂ ਮੋਰਚੇ ਉਤੇ ਲੜੀ ਜਾਣੀ ਚਾਹੀਦੀ ਹੈ, ਕੁਝ ਵਿਅਕਤੀਆਂ ਦਾ ਮਰ ਜਾਣਾ ਮਹੱਤਵਪੂਰਣ ਗੱਲ ਨਹੀਂ, ਮਹੱਤਵਪੂਰਣ ਗੱਲ ਨਵੇਂ ਨਿਸ਼ਾਨਿਆਂ, ਉਦੇਸ਼ਾਂ, ਆਦਰਸ਼ਾਂ ਅਤੇ ਅਨੁਭਵਾਂ ਦੀ ਪ੍ਰਾਪਤੀ ਹੁੰਦਾ ਹੈ।

ਕੇਵਲ ਹਥਿਆਰ ਕਿਸੇ ਦੀ ਜਿੱਤ ਦਾ ਆਧਾਰ ਨਹੀਂ ਹੁੰਦੇ, ਵੇਖਣਾ ਇਹ ਹੈ ਕਿ ਹਥਿਆਰ ਪਿੱਛੇ ਖਲੋਤਾ ਬੰਦਾ ਕਿਤਨੇ ਵਿਸ਼ਵਾਸ ਦਾ ਮਾਲਕ ਹੈ।

ਕਿਸੇ ਵੀ ਦੇਸ਼ ਨੂੰ ਮਹਾਨ ਬਣਨ ਵਾਸਤੇ ਕੋਈ ਮਹਾਨ ਜੰਗ ਜਿੱਤਣੀ ਪੈਂਦੀ ਹੈ।

ਹਾਰਨ ਵਾਲਾ ਕਦੇ ਮਹਾਨ ਨਹੀਂ ਹੁੰਦਾ।

ਡਰਪੋਕ ਅਤੇ ਸਾਧਾਰਣ ਪੱਧਰ ਉਤੇ ਜੀਣ ਵਾਲੇ ਵਿਅਕਤੀ ਲੜਖੜਾਂਦੀਆਂ ਲੱਤਾਂ ਵਾਂਗ ਹੀ ਲੜਖੜਾਂਦੇ ਤਰਕ ਪੇਸ਼ ਕਰਦੇ ਹਨ। ਜਿਵੇਂ ਉਹ ਕਹਿਣਗੇ ਭੈੜੀ ਤੋਂ ਭੈੜੀ ਕਿਸਮ ਦਾ ਅਮਨ ਚੰਗੀ ਤੋਂ ਚੰਗੀ ਕਿਸਮ ਦੀ ਜੰਗ ਨਾਲੋਂ ਚੰਗੇਰਾ ਹੈ। ਇਹੀ ਲੋਕ ਕਹਿਣਗੇ ਬਰਾਬਰ ਦੇ ਦੁਸ਼ਮਣ ਨਾਲ ਲੜਨਾ ਖ਼ਤਰਨਾਕ ਹੈ, ਤਕੜੇ ਨਾਲ ਲੜਨਾ ਪਾਗਲਪਣ ਹੈ, ਕਮਜ਼ੋਰ ਨਾਲ ਲੜਨਾ ਸਾਡੀ ਸ਼ਾਨ ਦੇ ਵਿਰੁੱਧ ਹੈ।

ਅਸਲੀਅਤ ਵਿਚ ਇਹ ਹਰ ਹੀਲੇ ਲੜਨ ਤੋਂ ਬਚਣਾ ਚਾਹੁੰਦੇ ਹਨ। ਨਿਰਸੰਦੇਹ ਮਨੁੱਖ ਨੂੰ ਲੜਨਾ ਨਹੀਂ ਚਾਹੀਦਾ ਪਰ ਜੇ ਲੜ ਪੈ ਹੀ ਜਾਵੇ ਤਾਂ ਲੜਨ ਤੋਂ ਡਰਨਾ ਵੀ ਨਹੀਂ ਚਾਹੀਦਾ। ਸਾਡੇ ਡਰ ਹੀ ਸਾਨੂੰ ਡਰਪੋਕ ਅਤੇ ਗ਼ੱਦਾਰ ਬਣਾਉਂਦੇ ਹਨ।

ਡਰਪੋਕ ਆਪਣੀ ਕਲਪਨਾ ਵਿਚ ਖ਼ਤਰੇ ਨੂੰ ਵਧਾਅ-ਚੜ੍ਹਾਅ ਕੇ ਵੇਖਣ ਦੇ ਆਦੀ ਹੁੰਦੇ ਹਨ। ਉਨ੍ਹਾਂ ਦੇ ਬਚਾਓ ਦੇ ਸਾਰੇ ਸਾਧਨ ਡਰ ਉਤੇ ਉਸਰੇ ਹੁੰਦੇ ਹਨ।

ਸੱਚ ਤਾਂ ਇਹ ਹੈ ਕਿ ਬਹੁਤੀਆਂ ਜੰਗਾਂ ਡਰਪੋਕਾਂ ਅਤੇ ਮੂਰਖਾਂ ਨੇ ਲੜੀਆਂ ਹਨ, ਇਸੇ ਕਰਕੇ ਜੰਗਾਂ ਵਿਚ ਅਣਕਿਆਸੀ ਤਬਾਹੀ ਹੋਈ ਹੈ।

ਜਿਸ ਅਮਨ ਵਿਚ ਅਸੀਂ ਰਹਿ ਰਹੇ ਹਾਂ ਇਹ ਡਰਪੋਕਪੁਣੇ ਉਤੇ ਉਸਰਿਆ ਹੋਇਆ ਹੈ। ਤਕੜਿਆਂ ਅਤੇ ਬਹਾਦਰਾਂ ਦਾ ਅਮਨ ਵੱਖਰੀ ਭਾਂਤ ਦਾ ਹੁੰਦਾ ਹੈ।

ਸੰਸਾਰ ਵਿਚ ਡਰਪੋਕਾਂ ਦੀ ਗਿਣਤੀ ਦਾ ਕੋਈ ਅੰਤ ਨਹੀਂ। ਜੇ ਸੰਸਾਰ ਵਿਚ ਅੱਧੇ ਬਹਾਦਰ ਹੁੰਦੇ ਤਾਂ ਉਨ੍ਹਾਂ ਨੇ ਡਰਪੋਕਾਂ ਨੂੰ ਕੁੱਟਦੇ ਰਹਿਣਾ ਸੀ, ਜੇ ਸਾਰੇ ਬਹਾਦਰ ਹੁੰਦੇ ਤਾਂ ਉਨ੍ਹਾਂ ਹਰ ਸਮੇਂ ਆਪਸ ਵਿਚ ਲੜਦੇ ਰਹਿਣਾ ਸੀ। ਇਵੇਂ ਨਹੀਂ ਹੋ ਰਿਹਾ, ਇਸ ਲਈ ਸਪੱਸ਼ਟ ਹੈ ਕਿ ਅਸੀਂ ਬਹੁਗਿਣਤੀ ਵਿਚ ਡਰਪੋਕ ਹਾਂ ਅਤੇ ਉਸੇ ਪ੍ਰਕਾਰ ਦੀ ਅਸੀਂ ਸਥਿਤੀ, ਸੋਚ ਅਤੇ ਵਿਚਾਰਧਾਰਾ ਉਸਾਰ ਲਈ ਹੈ।

ਸੁੰਦਰਤਾ ਵਾਂਗ ਬਹਾਦਰੀ ਦੀ ਇਸ ਕਰਕੇ ਮਹਿਮਾ ਹੈ, ਕਿਉਂਕਿ ਇਹ ਗੁਣ ਹਮੇਸ਼ਾ ਥੋੜ੍ਹੇ ਜਿਹੇ ਲੋਕਾਂ ਵਿਚ ਹੁੰਦਾ ਹੈ।

ਸੰਸਾਰ ਵਿਚ ਅਮਨ ਲਈ ਜ਼ਰੂਰੀ ਹੈ ਕਿ ਅਸੀਂ ਬਹਾਦਰ ਹੋਈਏ। ਬਹਾਦਰ ਕੌਮਾਂ ਦਾ ਸੁਹਜ-ਸ਼ਾਸਤਰ, ਸੰਗੀਤ, ਸਾਹਿਤ, ਬੋਲੀ, ਇਮਾਰਤਸਾਜ਼ੀ ਅਤੇ ਚਿੱਤਰਕਾਰੀ ਆਦਿ ਸਭ ਕੁਝ ਬਲਵਾਨ ਹੁੰਦੇ ਹਨ।

ਕਿਸੇ ਵੀ ਦੇਸ਼ ਦੀ ਸਮਰੱਥਾ ਉਥੋਂ ਦੇ ਚੰਗੇ ਕਾਨੂੰਨਾਂ ਉੱਤੇ ਉਸਰਦੀ ਹੈ ਅਤੇ ਚੰਗੇ ਕਾਨੂੰਨਾਂ ਦਾ ਆਧਾਰ ਚੰਗੇ ਹਥਿਆਰ ਹੁੰਦੇ ਹਨ।

ਆਜ਼ਾਦੀ ਦੀ ਰੱਖਿਆ ਲਈ ਸ਼ਕਤੀਸ਼ਾਲੀ ਹਥਿਆਰ ਲੋੜੀਂਦੇ ਹਨ।

ਅਜੋਕੇ ਸੰਸਾਰ ਵਿਚ ਕੋਈ ਵੀ ਦੇਸ਼ ਵੱਡੀ ਫੌਜੀ ਸ਼ਕਤੀ ਬਣੇ ਬਿਨਾਂ ਵੱਡੀ ਆਰਥਿਕ ਸ਼ਕਤੀ ਨਹੀਂ ਬਣ ਸਕਦਾ, ਕਿਉਂਕਿ ਆਰਥਿਕਤਾ ਦੀ ਰੱਖਿਆ ਲਈ ਸ਼ਕਤੀ ਅਤੇ ਸੁਰੱਖਿਆ ਦੀ ਲੋੜ ਪੈਂਦੀ ਹੈ।

ਪਰਮਾਤਮਾ ਸਦਾ ਤਕੜੇ ਦਾ ਪੱਖ ਪੂਰਦਾ ਹੈ ਅਤੇ ਅੰਤ ਨੂੰ ਜਿੱਤਦਾ ਉਹੀ ਹੈ, ਜਿਸ ਦੇ ਪੱਲੇ ਸੱਚ ਹੁੰਦਾ ਹੈ। ਕੋਈ ਵੀ ਦੇਸ਼ ਲੰਮਾ ਅਰਸਾ ਚਲਾਕੀ, ਮਕਾਰੀ ਜਾਂ ਬੇਈਮਾਨੀ ਦੇ ਆਧਾਰ 'ਤੇ ਵਿਸ਼ਵ-ਸ਼ਕਤੀ ਨਹੀਂ ਬਣ ਸਕਦਾ।

ਜਿਹੜੇ ਜੰਗ ਤੋਂ ਡਰਦੇ ਹਨ ਉਹ ਅਮਨ ਵਿਚ ਵੀ ਬੀਮਾਰਾਂ ਵਾਂਗ ਵਿਚਰਦੇ ਹਨ, ਅਜਿਹੇ ਲੋਕਾਂ ਦੀ ਨਾ ਕੋਈ ਕਦਰ ਹੁੰਦੀ ਹੈ ਨਾ ਕੋਈ ਇਨ੍ਹਾਂ ਦੀ ਗੱਲ ਸੁਣਦਾ ਹੈ।

ਤਾਕਤਵਰ, ਤਾਕਤ ਵਾਲਿਆਂ ਦੀ ਕਦਰ ਕਰਦੇ ਹਨ।

ਇਹ ਨੇਮ ਜ਼ਿੰਦਗੀ ਦੇ ਹਰ ਖੇਤਰ ਵਿਚ ਲਾਗੂ ਹੁੰਦਾ ਹੈ।

ਸਾਡੇ ਅਨੁਭਵ ਦੇ ਅਨੇਕਾਂ ਬਾਰੀਆਂ-ਬੂਹੇ ਜੰਗ ਦੇ ਦੌਰਾਨ ਹੀ ਖੁਲ੍ਹਦੇ ਹਨ।

ਧੜਿਆਂ ਵਿਚ ਵੰਡਿਆ ਸਮਾਜ, ਜੰਗ ਦੌਰਾਨ ਇੱਕ-ਮੁੱਠ ਹੋ ਜਾਂਦਾ ਹੈ।

ਜੰਗ ਦੌਰਾਨ ਬੀਮਾਰ ਵੀ ਤੰਦਰੁਸਤ ਹੋ ਜਾਂਦੇ ਹਨ ਅਤੇ ਇਸਤਰੀਆਂ ਵੀ ਬਹਾਦਰ ਹੋ ਨਿਬੜਦੀਆਂ ਹਨ। ਜੰਗ ਸਾਨੂੰ ਆਪਣੇ ਆਪ ਨੂੰ ਨਿਰਖਣ, ਪਰਖਣ, ਤੋਲਣ, ਮਾਪਣ ਦਾ ਅਵਸਰ ਪ੍ਰਦਾਨ ਕਰਦੀ ਹੈ। ਜੰਗ ਪ੍ਰਤਿ ਉਸਾਰੂ ਦ੍ਰਿਸ਼ਟੀਕੋਣ ਅਪਣਾ ਕੇ, ਇਸ ਨੂੰ ਅਸੀਂ ਆਪਣੇ ਲਾਭ ਹਿੱਤ ਵਰਤ ਸਕਦੇ ਹਾਂ।

ਮਹਾਨ ਉਦੇਸ਼ਾਂ ਦੀ ਪ੍ਰਾਪਤੀ ਸੰਘਰਸ਼ ਤੋਂ ਬਿਨਾਂ ਸੰਭਵ ਨਹੀਂ ਹੁੰਦੀ।

ਜਿਤਨੀਆਂ ਵੱਡੀਆਂ ਸਾਡੀਆਂ ਕੁਰਬਾਨੀਆਂ ਹੋਣਗੀਆਂ, ਉਤਨੀਆਂ ਵੱਡੀਆਂ ਹੀ ਸਾਡੀਆਂ ਪ੍ਰਾਪਤੀਆਂ ਹੋਣਗੀਆਂ। ਜੰਗ ਤੋਂ ਅਸੀਂ ਕਿਉਂ ਡਰੀਏ, ਡਰਨ ਸਾਡੇ ਦੁਸ਼ਮਣ।

ਸਾਡੀ ਜੰਗ ਬੇਇਨਸਾਫ਼ੀ ਵਿਰੁੱਧ ਹੋਣੀ ਚਾਹੀਦੀ ਹੈ।

ਇਹ ਜੰਗ ਜਾਰੀ ਰਹੇਗੀ, ਇਹ ਜੰਗ ਮੁੱਕ ਨਹੀਂ ਸਕਦੀ।

◊◊◊

# ਸਿਰਜਣਾ

ਪ੍ਰਕ੍ਰਿਤੀ, ਕਲਾ ਅਤੇ ਕਲਾਕਾਰ ਦੀ ਸੰਪੂਰਣ ਸਹਿਮਤੀ ਦਾ ਨਾਂ ਸਿਰਜਣਾ ਹੈ।

ਸਿਰਜਣ ਦੀ ਉੱਤਮ ਉਦਾਹਰਣ, ਮਾਂ ਵੱਲੋਂ ਬੱਚੇ ਨੂੰ ਜਨਮ ਦੇਣਾ ਹੈ।

ਜਦੋਂ ਅਨੁਭਵ ਦੀ ਸ਼ਿੱਦਤ ਅਤੇ ਸਿਖਰ 'ਤੇ ਪਹੁੰਚੀ ਕਲਪਨਾ ਕਿੱਕਲੀ-ਕਲੀਰ ਪਾਉਂਦੀਆਂ ਹਨ ਤਾਂ ਇਨ੍ਹਾਂ ਦੇ ਸੰਭੋਗ ਵਿਚੋਂ ਸਿਰਜਣਾ ਦਾ ਜਨਮ ਹੁੰਦਾ ਹੈ।

ਉਹ ਸਿਰਜਣਾਤਮਕ ਛਿਣ ਹੁੰਦੇ ਹਨ, ਜਦੋਂ ਇਹ ਅੰਤਰ ਦੱਸਣਾ ਅਸੰਭਵ ਹੋ ਜਾਵੇ ਕਿ ਨੱਚਣ ਵਾਲੇ ਦੇ ਪੈਰ ਤਬਲੇ ਦੀ ਤਾਲ ਨਾਲ ਉੱਠ ਰਹੇ ਹਨ ਕਿ ਤਬਲਾ ਪੈਰਾਂ ਦੀ ਤਾਲ ਅਨੁਸਾਰ ਵੱਜ ਰਿਹਾ ਹੈ।

ਮੂਰਤੀਕਲਾ ਬਾਰੇ ਕਿਹਾ ਜਾਂਦਾ ਹੈ ਕਿ ਪੱਥਰ ਦੀ ਸਿੱਲ ਵਿਚ ਮੂਰਤੀ, ਕਲਾਕਾਰ ਨੂੰ ਦਿਸ ਰਹੀ ਹੁੰਦੀ ਹੈ। ਉਸ ਦਾ ਕੰਮ ਤਾਂ ਬਸ ਇਤਨਾ ਹੀ ਰਹਿ ਜਾਂਦਾ ਹੈ ਕਿ ਉਹ ਛੈਣੀ ਅਤੇ ਹਥੌੜੀ ਨਾਲ ਉਸ ਸਿੱਲ ਨਾਲੋਂ ਵਾਧੂ ਦਾ ਪੱਥਰ ਲਾਹ ਦੇਵੇ।

ਸਿਰਜਣ ਦੀ ਪ੍ਰਸੂਤ-ਪੀੜਾ ਹੁੰਦੀ ਹੈ, ਜਿਸ ਨੂੰ ਹੰਢਾਏ ਬਿਨਾਂ ਰਚਨਾ ਦਾ ਜਨਮ ਸੰਭਵ ਨਹੀਂ ਹੁੰਦਾ।

ਸਿਰਜਣਾ ਅੱਗ ਦੇ ਦਰਿਆ ਵਿਚੋਂ ਡੁੱਬ ਕੇ ਲੰਘਣ ਦੀ, ਬੜੇ ਸਿਰੜ ਅਤੇ ਸਿਦਕ ਨਾਲ ਪਾਰ ਲੱਗਣ ਦੀ, ਇਕ ਉਸਾਰੂ ਜ਼ਿਦ ਹੁੰਦੀ ਹੈ।

ਸਿਰਜਣਾ, ਸਥਾਪਤ ਸਮਾਜ ਅਤੇ ਉਸ ਦੀਆ ਕਦਰਾਂ-ਕੀਮਤਾਂ ਵਿਰੁੱਧ ਸਿਰ-ਧੜ ਦੀ ਬਾਜ਼ੀ ਹੁੰਦੀ ਹੈ। ਇਹ ਅਨਿਆਂ ਵਿਰੁੱਧ ਖੁੱਲ੍ਹੀ ਬਗਾਵਤ ਹੁੰਦੀ ਹੈ, ਇਸ ਲਈ ਇਹ ਹੈਰਾਨੀ ਦੀ ਗੱਲ ਨਹੀਂ ਕਿ ਸਿਰਜਣਹਾਰ ਸਦਾ ਇਕੱਲਾ ਹੁੰਦਾ ਹੈ।

ਕਲਾਕਾਰ ਦਾ ਸਾਥ ਦੇਣ ਲਈ ਉਸ ਦੇ ਹਾਣ ਦਾ ਹੋਣਾ ਕਿਸੇ ਲਈ ਵੀ ਸੰਭਵ ਨਹੀਂ ਹੁੰਦਾ। ਕਲਾਕਾਰ ਇਕਾਂਤ-ਪ੍ਰੇਮੀ ਹੁੰਦੇ ਹਨ, ਕਿਉਂਕਿ ਉਨ੍ਹਾਂ ਨੇ ਸਿਰਜਣ ਦੀ ਪੀੜਾ ਇਕੱਲਿਆਂ ਹੰਢਾਉਣੀ ਹੁੰਦੀ ਹੈ।

ਕਲਾਕਾਰ ਦੀ ਸੰਤਾਪੀ ਹੋਈ ਇਸ ਦੁਖਾਂਤਕ ਸਥਿਤੀ ਨੂੰ ਅਸੀਂ ਕਈ ਵਾਰੀ ਉਸ ਦਾ ਪਾਗਲਪਣ ਆਖਦੇ ਹਾਂ।

ਹਰ ਇਕ ਪ੍ਰਕਾਰ ਦੀ ਸਿਰਜਣਾ ਲਈ ਅਟੱਲ ਜਨੂੰਨ ਪਹਿਲੀ ਸ਼ਰਤ ਹੈ।

ਕਲਾਕਾਰ ਦੇ ਪੈਰ ਤਾਂ ਧਰਤੀ ਉਤੇ ਹੀ ਹੁੰਦੇ ਹਨ ਪਰ ਉਸ ਦਾ ਸਿਰ ਤਾਰਿਆਂ 'ਚ ਹੁੰਦਾ ਹੈ। 'ਸੱਚ ਤਾਂ ਇਹ ਹੈ ਕਿ ਸਿਰਜਣਾ ਇਕ ਨਿੱਜੀ ਅਮਲ ਹੈ, ਸੋ ਇਸ ਦੀ ਕੋਈ ਸੰਪੂਰਣ ਵਿਆਖਿਆ ਜਾਂ ਪਰਿਭਾਸ਼ਾ ਸੰਭਵ ਨਹੀਂ ਹੈ।

ਦਰੱਖ਼ਤਾਂ, ਬੂਟਿਆਂ, ਵੇਲਾਂ ਨੂੰ ਵਿਗਸਣ ਲਈ ਪ੍ਰਾਪਤ ਖ਼ੁਰਾਕ ਦਾ ਵਾਧੂ ਹਿੱਸਾ ਇਕੱਠਾ ਹੋ ਕੇ ਫਲ, ਫੁੱਲ ਅਖਵਾਉਂਦਾ ਹੈ।

ਫਲ ਅਤੇ ਫੁੱਲ ਬੂਟਿਆਂ ਦੇ ਸਿਰਜੇ ਹੋਏ ਤੋਹਫ਼ੇ ਹੁੰਦੇ ਹਨ।

ਫਲ, ਕੁਦਰਤ ਦੀਆਂ ਮਠਿਆਈਆਂ ਹੁੰਦੇ ਹਨ।

ਇਵੇਂ ਹੀ ਕਲਾ, ਕਲਾਕਾਰ ਦੀ ਸ਼ਖ਼ਸੀਅਤ ਦਾ ਡੁੱਲ੍ਹਣ ਹੈ, ਉਹ ਜਿਤਨਾ ਵਧੇਰੇ ਭਰਿਆ ਹੋਵੇਗਾ, ਉਹ ਉਤਨਾ ਹੀ ਵਧੇਰੇ ਡੁੱਲ੍ਹੇਗਾ।

ਸਿੱਪੀਆਂ ਵਿਚੋਂ ਨਿਕਲਣ ਵਾਲੇ ਮੋਤੀ ਮੁੱਢ ਵਿਚ ਰੇਤ ਦੇ ਕਿਣਕੇ ਹੀ ਹੁੰਦੇ ਹਨ, ਇਵੇਂ ਹੀ ਕਲਾਕਾਰ ਦਾ ਮੁੱਢਲਾ ਅਨੁਭਵ ਆਮ, ਸਾਧਾਰਣ ਹੁੰਦਾ ਹੈ ਪਰ ਉਚੇਰੀ ਪੱਧਰ ਦੇ ਅਮਲ ਨਾਲ ਕਲਾਕਾਰ, ਸਿੱਪੀ ਵਾਂਗ, ਉਸ ਆਮ ਨੂੰ ਵਿਲੱਖਣ ਅਤੇ ਸਾਧਾਰਣ ਨੂੰ ਅਨੋਖਾ ਬਣਾ ਦਿੰਦਾ ਹੈ।

ਪ੍ਰਤਿਭਾ, ਕਲਾਕਾਰ ਨੂੰ ਮਨ-ਮਰਜ਼ੀ ਦੀ ਸਿਰਜਣਾ ਕਰਨ ਦਾ ਸਵੈ-ਵਿਸ਼ਵਾਸ ਦਿੰਦੀ ਹੈ। ਉਹ ਇਸ ਵਿਸ਼ਵਾਸ ਸਦਕਾ ਹੀ ਅਸੰਭਵ ਖੇਤਰਾਂ ਵਿਚ ਵਿਚਰਦਾ ਹੈ।

ਆਪਣੀ ਸਿਰਜਣਾਤਮਕ ਕਲਪਨਾ ਦੇ ਬਲ ਨਾਲ ਹੀ ਕਾਪਰਨੀਕਸ ਨੇ ਕਿਹਾ ਸੀ ਕਿ ਧਰਤੀ ਗੋਲ ਹੈ। ਕਹਿੰਦੇ ਹਨ ਕਿ ਧਰਤੀ ਤਾਂ ਚਪਟੀ ਹੀ ਸੀ ਪਰ ਧਰਤੀ ਨੇ ਗੋਲ ਹੋਣਾ ਮੰਨ ਲਿਆ ਤਾਂ ਕਿ ਕਾਪਰਨੀਕਸ ਝੂਠਾ ਨਾ ਪਵੇ।

ਕਲਾਕਾਰ ਪ੍ਰਕ੍ਰਿਤੀ ਦੇ ਅਦ੍ਰਿਸ਼ਟ ਨੇਮ ਲੱਭਦਾ ਹੈ।

ਉਸ ਦੀ ਅੱਖ ਹਨੇਰਿਆਂ ਤੋਂ ਪਾਰ ਵੇਖਦੀ ਹੈ।

ਸਵੈ-ਵਿਸ਼ਵਾਸ, ਪ੍ਰਤਿਭਾਸ਼ੀਲ ਵਿਅਕਤੀ ਦਾ ਪਹਿਲਾ ਲੱਛਣ ਹੁੰਦਾ ਹੈ।

ਰਾਮਾਇਣ ਅਤੇ ਮਹਾਂਭਾਰਤ ਦੀ ਸਿਰਜਣਾ ਕਰਨ ਵਾਲੇ ਕਵੀਆਂ ਨੇ ਅਜਿਹੀਆਂ ਰਚਨਾਵਾਂ ਦਿੱਤੀਆਂ ਹਨ ਕਿ ਅਸੀਂ ਆਪਣੇ ਸਭਿਆਚਾਰ ਅਤੇ ਸੰਸਕ੍ਰਿਤੀ ਨੂੰ ਇਨ੍ਹਾਂ ਅਨੁਸਾਰ ਢਾਲ ਲਿਆ ਹੈ ਅਤੇ ਰਾਮਾਇਣ ਅਤੇ ਮਹਾਂਭਾਰਤ ਨੂੰ ਸੱਚਾ ਸਾਬਤ ਕਰਨ ਲਈ ਅਸੀਂ ਥਾਂਵਾਂ ਦੇ ਨਾਂ ਅਯੁਧਿਆ ਅਤੇ ਕੁਰੂਕਸ਼ੇਤਰ ਰੱਖ ਦਿੱਤੇ ਹਨ।

ਹਰ ਇਕ ਸਿਰਜਣਾ ਕਲਾਕਾਰ ਦੇ ਆਪਣੇ ਮਨ ਦੀ ਡੂੰਘੀ ਪੀੜਾ ਦਾ ਉੱਚਤਮ ਅਤੇ ਪ੍ਰਭਾਵਸ਼ਾਲੀ ਪ੍ਰਗਟਾਵਾ ਹੁੰਦੀ ਹੈ।

ਵਾਰਿਸ ਨੇ ਭਾਗਪਰੀ ਨਾਲ ਆਪਣੀ ਮੁਹੱਬਤ ਦੀ ਅਸਫਲਤਾ ਦੇ ਦੁੱਖ ਨੂੰ ਹੀਰ-ਰਾਂਝੇ ਦੀ ਕਹਾਣੀ ਰਾਹੀਂ ਬਿਆਨ ਕੀਤਾ ਹੈ।

ਸਪੱਸ਼ਟ ਹੈ ਕਿ ਕਲਾਕਾਰ ਆਪਣੇ ਮਨ ਦੀ ਵੇਦਨਾ, ਆਪਣੀ ਰੂਹ ਦੇ ਭੇਤ, ਕਲਾ ਨੂੰ ਜਦੋਂ ਅਰਪਣ ਕਰਦਾ ਹੈ ਤਾਂ ਉਹ ਸਿਰਜਣਾ ਅਖਵਾਉਂਦੀ ਹੈ।

ਸਿਰਜਣਾ ਕਲਾਕਾਰ ਦੇ ਮਨ ਵਿਚੋਂ ਉਵੇਂ ਹੀ ਫੁੱਟਦੀ ਹੈ, ਜਿਵੇਂ ਜਵਾਲਾਮੁਖੀ ਵਿਚੋਂ ਜਵਾਲਾ ਉਘੜਦੀ ਅਤੇ ਸਮੁੰਦਰ ਵਿਚੋਂ ਤੂਫ਼ਾਨੀ ਲਹਿਰ ਉਠਦੀ ਹੈ ਅਤੇ ਕਸਤੂਰੀ ਵਿਚੋਂ ਖ਼ੁਸ਼ਬੂ ਉਪਜਦੀ ਹੈ।

ਕਲਾਕਾਰ ਪ੍ਰਕ੍ਰਿਤੀ ਦਾ ਸੰਪਾਦਕ ਹੁੰਦਾ ਹੈ ਅਤੇ ਉਸ ਦੀ ਸਿਰਜਣਾ, ਪ੍ਰਕ੍ਰਿਤੀ ਦਾ ਹੀ ਪੁਨਰ-ਸਿਰਜਣ ਹੁੰਦੀ ਹੈ।

ਕਲਾਕਾਰ ਰੱਬ ਦੇ ਅਧੂਰੇ ਕੰਮਾਂ ਨੂੰ ਪੂਰਾ ਕਰਦਾ ਹੈ।

ਮਨੁੱਖੀ ਸਭਿਅਤਾ ਵਾਂਗ ਕਲਾ ਦਾ ਵੀ ਆਪਣਾ ਨਿਵੇਕਲਾ ਵਿਕਾਸ-ਪ੍ਰਵਾਹ ਹੈ। ਕਲਾ, ਕਲਾਕਾਰ ਦੀ ਭਾਸ਼ਾ ਹੈ, ਜਿਸ ਦੀ ਵਿਆਕਰਣ ਉਹ ਆਪ ਸਿਰਜਦਾ ਹੈ।

ਇਨ੍ਹਾਂ ਦੋਹਾਂ ਦਾ ਉਦੇਸ਼ ਮਨੁੱਖ ਨੂੰ ਆਜ਼ਾਦ ਕਰਨਾ ਹੁੰਦਾ ਹੈ।

ਆਜ਼ਾਦੀ ਦੀ ਤਾਂਘ ਹੀ ਸਿਰਜਣਾ ਨੂੰ ਸੁੰਦਰਤਾ ਪ੍ਰਦਾਨ ਕਰਦੀ ਹੈ ਅਤੇ ਸੁੰਦਰਤਾ ਆਪਣੀ ਸਾਦਗੀ ਅਤੇ ਅੰਦਰਲੀ ਸ਼ਕਤੀ ਕਾਰਨ ਸਦਾ ਨਰੋਈ ਰਹਿੰਦੀ ਹੈ।

ਸੁੰਦਰਤਾ, ਕਲਾਕਾਰ ਦੀ ਆਜ਼ਾਦੀ ਲਈ ਤਾਂਘ ਦੇ ਜਜ਼ਬੇ ਦਾ ਜੋਬਨ ਹੁੰਦੀ ਹੈ।

ਜਿਤਨੀ ਵੱਡੀ ਜੁਸਤਜੂ, ਉਤਨੀ ਹੀ ਵੱਡੀ ਪ੍ਰਾਪਤੀ ਹੋਵੇਗੀ।

ਜਿਤਨੀ ਵੱਡੀ ਆਜ਼ਾਦੀ ਲਈ ਤਾਂਘ ਹੋਵੇਗੀ, ਉਸ ਦੀ ਸਿਰਜਣਾਤਮਕ ਕਲਾ ਵਿਚ ਉਤਨੀ ਹੀ ਵਧੇਰੇ ਸੁੰਦਰਤਾ ਦਾ ਨਿਰਮਾਣ ਹੋਵੇਗਾ।

ਲੋਕਾਂ ਦੀ ਬਹੁਗਿਣਤੀ ਜੀਵਨ ਨੂੰ ਉੱਪਰੋਂ ਅਤੇ ਬਾਹਰੋਂ ਵੇਖਦੀ ਹੈ, ਪਰ ਕਲਾਕਾਰ ਜ਼ਿੰਦਗੀ ਵਿਚ ਘਿਰ ਕੇ ਜ਼ਿੰਦਗੀ ਜਿਊਂਦਾ ਹੈ।

ਕੁਝ ਸੁਣ ਕੇ, ਪੜ੍ਹ ਕੇ, ਵੇਖ ਕੇ ਜੇ ਸਾਡੀਆਂ ਅੱਖਾਂ ਭਰ ਆਉਂਦੀਆਂ ਹਨ, ਸਾਡਾ ਦਿਲ ਤੜਪ ਉਠਦਾ ਹੈ, ਸਾਡਾ ਵਜੂਦ ਮਾਂਜਿਆ ਅਤੇ ਧੋਤਾ ਜਾਂਦਾ ਹੈ ਤਾਂ ਅਨੁਮਾਨ ਲਗਾਉਣਾ ਚਾਹੀਦਾ ਹੈ ਕਿ ਕਲਾਕਾਰ ਉਤੇ ਕੀ ਬੀਤੀ ਹੋਵੇਗੀ ?

ਇਹੀ ਕਾਰਨ ਹੈ ਕਿ ਕਿਸੇ ਮਹਾਨ ਕਲਾਕ੍ਰਿਤੀ ਨੂੰ ਵੇਖਿਆਂ ਸਾਡਾ ਅੰਦਰਲਾ ਫੈਲਦਾ ਹੈ, ਸਾਡੀਆਂ ਅੱਖਾਂ ਨਵੇਂ ਦਿਸਹੱਦਿਆਂ ਨੂੰ ਛੂਹਦੀਆਂ ਹਨ, ਸੂਰਜ ਸਾਡੇ ਅੰਦਰ ਆ ਬਿਰਾਜਦਾ ਹੈ, ਅਸੀਂ ਅਸੀਮ ਹੋ ਜਾਂਦੇ ਹਾਂ।

ਜੇ ਕੋਲੰਬਸ ਅਮਰੀਕਾ ਨੂੰ ਨਾ ਲਭਦਾ ਤਾਂ, ਕਿਸੇ ਹੋਰ ਨੇ ਲੱਭ ਲੈਣਾ ਸੀ ਪਰ ਜੇ ਬਾਬਾ ਫਰੀਦ ਨਾ ਹੁੰਦਾ, ਬੁਲ੍ਹੇਸ਼ਾਹ ਨਾ ਹੁੰਦਾ, ਸ਼ੇਕਸਪੀਅਰ ਨਾ ਹੁੰਦਾ ਜਾਂ ਵਾਰਿਸ ਨਾ ਹੁੰਦਾ ਜਾਂ ਇਕਬਾਲ ਨਾ ਹੁੰਦਾ ਜਾਂ ਸ਼ਿਵ ਕੁਮਾਰ ਬਟਾਲਵੀ ਨਾ ਹੁੰਦਾ ਜਾਂ ਲਤਾ ਮੰਗੇਸ਼ਕਰ ਨਾ ਹੁੰਦੀ ਤਾਂ ਜੋ ਕੁਝ ਇਨ੍ਹਾਂ ਨੇ ਕੀਤਾ ਹੈ, ਉਹ ਕਿਸੇ ਹੋਰ ਨੇ ਨਹੀਂ ਕਰ ਸਕਣਾ ਸੀ।

ਵਿਗਿਆਨ ਵੀ ਪ੍ਰਕ੍ਰਿਤੀ ਦੀ ਨਵ-ਸਿਰਜਣਾ ਹੈ।

ਵਿਗਿਆਨੀ ਪ੍ਰਕ੍ਰਿਤੀ ਦੇ ਨੇਮ ਲਭ ਕੇ ਤਕਨਾਲੋਜੀ ਦਾ ਨਿਰਮਾਣ ਕਰਦਾ ਹੈ।

ਸਿਰਜਣਾ ਉਸ ਰੋਸ਼ਨੀ ਦਾ ਨਾਂ ਹੈ, ਜਿਸ ਵਿਚ ਸਾਨੂੰ ਜੀਵਨ ਦੇ ਨਵੇਂ ਰਾਹ ਲੱਭਦੇ ਹਨ। ਸਿਰਜਣਾ ਵਿਚ ਕਲਾਕਾਰ ਦਾ ਸਮੁੱਚਾ ਵਜੂਦ ਧੜਕਦਾ ਹੈ, ਇਸ ਵਿਚ ਭਾਵਨਾਵਾਂ ਦਾ ਨਿੱਘ ਹੁੰਦਾ ਹੈ, ਮਨੁੱਖੀ ਸੋਚ ਨਵੀਆਂ ਸਿਖਰਾਂ ਨੂੰ ਛੂਹਦੀ ਹੈ, ਕਲਪਨਾ ਨੂੰ ਵਿਵੇਕ ਦੇ ਦਰਸ਼ਨ ਹੁੰਦੇ ਹਨ।

ਸੱਚੀ ਸਿਰਜਣਾ ਅੱਗੇ ਲੰਘ ਜਾਂਦੀ ਹੈ, ਕਲਾਕਾਰ ਪਿੱਛੇ ਰਹਿ ਜਾਂਦਾ ਹੈ।

ਕਲਾਕਾਰ ਮਰ ਜਾਂਦਾ ਹੈ ਪਰ ਉਸ ਦੀ ਸਿਰਜਣਾ-ਜਿਊਂਦੀ ਰਹਿੰਦੀ ਹੈ।

ਸਾਰੇ ਵਿਗਿਆਨੀ ਸਿਰਜਣ ਦੀ ਕਿਰਿਆ ਵਿਚ ਮਗਨ ਹਨ।

ਕਲਾ ਅਤੇ ਵਿਗਿਆਨ ਨਾਲੋ-ਨਾਲ ਵਿਕਸਿਤ ਹੋਏ ਹਨ। ਹਰ ਦੇਸ਼ ਅਤੇ ਸਭਿਅਤਾ ਵਿਚ ਸਿਰਜਣਾਤਮਕ ਯੁਗ ਆਏ ਹਨ। ਭਾਰਤ ਵਿਚ ਇਹ ਸਮਾਂ ਵੇਦਾਂ ਦਾ ਯੁੱਗ ਸੀ। ਯੂਨਾਨ ਵਿਚ ਇਹ ਸਮਾਂ ਸੁਕਰਾਤ-ਅਫਲਾਤੂਨ-ਅਰਸਤੂ-ਸਿਕੰਦਰ ਦਾ ਯੁਗ ਸੀ।

ਅਜੇ ਤੱਕ ਸੰਸਕ੍ਰਿਤ ਨਾਟਕ ਕਾਲੀਦਾਸ 'ਤੇ ਹੀ ਰੁਕਿਆ ਖੜ੍ਹਾ ਹੈ।

ਭਾਰਤ ਵਿਚ ਇਸ ਸਮੇਂ ਸਿਰਜਣਾਤਮਕ ਖੜੋਤ ਦੀ ਸਥਿਤੀ ਹੈ।

ਅਸੀਂ ਆਜ਼ਾਦ ਹੋ ਗਏ ਹਾਂ ਪਰ ਸਾਡੇ ਵਿਚ ਆਜ਼ਾਦ-ਖਿਆਲ ਸ਼ਖ਼ਸੀਅਤਾਂ ਨੂੰ ਬਰਦਾਸ਼ਤ ਕਰਨ ਦੀ ਹਿੰਮਤ ਨਹੀਂ ਉਪਜੀ।

ਸਾਡੀਆਂ ਯੂਨੀਵਰਸਿਟੀਆਂ ਪ੍ਰਤਿਭਾ ਉਸਾਰਨ ਦੀ ਥਾਂ ਪ੍ਰਤਿਭਾ ਨੂੰ ਬੌਣੇ ਕਰਨ ਵਿਚ ਲੱਗੀਆਂ ਹੋਈਆਂ ਹਨ। ਕੋਈ ਵੀ ਯੂਨੀਵਰਸਿਟੀ ਮਾਰਕਸ ਜਾਂ ਗੋਰਕੀ ਜਾਂ ਆਈਨਸਟੀਨ ਜਾਂ ਫਰਾਇਡ ਜਾਂ ਟੈਗੋਰ ਪੈਦਾ ਕਰਨ ਦੀ ਸਮਰੱਥਾ ਨਹੀਂ ਰੱਖਦੀ।

ਇਹ ਉਦੋਂ ਹੀ ਸੰਭਵ ਹੋਏਗਾ ਜਦੋਂ ਅਸੀਂ ਖਿਆਲਾਂ ਦੀ ਆਜ਼ਾਦੀ ਅਤੇ ਪ੍ਰਗਟਾਵੇ ਦੀ ਸੁਤੰਤਰਤਾ ਦਾ ਮਾਹੌਲ ਉਸਾਰਾਂਗੇ ਅਤੇ ਨਵੇਂ ਵਿਚਾਰਾਂ ਨੂੰ ਅਤੇ ਵੱਖਰੇ ਅਤੇ ਵਿਰੋਧੀ ਸੰਕਲਪਾਂ ਨੂੰ ਖਿੜੇ-ਮੱਥੇ ਬਰਦਾਸ਼ਤ ਕਰਾਂਗੇ।

ਸਿਰਜਣਾ ਇਕ ਸਕਰਮਕ ਕਿਰਿਆ ਹੈ।

ਜਿਨ੍ਹਾਂ ਬਰੀਕੀਆਂ ਨੂੰ ਸਾਧਾਰਣ ਵਿਅਕਤੀ ਅਣਗੌਲਿਆਂ ਛੱਡ ਦਿੰਦਾ ਹੈ, ਕਲਾਕਾਰ ਦੀ ਨਜ਼ਰ ਉਥੇ ਜਾਂਦੀ ਹੈ।

ਉਹ ਪ੍ਰਕ੍ਰਿਤੀ ਵਿਚ ਛੁਪੇ ਰਿਸ਼ਤਿਆਂ ਨੂੰ ਵੇਖਦਾ ਹੈ, ਉਹ ਸੁੰਦਰਤਾ ਦੇ ਨਵੇਂ ਸਰੋਤ ਅਤੇ ਰੂਪ ਲੱਭਦਾ ਹੈ ਅਤੇ ਉਨ੍ਹਾਂ ਨੂੰ ਉਘਾੜਦਾ ਹੈ, ਇਹੀ ਉਸ ਦੀ ਸਿਰਜਣਾ ਹੁੰਦੀ ਹੈ।

ਸਿਰਜਣਾ ਵਿਚ ਸਾਦਗੀ ਹੁੰਦੀ ਹੈ, ਇਕ ਅੰਡੇ ਵਾਲੀ ਸਾਦਗੀ, ਸੰਭਾਵਨਾਵਾਂ ਨਾਲ ਭਰਿਆ ਹੋਇਆ ਪਰ ਵੇਖਣ ਨੂੰ ਸਾਦ-ਮੁਰਾਦਾ।

ਸਾਦਗੀ ਦੀ ਪਰਿਭਾਸ਼ਾ ਸੰਭਵ ਨਹੀਂ ਹੈ।

ਸਾਦਗੀ ਦਾ ਸੁਭਾਅ ਸਹਿਜ ਹੁੰਦਾ ਹੈ।

ਤਾਜ ਮਹੱਲ ਵਿਚ ਸਾਦਗੀ ਹੈ, ਹਰਿਮੰਦਰ ਸਾਹਿਬ ਵਿਚ ਸਾਦਗੀ ਹੈ। ਇਹ ਕਲਾਮੰਦਰ ਆਪਣੇ ਸ਼ਾਂਤ-ਸੁਭਾਅ ਨਾਲ ਸਾਨੂੰ ਮੋਹ ਲੈਂਦੇ ਹਨ।

ਸਿਰਜਣਾਤਮਕ ਸਾਦਗੀ ਸਤਰੰਗੀ ਪੀਂਘ ਤੋਂ ਪਾਰਲਾ ਮੁਕਾਮ ਹੈ।

ਇਸ ਵਿਚ ਸਭ ਵਿਰੋਧਤਾਈਆਂ ਸ਼ਾਂਤ ਹੋ ਜਾਂਦੀਆਂ ਹਨ। ਉੱਚਤਮ ਦੇ ਸਥਾਪਤ ਹੋਣ ਨਾਲ, ਵੰਨ-ਸੁਵੰਨਤਾ ਦੀ ਭੱਟਕਣ ਮੁੱਕ ਜਾਂਦੀ ਹੈ, ਅੱਖਾਂ ਵਿਚ ਟਿਕਾਓ ਆ ਜਾਂਦਾ ਹੈ, ਮਨ ਇਕਾਗਰ ਹੋ ਜਾਂਦਾ ਹੈ, ਗੁਆਚਿਆਂ ਨੂੰ ਟਿਕਾਣਾ ਮਿਲ ਜਾਂਦਾ ਹੈ।

ਸਿਰਜਣਾਤਮਕ ਸਾਦਗੀ ਸਹਿਜ-ਸੁਹਜ ਦੀ ਸਿਖਰ ਹੋਣ ਕਾਰਨ, ਇਹ ਨਿਰਵਾਣ ਦੀ ਅਵਸਥਾ ਹੁੰਦੀ ਹੈ।

ਕਲਾਕਾਰ ਪ੍ਰਕ੍ਰਿਤੀ ਦੇ ਖਿਲਾਰੇ ਵਿਚ, ਪੱਥਰਾਂ ਪਿੱਛੇ ਛੁਪੇ ਹੋਏ ਹੀਰਿਆਂ ਨੂੰ ਵੇਖਦਾ ਹੈ। ਉਸ ਨੂੰ ਬ੍ਰਹਿਮੰਡ ਦੀ ਸਮੁੱਚਤਾ ਦਾ ਗਿਆਨ ਹੋ ਜਾਂਦਾ ਹੈ।

ਇਸੇ ਅਨੁਭਵ ਨੂੰ ਉਹ ਆਪਣੀ ਸਮਰੱਥਾ ਅਤੇ ਵਿਧੀ ਰਾਹੀਂ ਪ੍ਰਗਟਾਉਂਦਾ ਹੈ।

ਅਜਿਹੀ ਸਥਿਤੀ ਵਿਚ ਉਸ ਨੂੰ ਉਚੇਚ ਜਾਂ ਅਡੰਬਰ ਦੀ ਕਿਸੇ ਵੀ ਪ੍ਰਕਾਰ ਦੀ ਕੋਈ ਲੋੜ ਨਹੀਂ ਪੈਂਦੀ।

ਕਿਸੇ ਸਿਰਜਣਾਤਮਕ ਕਲਾ ਨੂੰ ਜਦੋਂ ਕੋਈ ਅਨੁਭਵੀ ਅੱਖ ਵੇਖਦੀ ਹੈ ਤਾਂ ਉਹ ਕਲਾਕਾਰ ਦੇ ਅਨੁਭਵ ਨੂੰ ਹੀ ਹੰਢਾਉਂਦੀ ਹੈ।

ਇਹ ਪੁਨਰ-ਸਿਰਜਣ ਦਾ ਅਮਲ ਹੁੰਦਾ ਹੈ।

ਇਹ ਆਨੰਦ ਦੀ ਅਵਸਥਾ ਹੁੰਦੀ ਹੈ, ਅਸੀਂ ਆਪਣਾ ਆਪ ਕਲਾਕਾਰ ਦੇ ਹਵਾਲੇ ਕਰ ਦਿੰਦੇ ਹਾਂ, ਅਸੀਂ ਆਪਣੇ ਪੰਜੇ ਗਿਆਨ-ਇੰਦਰੇ ਉਸਦੇ ਪਿੱਛੇ ਪਾ ਦਿੰਦੇ ਹਾਂ ਅਤੇ ਸਾਡੀ ਮਾਨਸਿਕ ਸਥਿਤੀ ਪਹਿਲੀ ਵਾਰ ਮੇਲਾ ਵੇਖਣ ਆਈ ਪੇਂਡੂ ਕੁੜੀ, ਜਾਂ ਲੰਮੀ ਉਡਾਰੀ 'ਤੇ ਨਿਕਲੇ ਪੰਛੀ, ਜਾਂ ਸੋਚ ਵਿਚ ਡੁੱਬੀ ਅੱਖ, ਜਾਂ ਨਿਰਵਾਣ ਲਈ ਜਾ ਰਹੇ ਸਿਧਾਰਥ ਜਾਂ ਜਵਾਨੀ ਦੀ ਦਹਿਲੀਜ਼ ਉਤੇ ਖਲੋਤੀ ਮੁਟਿਆਰ ਦੇ ਸੁਪਨੇ ਵਾਲੀ ਹੋ ਜਾਂਦੀ ਹੈ।

ਇਹ ਸਾਡੇ ਸਿਰਜਣਾਤਮਕ ਛਿਣ ਹੁੰਦੇ ਹਨ।

ਇਹ ਸਾਡੀ ਕਲਪਨਾ ਦੀ ਕਮਾਈ ਹੁੰਦੇ ਹਨ।

ਇੰਜ ਲੱਗਦਾ ਹੈ ਜਿਵੇਂ ਕਲਾਕਾਰ ਨੇ ਸਾਡੇ ਮਨ ਦੀ ਹੀ ਗੱਲ ਕਹੀ ਹੈ।

ਇਵੇਂ ਸਾਨੂੰ ਸੱਜਰੇ ਅਨੁਭਵ ਦਾ ਝੂਟਾ ਮਿਲਦਾ ਹੈ, ਸਾਡੇ ਅੰਦਰ ਇਕ ਰਸ ਸਿੰਮਦਾ ਹੈ, ਸਾਡੀ ਰੂਹ ਰੱਜ ਜਾਂਦੀ ਹੈ।

ਅਸੀਂ ਆਪ ਕਲਾਕਾਰ ਬਣ ਜਾਂਦੇ ਹਾਂ।

ਸਿਰਜਣਾਤਮਕ ਪਲਾਂ ਵਿਚ ਸਾਡੇ ਅੰਦਰ ਗਿਆਨ ਅਤੇ ਕਲਾ ਦੇ ਸੁਮੇਲ ਦੀ ਰੋਸ਼ਨੀ ਪ੍ਰਗਟ ਹੋ ਜਾਂਦੀ ਹੈ। ਸਾਡਾ ਜ਼ਿੰਦਗੀ ਨਾਲ ਮੋਹ ਜਾਗਦਾ ਹੈ।

ਅਸੀਂ ਸੰਭੋਗੀ-ਸਿਖਰ ਵਾਲਾ ਵਿਸਮਾਦ ਹੰਢਾਉਂਦੇ ਹਾਂ।

ਇਹ ਉਹ ਛਿਣ ਹੁੰਦੇ ਹਨ, ਜਦੋਂ ਸਾਨੂੰ ਮੌਤ ਦਾ ਡਰ ਨਹੀਂ ਰਹਿੰਦਾ, ਕਿਉਂਕਿ ਸਾਡੇ ਵਿਚ ਜ਼ਿੰਦਗੀ ਦੀਆਂ ਸਾਰੀਆਂ ਧੜਕਣਾਂ ਅਤੇ ਆਪਣੇ-ਆਪ ਵਿਚ ਅੰਤਾਂ ਦਾ ਵਿਸ਼ਵਾਸ ਜਾਗ ਪੈਂਦਾ ਹੈ।

ਅਸੀਂ ਦਰਸ਼ਕ ਜਾਂ ਸਰੋਤੇ ਨਹੀਂ ਰਹਿੰਦੇ, ਆਪ ਸਿਰਜਕ ਹੋ ਨਿਬੜਦੇ ਹਾਂ।

ਇਹ ਮਨੁੱਖ ਤੋਂ ਰੱਬ ਬਣਨ ਦੀ ਅਵਸਥਾ ਹੁੰਦੀ ਹੈ।

❂❂❂

# ਪੀੜ

ਜੇਕਰ ਪੀੜ ਨੂੰ ਭੁਲ ਜਾਣਾ ਸੰਭਵ ਨਾ ਹੁੰਦਾ ਤਾਂ ਕਿਸੇ ਵੀ ਪਰਿਵਾਰ ਵਿਚ ਇਕ ਤੋਂ ਵਧੇਰੇ ਬੱਚੇ ਨਾ ਹੁੰਦੇ।

ਪੀੜ, ਦੁੱਖ ਅਤੇ ਸੰਤਾਪ ਦੀ ਸਹਿਯੋਗੀ ਸ਼ਕਤੀ ਹੈ।

ਇਹ ਸੁੱਖ ਅਤੇ ਖੁਸ਼ੀ ਦੀ ਵਿਰੋਧੀ ਤਾਕਤ ਹੈ।

ਸੁੱਖ ਅਤੇ ਖੁਸ਼ੀ ਦੀ ਆਸ ਸਾਨੂੰ ਜਿਊਂਦੇ ਰਹਿਣ ਵਿਚ ਸਹਾਈ ਹੁੰਦੀ ਹੈ, ਜਦੋਂ ਕਿ ਪੀੜ ਜਿਊਂਦੇ ਰਹਿਣ ਲਈ ਲਾਜ਼ਮੀ ਹੈ।

ਪੀੜ, ਮੋਹ ਦਾ ਸੋਮਾ ਹੁਦੀ ਹੈ।

ਬੱਚੇ ਅਤੇ ਮਾਂ ਵਿਚਕਾਰ ਮੋਹ ਦੀ ਤੰਦ ਜਨਮ-ਪੀੜਾ ਉਤੇ ਆਧਾਰਤ ਹੁੰਦੀ ਹੈ। ਜਿਨ੍ਹਾਂ ਔਰਤਾਂ ਦੇ ਬੱਚੇ ਓਪਰੇਸ਼ਨ ਨਾਲ ਹੁੰਦੇ ਹਨ, ਉਨ੍ਹਾਂ ਦੀ ਸ਼ਖ਼ਸੀਅਤ ਵਿਚ, ਉਹ ਡੂੰਘਾਈ ਨਹੀਂ ਹੁੰਦੀ, ਜਿਹੜੀ ਜਨਮ-ਪੀੜਾਂ ਵਿਚੋਂ ਗੁਜ਼ਰੀ ਮਾਂ ਵਿਚ ਹੁੰਦੀ ਹੈ।

ਪੁਰਸ਼ ਦੇ ਮੁਕਾਬਲੇ ਔਰਤ ਨੂੰ ਸਰੀਰਕ ਪੀੜ ਵਧੇਰੇ ਬਰਦਾਸ਼ਤ ਕਰਨੀ ਪੈਂਦੀ ਹੈ, ਇਸੇ ਲਈ ਪੁਰਸ਼ ਦੇ ਮੁਕਾਬਲੇ ਔਰਤ ਵਧੇਰੇ ਨਰਮ-ਦਿਲ ਅਤੇ ਮੋਹਭਰੀ ਹੁੰਦੀ ਹੈ।

ਜਿਸ ਬੱਚੇ ਦੇ ਜੰਮਣ ਵਿਚ ਮਾਂ ਨੂੰ ਪੀੜ ਨਹੀਂ ਹੁੰਦੀ, ਉਸ ਬੱਚੇ ਦੇ ਠੀਕ ਹੋਣ ਜਾਂ ਬੱਚ ਜਾਣ ਦੀ ਸੰਭਾਵਨਾ ਵੀ ਬਹੁਤੀ ਨਹੀਂ ਹੁੰਦੀ।

ਨਵ-ਜੰਮੇ ਬੱਚੇ ਦੀ ਮਾਂ, ਬੱਚੇ ਨੂੰ ਗਰਮ ਪਾਣੀ ਵਿਚ ਨੁਹਾਉਣ ਤੋਂ ਪਹਿਲਾਂ ਪਾਣੀ ਵਿਚ ਆਪਣਾ ਹੱਥ ਪਾਉਂਦੀ ਹੈ ਅਰਥਾਤ ਅਨੁਮਾਨ ਲਾਉਂਦੀ ਹੈ ਕਿ ਬੱਚੇ ਨੂੰ ਸੁੱਖ ਕਿੰਨਾ ਮਿਲੇਗਾ ਅਤੇ ਪੀੜ ਕਿੰਨੀ ਹੋਵੇਗੀ।

ਆਮ ਤੌਰ ਉੱਤੇ ਅਸੀਂ ਪੀੜ ਤੋਂ ਬਚਣ ਦਾ ਉਪਰਾਲਾ ਕਰਦੇ ਹਾਂ ਪਰ ਕਈ ਵਾਰ ਪੀੜ ਨੂੰ ਜੀ ਆਇਆਂ ਵੀ ਕਹਿੰਦੇ ਹਾਂ।

ਜਦੋਂ ਪੀੜ ਦਾ ਨਤੀਜਾ ਸਾਡੀ ਇੱਛਾ ਅਨੁਸਾਰ ਨਿਕਲਣਾ ਹੋਵੇ ਤਾਂ ਸਾਡੇ ਵਿਚ ਪੀੜ ਬਰਦਾਸ਼ਤ ਕਰਨ ਦੀ ਅਥਾਹ ਸਮਰੱਥਾ ਪੈਦਾ ਹੋ ਜਾਂਦੀ ਹੈ।

ਪਰੰਪਰਾਗਤ ਸਮਾਜ ਵਿਚ ਤਿੰਨ ਧੀਆਂ ਦੀ ਮਾਂ ਜਦੋਂ ਪੁੱਤਰ ਨੂੰ ਜਨਮ ਦਿੰਦੀ ਹੈ ਤਾਂ ਕਿਹੜੀ ਪੀੜ ਹੈ, ਜਿਹੜੀ ਉਹ ਬਰਦਾਸ਼ਤ ਕਰਨ ਲਈ ਤਿਆਰ ਨਹੀਂ ਹੁੰਦੀ?

ਜਦੋਂ ਸਾਡੇ ਜੀਵਨ ਵਿਚ ਪੀੜ ਦੇ ਅਸਲ ਮੌਕੇ ਨਾ ਹੋਣ ਤਾਂ ਅਸੀਂ ਕਈ ਮੌਕੇ ਆਪ ਪੈਦਾ ਕਰਦੇ ਹਾਂ। ਖੇਤਰ ਕੋਈ ਵੀ ਹੋਵੇ, ਹਰ ਕਲਾਕਾਰ ਕੋਈ ਰਚਨਾ ਕਰਨ ਸਮੇਂ ਵਿਸ਼ਾਲ ਅਤੇ ਡੂੰਘੀ ਪੀੜ ਅਨੁਭਵ ਕਰਦਾ ਹੈ।

ਸਾਡੀ ਸ਼ਖ਼ਸੀਅਤ ਉਸੇ ਅਨੁਪਾਤ ਵਿਚ ਨਿਖਰੇਗੀ, ਜਿਸ ਅਨੁਪਾਤ ਵਿਚ ਅਸੀਂ ਪੀੜ ਅਨੁਭਵ ਕਰਾਂਗੇ।

ਮਹਾਨ ਪੁਰਖਾਂ ਨੂੰ ਯਾਦ ਇਸ ਲਈ ਕੀਤਾ ਜਾਂਦਾ ਹੈ ਕਿਉਂਕਿ ਉਨ੍ਹਾਂ ਨੇ ਸਰੀਰਕ ਅਤੇ ਮਾਨਸਿਕ ਪੀੜ ਨੂੰ ਖਿੜੇ-ਮੱਥੇ ਬਰਦਾਸ਼ਤ ਕੀਤਾ ਸੀ।

ਹਰ ਧਰਮ ਦਾ ਇਤਿਹਾਸ ਅਜਿਹੀਆਂ ਉਦਾਹਰਣਾਂ ਨਾਲ ਭਰਿਆ ਪਿਆ ਹੈ।

ਪੀੜ ਇਕ ਵਿਆਪਕ ਸੰਕਲਪ ਹੈ ਪਰ ਅਸੀਂ ਪੀੜ ਦੇ ਵਿਭਿੰਨ ਅਨੁਭਵਾਂ ਲਈ ਇਕ ਹੀ ਸ਼ਬਦ ਵਰਤਣ ਦੇ ਆਦੀ ਹਾਂ।

ਮੁਖ ਤੌਰ ਉੱਤੇ ਪੀੜ ਦੀਆਂ ਦੋ ਪ੍ਰਮੁੱਖ ਵੰਨਗੀਆਂ ਹਨ : ਸਰੀਰਕ ਪੀੜ ਅਤੇ ਮਾਨਸਿਕ ਪੀੜ। ਸਰੀਰਕ ਪੀੜ ਮਾਨਸਿਕ ਪੀੜ ਵੱਲ ਵਧਦੀ ਹੈ ਅਤੇ ਅਨੇਕਾਂ ਵਾਰੀ ਦੋਵੇਂ ਪ੍ਰਕਾਰ ਦੀ ਪੀੜ ਇਕ-ਦੂਜੀ ਵਿਚ ਅਭੇਦ ਹੋ ਜਾਂਦੀ ਹੈ।

ਹਰ ਇਕ ਵਿਅਕਤੀ ਵਿਚ ਦੋਵੇਂ ਪ੍ਰਕਾਰ ਦੀ ਪੀੜ ਨੂੰ ਬਰਦਾਸ਼ਤ ਕਰਨ ਦੀ ਸਮਰੱਥਾ ਅਤੇ ਦੋਵੇਂ ਪ੍ਰਕਾਰ ਦੀ ਪੀੜ ਪ੍ਰਤੀ ਦ੍ਰਿਸ਼ਟੀਕੋਣ ਵੱਖਰਾ ਹੁੰਦਾ ਹੈ।

ਨਿਰਾਸਤਾ, ਕਿਸੇ ਪਿਆਰੇ ਦਾ ਵਿਛੋੜਾ, ਪ੍ਰਸੂਤ-ਪੀੜਾ, ਅਸਫਲਤਾ, ਹਾਰ, ਬੇਇਜ਼ਤੀ, ਅੱਗ ਨਾਲ ਝੁਲਸ ਜਾਣਾ ਆਦਿ ਅਜਿਹੇ ਅਨੁਭਵ ਹਨ ਜੋ ਸਾਡੇ ਵਰਤਾਰੇ ਨੂੰ ਨਿਰਧਾਰਤ ਕਰਦੇ ਹਨ।

ਕਈ ਵਾਰੀ ਮਾਨਸਿਕ ਪੀੜ ਇਤਨੀ ਅਸਹਿ ਹੁੰਦੀ ਹੈ ਕਿ ਉਸ ਵੱਲੋਂ ਧਿਆਨ ਮੋੜਨ ਲਈ ਵਿਅਕਤੀ ਸਰੀਰਕ ਪੀੜ ਦੀ ਇੱਛਾ ਕਰਨ ਲੱਗ ਪੈਂਦਾ ਹੈ।

ਕਈ ਵਾਰੀ ਵਿਅਕਤੀ ਆਰਾਮ ਕਰਨ ਕਰਕੇ, ਮੌਜਾਂ ਮਾਣ-ਮਾਣ ਕੇ ਖੁਸ਼ੀ, ਸੁੱਖ ਆਦਿ ਤੋਂ ਇਸ ਹੱਦ ਤੱਕ ਉਚਾਟ ਹੋ ਜਾਂਦਾ ਹੈ ਕਿ ਉਸ ਦੇ ਮਨ ਵਿਚ ਸਰੀਰਕ ਪੀੜ ਵਾਲੀ ਕਸਰਤ ਜਾਂ ਕਾਰਜ ਲਈ ਤੜਪ ਉੱਠਦੀ ਹੈ।

ਸਾਡੇ ਦਿਮਾਗ ਵਿਚ ਪੀੜ ਨੂੰ ਅਨੁਭਵ ਕਰਨ ਵਾਲਾ ਇਕ ਵਿਸ਼ੇਸ਼ ਭਾਗ ਹੁੰਦਾ ਹੈ ਅਤੇ ਕਈ ਵਾਰੀ ਉਸ ਦੀ ਵਰਤੋਂ ਕਰਨ ਲਈ ਵਿਅਕਤੀ ਆਪ-ਮੁਹਾਰੇ ਪ੍ਰੇਰਿਆ ਜਾਂਦਾ ਹੈ। ਜਿਵੇਂ ਲਗਾਤਾਰ ਮਿੱਠੀਆਂ ਚੀਜ਼ਾਂ ਖਾ ਖਾ ਕੇ ਅਸੀਂ ਅੱਕ ਜਾਂਦੇ ਹਾਂ ਅਤੇ ਕੁਝ ਖੱਟਾ-ਕੌੜਾ ਖਾਣ ਨੂੰ ਦਿਲ ਕਰਦਾ ਹੈ, ਇਵੇਂ ਹੀ ਪੀੜ ਬਾਰੇ ਕਿਹਾ ਜਾ ਸਕਦਾ ਹੈ ਪਰ ਲਗਾਤਾਰ ਪੀੜ ਬਰਦਾਸ਼ਤ ਕਰਨ ਕਾਰਨ ਦਿਮਾਗ ਦੇ ਖੁਸ਼ੀ ਅਨੁਭਵ ਕਰਨ ਵਾਲੇ ਭਾਗ ਦੇ ਖੁੰਢੇ ਹੋ ਜਾਣ ਦਾ ਡਰ ਬਣਿਆ ਰਹਿੰਦਾ ਹੈ।

ਤੰਦਰੁਸਤੀ ਲਈ ਦੋਵਾਂ ਅਨੁਭਵਾਂ ਵਿਚ ਸੰਤੁਲਨ ਜ਼ਰੂਰੀ ਹੈ। ਦੁੱਖ ਅਤੇ ਸੁੱਖ ਸਬੰਧੀ ਸਾਰੀ ਚਰਚਾ ਇਸੇ ਵੱਲ ਇਸ਼ਾਰਾ ਹੈ।

ਦੁੱਖ ਅਤੇ ਸੁੱਖ ਜ਼ਿੰਦਗੀ ਦੇ ਦੋ ਪਾਸੇ ਹਨ, ਦੋ ਪਹੀਏ ਹਨ। ਇਨ੍ਹਾਂ ਦੋਹਾਂ ਅਨੁਭਵਾਂ ਨੂੰ ਇਕ-ਦੂਜੇ ਦੇ ਹਵਾਲੇ ਨਾਲ ਹੀ ਸਮਝਿਆ ਜਾ ਸਕਦਾ ਹੈ।

ਸਰੀਰ ਦੇ ਕਈ ਭਾਗ ਅਜਿਹੇ ਹਨ, ਜਿਹੜੇ ਪੀੜ-ਮੁਕਤ ਹਨ।

ਖੋਪਰੀ ਉਤੇ ਦਬਾਉ ਨਾਲ ਤਾਂ ਪੀੜ ਹੋ ਸਕਦੀ ਹੈ ਪਰ ਦਿਮਾਗ ਨੂੰ ਜਿਵੇਂ ਮਰਜ਼ੀ ਕੱਟ-ਵੱਢ ਲਓ, ਪੀੜ ਨਹੀਂ ਹੁੰਦੀ।

ਪੀੜ ਨਾਲ ਚਮੜੀ ਦਾ ਰੰਗ ਫਿੱਕਾ ਪੈ ਜਾਂਦਾ ਹੈ, ਅੰਤਾਂ ਦੀ ਪੀੜ ਨਾਲ ਉਲਟੀ ਆ ਸਕਦੀ ਹੈ, ਪਸੀਨਾ ਆਮ ਆਉਂਦਾ ਹੈ, ਅੱਖਾਂ ਸੁੰਗੜ ਜਾਂਦੀਆਂ ਹਨ।

ਕਮਜ਼ੋਰ ਸੋਚ ਵਾਲੇ ਵਿਅਕਤੀ ਪੀੜ ਨਾਲ ਬੇਹੋਸ਼ ਹੋ ਜਾਂਦੇ ਹਨ, ਜਦੋਂ ਕਿ ਅਸੂਲ ਦੀ ਲੜਾਈ ਲੜਨ ਵਾਲੇ ਡਟੇ ਰਹਿੰਦੇ ਹਨ।

ਮਾਨਸਿਕ ਤਣਾਓ ਜਾਂ ਚਿੰਤਾ ਸਰੀਰਕ ਪੀੜ ਨੂੰ ਜ਼ਰਬਾਂ ਦਿੰਦੀ ਹੈ।

ਗੁਰੂ ਅਰਜਨ ਦੇਵ ਆਪਣੇ ਸ਼ਾਂਤ ਮਨ ਕਾਰਨ ਹੀ ਤੱਤੀ ਤਵੀ 'ਤੇ ਬੈਠੇ ਰਹੇ।

ਆਪਣੇ ਦ੍ਰਿੜ੍ਹ ਇਰਾਦੇ ਕਾਰਨ ਹੀ ਭਗਤ ਸਿੰਘ ਫਾਂਸੀ ਦੇ ਤਖ਼ਤੇ ਉੱਤੇ ਵੀ ਆਜ਼ਾਦੀ ਦੇ ਨਾਅਰੇ ਲਾਉਂਦਾ ਰਿਹਾ ਸੀ ।

ਕਈ ਵਾਰੀ ਦੋ ਵਿਅਕਤੀਆਂ ਦੀ ਸੰਪੂਰਨ ਇਕ-ਮਿੱਕਤਾ ਉਨ੍ਹਾਂ ਦੇ ਪੀੜ ਦੇ ਅਨੁਭਵ ਵਿਚ ਵੀ ਸਾਂਝ ਉਪਜਾਉਂਦੀ ਹੈ। ਸ਼ਾਇਦ ਇਸੇ ਲਈ ਕਿਸੇ ਨੇ ਕਿਹਾ ਹੈ 'ਅੱਖ ਮੇਰੇ ਯਾਰ ਦੀ ਦੁੱਖੇ, ਲਾਲੀ ਮੇਰੀਆਂ ਅੱਖਾਂ ਵਿਚ ਰੜਕੇ।'

ਕਈ ਵਾਰੀ ਤਕਲੀਫ ਕਿਧਰੇ ਹੁੰਦੀ ਹੈ ਪਰ ਦਰਦ ਕਿਧਰੇ ਹੋਰ ਹੁੰਦਾ ਹੈ।

ਕਿਸੇ ਦੀ ਲੱਤ ਕੱਟਣ ਸਮੇਂ ਪੀੜ ਗਿੱਟੇ ਵਿਚ ਹੁੰਦੀ ਹੈ।

ਦੰਦ ਕੱਢਣ ਸਮੇਂ ਵੀ ਪੀੜ ਕਿਧਰੇ ਹੋਰ ਹੋ ਰਹੀ ਹੁੰਦੀ ਹੈ।

ਸਿਰ ਪੀੜ ਆਮ ਕਰਕੇ ਕਿਸੇ ਵਲੋਂ ਨਜ਼ਰ-ਅੰਦਾਜ਼ ਕੀਤੇ ਜਾਣ ਜਾਂ ਹਾਰ ਜਾਣ ਜਾਂ ਪੱਛੜ ਜਾਣ ਦਾ ਰੋਸ ਹੁੰਦੀ ਹੈ।

ਕਮਜ਼ੋਰ ਇਰਾਦੇ ਵਾਲੇ ਵਿਅਕਤੀ ਪੀੜ ਤੋਂ ਪਹਿਲਾਂ ਹੀ ਪੀੜ ਅਨੁਭਵ ਕਰਨ ਲੱਗ ਪੈਂਦੇ ਹਨ। ਲਗਾਤਾਰ ਪੀੜ ਜਾਂ ਪੀੜ ਦਾ ਭਿਆਨਕ ਅਨੁਭਵ ਵੀ ਸਾਡੇ ਇਰਾਦੇ ਨੂੰ ਕਮਜ਼ੋਰ ਕਰਦਾ ਹੈ।

ਇਸੇ ਲਈ ਕਿਹਾ ਜਾਂਦਾ ਹੈ, ਦੁੱਧ ਦਾ ਜਲਿਆ ਲੱਸੀ ਨੂੰ ਵੀ ਫੂਕਾਂ ਮਾਰਦਾ ਹੈ।

ਕਈ ਵਿਅਕਤੀ ਪੀੜ ਦੇ ਅਨੁਭਵ ਸਮੇਂ ਬੜੀ ਬਹਾਦਰੀ ਦਿਖਾਉਂਦੇ ਹਨ।

ਅਜਿਹੇ ਵਿਅਕਤੀ ਜਾਂ ਤਾਂ ਪੀੜ-ਅਨੁਭਵ ਤੋਂ ਕੋਰੇ ਹੁੰਦੇ ਹਨ ਅਤੇ ਅੜੇ ਰਹਿੰਦੇ ਹਨ ਜਾਂ ਆਪਣੇ ਉਦੇਸ਼ ਦੀ ਪੂਰਤੀ ਲਈ ਹੋਣ ਵਾਲੀ ਪੀੜ ਨੂੰ ਪਹਿਲਾਂ ਹੀ ਕਿਆਸ ਕੇ ਆਪਣੇ ਮੋਰਚੇ 'ਤੇ ਡਟੇ ਰਹਿੰਦੇ ਹਨ।

ਅਨੁਸ਼ਾਸਨ ਵਿਚ ਰਹਿਣ ਵਾਲੇ ਵਿਅਕਤੀ, ਦੂਜਿਆਂ ਦੇ ਮੁਕਾਬਲੇ ਪੀੜ ਨੂੰ ਵਧੇਰੇ ਖਿੜੇ-ਮੱਥੇ ਬਰਦਾਸ਼ਤ ਕਰਦੇ ਹਨ।

ਸਾਧਾਰਨ ਵਿਅਕਤੀ ਪੀੜ ਤੋਂ ਇਸ ਲਈ ਡਰਦਾ ਹੈ, ਕਿਉਂਕਿ ਉਸ ਨੂੰ ਮੌਤ, ਪੀੜ ਦਾ ਹੀ ਅਗਲਾ ਪੜਾਅ ਪ੍ਰਤੀਤ ਹੁੰਦੀ ਹੈ।

ਦੂਜੇ ਦੀ ਪੀੜ ਵਿਚ ਸ਼ਰੀਕ ਹੋਣਾ ਆਪਣੀ ਪੀੜ ਘਟਾਉਣ ਦਾ ਇਕ ਢੰਗ ਹੁੰਦਾ ਹੈ। ਇਹੀ ਅਸੂਲ ਸਮਾਜਿਕ ਜੀਵਨ ਦੀ ਚੂਲ ਹੈ।

ਇਹੀ ਸੰਕਲਪ ਪਿਆਰ ਦਾ ਆਧਾਰ ਹੈ।

ਕਈ ਵਿਅਕਤੀ ਭਾਵਕ ਪੱਧਰ ਉੱਤੇ ਇਤਨੇ ਖਚਿਤ ਹੁੰਦੇ ਹਨ ਕਿ ਉਨ੍ਹਾਂ ਨੂੰ ਪੀੜ ਦਾ ਅਨੁਭਵ ਹੀ ਨਹੀਂ ਹੁੰਦਾ। ਮਹੀਂਵਾਲ ਦਾ ਪੱਟ ਚੀਰਨਾ ਅਤੇ ਸੱਸੀ ਦਾ ਥਲਾਂ ਵਿਚ ਰੁਲਣਾ ਅਜਿਹੀਆਂ ਉਦਾਹਰਣਾਂ ਹਨ।

ਸਖਤ ਮੁਕਾਬਲੇ ਵਿਚ ਜਾਂ ਭੱਖੀ ਹੋਈ ਖੇਡ ਵਿਚ ਕਈ ਵਾਰੀ ਖਿਡਾਰੀ ਨੂੰ ਸੱਟ ਲੱਗ ਜਾਂਦੀ ਹੈ ਪਰ ਉਸ ਨੂੰ ਪੀੜ ਦਾ ਪਤਾ ਹੀ ਨਹੀਂ ਲੱਗਦਾ।

ਮਹਾਨ ਉਦੇਸ਼ ਲਈ ਜੂਝ ਰਹੇ ਵਿਅਕਤੀ ਪੀੜ ਨੂੰ ਪੀੜ ਨਹੀਂ ਮੰਨਦੇ।

ਪੀੜ ਨੂੰ ਨਾ ਮੰਨਣਾ ਬਹਾਦਰੀ ਸਮਝਿਆ ਜਾਦਾ ਹੈ ਅਤੇ ਹਰ ਕੋਈ ਬਹਾਦਰ ਅਖਵਾਉਣ ਦਾ ਇੱਛਕ ਹੁੰਦਾ ਹੈ। ਬਹਾਦਰ ਕੌਮ ਦਾ ਹਰ ਇਕ ਵਿਅਕਤੀ ਪੀੜ ਨੂੰ ਬਰਦਾਸ਼ਤ ਕਰਨ ਵਿਚ ਆਪਣਾ ਮਾਣ ਸਮਝਦਾ ਹੈ ਅਤੇ ਉਹ ਮਿਲਣ ਵਾਲੇ ਮਾਣ ਦੀ ਆਸ ਵਿਚ ਪੀੜ ਨੂੰ ਖਿੜੇ-ਮੱਥੇ ਸਹਾਰਦਾ ਹੈ।

ਇਵੇਂ ਹੀ ਕਾਮ-ਸੰਭੋਗ ਵਿਚ ਪੀੜ ਦੇ ਮੁਕਾਬਲੇ ਆਨੰਦ ਵਧੇਰੇ ਹੋਣ ਕਾਰਨ, ਪੀੜ ਦੀ ਪ੍ਰਵਾਹ ਨਹੀਂ ਕੀਤੀ ਜਾਂਦੀ।

ਕਈ ਮਾਨਸਿਕ ਰੋਗੀ ਦੂਜਿਆਂ ਨੂੰ ਪੀੜ ਦੇ ਕੇ ਖੁਸ਼ ਹੁੰਦੇ ਹਨ ਅਤੇ ਕਈ ਪੀੜ ਪ੍ਰਾਪਤ ਕਰਕੇ ਤਸੱਲੀ ਅਨੁਭਵ ਕਰਦੇ ਹਨ।

ਕਿਸੇ ਪਿਆਰੇ ਵੱਲੋਂ ਸਤਾਇਆ ਜਾਣਾ, ਸਾਨੂੰ ਰਚਨਾਤਮਕ ਅਤੇ ਆਪਣੀ ਸਹਿਣਸ਼ੀਲਤਾ ਵਧਾਉਣ ਦੇ ਯੋਗ ਬਣਾਉਂਦਾ ਹੈ।

ਕੀ ਪੀੜ ਤੋਂ ਬਚਣ ਦਾ ਉਪਰਾਲਾ ਕਰਨਾ ਚਾਹੀਦਾ ਹੈ?

ਜੀ ਹਾਂ, ਪਰ ਸਾਰੀਆਂ ਹਾਲਤਾਂ ਵਿਚ ਨਹੀਂ।

ਪੀੜ ਨੂੰ ਬਰਦਾਸ਼ਤ ਕਰਨਾ ਇਕ ਤੰਦਰੁਸਤ ਆਦਤ ਹੈ ਪਰ ਪੀੜ ਕਰਦੇ ਕੰਨ ਜਾਂ ਦੰਦ ਦਾ ਇਲਾਜ ਕਰਵਾਉਣਾ ਜ਼ਰੂਰੀ ਹੈ। ਹਰ ਨਿੱਕੀ-ਮੋਟੀ ਪੀੜ ਘਟਾਉਣ ਲਈ ਦਵਾਈ ਲੈਣ ਨਾਲ ਪੀੜ ਬਰਦਾਸ਼ਤ ਕਰਨ ਦੀ ਸਮਰੱਥਾ ਘੱਟਦੀ ਹੈ ਅਤੇ ਸਮੇਂ ਦੇ ਬੀਤਣ ਨਾਲ ਦਵਾਈ ਦੀ ਵੱਧਦੀ ਮਾਤਰਾ ਆਦਤ ਹੀ ਬਣ ਜਾਂਦੀ ਹੈ।

ਪੀੜ ਦੀ ਸਥਿਤੀ ਵਿਚ ਝੱਟਪੱਟ ਦਵਾਈ ਲੈਣ ਵਾਲਾ ਵਿਅਕਤੀ ਡਰਪੋਕ ਬਣ ਜਾਂਦਾ ਹੈ ਅਤੇ ਉਸ ਦਾ ਵਰਤਾਰਾ ਸਾਵਾਂ ਨਹੀਂ ਰਹਿੰਦਾ।

ਪੀੜ ਸਾਡੇ ਵਿਚ ਹਮਦਰਦੀ, ਸੂਝ, ਸਮਝ ਅਤੇ ਦੂਜਿਆਂ ਦੀਆ ਮੁਸ਼ਕਿਲਾਂ ਅਨੁਭਵ ਕਰਨ ਦੀ ਸਮਰੱਥਾ ਉਪਜਾਉਂਦੀ ਹੈ।

ਜਦੋਂ ਕੋਈ ਸਾਡੀ ਪੀੜ ਵੰਡਾਉਂਦਾ ਹੈ, ਅਸੀਂ ਉਸ ਨੂੰ ਸਦਾ ਲਈ ਆਪਣੇ ਦਿਲ ਵਿਚ ਵਸਾ ਲੈਂਦੇ ਹਾਂ ਅਤੇ ਉਸ ਨੂੰ ਪਿਆਰੇ ਦੇ ਨਾਂ ਨਾਲ ਪੁਕਾਰਦੇ ਹਾਂ। ਇਵੇਂ ਪੀੜ ਬਹੁਤ ਸਾਰੇ ਮਨੁੱਖੀ ਰਿਸ਼ਤਿਆਂ ਦਾ ਆਧਾਰ ਹੁੰਦੀ ਹੈ।

# ਇਤਿਹਾਸ

ਇਤਿਹਾਸ ਦੀ ਗੱਲ ਕਰਦਿਆਂ ਅਸੀਂ ਅਕਸਰ ਭੁੱਲ ਜਾਂਦੇ ਹਾਂ ਕਿ ਅਸੀਂ ਵੀ ਇਤਿਹਾਸ ਸਿਰਜ ਰਹੇ ਹਾਂ।

ਅਸੀ ਇੱਕ ਵੱਡੇ ਗ੍ਰਹਿ ਉੱਤੇ ਖਲੋ ਕੇ ਹੀ ਵਿਸ਼ਾਲ ਬ੍ਰਹਿਮੰਡ ਦੇ ਦੂਜੇ ਗ੍ਰਹਿਆਂ ਵੱਲ ਵੇਖ ਰਹੇ ਹੁੰਦੇ ਹਾਂ।

ਸਾਡਾ ਵਰਤਮਾਨ, ਇਤਿਹਾਸ ਦੇ ਸੰਦਰਭ ਵਿਚ ਹੀ ਕੋਈ ਅਰਥ ਰੱਖਦਾ ਹੈ।

ਵਿਅਕਤੀਗਤ ਇਤਿਹਾਸ ਨੂੰ ਪਿਛੋਕੜ ਕਹਿੰਦੇ ਹਨ।

ਅਸੀਂ ਸਾਰੇ ਵੱਖਰੇ-ਵੱਖਰੇ ਇਸ ਲਈ ਹਾਂ ਕਿਉਂਕਿ ਸਾਡਾ ਸਭ ਦਾ ਪਿਛੋਕੜ ਅਤੇ ਇਤਿਹਾਸ ਵੱਖਰਾ-ਵੱਖਰਾ ਹੈ।

ਸਾਡਾ ਸਾਰਿਆਂ ਦਾ ਇਤਿਹਾਸ ਮਿਲ ਕੇ ਇਕ ਕੌਮ ਦਾ, ਇਕ ਸਭਿਅਤਾ ਦਾ ਜਾਂ ਸੰਸਾਰ ਦਾ ਇਤਿਹਾਸ ਬਣਦਾ ਹੈ।

ਹਰ ਜਾਤੀ ਜਾਂ ਜੇਤੂ ਕੌਮ ਆਪਣੀ ਵਿਤ ਅਨੁਸਾਰ ਇਤਿਹਾਸ ਨੂੰ ਤਰੋੜਦੀ-ਮਰੋੜਦੀ ਹੈ। ਹਰ ਜੇਤੂ ਕੌਮ ਆਪਣਾ ਨਾਇਕ ਸਿਰਜਦੀ ਹੈ ਅਤੇ ਇਸ ਨਾਇਕ ਦੇ ਆਲੇ ਦੁਆਲੇ ਇਕ ਸਭਿਆਚਾਰ ਉਸਾਰਦੀ ਹੈ। ਰਾਮ ਚੰਦਰ ਜੀ ਜੇਤੂ ਆਰੀਆ ਲੋਕਾਂ ਦੇ ਨਾਇਕ ਸਨ। ਰਾਵਣ ਭਾਰਤ ਵਿਚ ਪਹਿਲਾਂ ਹੀ ਵੱਸਦੀ ਦਰਾਵੜ ਕੌਮ ਦਾ ਨਾਇਕ ਸੀ।

ਨਵੇਂ ਨਾਇਕ ਨੇ ਪਹਿਲੇ ਨਾਇਕ ਨੂੰ, ਬਾਹਰਲੇ ਨਾਇਕ ਨੇ ਅੰਦਰਲੇ ਨਾਇਕ ਨੂੰ, ਖਲਨਾਇਕ ਬਣਾ ਕੇ, ਉਸ ਨੂੰ ਹੀਣਾ ਬਣਾ ਕੇ, ਹਰਾਉਣਾ ਹੁੰਦਾ ਹੈ।

ਇਹ ਅਮਲ ਇਤਿਹਾਸ ਦੇ ਹਰ ਯੁਗ ਵਿਚ ਹੋਇਆ ਹੈ।

ਇਤਿਹਾਸ ਉਦਾਹਰਣਾਂ ਵਾਲਾ ਦਰਸ਼ਨ ਹੁੰਦਾ ਹੈ। ਅਨੇਕਾਂ ਵਿਅਕਤੀ ਉਦਾਹਰਣਾਂ ਉਸਾਰਦੇ ਹਨ। ਉਨ੍ਹਾਂ ਉਦਾਹਰਣਾਂ ਦੇ ਸਾਂਝੇ ਤੱਤਾਂ ਤੋਂ ਵੱਖ-ਵੱਖ ਸੋਚ-ਪ੍ਰਣਾਲੀਆਂ ਉਸਰਦੀਆਂ ਹਨ ਅਤੇ ਆਮ ਵਿਅਕਤੀ ਆਪਣੇ ਸਾਹਮਣੇ ਦੀਆਂ ਉਦਾਹਰਣਾਂ ਅਨੁਸਾਰ ਆਪਣਾ-ਆਪਣਾ ਜੀਵਨ ਢਾਲਦੇ ਹਨ।

ਅੱਜ ਵੀ ਰਮਾਇਣ ਅਤੇ ਮਹਾਂਭਾਰਤ ਹੀ ਭਾਰਤੀ ਜੀਵਨ ਦਾ ਆਧਾਰ ਹਨ। ਅਜ ਵੀ ਆਦਰਸ਼ਕ ਪੁੱਤਰ ਦੀ ਉਦਾਹਰਣ ਸਰਵਣ ਹੈ, ਆਗਿਆਕਾਰੀ ਪੁੱਤਰ ਦੀ ਉਦਾਹਰਣ ਰਾਮ ਹਨ, ਆਦਰਸ਼ਕ ਭਰਾ ਦੀ ਉਦਾਹਰਣ ਲਛਮਣ ਹੈ, ਪੱਕੇ ਭਗਤ ਦੀ ਉਦਾਹਰਣ ਹਨੂਮਾਨ ਹੈ, ਪਵਿੱਤਰ ਪਤਨੀ ਦੀ ਉਦਾਹਰਣ ਸੀਤਾ ਅਤੇ ਸਵਿੱਤਰੀ ਹੈ, ਮਤਰੇਈ ਮਾਂ ਦੀ

ਉਦਾਹਾਰਣ ਅਜੇ ਵੀ ਕੈਕਈ ਹੈ। ਇਹ ਉਦਾਹਰਣਾਂ ਜੀਵਨ ਨੂੰ ਇੱਕ ਪਰੰਪਰਾ ਵਿਚ ਬੰਨ੍ਹਣ 'ਚ ਸਹਾਈ ਹੁੰਦੀਆਂ ਹਨ। ਬਹੁਤ ਘੱਟ ਲੋਕ ਸੋਚ ਵਾਲੇ ਹੁੰਦੇ ਹਨ।

ਲੋਕਾਂ ਦੀ ਬਹੁਗਿਣਤੀ ਪਰੰਪਰਾ ਪਾਲ ਕੇ ਮਰਿਆਦਾ ਹੀ ਨਿਭਾਉਂਦੀ ਹੈ।

ਇਹੀ ਕਾਰਨ ਹੈ ਕਿ ਜਦੋਂ ਵੀ ਸੋਚਵਾਨਾਂ ਨੇ ਕੋਈ ਤਬਦੀਲੀ ਲਿਆਉਣੀ ਚਾਹੀ ਹੈ ਤਾਂ ਪਰੰਪਰਾ-ਪਾਲ ਬਹੁਗਿਣਤੀ ਨੇ ਉਨ੍ਹਾਂ ਦਾ ਵਿਰੋਧ ਕੀਤਾ ਹੈ।

ਇਨਕਲਾਬੀਆਂ ਅਤੇ ਪਰੰਪਰਾਵਾਦੀਆਂ ਵਿਚਕਾਰ ਵਿਰੋਧ ਬਹੁਤ ਚਿਰ ਤੋਂ ਨਿਰੰਤਰ ਚੱਲ ਰਿਹਾ ਹੈ। ਇਤਿਹਾਸ ਇਸ ਗੱਲ ਦਾ ਗਵਾਹ ਹੈ।

ਹਰ ਕੌਮ ਜਾਂ ਜਾਤੀ ਜਾਂ ਦੇਸ਼ ਦਾ ਇਤਿਹਾਸ ਅਸਲ ਵਿਚ ਉਸ ਵਿਸ਼ੇਸ਼ ਥਾਂ ਉੱਤੇ ਉਪਲੱਬਧ ਉਪਜੀਵਕਾ ਦੇ ਸਾਧਨਾਂ ਦਾ ਹੀ ਲੇਖਾ-ਜੋਖਾ ਹੁੰਦਾ ਹੈ। ਭੂਗੋਲਿਕ ਸਥਿਤੀ ਕਿਸੇ ਥਾਂ ਦੇ ਇਤਿਹਾਸ ਨੂੰ ਸਿਰਜਣ ਵਿਚ ਮੁੱਢਲਾ ਰੋਲ ਅਦਾ ਕਰਦੀ ਹੈ।

ਉਦਾਹਰਣ ਵਜੋਂ ਭਾਰਤ ਵਿਚ ਪਾਣੀ ਦੇ ਆਮ ਹੋਣ ਅਤੇ ਉਪਜੀਵਕਾ ਅਤੇ ਉਪਜ ਸੌਖੀ ਹੋਣ ਕਾਰਨ ਇਥੇ ਕਲਪਨਾ ਦੇ ਖੇਤਰਾਂ ਵਿਚ ਉੱਚੀਆਂ ਉਡਾਰੀਆਂ ਸੰਭਵ ਹੋਈਆਂ ਸਨ। ਦੂਜੇ ਪਾਸੇ ਯੂਨਾਨ ਵਿਚ ਉਪਜੀਵਕਾ ਕਠਿਨ ਸੀ, ਇਸੇ ਕਰਕੇ ਉਥੇ ਜੀਵਨ ਪ੍ਰਤੀ ਦ੍ਰਿਸ਼ਟੀਕੋਣ ਯਥਾਰਥਵਾਦੀ ਬਣਿਆ ਰਿਹਾ ਹੈ।

ਜਿਹੜੇ ਇਲਾਕੇ ਗਰਮ ਹਨ, ਉਹ ਗਰੀਬ ਹਨ, ਉੱਥੇ ਤਾਪਮਾਨ ਦੇ ਵੱਧ ਹੋਣ ਕਾਰਨ ਸਰੀਰ ਵਿਚ ਚੁਸਤੀ ਦੀ ਘਾਟ ਹੈ, ਕੰਮ ਕਰਨ ਦੀ ਸਮਰੱਥਾ ਘੱਟ ਹੈ, ਜਨਸੰਖਿਆ ਵਧੇਰੇ ਹੈ, ਗਰੀਬੀ ਹੈ, ਗਰੀਬੀ ਕਾਰਨ ਅਨਪੜ੍ਹਤਾ ਹੈ, ਅਨਪੜ੍ਹਤਾ ਕਾਰਨ ਹੀ ਧਰਮ ਅਤੇ ਵਹਿਮਾਂ-ਭਰਮਾਂ ਦਾ ਬੋਲਬਾਲਾ ਹੈ।

ਅਠਾਰ੍ਹਵੀਂ ਸਦੀ ਦੇ ਅੱਧ ਤੱਕ ਆਰਥਿਕ ਪੱਖੋਂ ਸਾਰਾ ਸੰਸਾਰ ਲਗਭਗ ਇੱਕੋ-ਜਿਹਾ ਸੀ, ਨਾ ਗਰੀਬ, ਨਾ ਅਮੀਰ। ਅੰਤਰ ਇਸ ਉਪਰੰਤ ਉਭਰਨਾ ਆਰੰਭ ਹੋਇਆ ਹੈ। ਇਸ ਅੰਤਰ ਨੂੰ ਵਿਦਿਆ ਅਤੇ ਵਿਗਿਆਨ ਨੇ ਉਘਾੜਿਆ ਹੈ।

ਵਿਦਿਆ ਦੇ ਪਸਾਰ ਨਾਲ ਸਭ ਥਾਂਈਂ ਨਵਾਂ ਗੇੜ ਚੱਲਿਆ ਹੈ। ਵਿਦਿਆ ਨੇ ਧਰਮ ਦੀ ਜਕੜ ਢਿੱਲੀ ਕੀਤੀ ਹੈ, ਨਵੇਂ ਕੰਮ ਅਤੇ ਧੰਦੇ ਉਸਾਰੇ ਹਨ, ਖੁਸ਼ਹਾਲੀ ਲਿਆਂਦੀ ਹੈ, ਜਨਸੰਖਿਆ ਦੇ ਵਾਧੇ ਦੀ ਦਰ ਘਟਾਈ ਹੈ, ਕੁਦਰਤ ਨੂੰ ਕਾਬੂ ਕਰਨ ਦੇ ਨਵੇਂ ਢੰਗ ਸੁਝਾਏ ਹਨ, ਕੰਮ ਕਰਨ ਦੀ ਯੋਗਤਾ ਅਤੇ ਸਮਰੱਥਾ ਵਧਾਈ ਹੈ।

ਸੱਚੇ ਅਰਥਾਂ ਵਿਚ ਕਿਸੇ ਅਮੀਰ ਸਭਿਅਤਾ ਦੇ ਗਰੀਬ ਹੋਣ ਵਿਚ ਸਦੀਆਂ ਲੱਗਦੀਆਂ ਹਨ ਅਤੇ ਸੱਚੇ ਅਰਥਾਂ ਵਿਚ ਕਿਸੇ ਗਰੀਬ ਦੇਸ਼ ਦੇ ਅਮੀਰ, ਸ਼ਕਤੀਸ਼ਾਲੀ ਅਤੇ ਖੁਸ਼ਹਾਲ ਹੋਣ 'ਚ ਵੀ ਢੇਰ ਸਮਾਂ ਲੱਗੇਗਾ।

ਇਹ ਵੀ ਇਕ ਇਤਿਹਾਸਕ ਸੱਚਾਈ ਹੈ ਕਿ ਜਿਨ੍ਹਾਂ ਦੇਸ਼ਾਂ ਦੀਆਂ ਪਰੰਪਰਾਵਾਂ ਪੁਰਾਣੀਆਂ ਹਨ, ਉੱਥੇ ਪਰੰਪਰਾਵਾਂ ਦੇ ਬੋਝ ਕਾਰਨ ਵਿਕਾਸ ਦੀ ਗਤੀ ਹੌਲੀ ਹੈ, ਤਬਦੀਲੀ ਦਾ ਕਾਰਜ ਔਖਾ ਹੈ, ਰਸਮਾਂ-ਰੀਤਾਂ ਦਾ ਜੰਜਾਲ ਵਧੇਰੇ ਹੈ, ਤਿਉਹਾਰ ਅਣਗਿਣਤ ਹਨ ਅਤੇ ਸੰਸਕਾਰਾਂ ਤੋਂ ਮੁਕਤੀ ਮੁਸ਼ਕਿਲ ਹੈ।

ਪੁਰਾਣੇ ਦੇਸ਼ ਜਾਂ ਸਭਿਆਤਾਵਾਂ ਦਰਿਆਵਾਂ ਦੇ ਕਿਨਾਰਿਆਂ 'ਤੇ ਵੱਸੀਆਂ ਸਨ। ਭਾਰਤ ਸਬੰਧੀ ਗੰਗਾ-ਜਮਨਾ ਦੀ ਮਿਸਾਲ ਦੇਣ ਦੀ ਲੋੜ ਨਹੀਂ। ਮਿਸਰ ਨੀਲ ਦਰਿਆ ਦੇ ਕਿਨਾਰੇ, ਇਟਲੀ ਟਾਈਬਰ ਦੇ ਕਿਨਾਰੇ, ਜਰਮਨੀ ਐਲਬੀ ਦੇ ਕਿਨਾਰੇ, ਫਰਾਂਸ ਰੋਨ ਅਤੇ ਸੇਨ ਦਰਿਆਵਾਂ ਦੇ ਕਿਨਾਰੇ ਵੱਸੇ ਹੋਏ ਦੇਸ਼ ਹਨ।

ਪੁਰਾਣੀਆਂ ਸਭਿਆਤਾਵਾਂ ਦਰਿਆਵਾਂ ਦੇ ਕਿਨਾਰੇ ਸਥਿਤ ਸਨ, ਨਵੀਆਂ ਸਭਿਆਤਾਵਾਂ ਜਾਂ ਆਧੁਨਿਕ ਮਹਾਂ-ਨਗਰ ਰੇਲਵੇ ਲਾਈਨ ਦੇ ਕਿਨਾਰਿਆਂ 'ਤੇ ਸਥਿਤ ਹਨ। ਸਾਨੂੰ ਗੱਡੀ ਜਾਂ ਰੇਲ ਦੀਆਂ ਲਾਈਨਾਂ ਇਸ ਲਈ ਚੰਗੀਆਂ ਲੱਗਦੀਆਂ ਹਨ, ਕਿਉਂਕਿ ਇਹ ਉਦਯੋਗਿਕ ਯੁਗ ਦੇ ਦਰਿਆ ਹਨ।

ਪਹਿਲਾਂ ਦਰਿਆ ਇਕ ਪਾਸੇ ਵਹਿੰਦੇ ਸਨ ਪਰ ਉਦਯੋਗਿਕ ਦਰਿਆ (ਰੇਲ) ਦੋਵੇਂ ਪਾਸੇ ਵਹਿੰਦੇ ਹਨ।

ਜਿਸ ਇਲਾਕੇ ਨੂੰ ਰੇਲ ਦੀ ਲਾਈਨ ਨਹੀਂ ਲੱਗਦੀ ਉਸ ਦਾ ਹਾਲ ਉਹੀ ਹੈ ਜੋ ਪੁਰਾਣੇ ਜ਼ਮਾਨੇ ਵਿਚ ਉਨ੍ਹਾਂ ਸ਼ਹਿਰਾਂ ਦਾ ਸੀ ਜਿਹੜੇ ਦਰਿਆ ਦੇ ਕਿਨਾਰੇ ਨਹੀਂ ਸਨ, ਦਰਿਆ ਦੀ ਥਾਂ ਰੇਲ ਨੇ ਅਤੇ ਸਮੁੰਦਰੀ ਜਹਾਜ਼ ਦੀ ਥਾਂ ਹਵਾਈ ਜਹਾਜ਼ ਨੇ ਲੈ ਲਈ ਹੈ।

ਵਿਗਿਆਨ ਨੇ ਸਭ ਕੁਝ ਬਦਲ ਕੇ ਜੀਵਨ ਨੂੰ ਤੇਜ਼ ਅਤੇ ਗੁੰਝਲਦਾਰ ਬਣਾ ਦਿੱਤਾ ਹੈ, ਜਿਵੇਂ ਕਾਨੀ ਦੀ ਥਾਂ ਪੈੱਨ ਨੇ, ਚੁੱਲ੍ਹੇ ਦੀ ਥਾਂ ਗੈਸ ਜਾਂ ਹੀਟਰ ਨੇ, ਗੱਡੇ ਦੀ ਥਾਂ ਟਰੱਕ ਨੇ, ਹੱਲ ਦੀ ਥਾਂ ਟਰੈਕਟਰ ਨੇ, ਸੂਈ ਦੀ ਥਾਂ ਸਿਲਾਈ ਮਸ਼ੀਨ ਨੇ, ਪੱਖੀ ਦੀ ਥਾਂ ਬਿਜਲੀ ਦੇ ਪੱਖੇ ਨੇ ਲੈ ਲਈ ਹੈ।

ਇਹ ਇਤਿਹਾਸਕ ਤੱਥ ਹੈ ਕਿ ਜਿਸ ਪੜਾਅ ਉਤੇ ਕੋਈ ਸਭਿਅਤਾ ਇਕ ਵਾਰੀ ਪਹੁੰਚੀ ਹੈ, ਉਹ ਵਾਪਸ ਨਹੀਂ ਮੁੜੀ, ਅੱਗੇ ਹੀ ਵੱਧੀ ਹੈ, ਸਭ ਮੁਸ਼ਕਿਲਾਂ ਦੇ ਬਾਵਜੂਦ ਉਸ ਵਿਚ ਵਿਕਾਸ ਵਾਪਰਿਆ ਹੈ।

ਆਲੇ-ਦੁਆਲੇ ਝਾਤ ਮਾਰ ਕੇ ਵੇਖੋ ਕੁਝ ਵੀ ਅਜਿਹਾ ਦਿਖਾਈ ਨਹੀਂ ਦੇਵੇਗਾ, ਜਿਹੜਾ ਪਿਛਲੇ ਤੀਹ ਸਾਲਾਂ ਵਿਚ ਨਹੀਂ ਬਦਲਿਆ।

ਮਨੁੱਖੀ ਇਤਿਹਾਸ ਦੇ ਉਤਰਾਅ-ਚੜ੍ਹਾਅ ਆਮ ਕਰਕੇ ਖਾਣ-ਪੀਣ ਦੀਆਂ ਚੀਜ਼ਾਂ ਦੇ ਵੱਧ ਜਾਂ ਘੱਟ ਹੋਣ ਨਾਲ ਜੁੜੇ ਹੋਏ ਹਨ।

ਖਾਣ-ਪੀਣ ਵਾਲੀਆਂ ਚੀਜ਼ਾਂ ਦੀ ਬਹੁਤਾਤ ਨੇ ਮਨੁੱਖ ਨੂੰ ਨਵੀਆਂ ਕਾਢਾਂ ਕੱਢਣ ਲਈ, ਨਵੇਂ ਫ਼ਲਸਫ਼ੇ ਸੋਚਣ ਲਈ ਵਿਹਲ ਦਿੱਤੀ ਹੈ।

ਇਨ੍ਹਾਂ ਚੀਜ਼ਾਂ ਦੀ ਘਾਟ ਜੰਗਾਂ ਨੂੰ ਜਨਮ ਦਿੰਦੀ ਰਹੀ ਹੈ।

ਅਣਜਾਣੀਆਂ ਧਰਤੀਆਂ ਅਤੇ ਨਵੀਆਂ ਮੰਡੀਆਂ ਦੀ ਭਾਲ ਦੀ ਲੋੜ ਵੀ ਅਸਲ ਵਿਚ ਚੰਗੇਰਾ ਖਾਣ-ਪੀਣ ਅਤੇ ਹੰਢਾਉਣ ਦੀ ਲਾਲਸਾ ਵਿਚੋਂ ਉਪਜਦੀ ਹੈ।

ਜੰਗ ਇਕ ਕੌਮ ਵੱਲੋਂ ਦੂਜੀ ਕੌਮ ਨੂੰ ਖਾ ਜਾਣ ਅਤੇ ਇਕ ਸਮੁੱਚੀ ਕੌਮ ਵੱਲੋਂ ਦੂਜੀ ਸਮੁੱਚੀ ਕੌਮ ਦਾ ਬਲਾਤਕਾਰ ਕਰਨ ਵਾਲਾ ਕਾਰਜ ਹੁੰਦਾ ਹੈ।

ਪ੍ਰਚਾਰ ਕੀਤਾ ਜਾਂਦਾ ਰਿਹਾ ਹੈ ਕਿ ਮਨੁੱਖ, ਪਦਾਰਥਕ ਸ਼ਕਤੀਆਂ ਸਿਰਜਦੇ ਰਹੇ ਹਨ ਪਰ ਮਾਰਕਸ ਨੇ ਇਸ ਸਿਧਾਂਤ ਨੂੰ ਸਿਰ ਪਰਨੇ ਉਲਟਾ ਦਿੱਤਾ ਹੈ ਅਤੇ ਸਿੱਧ ਕੀਤਾ ਹੈ ਕਿ ਪਦਾਰਥਕ ਹਾਲਤਾਂ ਵਿਸ਼ੇਸ਼ ਪ੍ਰਕਾਰ ਦੇ ਮਨੁੱਖਾਂ, ਵਿਸ਼ੇਸ਼ ਵਿਚਾਰਧਾਰਾਵਾਂ ਆਦਿ ਨੂੰ ਸਿਰਜਦੀਆਂ ਰਹੀਆਂ ਹਨ।

ਜਦੋਂ ਵੀ ਇਤਿਹਾਸ ਤਬਦੀਲੀ ਦੀ ਦਹਿਲੀਜ਼ ਤੇ ਅਪੜਿਆ ਹੈ ਤਾਂ ਇਤਿਹਾਸ ਨੇ ਕੋਈ ਨਾ ਕੋਈ ਸਿਕੰਦਰ, ਬੁੱਧ ਜਾਂ ਮਾਰਕਸ ਸਿਰਜਿਆ ਹੈ।

ਕਿਸੇ ਮਾਰਕਸ ਜਿਹੇ ਵਿਚਾਰਵਾਨ ਦੇ ਆਉਣ ਨਾਲ ਤਬਦੀਲੀ ਜਾਇਜ਼ ਅਤੇ ਸੁਭਾਵਿਕ ਪ੍ਰਤੀਤ ਹੋਣ ਲੱਗ ਪੈਂਦੀ ਰਹੀ ਹੈ।

ਵੇਖਿਆ ਗਿਆ ਹੈ ਕਿ ਖਾਲਸ ਕੌਮਾਂ ਨੇ ਵਧੇਰੇ ਜਿੱਤਾਂ ਪ੍ਰਾਪਤ ਕੀਤੀਆਂ ਹਨ ਅਤੇ ਮਿਸ਼ਰਤ ਕੌਮਾਂ ਨੇ ਵਧੇਰੇ ਹਾਰਾਂ ਖਾਧੀਆਂ ਹਨ। ਇਸ ਵੇਲੇ ਸੰਸਾਰ ਵਿਚ ਖਾਲਸ ਕੌਮਾਂ ਅਮੀਰ ਹਨ, ਮਿਸ਼ਰਤ ਕੌਮਾਂ ਗਰੀਬ ਹਨ।

ਗਰੀਬ ਕੌਮਾਂ ਨੇ ਬਰਾਬਰੀ ਦਾ ਨਾਅਰਾ ਲਾਇਆ ਹੈ, ਜਦੋਂ ਕਿ ਅਮੀਰ ਕੌਮਾਂ ਨੇ ਸਭ ਕੁਝ ਕਰਨ ਦੀ ਆਜ਼ਾਦੀ ਦਾ ਸੰਕਲਪ ਸਿਰਜਿਆ ਹੈ।

ਇਹ ਵੀ ਵੇਖਿਆ ਗਿਆ ਹੈ ਕਿ ਜਿਹੜਾ ਵੀ ਸੰਕਲਪ ਉਪਜਿਆ ਹੈ, ਉਸ ਦੀ ਹਰ ਖੇਤਰ ਵਿਚ ਸਮਰੱਥਾ ਪਰਖੀ ਗਈ ਹੈ ਅਤੇ ਉਸ ਅਨੁਸਾਰ ਹੀ ਉਸ ਦੇ ਪੱਖ ਜਾਂ ਵਿਰੋਧ ਵਿਚ ਮੋਰਚੇਬੰਦੀ ਕੀਤੀ ਗਈ ਹੈ।

ਹਰ ਨਵੇਂ ਪ੍ਰਬੰਧ ਨੂੰ, ਪੁਰਾਣੇ ਦੀ ਜਕੜ ਤੋੜਨ ਦਾ ਤਸੀਹੇ ਭਰਿਆ ਕਾਰਜ ਨਿਭਾਉਣਾ ਪੈਂਦਾ ਹੈ। ਬਹੁਤੇ ਲੋਕ ਪਰੰਪਰਾ ਦੇ ਸੁਖ ਤਿਆਗ ਕੇ ਨਵੀਨਤਾ ਦੇ ਖ਼ਤਰੇ ਸਹੇੜਨ ਲਈ ਤਿਆਰ ਨਹੀਂ ਹੁੰਦੇ।

ਇਹ ਲੋਕ ਜ਼ਿੰਦਗੀ ਦੀ ਪੌੜੀ ਦੇ ਵਿਚਕਾਰ ਜਿਹੇ ਰਹਿੰਦੇ ਹਨ, ਇਨ੍ਹਾਂ ਵਿਚ ਮੂਹਰਲੀ ਕਤਾਰ ਬਣਨ ਦੀ ਹਿੰਮਤ ਨਹੀਂ ਹੁੰਦੀ।

ਆਲੇ-ਦੁਆਲੇ ਝਾਤ ਮਾਰ ਕੇ ਵੇਖੋ, ਮਨੁੱਖ ਦੀ ਕਿਹੜੀ ਪ੍ਰਾਪਤੀ ਹੈ, ਜਿਹੜੀ ਦੁੱਖ ਸਹੇੜੇ ਬਿਨਾਂ, ਤਸੀਹੇ ਸਹੇ ਬਿਨਾਂ, ਸੰਘਰਸ਼ ਕੀਤੇ ਬਿਨਾਂ, ਕੁਰਬਾਨੀਆਂ ਦਿੱਤੇ ਬਿਨਾਂ ਸੰਭਵ ਹੋਈ ਹੈ ?

ਸੰਸਾਰ ਦਾ ਇਤਿਹਾਸ ਇਸ ਗੱਲ ਦਾ ਗਵਾਹ ਹੈ ਕਿ ਹਰ ਦੇਸ਼ ਦਾ ਉੱਤਰੀ ਭਾਗ ਦੱਖਣੀ ਭਾਗ ਨਾਲੋਂ ਵਧੇਰੇ ਖੁਸ਼ਹਾਲ ਅਤੇ ਵਰਤਾਰੇ ਵਿਚ ਵਧੇਰੇ ਲਚਕਦਾਰ ਰਿਹਾ ਹੈ। ਦੱਖਣੀ ਹਿੱਸੇ ਦੇ ਲੋਕ ਆਮ ਕਰਕੇ ਢਿੱਲੜ, ਪਰੰਪਰਾਵਾਦੀ, ਕੱਟੜਪੰਥੀ, ਦਕਿਆਨੂਸੀ ਅਤੇ ਵਹਿਮਾਂ-ਭਰਮਾਂ ਵਾਲੇ ਰਹੇ ਹਨ ਜਦੋਂ ਕਿ ਆਮ ਕਰਕੇ ਉਪਰੋਕਤ ਕਾਰਨਾਂ ਕਰਕੇ ਹੀ ਉੱਤਰੀ ਖਿੱਤਿਆਂ ਨੇ ਦੱਖਣੀ ਹਿੱਸਿਆਂ ਉੱਤੇ ਰਾਜ ਕੀਤਾ ਹੈ।

ਦੱਖਣ ਮੰਦਰ ਉਸਾਰਦਾ ਰਿਹਾ ਹੈ, ਹਮਲਾਵਰ ਉੱਤਰ ਵੱਲੋਂ ਆ ਕੇ ਮੰਦਰ ਢੰਨਦੇ ਰਹੇ ਹਨ। ਦੂਜੇ ਪਾਸੇ ਜੇ ਕਿਸੇ ਦੇਸ਼ ਦਾ ਤੁਸੀਂ ਅਸਲ ਸਭਿਆਚਾਰ ਵੇਖਣਾ ਚਾਹੁੰਦੇ ਹੋ ਤਾਂ ਉਸ ਦੇਸ਼ ਦੇ ਦੱਖਣ ਵੱਲ ਜਾਓ।

ਉੱਤਰੀ ਭਾਰਤ ਵਿਚ ਤੁਹਾਨੂੰ ਕੋਈ ਪੰਜ ਸੌ ਸਾਲ ਪੁਰਾਣੀ ਇਮਾਰਤ ਵੀ ਘੱਟ ਹੀ ਮਿਲੇਗੀ ਜਦੋਂ ਕਿ ਦੱਖਣੀ ਭਾਰਤ ਵਿਚ ਦੋ-ਤਿੰਨ ਹਜ਼ਾਰ ਸਾਲ ਪੁਰਾਣੇ ਅਨੇਕਾਂ ਮੰਦਰ ਆਮ ਮਿਲ ਜਾਣਗੇ।

ਕਿਸੇ ਇਕ ਯੁੱਗ ਦੀਆਂ ਕਦਰਾਂ-ਕੀਮਤਾਂ ਕਿਸੇ ਦੂਜੇ ਯੁੱਗ ਵਿਚ ਵਰਤੋਂ ਯੋਗ ਨਹੀਂ ਰਹਿੰਦੀਆਂ। ਧਾਰਮਿਕ ਯੁੱਗ ਵਿਚ ਕਾਮ, ਕਰੋਧ, ਲੋਭ, ਮੋਹ, ਹੰਕਾਰ ਦਾ ਤ੍ਰਿਸਕਾਰ ਇਸ ਲਈ ਕੀਤਾ ਗਿਆ ਸੀ, ਕਿਉਂਕਿ ਇਹ ਸੰਕਲਪ ਸ਼ਿਕਾਰ ਯੁਗ ਦੇ ਸਨ ਅਤੇ ਖੇਤੀਬਾੜੀ ਯੁੱਗ ਵਿਚ ਇਹ ਉਪਯੋਗੀ ਨਹੀਂ ਸਨ ਰਹੇ।

ਇਸੇ ਤਰ੍ਹਾਂ ਹੀ ਸੱਚਾਈ, ਈਮਾਨਦਾਰੀ, ਵਫ਼ਾਦਾਰੀ, ਦੋਸਤੀ ਆਦਿ ਸਾਮੰਤਵਾਦੀ ਸੰਕਲਪ ਹਨ, ਉਦਯੋਗਿਕ ਯੁੱਗ ਵਿਚ ਇਨ੍ਹਾਂ ਦਾ ਬਣੇ ਰਹਿਣਾ ਸੰਭਵ ਨਹੀਂ।

ਹਿੰਸਾ, ਸ਼ਿਕਾਰ ਯੁੱਗ ਵਿਚ ਜਿਊਂਦੇ ਰਹਿਣ ਦਾ ਆਧਾਰ ਸੀ, ਜਿਸ ਦੀ ਧਰਮ ਦੇ ਪ੍ਰਭਾਵ ਅਧੀਨ ਖੇਤੀ-ਬਾੜੀ ਦੇ ਯੁਗ ਵਿਚ ਨਿੰਦਾ ਕੀਤੀ ਗਈ ਹੈ।

ਖੇਤੀਬਾੜੀ ਯੁੱਗ ਵਿਚ ਨਵੀਆਂ ਜ਼ਮੀਨਾਂ 'ਤੇ ਕਬਜ਼ੇ ਕਰਨ ਅਤੇ ਕਬਜ਼ੇ ਬਣਾਈ ਰੱਖਣ ਲਈ ਵਧੇਰੇ ਪੁੱਤਰਾਂ ਜਾਂ ਮਰਦਾਂ ਦੀ ਲੋੜ ਕਾਰਨ ਹੀ ਬਹੁ-ਵਿਆਹ ਪ੍ਰਥਾ ਚਲੀ।

ਵਿਆਹ ਦਾ ਮੁੱਢਲਾ ਆਧਾਰ ਜਾਇਦਾਦ ਲਈ ਵਾਰਸ ਪੈਦਾ ਕਰਨਾ ਰਿਹਾ ਹੈ।

ਜਦੋਂ ਜਾਇਦਾਦ ਦਾ ਸੰਕਲਪ ਹੀ ਖ਼ਤਮ ਹੋ ਜਾਵੇਗਾ ਤਾਂ ਵਿਆਹ ਦੀਆਂ ਜਕੜਾਂ ਵੀ ਆਪੇ ਢਿੱਲੀਆਂ ਹੋ ਜਾਣਗੀਆਂ।

ਪਤਨੀ ਦੀ ਪਤੀ ਪ੍ਰਤਿ ਵਫ਼ਾਦਾਰੀ, ਅਸਲ ਵਿਚ ਸਾਮੰਤਵਾਦੀ ਯੁੱਗ ਵਿਚ ਸਾਰੀ ਜਾਇਦਾਦ, ਸਾਰੇ ਸਾਧਨ, ਪੁਰਸ਼ ਦੇ ਅਧਿਕਾਰ ਵਿਚ ਹੋਣ ਕਾਰਨ ਸੀ।

ਸਾਮੰਤਵਾਦੀ ਯੁਗ ਵਿਚ ਇਸਤਰੀ ਉੱਤੇ ਬੰਧਨ ਵੀ ਇਸੇ ਕਰਕੇ ਲਾਏ ਗਏ ਸਨ ਤਾਂ ਜੁ ਸੰਤਾਨ ਦੇ ਪਿਤਾ ਸਬੰਧੀ ਕੋਈ ਸੰਸਾ ਨਾ ਰਹੇ।

ਜਦੋਂ ਔਰਤ ਵੀ ਕਮਾਏਗੀ ਤਾਂ ਉਸ ਦੀ ਵਫ਼ਾਦਾਰੀ, ਪਤੀ ਦੀ ਉਸ ਵਲ ਵਫ਼ਾਦਾਰੀ ਦੇ ਅਨੁਪਾਤ ਵਿਚ ਹੀ ਹੋਵੇਗੀ।

ਇਵੇਂ ਹੀ ਜ਼ੁਲਮ ਅਤੇ ਜਬਰ ਦਾ ਵਿਰੋਧ ਕਰਨ ਦੇ ਉਪਰਾਲੇ, ਔਖਿਆਂ ਸਮਿਆਂ ਵਿਚ, ਮਨੁੱਖ ਜਾਂ ਕਬੀਲੇ ਜਾਂ ਖ਼ਾਨਦਾਨ ਵੱਲੋਂ ਇਕੱਠਿਆਂ ਹੋ ਕੇ, ਜੱਥੇਬੰਦ ਹੋ ਕੇ ਜਿਊਂਦੇ ਰਹਿਣ ਦੇ ਸਾਧਨ ਸਨ।

ਜਦੋਂ ਬਾਦਸ਼ਾਹ ਦੀ ਤਾਕਤ ਨੂੰ ਕੋਈ ਖ਼ਤਰਾ ਨਾ ਹੋਵੇ ਤਾਂ ਬਾਦਸ਼ਾਹ ਅਸ਼ੋਕ ਜਾਂ ਅਕਬਰ ਬਣ ਜਾਂਦਾ ਹੈ ਅਤੇ ਜਦੋਂ ਖ਼ਤਰਾ ਹੋਵੇ ਤਾਂ ਉਹ ਔਰੰਗਜ਼ੇਬ ਹੋ ਨਿਬੜਦਾ ਹੈ।

ਜਿਨ੍ਹਾਂ ਨੂੰ ਅੱਜ ਅਸੀਂ ਬਦੀਆਂ ਕਹਿੰਦੇ ਹਾਂ ਉਹ ਕਿਸੇ ਸਮੇਂ ਦੀਆਂ ਨੇਕੀਆਂ ਸਨ।

ਜਿਨ੍ਹਾਂ ਨੂੰ ਅੱਜ ਅਸੀਂ ਖੇਡਾਂ ਕਹਿੰਦੇ ਹਾਂ ਉਹ ਕਿਸੇ ਸਮੇਂ ਦੇ ਕੰਮ ਸਨ।

ਜਿਨ੍ਹਾਂ ਜਾਨਵਰਾਂ ਦਾ ਅੱਜ ਅਸੀਂ ਸ਼ਿਕਾਰ ਕਰਦੇ ਹਾਂ, ਕਿਸੇ ਸਮੇਂ ਉਨ੍ਹਾਂ ਦਾ ਸ਼ਿਕਾਰ ਹੁੰਦੇ ਰਹੇ ਹਾਂ।

ਇਵੇਂ ਹੀ ਜਦੋਂ ਵੀ ਕਿਸੇ ਕੌਮ ਜਾਂ ਦੇਸ਼ ਵਿਚ ਜ਼ਬਤ ਦੀ ਭਾਵਨਾ ਉਪਜੀ ਹੈ, ਬੜੇ ਮਜ਼ਬੂਤ ਇਰਾਦੇ ਵਾਲੇ ਵਿਅਕਤੀ ਉਪਜਦੇ ਰਹੇ ਹਨ, ਜਦੋਂ ਵੀ ਜ਼ਬਤ ਢਿੱਲਾ ਹੋਇਆ ਹੈ, ਵਿਭਚਾਰ ਫੈਲਿਆ ਹੈ।

ਮਨੁੱਖੀ ਇਤਿਹਾਸ ਦੇ ਵਿਸ਼ਾਲ ਪ੍ਰਵਾਹ ਵਿਚ, ਹਰ ਇਕ ਸੰਸਥਾ ਉਸਾਰੂ ਰੋਲ ਅਦਾ ਕਰਕੇ, ਜਕੜ ਬਣ ਜਾਂਦੀ ਰਹੀ ਹੈ ਅਤੇ ਉਸ ਜਕੜ ਨੂੰ ਤੋੜਨ ਲਈ ਨਵੀਆਂ ਵਿਚਾਰਧਾਰਾਵਾਂ ਅਤੇ ਨਵੀਆਂ ਕੁਰਬਾਨੀਆਂ ਦੀ ਲੋੜ ਪੈਂਦੀ ਰਹੀ ਹੈ।

ਕਿਸੇ ਵੀ ਖੇਤਰ ਵਿਚ ਕਿਸੇ ਮਹਾਨ ਵਿਅਕਤੀ ਦਾ ਪੈਦਾ ਹੋਣਾ ਚੰਗੀ ਗੱਲ ਹੁੰਦੀ ਹੈ ਪਰ ਜਦੋਂ ਉਹ ਵਿਅਕਤੀ ਜਾਂ ਉਸ ਦੇ ਵਿਚਾਰ ਆਪਣੀਆਂ ਸੰਭਾਵਨਾਵਾਂ ਹੰਢਾ ਚੁੱਕਦੇ ਹਨ ਤਾਂ ਉਹੀ ਵਿਅਕਤੀ ਅਤੇ ਉਸ ਦੇ ਵਿਚਾਰ, ਅਗਲੇਰੇ ਵਿਕਾਸ ਲਈ ਸਭ ਤੋਂ ਵੱਡੀ ਰੁਕਾਵਟ ਬਣਦੇ ਹਨ।

ਕਿਸੇ ਵੇਲੇ ਮਨੂੰ-ਸਿਮ੍ਰਤੀ ਇਕ ਸਤਿਕਾਰਯੋਗ ਗ੍ਰੰਥ ਸੀ ਪਰ ਅਜੋਕੇ ਸਮੇਂ ਵਿਚ ਇਹ ਰਚਨਾ ਆਲੋਚਨਾ ਅਤੇ ਨਿੰਦਾ ਦਾ ਨਿਸ਼ਾਨਾ ਬਣੀ ਹੋਈ ਹੈ।

ਹਰ ਹਕੂਮਤ ਅੰਤ ਵਿਚ ਭ੍ਰਿਸ਼ਟਾਚਾਰ ਦਾ ਸ਼ਿਕਾਰ ਹੁੰਦੀ ਰਹੀ ਹੈ ਪਰ ਦਿਲਚਸਪ ਇਤਿਹਾਸਕ ਤੱਥ ਇਹ ਹੈ ਕਿ ਹਰ ਯੁਗ ਵਿਚ ਹਰਨਾਕਸ਼ ਨਾਲ ਟੱਕਰ ਲੈਣ ਲਈ ਕੋਈ ਨਾ ਕੋਈ ਪ੍ਰਹਿਲਾਦ ਵੀ ਜਨਮਦਾ ਰਿਹਾ ਹੈ।

ਜੀਵਨ ਵਾਂਗ ਇਤਿਹਾਸ ਵੀ ਆਪਣੇ ਆਪ ਨੂੰ ਦੁਹਰਾਉਂਦਾ ਹੈ।

# ਪ੍ਰਸਿੱਧੀ

ਸਾਧਾਰਣ ਅਤੇ ਪ੍ਰਸਿੱਧ ਵਿਅਕਤੀਆਂ ਵਿਚ ਅੰਤਰ ਇਹ ਹੁੰਦਾ ਹੈ ਕਿ ਸਾਧਾਰਣ ਵਿਅਕਤੀ ਆਪਣਾ ਜਨਮ-ਦਿਨ ਆਪ ਮਨਾਉਂਦੇ ਹਨ, ਪ੍ਰਸਿੱਧ ਵਿਅਕਤੀਆਂ ਦਾ ਜਨਮ-ਦਿਨ ਦੂਜੇ ਮਨਾਉਂਦੇ ਹਨ।

ਪ੍ਰਸਿੱਧ ਵਿਅਕਤੀ ਦਾ ਕੇਵਲ ਨਾਂ ਹੀ ਸਭ ਕੁਝ ਦਸ ਦਿੰਦਾ ਹੈ।

ਉਹ ਆਦਮੀ ਪ੍ਰਸਿੱਧ ਨਹੀਂ ਹੋ ਸਕਦਾ, ਜਿਸ ਨੂੰ ਇਹ ਵੀ ਪਤਾ ਨਹੀਂ ਹੁੰਦਾ ਕਿ ਉਸ ਨੇ ਕੱਲ੍ਹ ਕੀ ਕਰਨਾ ਹੈ।

ਜਿਨ੍ਹਾਂ ਦੇ ਜੀਵਨ ਵਿਚ ਇਕ ਵੀ ਦਿਨ ਪ੍ਰਸ਼ੰਸਾਯੋਗ ਨਹੀਂ ਹੁੰਦਾ, ਉਹ ਲੋਕ ਵੀ ਪ੍ਰਸਿੱਧ ਹੀ ਨਹੀਂ, ਸਗੋਂ ਸਦਾ ਲਈ ਅਮਰ ਵੀ ਹੋਣਾ ਲੋਚਦੇ ਹਨ।

ਪ੍ਰਸਿੱਧੀ ਇਕ ਅਜਿਹਾ ਫਲ ਹੈ, ਜਿਸ ਦੀ ਪ੍ਰਾਪਤੀ ਲਈ ਵੱਡੀਆਂ ਕੁਰਬਾਨੀਆਂ ਦੇਣੀਆਂ ਪੈਂਦੀਆਂ ਹਨ।

ਇਹ ਉਹ ਪਿਆਸ ਹੁੰਦੀ ਹੈ, ਜਿਹੜੀ ਜਵਾਨੀ ਵਿਚ ਲੱਗਦੀ ਹੈ ਅਤੇ ਸਾਰੀ ਉਮਰ ਲੱਗੀ ਰਹਿੰਦੀ ਹੈ।

ਪ੍ਰਸਿੱਧੀ ਕਿਸੇ ਦੀ ਜਾਇਦਾਦ ਨਹੀਂ, ਇਹ ਕਿਸੇ ਕੌਮ ਜਾਂ ਦੇਸ਼ ਵੱਲੋਂ ਕਿਸੇ ਮਹਾਨ ਵਿਅਕਤੀ ਦੇ ਗਲ ਵਿਚ ਪਾਈ ਜੈ-ਮਾਲਾ ਹੁੰਦੀ ਹੈ।

ਪ੍ਰਸਿੱਧੀ ਕਿਸੇ ਮਹਾਨ ਕਾਰਜ ਦਾ ਗੀਤ ਹੁੰਦੀ ਹੈ।

ਜਿਨ੍ਹਾਂ ਨੇ ਪ੍ਰਸਿੱਧੀ ਪ੍ਰਾਪਤ ਕੀਤੀ ਹੈ, ਉਨ੍ਹਾਂ ਨੂੰ ਯਾਦ ਕਰਨਾ, ਆਉਣ ਵਾਲੀਆਂ ਪੀੜ੍ਹੀਆਂ ਨੂੰ ਖੁਸ਼ੀ ਦਿੰਦਾ ਹੈ। ਪ੍ਰਸਿੱਧੀ ਅਤੇ ਮਹਾਨਤਾ ਇਕ-ਦੂਜੇ ਦੇ ਗੁਆਂਢ ਵਿਚ ਵੱਸਦੀਆਂ ਹਨ। ਆਪਣੀ ਖੁਸ਼ੀ ਲਈ ਅਸੀਂ ਪ੍ਰਸਿੱਧ ਅਤੇ ਮਹਾਨ ਵਿਅਕਤੀਆਂ ਨੂੰ ਯਾਦ ਕਰਦੇ ਹਾਂ। ਜਦੋਂ ਕੋਈ ਮਹਾਨ ਵਿਅਕਤੀ ਲੋਕਾਂ ਦੇ ਦਿਲਾਂ ਵਿਚ ਵੱਸ ਜਾਂਦਾ ਹੈ, ਉਹ ਪ੍ਰਸਿੱਧ ਹੋ ਜਾਂਦਾ ਹੈ।

ਪ੍ਰਸਿੱਧ ਵਿਅਕਤੀ ਸਾਡੇ ਲਈ ਆਦਰਸ਼ ਉਸਾਰਦੇ ਹਨ ਅਤੇ ਉਨ੍ਹਾਂ ਦੀ ਪ੍ਰਾਪਤੀ ਲਈ ਸਾਨੂੰ ਸੈਨਤਾਂ ਮਾਰਦੇ ਹਨ ਅਤੇ ਔਖੇ ਰਾਹਾਂ 'ਤੇ ਸੌਖਿਆਂ ਟੁਰਨ ਲਈ ਰੋਸ਼ਨੀ ਕਰਦੇ ਹਨ। ਪ੍ਰਸਿੱਧੀ ਮਹਾਨ ਕਾਰਨਾਮਿਆਂ ਚੋਂ ਉਭਰੀ ਖੁਸ਼ਬੂ ਹੁੰਦੀ ਹੈ।

ਪ੍ਰਸਿੱਧੀ ਸਿਆਣਿਆਂ ਅਤੇ ਬਹਾਦਰਾਂ ਵੱਲੋਂ ਕਿਸੇ ਹੋਰ ਦੇ ਸਿਆਣੇ ਅਤੇ ਬਹਾਦਰ ਹੋਣ ਦਾ ਫੈਸਲਾ ਹੁੰਦੀ ਹੈ। ਪ੍ਰਸਿੱਧੀ ਮਹਾਨਤਾ ਦੀ ਰੰਗਣ ਵਿਚ ਰੰਗੀ ਹੁੰਦੀ ਹੈ।

ਇਹ ਉਹ ਸਥਿਤੀ ਹੁੰਦੀ ਹੈ ਜਦੋਂ ਕਿਸੇ ਦੀ ਮਹਾਨਤਾ ਸਥਾਪਤ ਕਰਨ ਲਈ ਵਿਆਖਿਆ ਕਰਨੀ ਨਹੀਂ ਪੈਂਦੀ ਅਤੇ ਨਾ ਹੀ ਪ੍ਰਮਾਣ ਦੇਣੇ ਪੈਂਦੇ ਹਨ।

ਪ੍ਰਸਿੱਧ ਉਹ ਹੈ, ਜਿਸਦੀ ਮਹਾਨਤਾ ਨੂੰ ਦੁਸ਼ਮਣ ਵੀ ਖਿੜੇ-ਮੱਥੇ ਸਵੀਕਾਰ ਅਤੇ ਬਰਦਾਸ਼ਤ ਕਰਨ।

ਵੇਖਣ ਵਾਲੀ ਗੱਲ ਇਹ ਹੈ ਕਿ ਕੋਈ ਕਿਸ ਪ੍ਰਕਾਰ ਦੇ ਲੋਕਾਂ ਵਿਚ ਪ੍ਰਸਿੱਧ ਹੁੰਦਾ ਹੈ।

ਅਜੇ ਤੱਕ ਕੋਈ ਅਜਿਹਾ ਵਿਅਕਤੀ ਨਹੀਂ ਹੋਇਆ, ਜਿਸ ਨੂੰ ਸਾਰਾ ਸੰਸਾਰ ਜਾਣਦਾ ਹੋਵੇ ਜਾਂ ਜਿਸ ਨੂੰ ਸੰਸਾਰ ਵਿਚ ਕੋਈ ਵੀ ਨਾ ਜਾਣਦਾ ਹੋਵੇ।

ਪ੍ਰਸਿੱਧੀ ਮਹਾਨ ਵਿਅਕਤੀਆਂ ਦੇ ਕਾਰਨਾਮਿਆਂ ਦਾ ਉਦੇਸ਼ ਨਹੀਂ ਹੁੰਦੀ, ਉਨ੍ਹਾਂ ਕਾਰਨਾਮਿਆਂ ਦਾ ਨਤੀਜਾ ਹੁੰਦੀ ਹੈ। ਜਿਨ੍ਹਾਂ ਦੀ ਨਜ਼ਰ ਹਜ਼ਾਰਾਂ ਸਾਲਾਂ ਉਤੇ ਹੁੰਦੀ ਹੈ, ਉਹੀ ਹਜ਼ਾਰਾਂ ਸਾਲ ਦੇ ਲੰਬੇ ਅਰਸੇ ਲਈ ਪ੍ਰਸਿੱਧ ਹੁੰਦੇ ਹਨ।

ਕਈ ਲੋਕਾਂ ਦਾ ਨਾਂ ਧੂੜ ਵਾਂਗ ਉਪਰ ਉਭਰਦਾ ਹੈ ਪਰ ਝੱਟ ਹੀ ਥੱਲੇ ਮੁੜ ਆਉਂਦਾ ਹੈ। ਪ੍ਰਸਿੱਧੀ ਦਾ ਅਸਲ ਜਨਮ ਉਦੋਂ ਹੁੰਦਾ ਹੈ, ਜਦੋਂ ਸਬੰਧਤ ਵਿਅਕਤੀ ਮਰ ਜਾਵੇ। ਇਹ ਇਕ ਅਜਿਹਾ ਜਨਮ ਲੈਣ ਵਾਂਗ ਹੁੰਦਾ ਹੈ, ਜਿਸ ਦੀ ਮੌਤ ਨਹੀਂ ਹੁੰਦੀ। ਪ੍ਰਸਿੱਧ ਵਿਅਕਤੀਆਂ ਨੂੰ ਯਾਦ ਕਰਕੇ ਅਸੀਂ ਆਪਣੇ ਆਪ ਨੂੰ ਉਚਿਆਉਂਦੇ ਹਾਂ। ਪ੍ਰਸਿੱਧੀ ਕਿਸੇ ਦੀਆਂ ਪ੍ਰਾਪਤੀਆਂ ਦੀ ਅਜਿਹੀ ਮਹਿਮਾ ਹੁੰਦੀ ਹੈ ਜਿਹੜੀ ਸਮੁੰਦਰ ਵਾਂਗ ਨਾ ਘਟਾਈ ਜਾ ਸਕੇ ਨਾ ਵਧਾਈ ਜਾ ਸਕੇ, ਅਰਥਾਤ ਜਿਹੜੀ ਸਮੇਂ ਅਤੇ ਸਥਾਨ ਤੋਂ ਮੁਕਤ ਹੋਵੇ।

ਐਵੇਂ ਪ੍ਰਸਿੱਧ ਨਹੀਂ ਹੋਇਆ ਜਾ ਸਕਦਾ। ਪ੍ਰਸਿੱਧ ਹੋਣ ਲਈ ਇਕ ਵੱਡੀ ਕੀਮਤ ਅਦਾ ਕਰਨੀ ਪੈਂਦੀ ਹੈ। ਕਈ ਲੋਕ ਕੇਵਲ ਅਮੀਰੀ ਦੇ ਬਲਬੂਤੇ ਪ੍ਰਸਿੱਧ ਹੋਣਾ ਚਾਹੁੰਦੇ ਹਨ। ਉਹ ਨਹੀਂ ਜਾਣਦੇ ਕਿ ਪ੍ਰਸਿੱਧੀ ਖਰੀਦੀ ਨਹੀਂ ਜਾ ਸਕਦੀ। ਹਰ ਸਮਾਜ ਕਿਸੇ ਨੂੰ ਪ੍ਰਸਿੱਧੀ ਪ੍ਰਦਾਨ ਕਰਨ ਲਈ ਲੱਖਾਂ ਝਿਜਕਾਂ ਵਿਚੋਂ ਲੰਘਦਾ ਹੈ।

ਜਿਹੜੇ ਆਪਣੀ ਅਮੀਰੀ ਸਦਕਾ ਆਪਣੇ ਬੁੱਤ ਆਪ ਲਾ ਜਾਂਦੇ ਹਨ, ਉਨ੍ਹਾਂ ਬਾਰੇ ਆਉਣ ਵਾਲੀਆਂ ਪੀੜ੍ਹੀਆਂ ਪੁੱਛਦੀਆਂ ਹਨ, ਇਨ੍ਹਾਂ ਦੇ ਬੁੱਤ ਕਿਉਂ ਲਾਏ ਗਏ?

ਜਿਨ੍ਹਾਂ ਪ੍ਰਸਿੱਧ ਵਿਅਕਤੀਆਂ ਦੇ ਬੁੱਤ ਨਹੀਂ ਲੱਗਦੇ, ਉਨ੍ਹਾਂ ਬਾਰੇ ਆਉਣ ਵਾਲੀਆਂ ਪੀੜ੍ਹੀਆਂ ਪੁੱਛਦੀਆਂ ਹਨ: ਉਨ੍ਹਾਂ ਦੇ ਬੁੱਤ ਕਿਉਂ ਨਹੀਂ ਲਾਏ ਗਏ? ਜੁਆਬ ਦੇਣਾ ਮੁਸ਼ਕਿਲ ਹੋ ਜਾਂਦਾ ਹੈ।

ਅਸਲ ਵਿਚ ਪ੍ਰਸਿੱਧ ਵਿਅਕਤੀ ਉਹ ਹੁੰਦਾ ਹੈ ਜਿਸ ਦੀ, ਇਮਤਿਹਾਨ ਦੇ ਪਰਚੇ ਵਿਚ, ਬੱਚੇ ਜੀਵਨੀ ਲਿਖਦੇ ਹਨ।

ਪ੍ਰਸਿੱਧੀ ਦੇ ਖੇਤਰ ਅਨੇਕਾਂ ਹਨ ਪਰ ਪ੍ਰਸਿੱਧੀ ਮਿਲਦੀ ਉਸੇ ਨੂੰ ਹੈ, ਜਿਸ ਨੇ ਉਸ ਖੇਤਰ ਵਿਚ ਦੂਜਿਆਂ ਦੀ ਸੇਵਾ ਵਿਚ ਆਪਣਾ ਸਭ ਕੁਝ ਲੁਟਾ ਦਿੱਤਾ ਹੋਵੇ।

ਪ੍ਰਸਿੱਧੀ, ਸਮਾਜ ਵਲੋਂ ਕਿਸੇ ਸੁਕਰਾਤ ਜਾਂ ਬੁੱਧ ਜਾਂ ਈਸਾ ਜਾਂ ਮਨਸੂਰ ਜਾਂ ਗੁਰੂ ਗੋਬਿੰਦ ਸਿੰਘ ਦੀਆਂ ਕੀਤੀਆ ਕੁਰਬਾਨੀਆਂ ਦਾ ਗੁਣਗਾਇਨ ਹੁੰਦੀ ਹੈ।

ਪ੍ਰਸਿੱਧੀ ਦਾ ਇਕੋ ਇਕ ਰਾਹ ਹੈ: ਦੂਜਿਆਂ ਲਈ ਜਿਉਣਾ।

ਆਪਣੇ ਆਪ ਤੋਂ ਪਰ੍ਹੇ ਵੇਖਣਾ, ਪ੍ਰਸਿੱਧੀ ਦੇ ਰਾਹ ਉੱਤੇ ਪਹਿਲਾ ਕਦਮ ਹੁੰਦਾ ਹੈ ਅਤੇ ਅਜਿਹਾ ਕਰਦਿਆਂ ਜਿਤਨੀ ਦ੍ਰਿਸ਼ਟੀ ਵਿਸ਼ਾਲ ਹੁੰਦੀ ਜਾਵੇਗੀ, ਉਤਨੀ ਹੀ ਪ੍ਰਸਿੱਧੀ ਦੀ ਸੰਭਾਵਨਾ ਉਜਾਗਰ ਹੁੰਦੀ ਜਾਵੇਗੀ।

ਜਿਉਂ-ਜਿਉਂ ਆਤਮਾ ਉਪਰ ਉੱਠਦੀ ਹੈ, ਤਿਉਂ-ਤਿਉਂ ਉਸ ਨੂੰ ਮਿਲਣ ਵਾਲਾ ਸਤਿਕਾਰ ਵੱਡਾ ਹੁੰਦਾ ਜਾਂਦਾ ਹੈ। ਪ੍ਰਸਿੱਧੀ ਦੀ ਸੰਭਾਵਨਾ ਦੇ ਕਾਰਨ ਹੀ ਸਾਧਾਰਣ ਆਦਮੀਆਂ ਨੂੰ ਵੀ ਅਸੀਂ ਅਸਮਾਨ ਛੂੰਹਦੇ ਵੇਖਦੇ ਹਾਂ ਅਤੇ ਉਨ੍ਹਾਂ ਦੇ ਹਾਜ਼ਰ ਨਾ ਹੋਣ ਦੇ ਬਾਵਜੂਦ ਵੀ ਅਸੀਂ ਉਨ੍ਹਾਂ ਨੂੰ ਹਾਜ਼ਰ ਸਮਝਦੇ ਹਾਂ।

ਇਕ ਕਵੀ ਨੇ ਕਿਹਾ ਹੈ : ਮਹਾਨ ਪੁਰਸ਼ ਪ੍ਰਸਿੱਧੀ ਦੀ ਸਿਖਰ 'ਤੇ ਕਿਸੇ ਅਚਾਨਕ ਉਡਾਰੀ ਰਾਹੀਂ ਇਕਦਮ ਨਹੀਂ ਪਹੁੰਚ ਗਏ ਹੁੰਦੇ, ਸਗੋਂ ਜਦੋਂ ਉਨ੍ਹਾਂ ਦੇ ਸਾਥੀ ਘੁਰਾੜੇ ਮਾਰ ਰਹੇ ਹੁੰਦੇ ਹਨ, ਉਹ ਜਗਰਾਤੇ ਕੱਟ ਕੇ ਮਿਹਨਤਾਂ ਕਰ ਰਹੇ ਹੁੰਦੇ ਹਨ।

ਮਹਾਨ ਵਿਅਕਤੀ, ਸੌੜੀਆਂ ਗਲੀਆਂ ਵਿਚ ਨਹੀਂ ਘੁੰਮਦੇ।

ਪ੍ਰਸਿੱਧ ਵਿਅਕਤੀਆਂ ਨੂੰ ਆਪਣਾ ਰਾਹ ਆਪ ਬਣਾਉਣਾ ਪੈਂਦਾ ਹੈ।

ਕੋਈ ਵੀ ਪ੍ਰਸਿੱਧ ਵਿਅਕਤੀ ਪਹਿਲਾਂ ਬਣੇ ਹੋਏ ਰਾਹ 'ਤੇ ਨਹੀਂ ਚਲਦਾ ਅਤੇ ਕੋਈ ਵੀ ਪ੍ਰਸਿੱਧ ਵਿਅਕਤੀ ਮੌਕੇ ਦੀ ਘਾਟ ਦੀ ਸ਼ਿਕਾਇਤ ਕਰਦਿਆਂ ਨਹੀਂ ਸੁਣਿਆ ਗਿਆ।

ਕੋਈ ਵੀ ਵਿਅਕਤੀ ਇਹ ਸ਼ਿਕਾਇਤ ਨਹੀਂ ਕਰ ਸਕਦਾ ਕਿ ਉਸ ਨੂੰ ਮਿਹਨਤ ਕਰਨ ਦਾ ਅਵਸਰ ਨਹੀਂ ਮਿਲਿਆ।

ਕਾਲੀਦਾਸ ਦੇ ਅਧਿਐਨ ਰਾਹੀਂ ਕੋਈ ਹੋਰ ਕਾਲੀਦਾਸ ਨਹੀਂ ਬਣ ਸਕਦਾ।

ਪ੍ਰਸਿੱਧ ਵਿਅਕਤੀ ਮਹਾਨ ਪਾਗਲਪਣ, ਜਨੂੰਨ ਅਤੇ ਖ਼ਬਤ ਦਾ ਸ਼ਿਕਾਰ ਹੁੰਦੇ ਹਨ।

ਯਤਨ ਲੱਖਾਂ-ਕਰੋੜਾਂ ਕਰਦੇ ਹਨ ਪਰ ਮਹਾਤਮਾ ਬੁੱਧ ਹਜ਼ਾਰਾਂ ਸਾਲਾਂ ਮਗਰੋਂ ਕੋਈ ਨਿਆਰਾ ਹੀ ਬਣਦਾ ਹੈ।

ਮੌਕਾਪ੍ਰਸਤ ਜਾਂ ਚਾਪਲੂਸ ਜਾਂ ਝੋਲੀ-ਚੁੱਕ ਜਾਂ ਅਕ੍ਰਿਤਘਣ ਜਾਂ ਨਾਲਾਇਕ ਕਦੀ ਵੀ ਪ੍ਰਸਿੱਧ ਨਹੀਂ ਹੋ ਸਕਦੇ, ਕਿਉਂਕਿ ਉਹ ਛੋਟੇ ਜਿਹੇ ਲਾਭਾਂ ਲਈ ਹੀ ਆਪਣਾ ਸੁਆਰਥੀ ਅਤੇ ਸੰਕੀਰਣ ਆਪਾ ਵੇਚ ਦਿੰਦੇ ਹਨ।

ਪ੍ਰਸਿੱਧ ਵਿਅਕਤੀ ਅਸਲ ਵਿਚ ਸਾਧਾਰਣ ਵਿਅਕਤੀ ਹੀ ਹੁੰਦੇ ਹਨ ਪਰ ਉਨ੍ਹਾਂ ਨੂੰ ਆਪਣੇ ਅਸਲ ਨਾਲੋਂ ਕੁਝ ਵੱਖਰੇ ਹੀ ਪ੍ਰਤੀਤ ਹੋਣ ਦੀ ਲਾਲਸਾ ਨਹੀਂ ਹੁੰਦੀ।

ਉਨ੍ਹਾਂ ਦੀ ਸੋਚ ਬਹੁ-ਪਰਤੀ ਅਤੇ ਵਿਸ਼ਾਲ ਹੁੰਦੀ ਹੈ, ਜਿਸ ਕਾਰਨ ਪੈਸਾ ਕਮਾਉਣ ਜਿਹਾ ਇਕਹਿਰਾ ਉਦੇਸ਼ ਉਹਨਾਂ ਨੂੰ ਪ੍ਰਭਾਵਿਤ ਨਹੀਂ ਕਰਦਾ।

ਲੋਕਾਂ ਦੀ ਬਹੁਗਿਣਤੀ ਜੋ ਕੁਝ ਹੈ, ਉਸ ਨਾਲੋਂ ਕੁਝ ਵੱਖਰਾ ਪ੍ਰਤੀਤ ਹੋਣ ਦੇ ਲੋਭ ਵਿਚ ਪਈ ਹੋਈ ਹੈ। ਕੋਈ ਵਿਅਕਤੀ ਆਪਣੇ ਮਹੱਲੇ ਵਿਚ ਵੀ ਜਾਣੇ ਜਾਣ ਯੋਗ ਨਹੀਂ ਹੁੰਦਾ ਪਰ ਸੰਸਾਰ ਵਿਚ ਪ੍ਰਸਿੱਧ ਹੋਣਾ ਚਾਹੁੰਦਾ ਹੈ। ਕਈ ਲੋਕ ਬਹੁਤੇ ਕੰਮ, ਨਾਂ ਕਮਾਉਣ ਦੀ ਦ੍ਰਿਸ਼ਟੀ ਨਾਲ ਕਰਦੇ ਹਨ। ਉਨ੍ਹਾਂ ਵਿਚ ਪ੍ਰਸਿੱਧ ਵਿਅਕਤੀਆਂ ਵਾਲੀ ਨਿਰਮਾਣਤਾ ਨਹੀਂ ਹੁੰਦੀ, ਇਸੇ ਲਈ ਕੁਝ ਲੋਕ ਉਨ੍ਹਾਂ ਨੂੰ ਡਰ ਜਾਂ ਭੈਅ ਜਾਂ ਰੁਤਬੇ ਦੇ ਆਧਾਰ ਉਤੇ

ਜਾਣਦੇ ਤਾਂ ਹੁੰਦੇ ਹਨ ਪਰ ਉਨ੍ਹਾਂ ਦਾ ਨਾਂ ਪਿਆਰ ਨਾਲ ਨਹੀਂ ਲਿਆ ਜਾਂਦਾ। ਅਜਿਹੇ ਈਰਖਾਲੂ ਵਿਅਕਤੀ ਪ੍ਰਸਿੱਧੀ ਨੂੰ ਪਾਣੀ ਦਾ ਬੁਲਬਲਾ ਕਹਿੰਦੇ ਹਨ। ਅਸਲੀਅਤ ਵਿਚ ਪ੍ਰਸਿੱਧੀ ਪਾਣੀ ਦਾ ਬੁਲਬਲਾ ਨਹੀਂ ਹੁੰਦੀ, ਇਹ ਵਿਅਕਤੀ ਆਪ ਬੁਲਬਲਾ ਹੁੰਦੇ ਹਨ।

ਪ੍ਰਸਿੱਧ ਵਿਅਕਤੀ ਵਿਹਲੇ ਬੈਠ ਹੀ ਨਹੀਂ ਸਕਦੇ।

ਅਜਿਹੇ ਵਿਅਕਤੀਆਂ ਨੂੰ ਇਹ ਭੁਲੇਖਾ ਨਹੀਂ ਹੁੰਦਾ ਕਿ ਉਹ ਪ੍ਰਸਿੱਧ ਹਨ ਕਿ ਨਹੀਂ, ਉਨ੍ਹਾਂ ਨੂੰ ਅਸਲ ਆਨੰਦ ਆਪਣੇ ਆਦਰਸ਼ ਅਤੇ ਉਦੇਸ਼ ਵੱਲ ਨਿਰੰਤਰ ਵਿਕਾਸ ਵਿਚੋਂ ਮਿਲਦਾ ਹੈ। ਕਿਸੇ ਨੇ ਕਿਹਾ ਹੈ ਕਿ ਜੇ ਤੁਸੀਂ ਮਰਨ ਉਪਰੰਤ ਭੁਲਾਏ ਜਾਣਾ ਨਹੀਂ ਚਾਹੁੰਦੇ ਤਾਂ ਕੁਝ ਪੜ੍ਹਨਯੋਗ ਲਿਖ ਜਾਵੋ ਜਾਂ ਕੁਝ ਅਜਿਹਾ ਕਰ ਜਾਵੋ, ਜਿਸ ਬਾਰੇ ਆਉਣ ਵਾਲੀਆਂ ਪੀੜ੍ਹੀਆਂ ਲਿਖਦੀਆਂ ਰਹਿਣ।

ਪ੍ਰਸਿੱਧ ਵਿਅਕਤੀਆਂ ਨੂੰ ਛੁਪੇ ਰਹਿਣ ਅਤੇ ਛੁਪੇ ਟੁਰ ਜਾਣ ਦੀ ਚਾਹ ਹੁੰਦੀ ਹੈ ਪਰ ਆਉਣ ਵਾਲੀਆਂ ਪੀੜ੍ਹੀਆਂ ਆਪਣੇ ਰਾਹ ਰੁਸ਼ਨਾਉਣ ਲਈ ਇਨ੍ਹਾਂ ਨੂੰ ਲੱਭ ਲੈਂਦੀਆਂ ਹਨ ਅਤੇ ਇਨ੍ਹਾਂ ਦਾ ਨਾਂ ਬੋਲ ਕੇ ਆਪਣੇ ਬੁੱਲ੍ਹਾਂ ਨੂੰ ਸ਼ਿੰਗਾਰਦੀਆਂ ਅਤੇ ਸੰਵਾਰਦੀਆਂ ਰਹਿੰਦੀਆਂ ਹਨ ਅਤੇ ਆਪਣੇ ਆਪ ਨੂੰ ਮਾਣਯੋਗ ਬਣਾਉਂਦੀਆਂ ਰਹਿੰਦੀਆਂ ਹਨ।

ਪ੍ਰਸਿੱਧ ਹੁੰਦੇ ਕੌਣ ਹਨ? ਪ੍ਰਸਿੱਧ ਉਹ ਹੁੰਦੇ ਹਨ ਜਿਨ੍ਹਾਂ ਨੂੰ ਅਨੇਕਾਂ ਸ਼ੌਕ ਹੋਣ, ਜਿਹੜੇ ਕਿਸੇ ਕੰਮ ਨੂੰ ਅਛੋਪਲੇ ਹੀ ਆਰੰਭਣ ਪਰ ਉਸ ਵਿਚ ਅਭੇਦ ਹੋ ਜਾਣ, ਜਿਨ੍ਹਾਂ ਨੂੰ ਦੂਜਿਆਂ ਲਈ ਕੁਝ ਕਰਨ ਦੀ ਲਗਨ ਹੋਵੇ।

ਬਦਨਾਮੀ ਦੀ ਪੌੜੀ ਚੜ੍ਹਨੀ ਸੌਖੀ ਹੁੰਦੀ ਹੈ ਪਰ ਬਦਨਾਮੀ ਦੀ ਪੌੜੀ ਦੇ ਸਿਖਰਲੇ ਡੰਡੇ ਦੇ ਕੋਲ ਮੂਰਖਾਂ ਦੀ ਅਥਾਹ ਭੀੜ ਹੀ ਸਾਡਾ ਸੁਆਗਤ ਕਰੇਗੀ।

ਪ੍ਰਸਿੱਧੀ, ਔਖੇ ਮਾਰਗ ਉਤੇ ਇਕੱਲਿਆਂ ਚੱਲਣ ਦਾ ਸਿਦਕ ਹੁੰਦੀ ਹੈ।

ਇਹ ਤਲੀ ਉੱਤੇ ਸੀਸ ਟਿਕਾਉਣ ਦਾ ਹੁਨਰ ਹੈ ਅਤੇ ਆਪਣੇ ਨਿਸ਼ਾਨੇ 'ਤੇ ਪਹੁੰਚਣ ਦੀ ਤਾਂਘ ਅਤੇ ਬਿਹਬਲਤਾ ਹੁੰਦੀ ਹੈ।

ਪ੍ਰਸਿੱਧੀ ਦਾ ਰਾਹ ਨਾ ਸਿੱਧਾ ਹੁੰਦਾ ਹੈ, ਨਾ ਚੌੜਾ।

ਸੌਖੀਆਂ ਜਿੱਤਾਂ ਦੇ ਆਦੀ ਇਸ ਰਾਹ ਟੁਰਿਆ ਨਹੀਂ ਕਰਦੇ।

ਪ੍ਰਸਿੱਧੀ ਹਮੇਸ਼ਾਂ ਕੀਤੀਆਂ ਕੁਰਬਾਨੀਆਂ ਦੇ ਅਨੁਪਾਤ ਵਿਚ ਘੱਟ ਮਿਲਦੀ ਹੈ।

ਇਹ ਘਾਟੇ ਵਾਲਾ ਸੌਦਾ ਹੈ। ਹਰ ਕੰਮ ਵਿਚ ਨਫ਼ਾ ਕਮਾਉਣ ਵਾਲੇ ਇਸ ਰਾਹ ਉਤੇ ਨਾ ਹੀ ਚੱਲਣ ਤਾਂ ਹੀ ਚੰਗਾ ਹੈ।

ਪ੍ਰਸਿੱਧੀ ਉਹ ਸਫਰ ਹੈ, ਜਿਹੜਾ ਸ਼ੁਰੂ ਤਾਂ ਇਕ ਸਾਧਾਰਣ ਕਦਮ ਨਾਲ ਹੀ ਹੁੰਦਾ ਹੈ ਪਰ ਹਰ ਵੱਧਦੇ ਕਦਮ ਨਾਲ ਰਾਹ ਔਖਾ ਹੁੰਦਾ ਜਾਂਦਾ ਹੈ।

ਜਿਹੜੇ ਲੰਮੇ ਸਫਰ ਨਹੀਂ ਕਰ ਸਕਦੇ, ਉਹ ਜਲਦੀ ਹੀ ਹੰਭ ਜਾਂਦੇ ਹਨ।

ਲੋਕਾਂ ਕੋਲ ਹਫ਼ਤੇ ਦਾ ਪ੍ਰੋਗਰਾਮ ਨਹੀਂ ਹੁੰਦਾ, ਇਹ ਤਾਂ ਸੌ ਸਾਲਾਂ ਦੀ ਸਮਾਂ-ਸੂਚੀ ਹੈ। ਪ੍ਰਸਿੱਧੀ ਲਈ ਸਭ ਤੋਂ ਵੱਡੀ ਲੋੜ ਉਸ ਨਿਸ਼ਚੇ ਅਤੇ ਵਿਸ਼ਵਾਸ ਦੀ ਹੈ, ਜਿਸ ਦੀ ਹਿੰਮਤ ਨਾਲ ਸਾਰੇ ਰਾਹ ਖੁੱਲ੍ਹ ਜਾਂਦੇ ਹਨ।

ਕਹਿੰਦੇ ਹਨ ਸਮਾਜ ਵਲੋਂ ਅਸੰਭਵ ਸਮਝੇ ਜਾਣ ਵਾਲੇ ਕਿਸੇ ਕਾਰਜ ਨੂੰ ਚੁਣ ਲਵੋ ਅਤੇ ਉਸ 'ਚ ਗੁਆਚ ਜਾਵੋ।

ਇਵੇਂ ਅਸੀਂ ਪ੍ਰਸਿੱਧ ਭਾਵੇਂ ਨਾ ਵੀ ਹੋਈਏ ਪਰ ਸੰਸਾਰ ਅਤੇ ਜ਼ਿੰਦਗੀ ਨੂੰ ਬੜੀ ਨੇੜਿਉਂ ਵੇਖਣ ਦੀ ਮੌਜ ਮਾਣਨ ਦਾ ਅਵਸਰ ਜ਼ਰੂਰ ਮਿਲੇਗਾ।

ਸੌਖੇ ਕੰਮ ਦੂਜੇ ਕਰ ਲੈਣਗੇ, ਔਖੇ ਕੰਮ ਤੁਸੀਂ ਕਰੋ।

ਪ੍ਰਸਿੱਧੀ ਅਚਾਨਕ ਨਹੀਂ ਆਉਂਦੀ, ਇਹ ਉਨ੍ਹਾਂ ਨੂੰ ਹੀ ਪ੍ਰਾਪਤ ਹੁੰਦੀ ਹੈ, ਜਿਹੜੇ ਮਹਾਨ ਅਤੇ ਕਦੇ ਵੀ ਨਾ ਖ਼ਤਮ ਹੋਣ ਵਾਲੇ ਕਾਰਜਾਂ ਵਿਚ ਰੁੱਝੇ ਹੁੰਦੇ ਹਨ।

ਮਹਾਨ ਵਿਅਕਤੀਆਂ ਕੋਲ ਪ੍ਰਸਿੱਧੀ ਮਾਣਨ ਦੀ ਵਿਹਲ ਹੀ ਨਹੀਂ ਹੁੰਦੀ, ਉਨ੍ਹਾਂ ਦੀਆਂ ਮੰਜ਼ਲਾਂ ਹੋਰ ਹੁੰਦੀਆਂ ਹਨ।

ਕਈ ਲੋਕ ਕਿਸੇ ਬੁੱਤ ਨੂੰ ਮਾਪਣ ਲਈ ਬੁੱਤ ਦੇ ਥੜ੍ਹੇ ਨੂੰ ਵੀ ਮਾਪ ਲੈਂਦੇ ਹਨ, ਪਰ ਸੱਚੇ ਅਰਥਾਂ ਵਿਚ ਪ੍ਰਸਿੱਧ ਵਿਅਕਤੀਆਂ ਨੂੰ ਮਾਪਿਆ ਜਾਂ ਤੋਲਿਆ ਨਹੀਂ ਜਾ ਸਕਦਾ, ਉਹ ਪ੍ਰਸਿੱਧੀ ਹੀ ਕੀ ਜਿਸ ਨੂੰ ਥੜ੍ਹੇ ਦੀ ਲੋੜ ਪਵੇ!

ਸੂਰਜ ਨੂੰ ਪ੍ਰਸਿੱਧੀ ਦੀ ਲੋੜ ਨਹੀਂ, ਸਾਨੂੰ ਸੂਰਜ ਦੀ ਲੋੜ ਹੈ ਅਤੇ ਸੂਰਜ ਨੂੰ ਵੇਖਣ ਲਈ ਸਾਨੂੰ ਆਪਣਾ ਸਿਰ ਉੱਚਾ ਕਰਨਾ ਪੈਂਦਾ ਹੈ।

ਪ੍ਰਸਿੱਧੀ ਉਹ ਸਵੈਮਾਣ ਸਿਰਜਦੀ ਹੈ ਜਿਸ ਨਾਲ ਆਉਣ ਵਾਲੀਆਂ ਪੀੜ੍ਹੀਆਂ ਦੇ ਸਿਰ ਉੱਚੇ ਹੋਣ ਅਤੇ ਉਨ੍ਹਾਂ ਵਿਚ ਨਵੀਆਂ ਮੰਜ਼ਲਾਂ ਵੱਲ ਨਿਕਲਣ ਦਾ ਸਾਹਸ ਉਪਜੇ।

ਸੰਸਾਰ ਦਾ ਹਰ ਦੇਸ਼ ਕਿਸੇ ਪ੍ਰਸਿੱਧ ਸ਼ਖ਼ਸੀਅਤ ਕਰਕੇ ਹੀ ਜਾਣਿਆ ਜਾਂਦਾ ਹੈ।

ਜਿਸ ਸਮਾਜ ਜਾਂ ਕੌਮ ਕੋਲ ਪ੍ਰਸਿੱਧ ਵਿਅਕਤੀ ਨਹੀਂ ਹੁੰਦੇ, ਉਸ ਕੌਮ ਦੀ ਪਛਾਣ ਸਥਾਪਤ ਨਹੀਂ ਹੁੰਦੀ।

✿✿✿

# ਸਮਾਜਿਕ ਤਬਦੀਲੀ

ਜਿਹੜੇ ਬਦਲਣ ਲਈ ਤਿਆਰ ਨਹੀਂ ਹੁੰਦੇ ਉਨ੍ਹਾਂ ਦਾ ਨਿਘਰਨਾ ਲਾਜ਼ਮੀ ਹੁੰਦਾ ਹੈ।

ਵਿਗਿਆਨ ਦੀ ਉਨਤੀ ਨੇ ਸਮੁੱਚੇ ਮਨੁੱਖ ਨੂੰ ਬਦਲ ਦਿੱਤਾ ਹੈ।

ਵਿਗਿਆਨ ਨੇ ਆਦਰਸ਼ਵਾਦ ਨੂੰ ਬਲਹੀਣ ਕਰਕੇ ਯਥਾਰਥਵਾਦ ਨੂੰ ਜੀਵਨ ਦਾ ਆਧਾਰ ਅਤੇ ਸਾਰੇ ਅਨੁਭਵਾਂ ਦਾ ਸਰੋਤ ਬਣਾ ਦਿੱਤਾ ਹੈ।

ਧਰਮ ਦੀਆਂ ਕਦਰਾਂ-ਕੀਮਤਾਂ ਅਤੇ ਸੰਕਲਪ ਸਦੀਵੀ, ਸਦਾ-ਸਥਿਤ ਅਤੇ ਨਿਸ਼ਚਿਤ ਦੱਸੇ ਜਾਂਦੇ ਹਨ ਜਦੋਂ ਕਿ ਵਿਗਿਆਨ ਨੇ ਜੀਵਨ ਅਤੇ ਪ੍ਰਕ੍ਰਿਤੀ ਵਿਚ ਨਿਰੰਤਰ ਵਿਕਾਸ ਦੇ ਵਿਸ਼ਵਾਸ ਨੂੰ ਦ੍ਰਿੜ ਕਰਵਾਇਆ ਹੈ।

ਉੱਨਤੀ, ਵਿਕਾਸ, ਤਰੱਕੀ ਆਦਿ ਸੰਕਲਪਾਂ ਦਾ ਅਰਥ, ਵਿਗਿਆਨ ਦੇ ਸੰਦਰਭ ਵਿਚ ਹੀ ਸਮਝਿਆ ਜਾ ਸਕਦਾ ਹੈ। ਸੰਖੇਪ ਵਿਚ ਕਿਹਾ ਜਾ ਸਕਦਾ ਹੈ ਕਿ ਧਰਮ ਮਨੁੱਖ ਨੂੰ ਪਾਪੀ, ਨਿਆਸਰਾ ਅਤੇ ਬਲਹੀਣ ਬਣਾ ਕੇ ਪੇਸ਼ ਕਰਦਾ ਹੈ, ਜਦੋਂ ਕਿ ਵਿਗਿਆਨ ਦੀ ਸਮੁੱਚੀ ਉੱਨਤੀ ਦਾ ਧੁਰਾ ਮਨੁੱਖ ਹੈ ਅਤੇ ਵਿਗਿਆਨ ਮਨੁੱਖ ਨੂੰ ਸਭ ਪ੍ਰਾਪਤੀਆਂ ਦਾ ਸੋਮਾ ਅਤੇ ਸਵਾਮੀ ਮੰਨਦਾ ਹੈ।

ਧਰਮ ਮਨੁੱਖ ਨੂੰ ਸਤਿਯੁੱਗ ਤੋਂ ਨਿਰੰਤਰ ਨਿਘਰਦਾ ਹੋਇਆ, ਕਲਿਯੁੱਗ ਵਿਚ ਖੁਭਿਆ ਦਰਸਾਉਂਦਾ ਹੈ ਜਦੋਂ ਕਿ ਵਿਗਿਆਨ, ਮਨੁੱਖ ਨੂੰ ਨਿਰੰਤਰ ਵਿਕਾਸ ਕਰਦਿਆਂ, ਗੁਫ਼ਾਵਾਂ ਤੋਂ ਚੱਲ ਕੇ ਦੂਰ ਚੰਨ, ਤਾਰਿਆਂ ਵੱਲ ਵੱਧਦਾ ਪ੍ਰਗਟਾਉਂਦਾ ਹੈ।

ਵਿਗਿਆਨ ਇਸ ਸੰਸਾਰ ਨੂੰ ਸੱਚ ਮੰਨਦਾ ਹੈ, ਜਦੋਂ ਕਿ ਧਰਮ ਇਸ ਨੂੰ ਮਿਥਿਆ, ਮਾਇਆ, ਛਲਾਵਾ ਆਦਿ ਕਹਿੰਦਾ ਹੈ।

ਮਨੁੱਖ ਨੇ ਹਜ਼ਾਰਾਂ ਸਾਲਾਂ ਦੇ ਆਪਣੇ ਇਤਿਹਾਸ ਵਿਚ ਧਰਮ ਦੇ ਵੱਖ-ਵੱਖ ਖੇਤਰ ਫਰੋਲੇ ਹਨ ਪਰ ਅਜੋਕਾ ਯੁੱਗ ਵਿਗਿਆਨ ਦਾ ਯੁੱਗ ਹੈ।

ਅਸੀਂ ਵਿਸ਼ਵਾਸ ਸ਼ਬਦ ਜਾਂ ਨਾਮ ਦਾ ਚਮਤਕਾਰ ਵੇਖ ਚੁਕੇ ਹਾਂ, ਹੁਣ ਲੋਕ ਤਰਕ ਅਤੇ ਪਦਾਰਥ ਦੀਆਂ ਸੰਭਾਵਨਾਵਾਂ ਨੂੰ ਫਰੋਲਣ ਵਿਚ ਰੁੱਝੇ ਹੋਏ ਹਨ।

ਭਵਿੱਖ ਵਿਗਿਆਨ ਦਾ ਹੈ, ਅੰਧ-ਵਿਸ਼ਵਾਸੀ ਧਰਮਾਂ ਦਾ ਯੁੱਗ ਹੁਣ ਮੁੜ ਆਉਣ ਦੀ ਕੋਈ ਸੰਭਾਵਨਾ ਨਹੀਂ।

ਜਿਉਂ-ਜਿਉਂ ਸਮਾਜ ਵਿਚ ਵਿਗਿਆਨ ਦੀਆਂ ਪ੍ਰਾਪਤੀਆਂ ਸਦਕਾ ਤਕਨਾਲੋਜੀ ਦਾ ਪ੍ਰਭਾਵ ਵੱਧ ਰਿਹਾ ਹੈ, ਅਰਥਾਤ ਸਾਡਾ ਜੀਵਨ ਮਸ਼ੀਨ ਉੱਤੇ ਨਿਰਭਰ ਹੁੰਦਾ ਜਾ ਰਿਹਾ ਹੈ, ਤਿਉਂ-ਤਿਉਂ ਹਰ ਸਮਾਜ ਵਿਚ ਪਰੰਪਰਾਗਤ ਜੀਵਨ ਦੀਆਂ ਕਦਰਾਂ-ਕੀਮਤਾਂ ਦੀ ਟੁੱਟ-ਭੱਜ ਤੇਜ਼ ਹੋ ਰਹੀ ਹੈ।

ਟੱਬਰ ਦਾ ਸੰਕਲਪ, ਇਕ ਜਾਤੀ ਦੇ ਲੋਕਾਂ ਦੀ ਇਕ ਥਾਂ ਇਕੱਠੇ ਰਹਿਣ ਦੀ ਆਦਤ, ਕਿਸਮਤ ਵਿਚ ਵਿਸ਼ਵਾਸ, ਧਰਮ ਪ੍ਰਤਿ ਦ੍ਰਿਸ਼ਟੀਕੋਣ ਅਤੇ ਬਜ਼ੁਰਗਾਂ ਦਾ ਸਮਾਜ ਵਿਚ ਸਥਾਨ ਆਦਿ ਸਭ ਕੁਝ ਬਦਲ ਗਿਆ ਹੈ।

ਉਪਰੋਕਤ ਸੰਕਲਪਾਂ ਦੀਆਂ ਬਿਲਕੁਲ ਵਿਰੋਧੀ ਕਦਰਾਂ-ਕੀਮਤਾਂ ਸਥਾਪਿਤ ਹੋ ਰਹੀਆਂ ਹਨ ਜਿਵੇਂ, ਸਮੂਹਿਕ ਵਿਹਾਰ ਦੀ ਥਾਂ ਵਿਅਕਤੀਵਾਦ, ਆਪਣੇ ਧਰਮ ਜਾਂ ਜਾਤੀ ਤੋਂ ਬਾਹਰ ਵਿਆਹ, ਆਪਣੇ ਦੇਸ਼ ਦੀ ਥਾਂ ਵਿਸ਼ਵ ਦੇ ਸੰਦਰਭ ਵਿਚ ਸੋਚਣਾ, ਭਾਵਕਤਾ ਦੀ ਥਾਂ ਤਰਕਸ਼ੀਲਤਾ ਆਦਿ ਵਰਤਾਰੇ ਹੁਣ ਆਮ ਵੇਖਣ ਵਿਚ ਆਉਂਦੇ ਹਨ।

ਪੁਰਸ਼ਾਂ ਅਤੇ ਔਰਤਾਂ ਦੇ ਰਿਸ਼ਤੇ ਵੀ ਤਬਦੀਲ ਹੋ ਗਏ ਹਨ।

ਭਾਵੇਂ ਔਰਤਾਂ ਵੱਲੋਂ ਨੌਕਰੀ ਕਰਨ ਦਾ ਰਿਵਾਜ ਦੂਜੇ ਵਿਸ਼ਵ ਯੁੱਧ ਵਿਚ ਲੱਖਾਂ ਪੁਰਸ਼ਾਂ ਦੀਆਂ ਜਾਨਾਂ ਜਾਣ ਦੀ ਮਜਬੂਰੀ ਵਿਚੋਂ ਸ਼ੁਰੂ ਹੋਇਆ, ਪਰ ਵਿਗਿਆਨ ਨੇ ਪੁਰਸ਼ ਅਤੇ ਔਰਤ ਦੋਹਾਂ ਲਈ ਨਾ ਕੇਵਲ ਰੁਜ਼ਗਾਰ ਦੇ ਅਥਾਹ ਮੌਕੇ ਪੈਦਾ ਕੀਤੇ ਹਨ, ਸਗੋਂ ਜੀਵਨ ਨੂੰ ਇਸ ਹੱਦ ਤੱਕ ਗੁੰਝਲਦਾਰ ਬਣਾ ਦਿੱਤਾ ਹੈ ਕਿ ਦੋਹਾਂ ਦੇ ਕੰਮ ਕਰਨ ਤੋਂ ਬਿਨਾਂ ਪਰਿਵਾਰ ਦਾ ਸੌਖਾ ਗੁਜ਼ਾਰਾ ਲਗਭਗ ਅਸੰਭਵ ਹੋ ਗਿਆ ਹੈ।

ਹੁਣ ਸੰਸਾਰ ਭਰ ਵਿਚ ਜੀਵਨ ਦਾ ਸ਼ਹਿਰੀਕਰਣ ਹੋ ਰਿਹਾ ਹੈ।

ਜੱਦੀ ਕੰਮ ਕਰਨ ਦੀ ਸੰਭਾਵਨਾ ਸੁੰਗੜਦੀ ਜਾ ਰਹੀ ਹੈ ਅਰਥਾਤ ਘਰ ਦੇ ਸਾਰੇ ਜੀਆਂ ਨੂੰ ਵੱਖ-ਵੱਖ ਥਾਂਵਾਂ ਉੱਤੇ ਵੱਖਰੇ ਕੰਮ ਕਰਨ ਦੀ ਮਜਬੂਰੀ ਹੈ।

ਇਸ ਸਥਿਤੀ ਵਿਚ ਮਾਤਾ-ਪਿਤਾ ਅਤੇ ਬੱਚਿਆਂ ਦੀ ਆਪਸੀ ਨਿਰਭਰਤਾ ਘੱਟਦੀ ਜਾ ਰਹੀ ਹੈ ਅਤੇ ਮਾਪੇ ਕਿਧਰੇ ਰਹਿ ਰਹੇ ਹਨ ਅਤੇ ਬੱਚੇ ਕਿਧਰੇ ਹੋਰ। ਬੜੇ ਉਚੇਚ ਨਾਲ ਹੀ ਹੁਣ ਘਰ ਦੇ ਸਾਰੇ ਜੀਅ ਇਕੱਠੇ ਹੁੰਦੇ ਹਨ। ਪਹਿਲਾਂ, ਵੱਡੀ ਭੈਣ ਦਾ ਵਿਆਹ ਪਹਿਲਾਂ ਹੁੰਦਾ ਸੀ, ਛੋਟੀ ਦਾ ਮਗਰੋਂ, ਪਰ ਹੁਣ ਇਹ ਪ੍ਰਥਾ ਵੀ ਟੁੱਟਣ ਲੱਗ ਪਈ ਹੈ।

ਮਾਤਾ-ਪਿਤਾ ਨਾਲੋਂ ਸੰਤਾਨ ਨਾ ਕੇਵਲ ਵੱਧ ਪੜ੍ਹ ਲਿਖ ਗਈ ਹੈ, ਸਗੋਂ ਉਨ੍ਹਾਂ ਨਾਲੋਂ ਵੱਧ ਕਮਾਉਣ ਵੀ ਲੱਗ ਪਈ ਹੈ।

ਅਜੋਕੇ ਮਾਪਿਆਂ ਕੋਲ ਬੱਚਿਆਂ ਨੂੰ ਜੀਵਨ-ਸੇਧ ਦੇਣ ਦੀ ਯੋਗਤਾ ਹੀ ਨਹੀਂ ਰਹੀ। ਸਥਿਤੀ ਇਸ ਹੱਦ ਤੱਕ ਉਲਟ ਗਈ ਹੈ ਕਿ ਬੱਚੇ ਮਾਪਿਆਂ ਨੂੰ ਨਵੀਂ ਸਥਿਤੀ ਅਨੁਸਾਰ ਬਦਲਣ ਲਈ ਨਸੀਹਤਾਂ ਦੇ ਰਹੇ ਹਨ।

ਮਾਪੇ ਆਦਰਸ਼ਵਾਦੀ ਹਨ, ਬੱਚੇ ਪਦਾਰਥਵਾਦੀ। ਇਵੇਂ ਹਰ ਇੱਕ ਘਰ ਵਿਚ ਵਿਚਾਰਧਾਰਾ ਦਾ ਵਿਰੋਧ ਚੱਲ ਰਿਹਾ ਹੈ। ਨਿਰਭਰਤਾ ਦੀ ਥਾਂ ਸੁਤੰਤਰਤਾ, ਵਫ਼ਾਦਾਰੀ ਦੀ ਥਾਂ ਨਿੱਜੀ-ਹਿੱਤ ਪ੍ਰਧਾਨ ਹੋ ਗਏ ਹਨ। ਕੋਈ ਵੀ ਪੁੱਤਰ ਮਾਪਿਆਂ ਨੂੰ ਖੁਸ਼ੀ-ਖੁਸ਼ੀ ਆਪਣੇ ਕੋਲ ਰੱਖਣ ਲਈ ਤਿਆਰ ਨਹੀਂ।

ਵਿਆਹ ਦੇ ਮਾਮਲੇ ਵਿਚ ਧੀਆਂ ਅਤੇ ਪੁੱਤਰ ਦੋਵੇਂ ਆਪਣੀ ਮਰਜ਼ੀ ਕਰਨੀ ਚਾਹੁੰਦੇ ਹਨ। ਸਮੁੱਚੇ ਟੱਬਰ ਦੇ ਵਿਕਾਸ ਦੀ ਥਾਂ ਨਿੱਜੀ ਪ੍ਰਫੁਲਤਾ ਨੇ ਅਤੇ ਵਿਸ਼ਵਾਸ ਦੀ ਥਾਂ ਦਲੀਲ ਨੇ ਲੈ ਲਈ ਹੈ।

ਪਹਿਲਾਂ ਬਿਮਾਰੀ ਦੀ ਹਾਲਤ ਵਿਚ ਰੱਬ ਅੱਗੇ ਅਰਦਾਸਾਂ ਕੀਤੀਆਂ ਜਾਂਦੀਆਂ ਸਨ, ਹੁਣ ਡਾਕਟਰ, ਹਸਪਤਾਲ ਹੀ ਰੱਬ ਦੀ ਥਾਂ ਲੈ ਰਹੇ ਹਨ।

ਜੋ ਕੰਮ ਪਹਿਲਾਂ ਧਰਮ ਕਰਦਾ ਸੀ, ਉਹ ਹੁਣ ਵਿਗਿਆਨ ਨੇ ਸਾਂਭ ਲਏ ਹਨ। ਸੰਤਾਨ, ਚੰਗੀ ਸਿਹਤ, ਲੰਮੀ ਉਮਰ, ਜੀਵਨ ਵਿਚ ਕਾਮਯਾਬੀ, ਖੁਸ਼ੀ ਆਦਿ ਰੱਬ ਦੀ ਥਾਂ ਵਿਗਿਆਨ ਨੇ ਵਧੇਰੇ ਸੰਭਵ ਬਣਾ ਦਿੱਤੀ ਹੈ।

ਨਿਰੋਧਕ ਸਾਧਨਾਂ ਦੀਆਂ ਸਹੂਲਤਾਂ ਕਾਰਨ ਹੁਣ ਔਰਤਾਂ, ਪੁਰਸ਼ਾਂ ਦੇ ਵਧੇਰੇ ਸੰਪਰਕ ਵਿਚ ਆਉਂਦੀਆਂ ਹਨ ਅਤੇ ਛੋਟੇ ਪਰਿਵਾਰ ਨੇ ਔਰਤ ਦੇ ਸਰਬਪੱਖੀ ਵਿਕਾਸ ਦੀਆਂ ਸੰਭਾਵਨਾਵਾਂ ਵਧਾ ਦਿੱਤੀਆਂ ਹਨ। ਇਲਾਕਾਈ ਤਅੱਸਬ, ਧਾਰਮਿਕ ਕੱਟੜਵਾਦ, ਖ਼ਾਨਦਾਨ ਦੀ ਇੱਜ਼ਤ ਆਦਿ ਵਿਚਾਰ ਪਿਛਾਂਹ-ਖਿਚੂ ਹੋਣ ਦੀਆਂ ਨਿਸ਼ਾਨੀਆਂ ਬਣ ਗਏ ਹਨ।

ਹੁਣ ਕੋਈ ਪ੍ਰਵਾਹ ਨਹੀਂ ਕਰਦਾ ਕਿ ਲੋਕ ਕੀ ਕਹਿਣਗੇ।

ਫੈਸ਼ਨ, ਖਾਣ-ਪੀਣ, ਸੰਗੀਤ, ਖੇਡਾਂ, ਮੇਲ-ਜੋਲ ਆਦਿ ਖੇਤਰਾਂ ਵਿਚ ਨਵੇਂ ਪ੍ਰਯੋਗ ਕਰਨਾ ਨਵੀਂ ਪੀੜ੍ਹੀ ਦਾ ਖਾਸਾ ਹੈ।

ਵਿਗਿਆਨ ਨੇ ਜ਼ਾਤ-ਪਾਤ ਦੀਆਂ ਹੱਦ-ਬੰਦੀਆ ਤੋੜ ਦਿੱਤੀਆਂ ਹਨ।

ਸ਼ਹਿਰੀਕਰਣ ਕਰਕੇ ਲੋਕਾਂ ਦੀ ਸੋਚ ਵਿਚ ਲਚਕ ਅਤੇ ਬਰੀਕੀ ਆ ਗਈ ਹੈ।

ਵਿਗਿਆਨ ਦੇ ਪ੍ਰਭਾਵ ਨਾਲ ਅਸੀਂ ਅੰਤਰ-ਰਾਸ਼ਟਰੀ ਸੋਚਣੀ ਦੇ ਧਾਰਨੀ ਬਣ ਗਏ ਹਾਂ। ਹੁਣ ਹਰ ਨਵਾਂ ਸੰਕਲਪ ਜਾਂ ਫੈਸ਼ਨ ਕੁਝ ਹੀ ਮਹੀਨਿਆਂ ਵਿਚ ਸਾਰੇ ਸੰਸਾਰ ਵਿਚ ਪਹੁੰਚ ਜਾਂਦਾ ਹੈ। ਭਾਗਵਾਦ ਦੀ ਥਾਂ ਯਤਨ, ਕੋਸ਼ਿਸ਼, ਹਿੰਮਤ, ਦ੍ਰਿੜ੍ਹ ਇਰਾਦਾ ਆਦਿ ਸੰਕਲਪ ਉਸਰ ਰਹੇ ਹਨ। ਔਰਤਾਂ ਨੇ ਜੀਵਨ ਦੇ ਹਰ ਖੇਤਰ ਵਿਚ ਪ੍ਰਵੇਸ਼ ਕੀਤਾ ਹੈ, ਜਿਸ ਦੇ ਨਤੀਜੇ ਵਜੋਂ ਜੀਵਨ ਰੰਗ-ਸੁਰੰਗਾ ਅਤੇ ਵਧੇਰੇ ਦਿਲਚਸਪ ਹੋ ਗਿਆ ਹੈ ਪਰ ਪਰੰਪਰਾਗਤ ਰਿਸ਼ਤੇ ਤਿੜਕ ਗਏ ਹਨ।

ਸਾਡੇ ਦੇਸ਼ ਵਿਚ ਖੇਤੀਬਾੜੀ ਨਾਲ ਸਬੰਧਤ ਉਤਪਾਦਨ ਰਿਸ਼ਤਿਆਂ ਨੇ ਹੀ ਸਾਰੀਆਂ ਮਨੁੱਖੀ ਸਾਂਝਾਂ ਨਿਰਧਾਰਤ ਕੀਤੀਆਂ ਹਨ ਅਤੇ ਵਫ਼ਾਦਾਰੀ, ਸੇਵਾ, ਈਮਾਨਦਾਰੀ, ਸੱਚਾਈ ਆਦਿ ਸੰਕਲਪ ਉਸਾਰੇ ਹਨ ਪਰ ਮਸ਼ੀਨੀਕਰਣ ਨਾਲ ਉਪਰੋਕਤ ਸੰਕਲਪ ਢਹਿ-ਢੇਰੀ ਹੋ ਗਏ ਹਨ। ਹੋਰ ਤਾਂ ਹੋਰ ਪੁਰਾਣੀ ਕਿਸਮ ਦੀਆਂ ਰਿਸ਼ਤੇਦਾਰੀਆਂ, ਖ਼ਾਨਦਾਨ, ਮਾਣ-ਮਰਿਆਦਾ, ਅਣਖ ਅਤੇ ਰਹੁ-ਰੀਤਾਂ ਆਦਿ ਦੇ ਸੰਕਲਪ ਪੜ੍ਹੇ ਲਿਖੇ ਜੀਆਂ ਲਈ ਨਮੋਸ਼ੀ ਦਾ ਕਾਰਨ ਬਣ ਰਹੇ ਹਨ।

ਜੀਵਨ ਦੇ ਕਿਸੇ ਵੀ ਖੇਤਰ ਵਿਚ ਝਾਤ ਮਾਰ ਕੇ ਵੇਖੋ, ਪੁਰਾਣਾ ਟੁੱਟ-ਭੱਜ ਰਿਹਾ ਹੈ ਜਦੋਂ ਕਿ ਸਭ ਕੁਝ ਨਵਾਂ ਉਸਰ ਰਿਹਾ ਹੈ।

ਨਵੀਂ ਪੀੜ੍ਹੀ ਵਿਚ ਵਧੇਰੇ ਸਵੈ-ਵਿਸ਼ਵਾਸ ਹੈ।

ਨਵੀਆਂ ਮਸ਼ੀਨਾਂ, ਨਵੇਂ ਮਾਡਲ, ਜੀਵਨ ਦੀ ਗਤੀ ਨੂੰ ਤੇਜ਼ ਕਰ ਰਹੇ ਹਨ।

ਜਿਹੜੇ ਲੋਕਾਂ ਦਾ ਬਚਪਨ ਅਤੇ ਜਵਾਨੀ ਪੁਰਾਣੀਆਂ ਪਰੰਪਰਾਗਤ ਕਦਰਾਂ-ਕੀਮਤਾਂ ਦੀ ਰੋਸ਼ਨੀ ਵਿਚ ਗੁਜ਼ਰਿਆਂ ਹੈ, ਉਨ੍ਹਾਂ ਨੂੰ ਨਵੇਂ ਹਾਲਾਤ ਅਨੁਸਾਰ ਆਪਣੇ ਆਪ ਨੂੰ

ਢਾਲਣ ਵਿਚ ਮੁਸ਼ਕਿਲ ਹੋ ਰਹੀ ਹੈ ਅਤੇ ਨਤੀਜੇ ਵਜੋਂ ਪੀੜ੍ਹੀਆਂ ਦਾ ਪਾੜਾ ਅਤੇ ਵਿਚਾਰਧਾਰਕ ਵੱਖਰੇਵੇਂ ਉਘੜ ਕੇ ਸਾਹਮਣੇ ਆ ਰਹੇ ਹਨ।

ਹਰ ਖੇਤਰ ਵਿਚ ਪੁਰਾਣੇ ਦੀ ਨਵੇਂ ਨਾਲ ਟੱਕਰ ਚਲ ਰਹੀ ਹੈ।

ਅਜੋਕੇ ਬਜ਼ੁਰਗਾਂ ਦੀ ਕੋਈ ਵੀ ਗੱਲ ਇਸ ਕਰਕੇ ਨਹੀਂ ਸੁਣੀ ਜਾਂਦੀ ਕਿਉਂਕਿ ਉਹ ਬਜ਼ੁਰਗ ਹੋ ਗਏ ਹਨ ਅਰਥਾਤ ਉਹ ਸੋਚ ਦਾ ਪੁਰਾਣਾ ਮਾਡਲ ਬਣ ਕੇ ਰਹਿ ਗਏ ਹਨ।

ਅੱਜ ਕੱਲ ਜਵਾਨੀ ਦਾ ਬੋਲਬਾਲਾ ਹੈ, ਅਰਥਾਤ ਚੁਸਤ, ਤੇਜ਼ ਸਰੀਰਕ-ਮਸ਼ੀਨਾਂ ਦਾ ਯੁੱਗ ਹੈ। ਇਵੇਂ ਮਸ਼ੀਨ ਨੇ ਮਨੁੱਖ ਦੀ ਸੋਚਣੀ ਹੀ ਬਦਲ ਦਿੱਤੀ ਹੈ।

ਜਿਨ੍ਹਾਂ ਦੇਸ਼ਾਂ ਵਿਚ ਖੇਤੀਬਾੜੀ ਹੀ ਜੀਵਨ-ਨਿਰਬਾਹ ਦਾ ਮੁੱਖ ਆਧਾਰ ਹੈ, ਉਹ ਦੇਸ਼ ਗਰੀਬ ਹਨ, ਉਥੋਂ ਦੇ ਲੋਕ ਸੁੱਸਤ ਅਤੇ ਪਰੰਪਰਕ ਜੀਵਨ ਗੁਜ਼ਾਰਨ ਦੇ ਆਦੀ ਹਨ।

ਦੁਨੀਆਂ ਦੇ ਅਮੀਰ ਮੁਲਕ ਆਪਣੇ ਉਦਯੋਗਾਂ ਕਾਰਨ ਅਮੀਰ ਹਨ।

ਅਮੀਰ ਮੁਲਕ ਨਵੇਂ ਵਿਗਿਆਨ ਦੇ ਲਾਭ ਉਠਾ ਰਹੇ ਹਨ।

ਭਾਰਤ ਦਾ ਸਮੁੱਚਾ ਪੌਰਾਣਿਕ ਸਾਹਿਤ, ਧਰਮ ਵੱਲ ਸਾਡਾ ਭਾਵਕ ਦ੍ਰਿਸ਼ਟੀਕੋਣ ਅਤੇ ਰਵਾਇਤਵਾਦ ਸਾਡੇ ਵਿਕਾਸ ਦੇ ਰਾਹ ਵਿਚ ਰੋੜੇ ਹਨ।

ਪਰੰਪਰਕ ਸਮਾਜਾਂ ਵਿਚ ਪਹਿਲਾਂ ਤਾਂ ਤਬਦੀਲੀ ਦੀ ਰਫ਼ਤਾਰ ਹੀ ਹੌਲੀ ਹੁੰਦੀ ਹੈ, ਦੂਜੇ ਹਰ ਤਬਦੀਲੀ ਦਾ ਵਿਰੋਧ ਕਰਨ ਦੀ ਆਦਤ ਵੀ ਹੁੰਦੀ ਹੈ।

ਪੁਰਾਣੇ ਦਾ ਮੋਹ, ਪਰੰਪਰਕ ਸਮਾਜ ਨੂੰ ਨਵੇਂ ਦਾ ਖ਼ਤਰਾ ਮੁੱਲ ਲੈਣ ਤੋਂ ਰੋਕਦਾ ਹੈ।

ਪਰੰਪਰਕ ਸਮਾਜ, ਵਿਦੇਸ਼ੀ ਵਿਚਾਰਾਂ ਅਤੇ ਉਤਪਾਦਨ ਢੰਗਾਂ ਦੀ ਨਕਲ ਤਾਂ ਕਰਦਾ ਹੈ ਪਰ ਆਪਣੇ ਹਾਲਾਤ ਅਨੁਸਾਰ ਵਿਗਿਆਨ ਨੂੰ ਢਾਲਣ ਦਾ ਯਤਨ ਨਹੀਂ ਕਰਦਾ।

ਨਤੀਜਾ ਇਹ ਹੁੰਦਾ ਹੈ ਕਿ ਅਜਿਹਾ ਸਮਾਜ ਪੁਰਾਣੇ ਲਈ ਮੋਹ ਅਤੇ ਨਵੇਂ ਦੀ ਲਾਲਸਾ ਵਿਚਕਾਰ ਲਟਕ ਜਾਂਦਾ ਹੈ ਅਰਥਾਤ ਦੁਚਿੱਤੀ ਦਾ ਸ਼ਿਕਾਰ ਹੋ ਜਾਂਦਾ ਹੈ।

ਪਰੰਪਰਕ ਸਮਾਜ ਦੀ ਦ੍ਰਿਸ਼ਟੀ ਭੂਤਕਾਲ ਵੱਲ ਹੁੰਦੀ ਹੈ।

ਭਾਰਤ ਵਿਚ ਬਹੁਤੇ ਤਿਉਹਾਰ, ਮੇਲੇ, ਰਸਮਾਂ, ਰਿਵਾਜ ਇਸ ਲਈ ਮਨਾਏ ਜਾਂਦੇ ਹਨ, ਕਿਉਂਕਿ ਇਹ ਪਰੰਪਰਾ ਦੀ ਦੇਣ ਹਨ।

ਵਿਅਕਤੀ ਵਾਂਗ ਸਮਾਜ ਦੀ ਸ਼ਕਤੀ ਵੀ ਸੀਮਤ ਹੁੰਦੀ ਹੈ।

ਭਾਰਤ ਵਿਚ ਲਗਭਗ ਸਾਰੀ ਸਮਾਜਿਕ ਸ਼ਕਤੀ ਪਰੰਪਰਾਵਾਂ ਨੂੰ ਪੂਰਾ ਕਰਨ ਵਿਚ ਹੀ ਖਰਚ ਹੋ ਜਾਂਦੀ ਹੈ। ਪੁਰਾਣੀਆਂ ਪਰੰਪਰਾਵਾਂ ਦੇ ਆਧਾਰ ਉੱਤੇ ਹੀ ਭਾਰਤ ਦੇ ਨੇਤਾ ਪੁਰਾਣੇ ਅਤੇ ਬੁੱਢੇ ਹਨ।

ਜਦੋਂ ਸਾਡਾ ਵਿਗਿਆਨ ਨਾਲ ਮੋਹ ਪੈ ਜਾਵੇਗਾ ਤਾਂ ਭਾਰਤ ਵਿਚ ਜਵਾਨਾਂ ਨੂੰ ਵੱਡੇ ਕੰਮ ਕਰਨ ਦੇ ਅਵਸਰ ਮਿਲਣਗੇ।

ਬੁੱਢੇ ਲੀਡਰ, ਬੁੱਢੇ ਵਿਚਾਰਾਂ ਨੂੰ ਹੀ ਪਾਲਦੇ ਹਨ ਅਤੇ ਉਨ੍ਹਾਂ ਦੇ ਲੀਡਰ ਬਣਨ ਦੇ ਆਧਾਰ ਵੀ ਹਾਸੋਹੀਣੇ ਹੁੰਦੇ ਹਨ।

ਅਜੇ ਤੱਕ ਭਾਰਤ ਵਿਚ ਉਹੀ ਲੀਡਰ ਚਲੇ ਆਉਂਦੇ ਹਨ ਜਿਨ੍ਹਾਂ ਦੀ ਇਕ-ਮਾਤਰ ਯੋਗਤਾ ਇਹ ਹੈ ਕਿ ਉਨ੍ਹਾਂ ਦੇ ਵੱਡੇ-ਵੱਡੇਰੇ ਆਜ਼ਾਦੀ-ਸੰਗ੍ਰਾਮ ਦੌਰਾਨ ਜੇਲ੍ਹ ਗਏ ਸਨ।

ਬੁੱਢੇ ਲੀਡਰ ਨਵੇਂ ਵਿਚਾਰਾਂ ਦੀਆਂ ਭਾਵੇਂ ਕਿੰਨੀਆਂ ਹੀ ਗੱਲਾਂ ਕਰਨ, ਅਚੇਤ ਤੌਰ ਉਤੇ ਉਹ ਨਵੇਂ ਦੇ ਵਿਰੋਧੀ ਹੁੰਦੇ ਹਨ।

ਭਾਰਤ ਵਿਚ ਇਨਸਾਨ ਦੀ ਕਦਰ ਉਦੋਂ ਪੈਂਦੀ ਹੈ ਜਦੋਂ ਉਹ ਬੁੱਢਾ ਹੋ ਜਾਵੇ ਅਰਥਾਤ ਕੁਝ ਵੀ ਕਰਨ ਤੋਂ ਰਹਿ ਜਾਵੇ।

ਜਦੋਂ ਪਰੰਪਰਕ ਸਮਾਜ ਦੀ ਟੁੱਟ-ਭੱਜ ਹੁੰਦੀ ਹੈ, ਉਦੋਂ ਦੂਰਦ੍ਰਿਸ਼ਟੀ ਵਾਲੇ ਅਤੇ ਮਜ਼ਬੂਤ ਦਿਲ ਅਤੇ ਦ੍ਰਿੜ੍ਹ ਇਰਾਦੇ ਵਾਲੇ ਨੇਤਾਵਾਂ ਦੀ ਲੋੜ ਹੁੰਦੀ ਹੈ। ਜੇ ਅਜਿਹਾ ਨਹੀਂ ਹੋਵੇਗਾ ਤਾਂ ਟੁੱਟ-ਭੱਜ ਤਾਂ ਹੋ ਜਾਵੇਗੀ ਪਰ ਕੁਝ ਨਵਾਂ ਨਹੀਂ ਉਸਰੇਗਾ।

ਭਾਰਤ ਵਿਚ ਸਲਾਹ ਲੈਣੀ ਜਾਂ ਸਲਾਹਕਾਰ ਰੱਖਣੇ ਬੇਇਜ਼ਤੀ ਦੀ ਗੱਲ ਸਮਝੀ ਜਾਂਦੀ ਹੈ ਜਦੋਂ ਕਿ ਪਰੰਪਰਕ ਸਮਾਜ ਵਿਕਾਸ ਦੇ ਠੀਕ ਰਾਹ ਉਤੇ ਉਦੋਂ ਤਕ ਪੈ ਹੀ ਨਹੀਂ ਸਕਦੇ ਜਦੋਂ ਤੱਕ ਨਿਸ਼ਾਨਿਆਂ ਅਤੇ ਵਸੀਲਿਆਂ ਸਬੰਧੀ ਭਰਵੀਂ ਬਹਿਸ ਨਾ ਹੋਵੇ ਅਤੇ ਸਮੱਸਿਆ ਦੇ ਸਾਰੇ ਪੱਖਾਂ ਨੂੰ ਵਿਚਾਰ ਨਾ ਲਿਆ ਗਿਆ ਹੋਵੇ।

ਅਜਿਹਾ ਨਾ ਹੋਣ ਦੀ ਸੂਰਤ ਵਿਚ ਯੋਜਨਾਵਾਂ ਸ਼ੁਰੂ ਤਾਂ ਹੋਣਗੀਆਂ ਪਰ ਉਦਘਾਟਨ ਦੀਆਂ ਰਸਮਾਂ ਵਿਚ ਹੀ ਸਾਰੀ ਸ਼ਕਤੀ ਅਤੇ ਸਰਮਾਇਆ ਲੱਗ ਜਾਵੇਗਾ।

ਇਹ ਹੈਰਾਨੀ ਦੀ ਗੱਲ ਨਹੀਂ ਕਿ ਅਸੀਂ ਲੋਕਤੰਤਰ ਨੂੰ ਸਾਮੰਤਵਾਦੀ ਲੀਹਾਂ ਉਤੇ ਢਾਲ ਲਿਆ ਹੈ।

ਨਿਰਸੰਦੇਹ ਪਰੰਪਰਾ ਵਿਚ ਸਭ ਕੁਝ ਤਿਆਗਣ ਯੋਗ ਹੀ ਨਹੀਂ ਹੁੰਦਾ, ਬਹੁਤ ਕੁਝ ਸਾਂਭਣ ਅਤੇ ਮਾਣ ਕਰਨ ਯੋਗ ਵੀ ਹੁੰਦਾ ਹੈ।

ਭਾਰਤ ਦੀ ਪਰੰਪਰਾ ਰਹੀ ਹੈ ਕਿ ਇਥੇ ਜਿਸ ਨੇ ਵੀ ਕੋਈ ਮਹਾਨ ਕੰਮ ਕੀਤਾ, ਉਸ ਨੇ ਆਪਣੇ ਆਪ ਨੂੰ ਗੁਮਨਾਮ ਬਣਾ ਲਿਆ।

ਅਸਥੀਆਂ ਦਾ ਜਲ-ਪ੍ਰਵਾਹ ਕਰਨਾ ਗੁਮਨਾਮਤਾ ਵੱਲ ਹੀ ਯਤਨ ਹੁੰਦਾ ਹੈ।

ਵੇਦਾਂ ਦੀ ਰਚਨਾ ਅਤੇ ਅਜੰਤਾ ਏਲੋਰਾ ਦਾ ਨਿਰਮਾਣ ਜਿਨ੍ਹਾਂ ਨੇ ਕੀਤਾ, ਉਹ ਗੁਮਨਾਮ ਹਨ ਪਰ ਅੱਜ-ਕੱਲ੍ਹ ਸਾਡਾ ਸਾਰਾ ਜ਼ੋਰ ਆਪਣੇ ਆਪ ਨੂੰ ਪ੍ਰਸਿੱਧ ਬਣਾਉਣ ਅਤੇ ਅਮਰ ਕਰਨ ਉਤੇ ਲੱਗਿਆ ਹੋਇਆ ਹੈ।

ਅਮਰ ਹੋਣ ਦੀ ਲਾਲਸਾ ਮਨੁੱਖੀ ਵਰਤਾਰੇ ਨੂੰ ਸੁਭਾਵਿਕ ਨਹੀਂ ਰਹਿਣ ਦਿੰਦੀ।

ਅੱਜ-ਕੱਲ੍ਹ ਹਰ ਕੋਈ ਅਮਰ ਹੋਣ ਦੀ ਲਾਲਸਾ ਦਾ ਸ਼ਿਕਾਰ ਹੈ। ਜਿਨ੍ਹਾਂ ਨੇਤਾਵਾਂ ਨੇ ਕਦੀ ਖੇਤ ਵੇਖੇ ਵੀ ਨਹੀਂ ਉਹ ਵੀ ਜ਼ਿੱਦ ਕਰ ਰਹੇ ਹਨ ਕਿ ਮਰਨ ਉਪਰੰਤ ਉਨ੍ਹਾਂ ਦੀਆਂ ਅਸਥੀਆਂ ਹਵਾਈ ਜਹਾਜ਼ਾਂ ਰਾਹੀਂ ਭਾਰਤ ਦੇ ਖੇਤਾਂ ਉਤੇ ਖਿਲਾਰੀਆਂ ਜਾਣ।

ਅਸੀਂ ਰੇਡੀਓ ਅਤੇ ਟੈਲੀਵਿਜ਼ਨ ਨਾਲ ਲੋਕਾਂ ਦਾ ਮਾਨਸਿਕ ਵਿਕਾਸ ਕਰਨ ਦੀ ਥਾਂ ਕੀਰਤਨ ਅਤੇ ਭਜਨ ਸੁਣਨ-ਸੁਣਾਉਣ ਵੱਲ ਰੁੱਝ ਗਏ ਹਾਂ।

ਸਵੇਰੇ ਸ਼ਾਮ ਆਪਣੀ ਸਰੀਰਕ ਸ਼ਕਤੀ ਅਤੇ ਸਮਰੱਥਾ ਵਧਾਉਣ ਲਈ ਕਸਰਤ ਕਰਨ ਦੇ ਸਮੇਂ ਅਸੀਂ ਅਣਕੀਤੇ ਪਾਪ ਬਖਸ਼ਾਉਣ ਲਈ ਪੂਜਾ-ਪਾਠ ਕਰਦੇ ਹਾਂ।

ਅਸੀਂ ਵਿਗਿਆਨ ਨੂੰ ਧਰਮ ਦਾ ਪਿਛਲੱਗ ਬਣਾ ਲਿਆ ਹੈ।

ਪਰੰਪਰਾਗਤ ਸਮਾਜ ਵਿਚ ਆਗੂ ਜਾਂ ਮੁਖੀ ਦਾ ਕੰਮ ਇਹ ਵੇਖਣਾ ਹੁੰਦਾ ਸੀ ਕਿ ਸਮਾਜ, ਟੱਬਰ, ਵਿਅਕਤੀ ਸਾਰੇ ਪਰੰਪਰਕ ਰਾਹਾਂ ਉਤੇ ਟੁਰਦੇ ਜਾਣ ਅਤੇ ਕਿਸੇ ਪ੍ਰਕਾਰ ਦਾ ਵਿਘਨ ਨਾ ਪਵੇ। ਮੁਖੀ ਨੂੰ ਹਰਕਤ ਵਿਚ ਆਉਣ ਦੀ ਬਹੁਤੀ ਲੋੜ ਨਹੀਂ ਸੀ ਪੈਂਦੀ, ਕਿਉਂਕਿ ਸਭ ਕੁਝ ਪੂਰਵ-ਨਿਰਧਾਰਤ ਲੀਹਾਂ ਉਤੇ ਹੀ ਚਲਦਾ ਰਹਿੰਦਾ ਸੀ ਪਰ ਅਜੋਕੇ ਸਮਿਆਂ ਵਿਚ ਅਜਿਹੇ ਪਰੰਪਰਾਵਾਦੀ ਮੁਖੀਆਂ ਨੂੰ ਹੀ ਅਸੀਂ ਸਮਾਜਿਕ ਤਬਦੀਲੀ ਲਿਆਉਣ ਦਾ ਕੰਮ ਸੌਂਪ ਦਿੱਤਾ ਹੈ।

ਸਾਡੇ ਮੁਖੀ ਜਾਂ ਆਗੂ ਪਰੰਪਰਾਵਾਦੀ ਹਨ ਅਤੇ ਵਿਕਾਸ ਨੂੰ ਇਹ ਆਪਣੀ ਸ਼ਕਤੀ ਦੇ ਖੁੱਸਣ ਦੇ ਅਰਥਾਂ ਵਿਚ ਹੀ ਲੈਂਦੇ ਹਨ।

ਸੋ ਸੁਭਾਵਿਕ ਹੀ ਅਜਿਹੇ ਮੁਖੀਆਂ ਦਾ ਯਤਨ ਹੁੰਦਾ ਹੈ ਕਿ ਦੇਸ਼ ਨੂੰ ਵਿਗਿਆਨ ਅਤੇ ਤਕਨਾਲੋਜੀ ਦੇ ਖੇਤਰਾਂ ਵਿਚ ਪਿੱਛੇ ਹੀ ਰੱਖਿਆ ਜਾਵੇ ਅਤੇ ਲੋਕਾਂ ਦੀ ਰਚਨਾਤਮਕ ਸ਼ਕਤੀ ਨੂੰ ਜਲਸਿਆਂ, ਜਲੂਸਾਂ, ਧਾਰਮਿਕ ਇਕੱਠਾਂ, ਰਾਜਨੀਤਕ ਰੈਲੀਆਂ, ਸੋਗ-ਸਮਾਰੋਹਾਂ ਆਦਿ ਵਿਚ ਹੀ ਖ਼ਰਚ ਦਿੱਤਾ ਜਾਵੇ।

ਅਸੀਂ ਸਾਰੇ ਸੁਪਨਿਆਂ ਵਾਲੀ ਮਿੱਠੀ ਨੀਂਦ ਦੇ ਇੱਛਕ ਹਾਂ।

ਹੈਰਾਨੀ ਦੀ ਗੱਲ ਨਹੀਂ ਕਿ ਅਸੀਂ ਆਪਣੇ ਆਪ ਨੂੰ ਆਧੁਨਿਕ ਕਹਿੰਦੇ ਹਾਂ ਪਰ ਸਾਡੀਆਂ ਸਦੀਆਂ ਪੁਰਾਣੀਆਂ ਸਮੱਸਿਆਵਾਂ ਸਾਡਾ ਖਹਿੜਾ ਨਹੀਂ ਛੱਡ ਰਹੀਆਂ।

ਇਸੇ ਕਰਕੇ ਸਾਡੇ ਦੇਸ਼ ਵਿਚ ਸਮਾਜਿਕ ਤਬਦੀਲੀ ਦੀ ਦਿਸ਼ਾ ਅਸਪਸ਼ਟ ਅਤੇ ਚਾਲ ਸੁੱਸਤ ਹੈ ਅਤੇ ਸਾਡੇ ਆਗੂ ਦਿਸ਼ਾ-ਹੀਣ ਹਨ।

# ਐਬ

ਵਿਗੜੇ ਹੋਏ ਸ਼ੌਕ ਨੂੰ ਐਬ ਕਹਿੰਦੇ ਹਨ।

ਐਬ ਇਕ ਅਜਿਹੀ ਆਦਤ ਹੁੰਦੀ ਹੈ, ਜਿਹੜੀ ਮਾਇਕ ਪੱਖੋਂ ਮਹਿੰਗੀ ਅਤੇ ਸਿਹਤ ਪੱਖੋਂ ਹਾਨੀਕਾਰਕ ਹੁੰਦੀ ਹੈ।

ਐਬੀ ਉਸ ਵਿਅਕਤੀ ਨੂੰ ਕਹਿੰਦੇ ਹਨ, ਜਿਹੜਾ ਹਰ ਵੇਲੇ ਆਪਣੇ ਆਪ ਨਾਲ ਅਤੇ ਹਰ ਥਾਂ ਹਰ ਕਿਸੇ ਨਾਲ ਨਿਰੰਤਰ ਉਲਝਿਆ ਹੋਵੇ।

ਐਬ ਆਪ ਸਹੇੜਿਆ ਪਾਗਲਪਣ ਹੁੰਦਾ ਹੈ ਅਤੇ ਐਬੀ ਦੀ ਸਥਿਤੀ ਉਸ ਵਿਅਕਤੀ ਵਰਗੀ ਹੁੰਦੀ ਹੈ, ਜਿਸ ਨੇ ਆਪਣੇ ਘਰ ਨੂੰ ਜਾਣਦਿਆਂ ਬੁਝਦਿਆਂ ਆਪ ਅੱਗ ਲਾਈ ਹੋਵੇ ਜਾਂ ਆਪ ਢਾਹ ਰਿਹਾ ਹੋਵੇ।

ਐਬ ਇਕ ਅਜਿਹੇ ਰਸਤੇ ਦਾ ਨਾਂ ਹੈ, ਜਿਸ ਉੱਤੇ ਅੱਗੇ ਜਾਇਆ ਜਾ ਸਕਦਾ ਹੈ ਪਰ ਵਾਪਸ ਮੁੜਨ ਦਾ ਕੋਈ ਵਸੀਲਾ ਨਹੀਂ ਹੁੰਦਾ।

ਐਬੀ ਆਪਣੇ ਆਪ ਨਾਲ ਗੁੱਸੇ ਹੁੰਦਾ ਰਹਿੰਦਾ ਹੈ, ਉਹ ਆਪਣਾ ਐਬ ਛੱਡਣਾ ਚਾਹੁੰਦਾ ਹੈ ਪਰ ਗੁਆਚੇ ਹੋਏ ਬੱਚੇ ਵਾਂਗ ਕੋਈ ਵੀ ਰਸਤਾ, ਉਸ ਨੂੰ ਆਪਣੇ ਘਰ ਵੱਲ ਜਾਂਦਾ ਪ੍ਰਤੀਤ ਨਹੀਂ ਹੁੰਦਾ।

ਕਿਸੇ ਵੀ ਉਸ ਆਦਤ ਨੂੰ ਐਬ ਕਿਹਾ ਜਾ ਸਕਦਾ ਹੈ, ਜਿਹੜੀ ਵਿਅਕਤੀ ਨੂੰ ਉਸ ਦਾ ਸਮਾਜਿਕ ਰੋਲ ਅਦਾ ਕਰਨ ਤੋਂ ਰੋਕੇ।

ਅਜਿਹੀਆਂ ਆਦਤਾਂ ਵਿਚੋਂ ਜੂਆ ਖੇਡਣਾ, ਸ਼ਰਾਬ ਪੀਣਾ ਜਾਂ ਕਿਸੇ ਵੀ ਪ੍ਰਕਾਰ ਦਾ ਨਸ਼ਾ ਕਰਨਾ ਆਦਿ ਸਾਡਾ ਸਭ ਤੋਂ ਵਧੇਰੇ ਧਿਆਨ ਖਿੱਚਦੀਆਂ ਹਨ।

ਉਂਝ ਲੋੜ ਨਾਲੋਂ ਵਧੇਰੇ ਖਾਣਾ ਵੀ ਇਕ ਐਬ ਹੈ।

ਇਵੇਂ ਹੀ ਝੂਠ ਬੋਲਣਾ ਵੀ ਇਕ ਐਬ ਹੈ ਪਰ ਐਬਾਂ ਬਾਰੇ ਆਮ ਧਾਰਣਾਵਾਂ ਨਸ਼ਿਆਂ ਸਬੰਧੀ ਹੀ ਹਨ।

ਇਸ ਲੇਖ ਦਾ ਉਦੇਸ਼ ਨਸ਼ਿਆਂ ਨਾਲ ਸਬੰਧਤ ਐਬਾਂ ਅਤੇ ਉਨ੍ਹਾਂ ਦੇ ਮਨੁੱਖੀ ਸ਼ਖ਼ਸੀਅਤ ਉਤੇ ਪੈਣ ਵਾਲੇ ਪ੍ਰਭਾਵਾਂ ਨੂੰ ਉਲੀਕਣਾ ਹੈ।

ਸਪੱਸ਼ਟ ਹੈ ਕਿ ਐਬ, ਬੇਕਾਬੂ ਹੋਈ ਕਿਸੇ ਭੈੜੀ ਆਦਤ ਨੂੰ ਕਹਿੰਦੇ ਹਨ।

ਅਨੁਸ਼ਾਸਨ ਵਿਚ ਬੱਝੀ ਹੋਈ ਆਦਤ ਸਾਡੇ ਦਿਮਾਗ ਨੂੰ ਵਧੇਰੇ ਮਹੱਤਵਪੂਰਣ ਸਮੱਸਿਆਵਾਂ ਬਾਰੇ ਸੋਚਣ ਲਈ ਵਿਹਲ ਪ੍ਰਦਾਨ ਕਰਦੀ ਹੈ ਪਰ ਜਦੋਂ ਇਹ ਆਦਤ ਬੇਕਾਬੂ

ਹੋ ਜਾਵੇ ਤਾਂ ਬੰਦੇ ਵਿਚ ਕੁਝ ਸੋਚਣ ਜਾਂ ਕਰਨ ਦੀ ਇੱਛਾ ਤਾਂ ਹੁੰਦੀ ਹੈ ਪਰ ਕੁਝ ਵੀ ਕਰਨ ਦੀ ਹਿੰਮਤ ਨਹੀਂ ਹੁੰਦੀ।

ਇਹ ਹਿੰਮਤ ਪ੍ਰਾਪਤ ਕਰਨ ਲਈ ਐਬੀ ਆਪਣੇ ਸਰੀਰ ਨੂੰ ਬੋਤਲ ਨਾਲ ਧੱਕਾ ਮਾਰਦਾ ਹੈ। ਐਬੀ ਦੇ ਸਰੀਰ ਵਿਚ, ਇਕ ਬੁੱਢੀ ਕਾਰ ਵਾਂਗ ਅੰਦਰੋਂ ਚਾਬੀ ਲਾ ਕੇ ਚਲਾਉਣ ਵਾਲੀ ਵਿਵਸਥਾ ਨਹੀਂ ਹੁੰਦੀ, ਉਸ ਨੂੰ ਧੱਕਾ ਲਾਉਣਾ ਪੈਂਦਾ ਹੈ।

ਚੰਗੀਆਂ ਆਦਤਾਂ ਦਾ ਸਾਡੇ ਜੀਵਨ ਵਿਚ ਰੋਲ ਉਸਾਰੂ ਹੁੰਦਾ ਹੈ ਪਰ ਮਾੜੀਆਂ, ਬੇਕਾਬੂ ਆਦਤਾਂ, ਸਾਡੀ ਸੋਚ ਨੂੰ ਸਿੱਥਲ ਕਰਕੇ ਸਾਡੀ ਸਰੀਰਕ ਸ਼ਕਤੀ ਨੂੰ ਸਕਤੇ ਦੀ ਬੀਮਾਰੀ ਲਾ ਦਿੰਦੀਆਂ ਹਨ।

ਇਵੇਂ ਐਬੀ ਇਕ ਅਜਨਬੀ ਅਤੇ ਅਸਾਧਾਰਣ ਵਿਅਕਤੀ ਹੋ ਨਿਬੜਦਾ ਹੈ।

ਜਦੋਂ ਸਮਾਜ ਐਬੀ ਤੋਂ ਬੇਮੁਖ ਹੋਣ ਲੱਗ ਜਾਂਦਾ ਹੈ ਤਾਂ ਉਸ ਵਿਚ ਆਪਣੇ ਨਿਕੰਮੇ ਹੋਣ ਦਾ ਅਹਿਸਾਸ ਹੌਲੀ-ਹੌਲੀ ਇਕ ਨਿਰੰਤਰ ਰੋਗ ਬਣ ਜਾਂਦਾ ਹੈ।

ਐਬੀ ਦੀ ਪਹਿਲੀ ਵਫ਼ਾਦਾਰੀ ਆਪਣੇ ਨਸ਼ੇ ਪ੍ਰਤੀ ਹੋ ਜਾਣ ਕਰਕੇ ਉਸ ਲਈ ਬਾਕੀ ਸਭ ਕੁਝ ਜਿਵੇਂ ਘਰ, ਬੀਵੀ, ਬੱਚੇ, ਰੁਜ਼ਗਾਰ, ਖਾਣ-ਪੀਣ, ਰਿਸ਼ਤੇਦਾਰ, ਕੱਪੜੇ, ਸਜ-ਸਜਾਵਟ ਆਦਿ ਨਿਰਰਥਕ ਪ੍ਰਤੀਤ ਹੋਣ ਲੱਗ ਪੈਂਦੇ ਹਨ।

ਅਜਿਹਾ ਵਿਅਕਤੀ ਆਪਣੇ ਆਪ ਨਾਲ ਨਿਰੰਤਰ ਲੁਕਣ-ਮੀਟੀ ਖੇਡਦਾ ਹੈ, ਕਿਉਂਕਿ ਉਹ ਜਾਗਦਿਆਂ ਅੱਧਾ ਸੁੱਤਾ ਅਤੇ ਸੁੱਤਿਆਂ ਅੱਧਾ ਜਾਗਦਾ ਹੁੰਦਾ ਹੈ।

ਐਬੀ ਦੇ ਵਰਤਾਰੇ ਵਿਚ ਦਖ਼ਲ ਦੇਣ ਵਾਲਾ ਕੋਈ ਵੀ ਨੇਮ ਜਾਂ ਵਿਅਕਤੀ ਉਸ ਲਈ ਦੁਸ਼ਮਣ ਹੁੰਦਾ ਹੈ।

ਸਮਾਜ ਦਾ ਐਬੀ ਉਤੇ ਅਤੇ ਐਬੀ ਦਾ ਸਮਾਜ ਉਤੇ ਭਰੋਸਾ ਅਤੇ ਵਿਸ਼ਵਾਸ, ਇਕ ਦੂਜੇ ਨੂੰ ਬੇਦਾਵਾ ਲਿਖਣ ਦੀ ਪੱਧਰ ਤਕ ਘੱਟ ਜਾਂਦਾ ਹੈ।

ਇਸ ਸਥਿਤੀ ਵਿਚ ਐਬੀ ਆਪਣੇ ਆਪ ਵਿਚ ਸੁੰਗੜਨ ਲੱਗ ਪੈਂਦਾ ਹੈ ਪਰ ਉਸ ਨੂੰ ਇਹ ਭਰਮ ਹੁੰਦਾ ਹੈ ਕਿ ਉਸ ਦੇ ਸ਼ਬਦ, ਮਹਾਨ ਵਿਚਾਰ ਹਨ ਅਤੇ ਸਮਾਜ ਅਤੇ ਉਸ ਦਾ ਆਲਾ-ਦੁਆਲਾ ਉਨ੍ਹਾਂ ਮੁਲਵਾਨ ਵਿਚਾਰਾਂ ਪ੍ਰਤੀ ਲੋੜੀਂਦਾ ਧਿਆਨ ਨਾ ਦੇ ਕੇ ਆਪਣਾ ਹੀ ਨੁਕਸਾਨ ਕਰ ਰਿਹਾ ਹੈ।

ਅਜਿਹੀ ਸਥਿਤੀ ਵਿਚ ਹੀ ਐਬੀ ਨੂੰ ਲਗਭਗ ਗਿਆਨ ਹੋ ਜਾਂਦਾ ਹੈ ਕਿ ਸਮਾਜ ਉਸ ਪ੍ਰਤੀ ਬੇਮੁਖ ਹੈ ਅਤੇ ਸਮਾਜ ਉਸ ਤੋਂ ਬਿਨਾ ਵੀ ਚੱਲ ਸਕਦਾ ਹੈ।

ਇਹ ਸਥਿਤੀ ਕਿਸੇ ਐਬੀ ਲਈ ਬੜੀ ਦੁੱਖਦਾਈ ਹੁੰਦੀ ਹੈ, ਕਿਉਂਕਿ ਇੱਥੇ ਪਹੁੰਚ ਕੇ ਉਹ ਆਪਣੀਆਂ ਨਜ਼ਰਾਂ ਵਿਚ ਆਪ ਹੀ ਡਿੱਗ ਪੈਂਦਾ ਹੈ ਅਤੇ ਉਸ ਨੂੰ ਕਈ ਰੋਗ ਆਣ ਘੇਰਦੇ ਹਨ ਅਤੇ ਉਸ ਵਿਚ ਆਤਮ-ਗਿਲਾਨੀ ਦੇ ਭਾਵ ਜਾਗਦੇ ਹਨ।

ਉਸ ਨੂੰ ਆਪਣਾ ਬਚਪਨ ਯਾਦ ਆਉਂਦਾ ਹੈ ਅਤੇ ਉਹ ਸੋਚਦਾ ਹੈ ਕਿ ਮੈਂ ਕੀ ਬਣਨਾ ਚਾਹਿਆ ਸੀ ਅਤੇ ਮੈਂ ਕੀ ਬਣ ਗਿਆ ਹਾਂ। ਉਹ ਆਪਣੇ ਸੰਗੀ ਸਾਥੀਆਂ ਨਾਲ ਆਪਣੀ ਤੁਲਨਾ ਕਰਦਾ ਹੈ ਅਤੇ ਆਪਣੇ ਆਪ ਨੂੰ ਕੋਸਦਾ ਹੈ।

ਇਵੇਂ ਅੰਤਾਂ ਦੀ ਉਦਾਸੀ ਉਸ ਨੂੰ ਘੇਰ ਲੈਂਦੀ ਹੈ। ਇੱਥੇ ਪਹੁੰਚ ਕੇ ਉਹ ਹਾਰੀ ਹੋਈ ਬਾਜ਼ੀ ਨੂੰ ਜਿੱਤ ਵਿਚ ਉਲਟਾਉਣ ਲਈ ਆਪਣੇ ਆਪ ਨਾਲ ਬੜੇ ਵਾਅਦੇ ਕਰਦਾ ਹੈ ਅਰਥਾਤ ਉਹ ਆਪਣੇ ਆਪ ਤੋਂ ਪਰ੍ਹੇ ਚਲੇ ਜਾਣ ਦਾ ਯਤਨ ਕਰਦਾ ਹੈ।

ਆਮ ਤੌਰ ਤੇ ਕਿਹਾ ਜਾਂਦਾ ਹੈ ਕਿ ਕਮਜ਼ੋਰ ਸ਼ਖ਼ਸੀਅਤ, ਆਪੇ ਉੱਤੇ ਕਾਬੂ ਦੀ ਘਾਟ, ਉਦੇਸ਼ਹੀਣਤਾ, ਸੰਕਟਾਂ ਭਰਿਆ ਬਚਪਨ, ਅਣਜੋੜ ਵਿਆਹ, ਯਥਾਰਥ ਤੋਂ ਅਪਸਾਰ ਦੀ ਰੁਚੀ, ਆਪਣੇ ਕੰਮ ਪ੍ਰਤੀ ਅਰੁਚੀ, ਸਵੈ-ਤਰਸ ਦੀ ਭਾਵਨਾ, ਕਿਸੇ ਘਾਟ ਕਾਰਨ ਦੋਸ਼ ਦੀ ਭਾਵਨਾ ਜਾਂ ਹੀਣਤਾ ਆਦਿ ਕਾਰਨਾਂ ਕਰਕੇ ਹੀ ਕੋਈ ਵਿਅਕਤੀ ਐਬੀ ਬਣ ਜਾਂਦਾ ਹੈ, ਪਰ ਅਸਲੀਅਤ ਇਹ ਨਹੀਂ।

ਅਣਜੋੜ ਵਿਆਹ, ਕਿਸੇ ਦੇ ਐਬੀ ਬਣਨ ਦਾ ਕਾਰਨ ਨਹੀਂ ਹੁੰਦਾ, ਸਗੋਂ ਨਤੀਜਾ ਹੁੰਦਾ ਹੈ, ਕਿਉਂਕਿ ਐਬੀ ਆਪਣੀਆਂ ਆਦਤਾਂ ਕਾਰਨ, ਆਪਣੀ ਪਤਨੀ ਅਤੇ ਪਰਿਵਾਰ ਨਾਲ ਸਬੰਧ ਵਿਗਾੜ ਲੈਂਦਾ ਹੈ।

ਕੋਈ ਕਮਜ਼ੋਰ ਸ਼ਖ਼ਸੀਅਤ ਸ਼ਰਾਬ ਨਹੀਂ ਪੀਂਦੀ, ਸਗੋਂ ਸ਼ਰਾਬ ਪੀਣ ਵਾਲੀ ਸ਼ਖ਼ਸੀਅਤ ਕਮਜ਼ੋਰ ਹੋ ਜਾਂਦੀ ਹੈ।

ਆਪਣੇ ਕੰਮ ਵਿਚ ਅਰੁਚੀ ਸ਼ਰਾਬ ਦਾ ਕਾਰਨ ਨਹੀਂ ਬਣਦੀ, ਸਗੋਂ ਸ਼ਰਾਬ ਦੀ ਆਦਤ ਕਾਰਨ ਸ਼ਰਾਬੀ ਦੀ ਆਪਣੇ ਕੰਮ ਵਿਚ ਰੁਚੀ ਨਹੀਂ ਰਹਿੰਦੀ।

ਐਬੀ ਦੀ ਯਾਦ ਸ਼ਕਤੀ ਅਤੇ ਸੋਚਣ ਦੀ ਯੋਗਤਾ ਇਸ ਹੱਦ ਤੱਕ ਧੁੰਦਲੀ ਹੋ ਜਾਂਦੀ ਹੈ ਕਿ ਉਹ ਸ਼ਰਾਬ ਪੀਣ ਦੇ ਅਸਲੀ ਕਾਰਨਾਂ ਤੋਂ ਆਪ ਵੀ ਜਾਣੂ ਨਹੀਂ ਹੁੰਦਾ।

ਜਿਹੜੇ ਵਿਅਕਤੀ ਕਿਸੇ ਵਿਛੋੜੇ ਜਾਂ ਹਾਰ ਜਾਂ ਅਸਫਲਤਾ ਕਾਰਨ ਸ਼ਰਾਬ ਪੀਂਦੇ ਹਨ, ਉਨ੍ਹਾਂ ਵਿਚ ਇਸ ਦੇ ਆਦਤ ਬਣ ਜਾਣ ਦੀ ਸੰਭਾਵਨਾ ਘੱਟ ਹੁੰਦੀ ਹੈ, ਕਿਉਂਕਿ ਉਹ ਅਕਸਰ ਕੁਝ ਚਿਰ ਮਗਰੋਂ ਸੰਭਲ ਜਾਂਦੇ ਹਨ।

ਐਬੀ ਉਹ ਵਿਅਕਤੀ ਹੁੰਦਾ ਹੈ, ਜਿਹੜਾ ਬਿਨਾਂ ਕਿਸੇ ਕਾਰਨ ਸ਼ਰਾਬ ਪੀਵੇ ਅਤੇ ਸ਼ਰਾਬ ਪੀਣੀ ਸ਼ੁਰੂ ਕਰਨੀ ਅਤੇ ਬਸ ਕਰਨੀ ਉਸ ਦੇ ਵੱਸ ਵਿਚ ਨਾ ਹੋਵੇ।

ਦੋ ਤਿੰਨ ਹਾੜਿਆਂ ਤਕ ਸ਼ਰਾਬ ਪੀਣ ਵਾਲੇ ਵਿਅਕਤੀ, ਸ਼ਰਾਬ ਬਿਲਕੁਲ ਨਾ ਪੀਣ ਵਾਲੇ ਵਿਅਕਤੀਆਂ ਦੇ ਮੁਕਾਬਲੇ ਵਧੇਰੇ ਚੌਕਸ, ਮਿਲਾਪੜੇ ਅਤੇ ਹੁਸ਼ਿਆਰ ਹੁੰਦੇ ਹਨ ਪਰ ਜਦੋਂ ਆਦਤ ਪੰਜ-ਛੇ ਹਾੜਿਆਂ ਤੱਕ ਪਹੁੰਚ ਜਾਵੇ ਤਾਂ ਲਗਭਗ ਨਿਸ਼ਚਿਤ ਹੋ ਜਾਂਦਾ ਹੈ ਕਿ ਅਜਿਹਾ ਵਿਅਕਤੀ ਅੰਤ ਨੂੰ ਸ਼ਰਾਬ ਪੀਣ ਕਰਕੇ ਹੀ ਮਰੇਗਾ।

ਲੋੜ ਨਾਲੋਂ ਵੱਧ ਅਤੇ ਬੇਕਾਬੂ ਹੋ ਕੇ ਭੋਜਨ ਖਾਣ ਵਾਲਿਆਂ ਦਾ ਵੀ ਲਗਭਗ ਇਹੋ ਜਿਹਾ ਹੀ ਹਾਲ ਹੁੰਦਾ ਹੈ।

ਉਹ ਵਧੇਰੇ ਖਾਣ ਕਾਰਨ ਉਪਜਣ ਵਾਲੇ ਰੋਗਾਂ ਨਾਲ ਹੀ ਮਰਦੇ ਹਨ।

ਐਬੀ ਲਈ ਸ਼ਰਾਬ ਪੀਣਾ ਇਕ ਆਦਤ ਬਣ ਜਾਂਦੀ ਹੈ, ਉਵੇਂ ਹੀ ਜਿਵੇਂ ਖਾ-ਖਾ ਕੇ ਮੋਟੇ ਹੋਏ ਵਿਅਕਤੀ ਲਈ ਵਧੇਰੇ ਖਾਣਾ ਇਕ ਐਬ ਬਣ ਜਾਂਦਾ ਹੈ।

ਐਬੀ ਨੂੰ ਸਾਰਾ ਸੰਸਾਰ ਹੀ ਸ਼ਰਾਬ ਪੀਣ ਵਾਲਾ ਪ੍ਰਤੀਤ ਹੁੰਦਾ ਹੈ, ਬਾਜ਼ਾਰ ਵਿਚ ਉਸ ਨੂੰ ਕੇਵਲ ਠੇਕੇ ਹੀ ਦਿਖਾਈ ਦਿੰਦੇ ਹਨ।

ਐਬੀ ਹੋਣ ਦਾ ਇਕ ਪ੍ਰਮਾਣ ਇਹ ਵੀ ਹੁੰਦਾ ਹੈ ਕਿ ਸ਼ਰਾਬ ਪੀਂਦਿਆਂ, ਕੀਤੀਆਂ ਹਰਕਤਾਂ ਅਤੇ ਕਹੀਆਂ ਗੱਲਾਂ ਉਤੇ ਐਬੀ ਮਗਰੋਂ ਝੂਰਦਾ ਰਹਿੰਦਾ ਹੈ।

ਇਹ ਆਪਣੇ ਹੀ ਪਛਤਾਵੇਂ ਨਾਲ ਉਲਝਣ ਦੀ ਸਥਿਤੀ ਹੋ ਨਿਬੜਦੀ ਹੈ, ਜਿਸ ਨਾਲ ਐਬੀ ਦੀ ਮਾਯੂਸੀ ਅਤੇ ਨਿਰਾਸਤਾ ਵੱਧਦੀ ਹੈ।

ਆਪਣੀ ਆਦਤ ਨੂੰ ਕਾਬੂ ਕਰਨ ਲਈ ਐਬੀ ਕਈ ਯਤਨ ਕਰਦਾ ਹੈ ਪਰ ਸਫਲਤਾ ਨਹੀਂ ਮਿਲਦੀ। ਉਹ ਸ਼ਾਮ ਨੂੰ ਸ਼ਰਾਬ ਪੀਣ ਦਾ ਸਮਾਂ ਟਾਲਣ ਲਈ ਕਈ ਲੰਗੜੇ ਰੁਝੇਵੇਂ ਲੱਭਦਾ ਹੈ, ਸ਼ਰਾਬ ਦੀ ਥਾਂ ਨਸ਼ੇ ਦੀਆ ਗੋਲੀਆਂ ਖਾਂਦਾ ਹੈ ਪਰ ਦੁਰਭਾਗਵਸ ਉਸ ਨੂੰ ਸ਼ਰਾਬ ਦੇ ਨਾਲ-ਨਾਲ ਗੋਲੀਆਂ ਦੀ ਵੀ ਆਦਤ ਪੈ ਜਾਂਦੀ ਹੈ ਅਤੇ ਬਹੁਤੀਆਂ ਹਾਲਤਾਂ ਵਿਚ ਜੇਕਰ ਮਾਇਕ ਸਮਰੱਥਾ ਹੋਵੇ ਤਾਂ ਗੋਲੀਆਂ ਖਾਣ ਦੀ ਬੀਮਾਰੀ ਤੋਂ ਬਚਣ ਲਈ ਉਹ ਸ਼ਰਾਬ ਵੱਲ ਮੁੜ ਆਉਂਦਾ ਹੈ।

ਐਬੀ ਦੀ ਇਸ ਮਹਿੰਗੀ ਆਦਤ ਦਾ ਉਸ ਦੇ ਘਰ-ਪਰਿਵਾਰ ਉਤੇ ਜਿਹੜਾ ਅਸਰ ਪੈਂਦਾ ਹੈ ਉਸ ਦਾ ਉਲੇਖ ਕਰਨ ਦੀ ਲੋੜ ਨਹੀਂ। ਉਸ ਦੀਆਂ ਸਮੱਸਿਆਵਾਂ ਵੱਧਦੀਆਂ ਹਨ ਅਤੇ ਉਹ ਹਰ ਸਮੱਸਿਆ ਨੂੰ ਸ਼ਰਾਬ ਵਿਚ ਡੋਬ ਦਿੰਦਾ ਹੈ।

ਇਸ ਸਥਿਤੀ ਵਿਚ ਮੋਟਾਪੇ, ਕਸਰਤ ਦੀ ਅਣਹੋਂਦ, ਕੰਮ ਦੀ ਘਾਟ, ਕੰਮ ਵਿਚ ਅਰੁੱਚੀ ਆਦਿ ਕਾਰਨ ਉਹ ਹਰ ਕਿਸੇ ਨੂੰ ਅਤੇ ਹਰ ਪ੍ਰਕਾਰ ਦੇ ਕੰਮ ਨੂੰ ਨਫ਼ਰਤ ਕਰਨ ਲੱਗ ਪੈਂਦਾ ਹੈ। ਉਸ ਨੂੰ ਕੋਈ ਕੰਮ ਦਿੱਤਾ ਹੀ ਨਹੀਂ ਜਾਂਦਾ ਅਤੇ ਉਹ ਸਮਝਦਾ ਹੈ ਕਿ ਕੋਈ ਵੀ ਕੰਮ ਉਸ ਦੇ ਯੋਗ ਨਹੀਂ ਹੈ।

ਅਜਿਹੀ ਸਥਿਤੀ ਵਿਚ ਐਬੀ ਵਿਚ ਬੋਲਣ ਦੀ ਪ੍ਰਵਿਰਤੀ ਵੱਧਦੀ ਹੈ, ਜਿਹੜੀ ਕੰਮ ਦੀ ਘਾਟ ਨੂੰ ਪੂਰਾ ਕਰਨ ਦਾ ਹੀ ਹੀਲਾ ਹੁੰਦੀ ਹੈ।

ਇੱਥੇ ਪਹੁੰਚ ਕੇ ਐਬੀ ਵਿਚ ਗਲਬਾਤ ਦੌਰਾਨ ਵਿਸ਼ੇਸ਼ਣਾਂ ਨੂੰ ਵਰਤਣ ਦੀ ਪ੍ਰਵਿਰਤੀ ਵੀ ਵੱਧਦੀ ਹੈ ਅਤੇ ਉਹ ਆਪਣੇ ਐਬ-ਰਹਿਤ ਮਿੱਤਰਾਂ ਦੀ ਪ੍ਰਸ਼ੰਸਾ ਕਰਕੇ ਆਪਣੀ ਪੁਨਰ-ਸਥਾਪਤੀ ਦਾ ਹੀਲਾ ਕਰਦਾ ਹੈ ਪਰ ਉਸ ਦਾ ਕੋਈ ਯਤਨ ਸਫ਼ਲ ਨਹੀਂ ਹੁੰਦਾ।

ਉਨ੍ਹਾਂ ਵਿਅਕਤੀਆਂ ਵਿਚ ਐਬੀ ਬਣਨ ਦੀ ਸੰਭਾਵਨਾ ਵਧੇਰੇ ਹੁੰਦੀ ਹੈ, ਜਿਹੜੇ ਆਪਣੇ ਲਈ ਜਾਂ ਤਾਂ ਕੋਈ ਆਦਰਸ਼ ਨਿਰਧਾਰਤ ਨਹੀਂ ਕਰਦੇ ਜਾਂ ਬਹੁਤ ਉੱਚਾ ਅਰਥਾਤ ਆਪਣੀ ਸਮਰੱਥਾ ਤੋਂ ਬਹੁਤ ਪਰ੍ਹੇ ਦਾ ਆਦਰਸ਼ ਮਿੱਥ ਲੈਂਦੇ ਹਨ।

ਜਿਨ੍ਹਾਂ ਲੋਕਾਂ ਵਿਚ ਜਵਾਨੀ ਵਿਚ, ਉਨ੍ਹਾਂ ਦੇ ਯੋਗ ਹੋਣ ਦਾ ਵਿਸ਼ਵਾਸ ਜਗਾ ਦਿੱਤਾ ਜਾਵੇ, ਉਨ੍ਹਾਂ ਵਿਚ ਐਬੀ ਬਣਨ ਦੀ ਸੰਭਾਵਨਾ ਬੜੀ ਘੱਟ ਹੁੰਦੀ ਹੈ।

ਜ਼ਰੂਰੀ ਨਹੀਂ ਕਿ ਦੁਖੀ ਬਚਪਨ ਜਾਂ ਸੰਕਟ ਭਰੀ ਜਵਾਨੀ ਕਿਸੇ ਨੂੰ ਐਬੀ ਬਣਾ ਦੇਣ। ਉਹ ਲੋਕ ਵਧੇਰੇ ਐਬੀ ਬਣਦੇ ਹਨ, ਜਿਨ੍ਹਾਂ ਦਾ ਆਪਣਾ ਕੋਈ ਮੋਰਚਾ ਨਹੀਂ ਹੁੰਦਾ ਅਤੇ ਜਿਹੜੇ ਜੀਵਨ ਤੋਂ ਭਗੋੜੇ ਹੋਏ ਫਿਰਦੇ ਹਨ।

ਅਕਾਵੀਂ ਵਿਹਲ ਅਤੇ ਆਪਣੇ ਫਾਲਤੂ ਹੋਣ ਦਾ ਅਹਿਸਾਸ ਐਬੀ ਬਣਨ ਦਾ ਪਹਿਲਾ ਪੜਾਅ ਹੁੰਦਾ ਹੈ ਅਤੇ ਬਾਕੀ ਸਾਰੀਆਂ ਸਰੀਰਕ ਅਤੇ ਮਾਨਸਿਕ ਸਮੱਸਿਆਵਾਂ ਇਸੇ ਭਾਵਨਾ ਵਿਚੋਂ ਉਜਾਗਰ ਹੁੰਦੀਆਂ ਹਨ।

ਕੀ ਐਬੀ ਦੇ ਵਾਪਸ ਮੁੜ ਆਉਣ ਦਾ ਕੋਈ ਰਾਹ ਹੈ ? ਨਿਸ਼ਚੇ ਹੀ ਜੇ ਦ੍ਰਿੜ ਸੰਕਲਪ ਕਰੇ ਤਾਂ ਐਬੀ ਆਪਣੇ ਜੀਵਨ ਨੂੰ ਨਵੇਂ ਸਿਰਿਉਂ ਵਿਉਂਤ ਸਕਦਾ ਹੈ ਅਤੇ ਸਮਾਜ ਵਿਚ ਆਪਣੇ ਸਮਾਜਿਕ ਰੋਲ ਨੂੰ ਨਿਭਾ ਸਕਦਾ ਹੈ।

ਸਭ ਤੋਂ ਪਹਿਲੇ ਜ਼ਰੂਰੀ ਹੈ ਕਿ ਐਬੀ ਮੰਨੇ ਕਿ ਉਹ ਇਕ ਭੈੜੀ ਆਦਤ ਦਾ ਸ਼ਿਕਾਰ ਹੈ, ਜਿਹੜੀ ਤਿਆਗਣੀ ਚਾਹੀਦੀ ਹੈ। ਫਿਰ ਉਹ ਆਪ ਕਾਰਨ ਜਾਣੇ ਕਿ ਇਸ ਆਦਤ ਦਾ ਅਸਲ ਆਧਾਰ ਕੀ ਹੈ।

ਆਪਣੀ ਆਦਤ ਤੋੜਨ ਲਈ ਐਬੀ ਕੋਲ ਨਿਸ਼ਚਿਤ ਉਦੇਸ਼ ਹੋਣਾ ਚਾਹੀਦਾ ਹੈ ਅਤੇ ਉਸ ਦਾ ਕਿਸੇ ਰੂਹਾਨੀ ਸ਼ਖ਼ਸੀਅਤ ਵਿਚ ਅਤੇ ਆਪਣੇ ਜੀਵਨ ਦੇ ਮਹੱਤਵਪੂਰਣ ਹੋਣ ਦਾ ਵਿਸ਼ਵਾਸ ਹੋਣਾ ਬੜਾ ਜ਼ਰੂਰੀ ਹੁੰਦਾ ਹੈ।

ਭੈੜੀ ਆਦਤ ਨੂੰ ਹੌਲੀ-ਹੌਲੀ ਛੱਡਣ ਦੀ ਥਾਂ ਇਕਦਮ ਛੱਡਣਾ ਵਧੇਰੇ ਔਖਾ ਪਰ ਵਧੇਰੇ ਲਾਭਦਾਇਕ ਹੁੰਦਾ ਹੈ।

ਜੇਕਰ ਇਕ ਐਬੀ ਨੂੰ ਇਕ ਮੁਕਤ ਹੋਏ ਐਬੀ ਦਾ ਸਹਿਯੋਗ ਮਿਲ ਜਾਵੇ ਤਾਂ ਉਸ ਦਾ ਕੰਮ ਸੌਖਾ ਹੋ ਜਾਂਦਾ ਹੈ।

ਐਬੀ ਨੂੰ ਆਪ ਹੈਰਾਨੀ ਹੋਵੇਗੀ ਕਿ ਸਮਾਜ ਉਸ ਨੂੰ ਕਿੰਨੀ ਪ੍ਰਸੰਨਤਾ ਨਾਲ ਮੁੜ ਸਵੀਕਾਰਨ ਲਈ ਤਿਆਰ ਹੋ ਜਾਂਦਾ ਹੈ। ਇਵੇਂ ਐਬੀ ਨੂੰ ਆਪਣੇ ਚੰਗੇ ਹੋਣ ਦਾ ਨਸ਼ਾ ਚੜ੍ਹਦਾ ਹੈ ਅਤੇ ਮੁੜ ਪ੍ਰਵਾਨ ਕੀਤੇ ਜਾਣ ਕਾਰਨ ਉਸ ਵਿਚ ਜੋਸ਼ ਵੱਧਦਾ ਹੈ।

ਸਮਾਜਿਕ ਹਾਲਤਾਂ ਭਾਵੇਂ ਕਿੰਨੀਆਂ ਵੀ ਉਸਾਰੂ ਕਿਉਂ ਨਾ ਹੋਣ, ਵਾਸਤਵ ਵਿਚ ਐਬੀ ਦੀ ਅੰਦਰਲੀ ਸ਼ਕਤੀ ਹੀ ਫ਼ੈਸਲਾਕੁਨ ਰੋਲ ਅਦਾ ਕਰਦੀ ਹੈ।

ਐਬ ਤੋਂ ਮੁਕਤ ਹੋਇਆ ਵਿਅਕਤੀ ਨਿਰਸੰਦੇਹ ਸੰਸਾਰ ਨੂੰ ਵਧੇਰੇ ਟਿਕੀ ਹੋਈ, ਪੱਕੀ ਹੋਈ ਅਤੇ ਰੱਜੀ ਹੋਈ ਦ੍ਰਿਸ਼ਟੀ ਨਾਲ ਨਿਹਾਰਦਾ ਹੈ।

ਅਜਿਹੇ ਸੁਧਰੇ ਵਿਅਕਤੀ ਵਿਚ ਸਬਰ, ਸੰਤੋਖ, ਸਿਰੜ, ਸਿਦਕ ਅਤੇ ਸਹਿਯੋਗ ਦੀ ਭਾਵਨਾ ਡੂੰਘੀ ਅਤੇ ਵਿਸ਼ਾਲ ਹੁੰਦੀ ਹੈ।

ਐਬ ਤੋਂ ਮੁਕਤ ਹੋਇਆ ਵਿਅਕਤੀ ਆਪਣੇ ਅਨੁਭਵ ਦੀ ਅਮੀਰੀ ਕਾਰਨ ਐਬ-ਰਹਿਤ ਵਿਅਕਤੀ ਤੋਂ ਵਧੇਰੇ ਸਾਊ ਅਤੇ ਚੰਗਾ ਹੋ ਨਿਬੜਦਾ ਹੈ ਅਤੇ ਉਸ ਵਿਚ ਦੂਜਿਆਂ ਨੂੰ ਐਬ-ਮੁਕਤ ਕਰਨ ਦੀ ਸ਼ਕਤੀ ਬਲਵਾਨ ਹੁੰਦੀ ਹੈ।

# ਫ਼ੈਸਲਾ ਨਾ ਕਰ ਸਕਣਾ

ਕਿਸੇ ਨੇ ਆਪਣੇ ਮਿੱਤਰ ਨੂੰ ਪੁੱਛਿਆ : ਇਸ ਸਾਲ ਛੁੱਟੀਆਂ ਵਿਚ ਕਿੱਥੇ ਜਾਓਗੇ ? ਉੱਤਰ ਮਿਲਿਆ : ਪਿਛਲੇ ਸਾਲ ਕਸ਼ਮੀਰ ਨਾ ਜਾਣ ਦਾ ਪ੍ਰੋਗਰਾਮ ਬਣਾਇਆ ਸੀ, ਇਸ ਸਾਲ ਸ਼ਿਮਲੇ ਨਾ ਜਾਣ ਦਾ ਪ੍ਰੋਗਰਾਮ ਬਣਾਇਆ ਹੈ ਅਤੇ ਅਗਲੇ ਸਾਲ ਦਾ ਪ੍ਰੋਗਰਾਮ ਉਲੀਕ ਰਹੇ ਹਾਂ।

ਆਲੇ-ਦੁਆਲੇ ਝਾਤ ਮਾਰ ਕੇ ਵੇਖੋ ਤੁਹਾਨੂੰ ਬਹੁਤ ਸਾਰੀਆਂ ਅਜਿਹੀਆਂ ਵੰਨ-ਸੁਵੰਨੀਆਂ ਉਦਾਹਰਣਾਂ ਮਿਲ ਜਾਣਗੀਆਂ, ਜਿਥੇ ਜਾਂ ਤਾਂ ਫ਼ੈਸਲੇ ਮੁਲਤਵੀ ਕੀਤੇ ਜਾ ਰਹੇ ਹਨ ਜਾਂ ਇਸ ਢੰਗ ਨਾਲ ਕੀਤੇ ਜਾ ਰਹੇ ਹਨ ਕਿ ਉਨ੍ਹਾਂ ਨੂੰ ਲੋੜ ਅਨੁਸਾਰ ਬਦਲਿਆ ਜਾ ਸਕੇ, ਜਾਂ ਇਸ ਪ੍ਰਕਾਰ ਦੇ ਫੈਸਲੇ ਕੀਤੇ ਜਾ ਰਹੇ ਹਨ, ਜਿਹੜੇ ਉਪਰੋਂ ਵੇਖਿਆਂ ਤਾਂ ਫ਼ੈਸਲੇ ਪ੍ਰਤੀਤ ਹੁੰਦੇ ਹਨ ਪਰ ਅਸਲ ਵਿਚ ਉਹ ਫ਼ੈਸਲੇ ਨਹੀਂ ਹੁੰਦੇ, ਉਹ ਗੱਲ ਨੂੰ ਹੋਰ ਉਲਝਾਉਣ ਜਾਂ ਕੰਮ ਨੂੰ ਮੁਲਤਵੀ ਕਰਨ ਦੇ ਯਤਨ ਮਾਤਰ ਹੀ ਹੁੰਦੇ ਹਨ।

ਜੀਵਨ ਦੇ ਹਰ ਖੇਤਰ ਵਿਚ ਫ਼ੈਸਲਿਆਂ ਸੰਬੰਧੀ ਬੜੀ ਹੀ ਹਾਸੋਹੀਣੀ ਸਥਿਤੀ ਵੇਖਣ ਵਿਚ ਆ ਰਹੀ ਹੈ। ਪਹਿਲਾਂ ਤਾਂ ਫ਼ੈਸਲਾ ਕੀਤਾ ਹੀ ਨਹੀਂ ਜਾਂਦਾ ਅਤੇ ਹੌਲੀ-ਹੌਲੀ ਸਥਿਤੀ ਇਸ ਹੱਦ ਤੱਕ ਵਿਗੜ ਕੇ ਗੁੰਝਲਦਾਰ ਹੋ ਜਾਂਦੀ ਹੈ ਕਿ ਸਾਰੀਆਂ ਸਬੰਧਤ ਧਿਰਾਂ ਨੂੰ ਸੰਤੁਸ਼ਟ ਕਰਨ ਵਾਲਾ ਕੋਈ ਫ਼ੈਸਲਾ ਸੰਭਵ ਨਹੀਂ ਹੁੰਦਾ।

ਝਗੜੇ ਆਮ ਕਰ ਕੇ ਬੇਨੇਮੇ ਅਤੇ ਬੇਅਸੂਲੇ ਵਿਹਾਰ ਕਾਰਨ ਹੁੰਦੇ ਹਨ ਅਤੇ ਉਸੇ ਅਨੁਪਾਤ ਵਿਚ ਦੋਵੇਂ ਧਿਰਾਂ ਬੇਨੇਮੀਆਂ ਅਤੇ ਬੇਅਸੂਲੀਆਂ ਹੋ ਜਾਂਦੀਆਂ ਹਨ।

ਇਕ ਦੂਜੇ ਉਤੇ ਦੋਸ਼ ਲੱਗਦੇ ਹਨ, ਅਵਿਸ਼ਵਾਸ ਉਪਜਦਾ ਹੈ ਅਤੇ ਕੋਈ ਢੁੱਕਵਾਂ ਫ਼ੈਸਲਾ ਕਰਨ ਦੀ ਸੰਭਾਵਨਾ ਸੁੰਗੜਦੀ ਹੈ।

ਝਗੜਾ ਹੋਣ ਦੀ ਸੂਰਤ ਵਿਚ ਕੋਈ ਵੀ ਵਿਅਕਤੀ ਆਪਣੀ ਉਮਰ ਅਤੇ ਆਪਣੀ ਅਕਲ ਅਨੁਸਾਰ ਵਿਹਾਰ ਨਹੀਂ ਕਰਦਾ।

ਮਸਲਾ ਭਾਵੇਂ ਦਰਿਆਵਾਂ ਦੇ ਪਾਣੀਆਂ ਦੀ ਵੰਡ ਦਾ ਹੋਵੇ ਜਾਂ ਦੋ ਦੇਸ਼ਾਂ ਵਿਚਕਾਰ ਹੱਦਾਂ ਦਾ ਜਾਂ ਰਾਜਾਂ ਨੂੰ ਵਧੇਰੇ ਅਧਿਕਾਰਾਂ ਦਾ ਜਾਂ ਜਾਇਦਾਦ ਦੀ ਵੰਡ ਦਾ ਪ੍ਰਸ਼ਨ ਹੋਵੇ ਜਾਂ ਕੋਈ ਜਾਇਦਾਦ ਖਰੀਦਣੀ ਹੋਵੇ ਜਾਂ ਧੀ-ਪੁੱਤਰ ਦਾ ਰਿਸ਼ਤਾ ਕਰਨਾ ਹੋਵੇ ਜਾਂ ਕੋਈ ਕੰਮ ਆਰੰਭਣਾ ਹੋਵੇ, ਹਰ ਕੋਈ ਇਕ ਸੰਕਟ ਭਰੀ ਸਥਿਤੀ ਦਾ ਸਾਹਮਣਾ ਕਰਦਾ ਹੈ।

ਕਈ ਵਾਰੀ ਇਕ ਘਰ 'ਚ ਦੋ ਜਾਂ ਤਿੰਨ ਟੱਬਰ ਵੱਸਦੇ ਹੁੰਦੇ ਹਨ, ਉਨ੍ਹਾਂ ਕੋਲ ਬਾਹਰ ਆਪਣਾ-ਆਪਣਾ ਮਕਾਨ ਪਾਉਣ ਦੇ ਵਸੀਲੇ ਵੀ ਹੁੰਦੇ ਹਨ ਪਰ ਕਿਸੇ ਕੋਲ ਯੋਗਤਾ ਜਾਂ ਹਿੰਮਤ ਨਹੀਂ ਹੁੰਦੀ ਕਿ ਸਾਂਝੇ ਘਰ ਦੀ ਵੰਡ ਦਾ ਕਿਸੇ ਠੀਕ ਢੰਗ ਨਾਲ ਫ਼ੈਸਲਾ ਕਰ ਸਕੇ।

ਅਜਿਹੀ ਹਾਲਤ ਦਾ ਨਤੀਜਾ ਇਹ ਹੁੰਦਾ ਹੈ ਕਿ ਤਿੰਨੇ ਟੱਬਰ ਉੱਥੇ ਇਕ-ਦੂਜੇ ਵਿਚ ਫੱਸੇ ਰਹਿਣ ਕਾਰਨ ਆਪਣੇ ਸੁਤੰਤਰ ਵਿਕਾਸ ਦੀਆਂ ਸੰਭਾਵਨਾਵਾਂ ਦੀ ਬਿਨ-ਮੰਗਿਆਂ ਕੁਰਬਾਨੀ ਦਿੰਦੇ ਰਹਿੰਦੇ ਹਨ।

ਅੰਤ ਨੂੰ ਫ਼ੈਸਲਾ ਹੁੰਦਾ ਹੈ, ਪਰ ਲੜ-ਝਗੜ ਕੇ ਅਤੇ ਸਾਰੀਆਂ ਧਿਰਾਂ ਦੀ ਆਪਸ ਵਿਚ ਬੋਲਚਾਲ ਮੁੱਕ ਜਾਂਦੀ ਹੈ ਅਤੇ ਬਾਕੀ ਜੀਵਨ ਤਿੰਨੇ ਟੱਬਰ ਇਕ ਦੀ ਦੂਜੇ ਨਾਲ ਕੀਤੀ ਵਧੀਕੀ ਦੀਆਂ ਤੋਹਮਤਾਂ ਲਾਉਂਦੇ ਰਹਿੰਦੇ ਹਨ।

ਇਵੇਂ ਹੀ ਜਦੋਂ ਸ਼ਹਿਰ ਵੱਸ ਜਾਂਦੇ ਹਨ ਜਾਂ ਦਰਿਆਵਾਂ ਦੀਆਂ ਬਿਜਲੀ ਉਪਜਾਉਣ ਅਤੇ ਸਿੰਚਾਈ ਕਰਨ ਦੀਆਂ ਸੰਭਾਵਨਾਵਾਂ ਉਜਾਗਰ ਹੋ ਜਾਂਦੀਆਂ ਹਨ ਜਾਂ ਜ਼ਮੀਨਾਂ ਜਾਇਦਾਦਾਂ ਦੇ ਮੁੱਲ ਵੱਧ ਜਾਂਦੇ ਹਨ ਤਾਂ, ਕੰਮ-ਚੋਰ ਵਿਗੜੀ ਹੋਈ ਸੰਤਾਨ ਵਾਂਗ, ਹਰ ਧਿਰ ਕਿਸੇ ਅਸੂਲ ਦੇ ਆਧਾਰ 'ਤੇ ਨਹੀਂ ਸਗੋਂ ਆਪਣੀ ਸਰੀਰਕ ਯੋਗਤਾ ਦੇ ਬਲ ਅਨੁਸਾਰ ਜਾਇਦਾਦ ਦਾ ਵੱਡਾ ਹਿੱਸਾ ਹਥਿਆਉਣਾ ਚਾਹੁੰਦੀ ਹੈ। ਸਤਿਆਗ੍ਰਹਿ ਹੁੰਦੇ ਹਨ, ਮੋਰਚੇ ਲਗਦੇ ਹਨ ਅਤੇ ਫ਼ੈਸਲਾ ਕਰਨਾ ਹੋਰ ਮੁਸ਼ਕਿਲ ਹੋ ਜਾਂਦਾ ਹੈ।

ਹਰ ਇਕ ਵਿਅਕਤੀ ਨੂੰ ਆਪਣੇ ਜੀਵਨ ਵਿਚ ਅਨੇਕਾਂ ਮਹੱਤਵਪੂਰਣ ਅਤੇ ਸਮੁੱਚੇ ਜੀਵਨ ਉੱਤੇ ਪ੍ਰਭਾਵ ਪਾਉਣ ਵਾਲੇ ਫ਼ੈਸਲੇ ਕਰਨੇ ਪੈਂਦੇ ਹਨ ਪਰ ਕਈ ਲੋਕਾਂ ਦੀ ਫ਼ੈਸਲੇ ਕਰਨ ਦੀ ਯੋਗਤਾ ਇਸ ਹੱਦ ਤੱਕ ਘੱਟ ਹੁੰਦੀ ਹੈ ਕਿ ਉਹ ਫ਼ੈਸਲਿਆਂ ਵਿਚ ਵੀ ਦੂਜਿਆਂ ਦੀ ਨਕਲ ਮਾਰ ਕੇ ਕੰਮ ਸਾਰਨ ਲੱਗ ਪੈਂਦੇ ਹਨ।

ਬਹੁਤ ਸਾਰੇ ਲੋਕਾਂ ਵਿਚ ਜਾਇਦਾਦ ਵਾਂਗ ਹੀ ਠੀਕ ਚੀਜ਼ਾਂ ਖਰੀਦਣ ਦੀ ਯੋਗਤਾ ਵੀ ਨਹੀਂ ਹੁੰਦੀ, ਉਹ ਇੱਕ ਹਾਬੜੇ ਹੋਏ ਵਿਅਕਤੀ ਵਾਂਗ ਨਿਕ-ਸੁਕ ਖਰੀਦਦੇ ਹੀ ਰਹਿੰਦੇ ਹਨ ਅਤੇ ਖਰੀਦ ਕੇ ਪਛਤਾਉਂਦੇ ਰਹਿੰਦੇ ਹਨ।

ਫ਼ੈਸਲਾ ਨਾ ਕਰ ਸਕਣਾ ਇਕ ਮਨੋਵਿਗਿਆਨਕ ਰੋਗ ਹੈ, ਜਿਸ ਤੋਂ ਹਰ ਵਿਅਕਤੀ ਜੀਵਨ ਵਿਚ ਕਈ ਵਾਰ ਪ੍ਰਭਾਵਿਤ ਹੁੰਦਾ ਹੈ।

ਅਜਿਹੀ ਸਥਿਤੀ ਵਿਚ ਸਾਡਾ ਬਹੁਤ ਸਰਮਾਇਆ, ਸਮਾਂ ਅਤੇ ਮਨੋਬਲ ਵਿਅਰਥ ਚਲਾ ਜਾਂਦਾ ਹੈ। ਜਿਤਨਾ ਕੋਈ ਵਧੇਰੇ ਤਰਕਹੀਣ ਹੋਏਗਾ, ਉਤਨਾ ਹੀ ਵਧੇਰੇ ਉਹ ਗਲਤ ਫ਼ੈਸਲੇ ਕਰਨ ਵੱਲ ਪ੍ਰੇਰਿਆ ਜਾਵੇਗਾ। ਅਜਿਹੇ ਵਿਅਕਤੀ ਲਈ ਫ਼ੈਸਲਾ ਕਰਨਾ ਹੀ ਮੁੱਖ ਸੰਕਟ ਬਣ ਜਾਂਦਾ ਹੈ। ਅਜਿਹੇ ਵਿਅਕਤੀ ਫ਼ੈਸਲਾ ਕਰਨ ਉਪਰੰਤ ਵੀ ਸੰਕਟ-ਮੁਕਤ ਨਹੀਂ ਹੁੰਦੇ ਅਤੇ ਇਹ ਸਾਰਾ ਜੀਵਨ ਆਪ ਤੰਗ ਹੁੰਦੇ ਅਤੇ ਦੂਜਿਆਂ ਨੂੰ ਤੰਗ ਕਰਦੇ ਰਹਿੰਦੇ ਹਨ।

ਬਹੁਗਿਣਤੀ ਫ਼ੈਸਿਲਆਂ ਨੂੰ ਮੁਲਤਵੀ ਕਰਦੀ ਰਹਿੰਦੀ ਹੈ, ਫ਼ੈਸਲਾ ਮੁਲਤਵੀ ਕਰਨ ਲਈ ਕਈ ਰਾਹ ਜਾਂਦੀਆਂ ਬਲਾਵਾਂ ਸਹੇੜੀਆਂ ਜਾਂਦੀਆਂ ਹਨ।

ਇਕ ਵਿਦਿਆਰਥੀ ਦੀ ਉਦਾਹਰਣ ਹੀ ਲਵੋ। ਮਹੀਨੇ ਦੀ ਪੰਝੀ ਤਾਰੀਖ ਹੈ, ਉਹ ਫ਼ੈਸਲਾ ਕਰਦਾ ਹੈ ਕਿ ਪਹਿਲੀ ਤਾਰੀਖ ਨੂੰ ਪੜ੍ਹਾਈ ਸ਼ੁਰੂ ਕਰਨੀ ਹੈ। ਪਹਿਲੀ ਤਾਰੀਖ ਸ਼ਨੀਵਾਰ ਹੈ, ਫ਼ੈਸਲਾ ਕਰਦਾ ਹੈ ਕਿ ਸੋਮਵਾਰ ਨੂੰ ਸ਼ੁਰੂ ਕਰਾਂਗਾ। ਸੋਮਵਾਰ ਕਿਸੇ ਮਿੱਤਰ ਦੇ ਵਿਆਹ ਦਾ ਕਾਰਡ ਆ ਜਾਂਦਾ ਹੈ, ਫ਼ੈਸਲਾ ਕਰਦਾ ਹੈ ਵਿਆਹ ਉਪਰੰਤ ਪੜ੍ਹਾਈ ਵਿਚ ਜ਼ਰੂਰ ਜੁੱਟ ਜਾਣਾ ਹੈ, ਵਿਆਹ ਉਪਰੰਤ ਪਿਤਾ ਜੀ ਦੀ ਬੀਮਾਰੀ ਦੀ ਚਿੱਠੀ ਆ ਜਾਂਦੀ ਹੈ, ਪੜ੍ਹਨ ਦਾ ਫ਼ੈਸਲਾ ਪਿਤਾ ਜੀ ਦੇ ਠੀਕ ਹੋਣ ਤੱਕ ਅੱਗੇ ਪਾ ਦਿੱਤਾ ਜਾਂਦਾ ਹੈ। ਇਮਤਿਹਾਨ ਆ ਜਾਂਦੇ ਹਨ, ਫ਼ੈਸਲਾ ਇਹ ਕੀਤਾ ਜਾਂਦਾ ਹੈ ਕਿ ਇਮਤਿਹਾਨ ਮੁਲਤਵੀ ਕਰਵਾਏ ਜਾਣ।

ਵੇਖਣ ਨੂੰ ਕਈ ਫ਼ੈਸਲੇ ਕੀਤੇ ਗਏ ਹਨ ਪਰ ਅਸਲ ਵਿਚ ਫ਼ੈਸਲਾ ਕੋਈ ਵੀ ਨਹੀਂ ਕੀਤਾ ਗਿਆ। ਕਈ ਵਿਅਕਤੀ ਉਪਰੋਕਤ ਢੰਗ ਨਾਲ ਫ਼ੈਸਲੇ ਮੁਲਤਵੀ ਕਰਦੇ-ਕਰਦੇ ਆਪਣੀ ਸਾਰੀ ਜ਼ਿੰਦਗੀ ਗੁਜ਼ਾਰ ਦਿੰਦੇ ਹਨ।

ਕਈ ਵਾਰੀ ਚੰਗਾ ਫ਼ੈਸਲਾ ਕਰਨ ਵਾਸਤੇ ਤੱਥ ਇਕੱਠੇ ਕੀਤੇ ਜਾਦੇ ਹਨ ਅਤੇ ਹੋਰ ਵਿਅਕਤੀਆਂ ਨਾਲ ਸਲਾਹਾਂ ਕਰ-ਕਰ ਕੇ ਮਸਲੇ ਨੂੰ ਹੋਰ ਉਲਝਾ ਲਿਆ ਜਾਂਦਾ ਹੈ ਅਤੇ ਫ਼ੈਸਲਾ ਲੈਣ ਦਾ ਕੰਮ ਨਿਰੰਤਰ ਮੁਲਤਵੀ ਹੁੰਦਾ ਰਹਿੰਦਾ ਹੈ।

ਫ਼ੈਸਲੇ ਮੁਲਤਵੀ ਹੋਣ ਦੀ ਸੂਰਤ ਵਿਚ ਵਿਅਕਤੀਆਂ ਦੇ ਮਨ ਵਿਚ ਤਣਾਓ ਵੱਧਦਾ ਹੈ, ਜਿਸ ਨਾਲ ਠੀਕ ਫ਼ੈਸਲਾ ਕਰਨ ਦੀ ਸ਼ਕਤੀ ਘੱਟਦੀ ਰਹਿੰਦੀ ਹੈ ਅਤੇ ਉਨ੍ਹਾਂ ਲਈ ਨਿਤਾਪ੍ਰਤੀ ਦੇ ਸਾਧਾਰਣ ਫ਼ੈਸਲੇ ਵੀ ਕਰਨੇ ਕਠਿਨ ਹੋ ਜਾਂਦੇ ਹਨ। ਕਈ ਵਿਅਕਤੀ ਇਹ ਫ਼ੈਸਲਾ ਵੀ ਨਹੀਂ ਕਰ ਸਕਦੇ ਕਿ ਅੱਜ ਕੱਪੜੇ ਕਿਹੜੇ ਪਾਏ ਜਾਣ, ਕਈ ਔਰਤਾਂ ਇਹ ਫ਼ੈਸਲਾ ਨਹੀਂ ਕਰ ਸਕਦੀਆਂ ਕਿ ਕਿਹੜੀ ਸਬਜ਼ੀ ਬਣਾਈ ਜਾਏ।

ਇਕ ਪਿਤਾ ਆਪਣੇ ਬੱਚਿਆਂ ਨੂੰ ਯੋਗ ਅਗਵਾਈ ਦੇਣ ਦੀ ਜ਼ਿੰਮੇਵਾਰੀ ਤੋਂ ਬਚਣ ਲਈ ਆਪਣੇ ਆਪ ਨੂੰ ਪੂਜਾ-ਪਾਠ ਵਿਚ ਉਲਝਾ ਲੈਂਦਾ ਹੈ ਅਤੇ ਢੰਡੋਰਾ ਪਿੱਟਦਾ ਹੈ ਕਿ ਦੁਨੀਆਂਦਾਰੀ ਦੀ ਉਸ ਨੂੰ ਕੋਈ ਖਿੱਚ ਨਹੀਂ, ਜਦੋਂ ਕਿ ਸੱਚ ਇਹ ਹੈ ਕਿ ਉਹ ਆਪਣੀ ਇਕ ਘਾਟ ਨੂੰ ਇਕ ਗੁਣ ਬਣਾ ਕੇ ਪੇਸ਼ ਕਰ ਰਿਹਾ ਹੈ ਅਰਥਾਤ ਫ਼ੈਸਲੇ ਕਰਨ ਤੋਂ ਕੰਨੀ ਕਤਰਾ ਰਿਹਾ ਹੈ ਅਤੇ ਇਹ ਜ਼ਿੰਮੇਵਾਰੀ ਪਤਨੀ ਦੇ ਸਿਰ ਪਾ ਰਿਹਾ ਹੈ।

ਆਖ਼ਰ ਫ਼ੈਸਲਾ ਕਰਨਾ ਇਤਨਾ ਮੁਸ਼ਕਿਲ ਕਿਉਂ ਹੁੰਦਾ ਹੈ?

ਫ਼ੈਸਲਾ ਨਾ ਕਰ ਸਕਣ ਦੇ ਪੱਖੋਂ ਸਭ ਤੋਂ ਵਧੇਰੇ ਉਹ ਵਿਅਕਤੀ ਪੀੜਤ ਹੁੰਦੇ ਹਨ, ਜਿਹੜੇ ਸੰਪੂਰਨਤਾ ਦੀ ਭਾਲ ਵਿਚ ਭਟਕਦੇ ਹਨ। ਅਜਿਹੇ ਵਿਅਕਤੀ ਸੰਪੂਰਨ ਫ਼ੈਸਲੇ ਦੀ ਘੜੀ ਨੂੰ ਉਡੀਕਦੇ ਕੋਈ ਫ਼ੈਸਲਾ ਕਰਦੇ ਹੀ ਨਹੀਂ।

ਦੂਜੀ ਪ੍ਰਕਾਰ ਦੇ ਵਿਅਕਤੀ ਅਜਿਹੇ ਹੁੰਦੇ ਹਨ, ਜਿਹੜੇ ਇਹ ਸੋਚ ਕੇ ਫ਼ੈਸਲਾ ਨਹੀਂ ਕਰਦੇ ਕਿ ਕਿਧਰੇ ਉਹ ਗਲਤ ਫ਼ੈਸਲਾ ਨਾ ਕਰ ਲੈਣ।

ਤੀਜੀ ਪ੍ਰਕਾਰ ਦੇ ਉਹ ਵਿਅਕਤੀ ਹੁੰਦੇ ਹਨ, ਜਿਹੜੇ ਪਹਿਲਾਂ ਗਲਤ ਫ਼ੈਸਲਿਆਂ ਨਾਲ ਕੀਤੀਆਂ ਗਲਤੀਆਂ ਤੋਂ ਇਸ ਹੱਦ ਤੱਕ ਸਹਿਮੇ ਹੁੰਦੇ ਹਨ ਕਿ ਸਹਿਮ ਕਾਰਨ ਉਹ ਕੋਈ ਫ਼ੈਸਲਾ ਨਹੀਂ ਕਰ ਸਕਦੇ।ਅਜਿਹੇ ਵਿਅਕਤੀ ਸਦਾ ਇਹ ਸੋਚਦੇ ਹਨ ਕਿ ਲੋਕ ਕੀ ਕਹਿਣਗੇ ? ਅਨੇਕਾਂ ਵਪਾਰਕ ਭਾਈਵਾਲ ਜਾਂ ਪਤੀ-ਪਤਨੀ ਕਈ ਸਾਲਾਂ ਤੋਂ ਬੇਢੰਗੀ ਜ਼ਿੰਦਗੀ ਜੀਅ ਰਹੇ ਹੁੰਦੇ ਹਨ ਪਰ ਵੱਖ ਹੋਣ ਦਾ ਫ਼ੈਸਲਾ ਨਹੀਂ ਕਰ ਸਕਦੇ, ਕਿਉਂਕਿ ਰਿਸ਼ਤੇਦਾਰ, ਆਂਢੀ-ਗੁਆਂਢੀ ਗੱਲਾਂ ਬਣਾਉਣਗੇ।

ਹਰ ਫੈਸਲੇ ਵਿਚ ਖਰਚ, ਅਸਫਲਤਾ ਜਾਂ ਨੁਕਸਾਨ, ਖਤਰਾ ਅਤੇ ਜ਼ਿੰਮੇਵਾਰੀ ਛੁਪੀ ਹੁੰਦੀ ਹੈ। ਸੁਰੱਖਿਆ ਦੇ ਅਭਿਲਾਸ਼ੀ ਅਤੇ ਜ਼ਿੰਮੇਵਾਰੀ ਅਤੇ ਜੋਖਮ ਤੋਂ ਬਚਣ ਵਾਲੇ ਕਈ ਵਿਅਕਤੀ ਆਪਣੀ ਅਯੋਗਤਾ ਪ੍ਰਤਿ ਸੁਚੇਤ ਹੁੰਦੇ ਹਨ ਅਤੇ ਉਹ ਇਸ ਲਈ ਫ਼ੈਸਲੇ ਮੁਲਤਵੀ ਕਰਦੇ ਹਨ ਤਾਂ ਕਿ ਉਨ੍ਹਾਂ ਦੀ ਅਯੋਗਤਾ ਛੁਪੀ ਰਹੇ।

ਜਿਨ੍ਹਾਂ ਲੋਕਾਂ ਵਿਚ ਆਤਮ-ਵਿਸ਼ਵਾਸ ਹੁੰਦਾ ਹੈ, ਜਾਂ ਜਿਨ੍ਹਾਂ ਕੋਲ ਕੋਈ ਹੁਨਰ ਹੁੰਦਾ ਹੈ, ਜਾਂ ਜਿਹੜੇ ਸਮੇਂ ਦੇ ਪਾਬੰਦ ਹੁੰਦੇ ਹਨ, ਜਾਂ ਜਿਨ੍ਹਾਂ ਨੇ ਜ਼ਿੰਦਗੀ ਵਿਚ ਸੰਘਰਸ਼ ਕੀਤਾ ਹੁੰਦਾ ਹੈ, ਜਾਂ ਜਿਨ੍ਹਾਂ ਵਿਚ ਕੋਈ ਵੀ ਕੰਮ ਇਕੱਲਿਆਂ ਕਰਨ ਦੀ ਯੋਗਤਾ ਹੁੰਦੀ ਹੈ, ਉਹ ਗਲਤੀਆਂ ਅਤੇ ਅਸਫ਼ਲਤਾਵਾਂ ਤੋਂ ਡਰਦੇ ਨਹੀਂ।

ਅਸਫ਼ਲਤਾਵਾਂ ਉਨ੍ਹਾਂ ਦੀ ਚੇਤਨਾ ਦੇ ਬੂਹੇ-ਬਾਰੀਆਂ ਨੂੰ ਰੰਗ-ਰੋਗਨ ਕਰਦੀਆਂ ਹਨ।ਅਜਿਹੇ ਵਿਅਕਤੀ ਕਦੇ ਵੀ ਸੰਪੂਰਨ ਫ਼ੈਸਲਾ ਕਰਨ ਦੀ ਲਾਲਸਾ ਦਾ ਸ਼ਿਕਾਰ ਨਹੀਂ ਹੁੰਦੇ। ਫ਼ੈਸਲਾ ਕਰਨ ਦੇ ਪਲ ਤੱਕ ਸਾਰੀ ਸੰਭਵ ਸੂਚਨਾ ਇਕੱਤਰ ਕਰਕੇ, ਸਾਰੇ ਹਿੱਤਾਂ ਨੂੰ ਧਿਆਨ ਵਿਚ ਰੱਖਕੇ, ਉਹ ਇਕਾਗਰ ਮਨ ਨਾਲ ਫ਼ੈਸਲਾ ਕਰਦੇ ਹਨ।

ਨਿਰਪੱਖਤਾ ਨਾਲ ਸੋਚਣ ਦਾ ਗੁਣ ਉਨ੍ਹਾਂ ਦੇ ਫ਼ੈਸਲੇ ਨੂੰ ਪ੍ਰਭਾਵਸ਼ਾਲੀ, ਸੁਲਝਿਆ ਹੋਇਆ ਅਤੇ ਮੰਨਣਯੋਗ ਬਣਾਉਂਦਾ ਹੈ।

ਪੱਖਪਾਤੀ ਦ੍ਰਿਸ਼ਟੀਕੋਣ ਤੋਂ ਕੀਤਾ ਕੋਈ ਵੀ ਫ਼ੈਸਲਾ ਕਦੀ ਚਿਰ-ਜੀਵੀ ਹੋ ਹੀ ਨਹੀਂ ਸਕਦਾ।ਅਜਿਹੇ ਫ਼ੈਸਲੇ ਦੁਬਾਰਾ ਕਰਨੇ ਪੈਂਦੇ ਹਨ।

ਅਨੇਕਾਂ ਵਿਅਕਤੀ ਫ਼ੈਸਲਾ ਕਰਕੇ ਦੁਚਿੱਤੀ ਦਾ ਸ਼ਿਕਾਰ ਹੋ ਜਾਂਦੇ ਹਨ ਅਤੇ ਫੈਸਲਾ ਬਦਲਣ ਵਿਚ ਜਾਂ ਫ਼ੈਸਲੇ ਤੋਂ ਮੁੱਕਰਨ ਵਿਚ ਰੁੱਝ ਜਾਂਦੇ ਹਨ।

ਹਰ ਫ਼ੈਸਲੇ ਦੇ ਚਾਰ ਪੜਾਅ ਹੁੰਦੇ ਹਨ : ਸਮੱਸਿਆ; ਸਮੱਸਿਆ ਸੰਬੰਧੀ ਤੱਥ, ਵੱਖ-ਵੱਖ ਵਿਕਲਪ ਅਤੇ ਉਨ੍ਹਾਂ ਵਿਚੋਂ ਸਭ ਤੋਂ ਵਧੇਰੇ ਉਪਯੋਗੀ ਹੱਲ ਸੰਬਧੀ ਫੈਸਲਾ।

ਕਿਸੇ ਸਮੱਸਿਆ ਸੰਬੰਧੀ ਜਿਤਨੇ ਵਧੇਰੇ ਤੱਥ ਉਪਲਬਧ ਹੋਣਗੇ, ਉਸੇ ਅਨੁਪਾਤ ਵਿਚ ਫ਼ੈਸਲਾ ਹੰਢਣਸਾਰ ਅਤੇ ਸੌਖਾ ਹੋ ਜਾਂਦਾ ਹੈ।

ਜੇ ਫ਼ੈਸਲਾ ਹੋਰ ਧਿਰਾਂ ਨਾਲ ਸਬੰਧਤ ਹੋਵੇ ਤਾਂ ਫ਼ੈਸਲੇ ਨੂੰ ਹੰਢਣਸਾਰ ਬਣਾਉਣ ਲਈ ਇਕੱਠਿਆਂ ਬੈਠ ਕੇ ਸਲਾਹ-ਮਸ਼ਵਰਾ ਕਰ ਲੈਣਾ ਚਾਹੀਦਾ ਹੈ ਅਤੇ ਜਿੱਥੋਂ ਤੱਕ ਸੰਭਵ ਹੋਵੇ ਸਰਬ-ਸੰਮਤੀ ਨਾਲ ਫ਼ੈਸਲਾ ਕਰਨਾ ਚਾਹੀਦਾ ਹੈ ਪਰ ਜੇ ਸਥਿਤੀ ਮੰਗ ਕਰੇ ਤਾਂ ਬਹੁ-ਸੰਮਤੀ ਨਾਲ ਫ਼ੈਸਲਾ ਕਰ ਲੈਣਾ ਚਾਹੀਦਾ ਹੈ ਅਤੇ ਫੈਸਲਾ ਹੁੰਦਿਆਂ ਹੀ ਸਬੰਧਤ ਸਹਿਮਤ ਧਿਰਾਂ ਤੋਂ ਪੁਸ਼ਟੀ ਕਰਵਾ ਲੈਣੀ ਚਾਹੀਦੀ ਹੈ।

ਕਈ ਲੋਕ ਇਸ ਹੱਦ ਤਕ ਤੱਥ ਅਤੇ ਮਸ਼ਵਰੇ ਇਕੱਠੇ ਕਰਨ ਲੱਗ ਪੈਂਦੇ ਹਨ ਕਿ ਫ਼ੈਸਲੇ ਵਾਲਾ ਪੱਖ ਲੋਪ ਹੀ ਹੋ ਜਾਂਦਾ ਹੈ। ਜਿਵੇਂ ਇਕ ਵਿਅਕਤੀ ਨੇ ਸ਼ਰਾਬ ਪੀਣ ਦੇ ਨੁਕਸਾਨਾਂ ਸੰਬੰਧੀ ਇਤਨਾ ਸਾਹਿਤ ਪੜ੍ਹ ਲਿਆ ਕਿ ਅੰਤ ਵਿਚ ਉਸ ਨੇ ਹੋਰ ਕੁਝ ਨਾ ਪੜ੍ਹਨ ਦਾ ਫ਼ੈਸਲਾ ਕਰ ਲਿਆ ਅਰਥਾਤ ਸ਼ਰਾਬ ਦੀ ਆਦਤ ਬਣੀ ਰਹੀ ਪਰ ਪੜ੍ਹਨ ਦੀ ਆਦਤ ਤਿਆਗ ਦਿੱਤੀ।

ਕਈ ਵਾਰੀ ਅਸੀਂ ਇਕ ਫ਼ੈਸਲੇ ਦੇ ਦੋ ਪੱਖਾਂ ਵਿਚੋਂ ਕਿਸੇ ਇਕ ਦੀ ਚੋਣ ਨਹੀਂ ਕਰ ਸਕਦੇ, ਜਿਵੇਂ ਦੋ ਰਿਸ਼ਤਿਆਂ ਵਿਚੋਂ ਕਿਹੜਾ ਚੁਣਿਆ ਜਾਵੇ ? ਜਦੋਂ ਇੱਕ ਨੂੰ ਚੁਣਦੇ ਹਾਂ ਤਾਂ ਦੂਜਾ ਪੱਖ ਇੱਕ ਦਮ ਵਧੇਰੇ ਆਕਰਸ਼ਕ ਹੋ ਜਾਂਦਾ ਹੈ।ਅਜਿਹੀ ਸਥਿਤੀ ਵਿਚ ਆਪਣੀ ਸਹੂਲਤ ਨੂੰ ਧਿਆਨ ਵਿਚ ਰੱਖ ਕੇ ਫ਼ੈਸਲਾ ਕਰ ਲੈਣਾ ਚਾਹੀਦਾ ਹੈ ਅਤੇ ਫਿਰ ਵੀ ਦੁਚਿੱਤੀ ਬਣੀ ਰਹੇ ਤਾਂ ਟਾਸ ਕਰਕੇ ਜਾਂ ਪਰਚੀਆਂ ਪਾ ਕੇ ਫ਼ੈਸਲਾ ਕਰ ਲੈਣਾ ਚਾਹੀਦਾ ਹੈ।

ਅਜਿਹੇ ਫ਼ੈਸਲੇ ਉਪਰੰਤ ਪਛਤਾਉਣਾ ਨਹੀਂ ਚਾਹੀਦਾ।

ਕਈ ਫ਼ੈਸਲੇ ਪੁਰਸ਼ਾਂ ਨੇ ਕਰਨੇ ਹੁੰਦੇ ਹਨ ਅਤੇ ਉਹ ਪੁਰਸ਼ਾਂ ਨੂੰ ਹੀ ਕਰਨੇ ਚਾਹੀਦੇ ਹਨ। ਕਈ ਫ਼ੈਸਲੇ ਇਸਤਰੀਆਂ ਨੇ ਕਰਨੇ ਹੁੰਦੇ ਹਨ, ਸੋ ਪੁਰਸ਼ਾਂ ਨੂੰ ਚਾਹੀਦਾ ਹੈ ਕਿ ਉਨ੍ਹਾਂ ਨੂੰ ਫ਼ੈਸਲਾ ਕਰਨ ਦੇਣ ਵਿਚ ਸਹਿਯੋਗ ਦੇਣ ਅਤੇ ਫ਼ੈਸਲੇ ਉਪਰੰਤ ਉਨ੍ਹਾਂ ਵਿਚ ਕੋਈ ਨੁਕਸ ਨਾ ਕੱਢਣ।

ਜਿਹੜੇ ਫ਼ੈਸਲੇ ਅਸੀਂ ਆਪਣੇ ਆਪ ਨੂੰ ਮਾਪ-ਤੋਲ ਕੇ ਕਰਦੇ ਹਾਂ ਉਹ ਵਧੇਰੇ ਹੰਢਣਸਾਰ ਹੁੰਦੇ ਹਨ। ਇਵੇਂ ਹੀ ਸਾਂਝੇ ਫ਼ੈਸਲੇ ਵਧੇਰੇ ਸੌਖਿਆਂ ਲਾਗੂ ਕੀਤੇ ਜਾ ਸਕਦੇ ਹਨ। ਕਿਸੇ ਉਤੇ ਦਬਾਅ ਪਾ ਕੇ ਜਾਂ ਮਜਬੂਰ ਕਰਕੇ ਜਾਂ ਥਕਾ ਕੇ ਕਰਵਾਇਆ ਜਾਂ ਕੀਤਾ ਫ਼ੈਸਲਾ ਕੁੜੱਤਣ ਉਪਜਾਉਂਦਾ ਹੈ।

ਮਾਪਿਆਂ ਦੀ ਫ਼ੈਸਲਾ ਕਰਨ ਦੀ ਉਦਾਹਰਣ ਤੋਂ ਬੱਚੇ ਫ਼ੈਸਲਾ ਕਰਨ ਦੀ ਸਿੱਖਿਆ ਲੈਂਦੇ ਹਨ। ਦੁਚਿੱਤੀ ਵਿਚ ਵਿਚਰਨ ਵਾਲੀ ਮਾਂ ਜਾਂ ਫ਼ੈਸਲਾ ਕਰਕੇ ਮੁਕਰ ਜਾਣ ਵਾਲਾ ਪਿਤਾ ਅਜਿਹੀਆਂ ਹੀ ਲਾਗਾਂ ਆਪਣੇ ਬੱਚਿਆਂ ਨੂੰ ਲਾ ਦਿੰਦੇ ਹਨ।

ਕਿਸੇ ਗੁੰਝਲਦਾਰ ਸਮੱਸਿਆ ਲਈ ਸੋਚਣ-ਵਿਚਾਰਨ ਵਾਸਤੇ ਸਮੇਂ ਦੀ ਹੱਦ ਮਿਥ ਕੇ ਫ਼ੈਸਲਾ ਕਰਨਾ ਸੌਖਾ ਹੁੰਦਾ ਹੈ।

ਕੋਈ ਵੀ ਫ਼ੈਸਲਾ ਕਰਨ ਤੋਂ ਪਹਿਲਾਂ ਜੋ ਵਿਚਾਰਾਂ ਕਰਨੀਆਂ ਹਨ, ਉਹ ਕਰ ਲੈਣੀਆਂ ਚਾਹੀਦੀਆਂ ਹਨ, ਪਰ ਫ਼ੈਸਲੇ ਉਪਰੰਤ ਉਸ ਦੀ ਚੀਰ-ਫਾੜ ਨਹੀਂ ਕਰਨੀ ਚਾਹੀਦੀ । ਇਵੇਂ ਆਪਣੇ ਆਪ ਪ੍ਰਤਿ ਸੰਦੇਹ ਉਪਜਦੇ ਹਨ। ਭਾਵੇਂ ਫ਼ੈਸਲਾ ਅਸਾਵਾਂ ਹੋਵੇ ਫਿਰ ਵੀ ਉਸ ਨੂੰ ਮੰਨਣਾ ਅਤੇ ਪੂਰਾ ਕਰਨਾ ਚਾਹੀਦਾ ਹੈ ਅਤੇ ਇਸ ਤਜਰਬੇ ਨੂੰ ਅਗਲੇਰੇ ਫ਼ੈਸਲੇ ਕਰਨ ਵੇਲੇ ਵਰਤਣ ਦੀ ਜਾਚ ਸਿਖਣੀ ਚਾਹੀਦੀ ਹੈ।

ਕਿਸੇ ਫ਼ੈਸਲੇ ਦੇ ਸਹੀ ਜਾਂ ਗਲਤ ਹੋਣ ਦੀ ਪਰਖ ਉਸ ਉੱਤੇ ਅਮਲ ਕਰਨ ਵੇਲੇ ਹੁੰਦੀ ਹੈ, ਜਿਸ ਵਿਚੋਂ ਅਗਲੇਰੇ ਫ਼ੈਸਲਿਆਂ ਲਈ ਵਿਸ਼ਵਾਸ ਅਤੇ ਯੋਗਤਾ ਜਾਗਦੀ ਹੈ।

ਸਮਾਜ ਉਨ੍ਹਾਂ ਲੋਕਾਂ ਦਾ ਸਤਿਕਾਰ ਕਰਦਾ ਹੈ, ਜਿਹੜੇ ਸਾਰੇ ਪੱਖਾਂ ਨੂੰ ਵਿਚਾਰ ਕੇ ਅਤੇ ਸੋਚ-ਸਮਝ ਕੇ ਫ਼ੈਸਲਾ ਕਰਦੇ ਹਨ ਅਤੇ ਕੀਤੇ ਫ਼ੈਸਲੇ ਨੂੰ ਪੂਰੀ ਸੁਹਿਰਦਤਾ ਅਤੇ ਵਿਸ਼ਵਾਸ ਨਾਲ ਲਾਗੂ ਕਰਦੇ ਹਨ।

ਅਜਿਹੇ ਵਿਅਕਤੀ ਆਪਣੇ ਖੇਤਰ ਦੇ ਆਗੂ ਅਖਵਾਉਂਦੇ ਹਨ।

◇◇◇

# ਸਮੇਂ ਦੀ ਪਾਬੰਦੀ

ਭਾਰਤੀ ਚੇਤਨਾ ਦਾ ਆਧਾਰ ਧਰਮ ਹੈ।

ਧਰਮ ਵਿਚ ਸਮਾਂ ਸਕਿੰਟਾਂ, ਮਿੰਟਾਂ, ਘੰਟਿਆਂ, ਦਿਨਾਂ, ਮਹੀਨਿਆਂ, ਸਾਲਾਂ ਵਿਚ ਨਹੀਂ, ਯੁਗਾਂ ਵਿਚ ਮਾਪਿਆ ਜਾਂਦਾ ਹੈ।

ਸਾਡੇ ਕੋਲ ਸਮੇਂ ਦੀ ਅਨੰਤਤਾ ਦਾ ਸੰਕਲਪ ਤਾਂ ਹੈ ਪਰ ਸਮੇਂ ਦੀ ਘੰਟਿਆਂ, ਮਿੰਟਾਂ, ਸਕਿੰਟਾਂ ਵਿਚ ਵੰਡ ਕਰਨ ਦੀ ਯੋਗਤਾ ਅਸੀਂ ਨਹੀਂ ਉਸਾਰ ਸਕੇ।

ਜੇ ਸਾਡੇ ਰਿਸ਼ੀਆਂ, ਮੁਨੀਆਂ ਨੇ ਸਦੀਆਂ ਪਹਿਲਾਂ ਹੀ ਚੰਦਰ-ਗ੍ਰਹਿਣ ਅਤੇ ਸੂਰਜ-ਗ੍ਰਹਿਣ ਦੀਆਂ ਭਵਿੱਖ ਬਾਣੀਆਂ ਕਰਨ ਦੀ ਵਿਦਵਤਾ ਅਤੇ ਯੋਗਤਾ ਹਾਸਲ ਕਰ ਲਈ ਸੀ ਤਾਂ ਵੀ ਉਹ ਸਮੇਂ ਦੀ ਅਸੀਮਤਾ ਦੇ ਖੇਤਰ ਵਿਚ ਹੀ ਨਛੱਤਰਾਂ, ਗ੍ਰਹਿਆਂ ਆਦਿ ਬਾਰੇ ਗੱਲਾਂ ਕਰ ਰਹੇ ਸਨ।

ਸੰਸਾਰ ਵਿਚ ਇਸ ਸਮੇਂ ਗਿਆਰ੍ਹਾਂ ਜੀਵਿਤ ਧਰਮ ਹਨ।

ਭਾਰਤ ਸੰਸਾਰ ਦੇ ਗਿਆਰ੍ਹਾਂ ਧਰਮਾਂ ਵਿਚੋਂ ਚਾਰ ਦੀ ਜਨਮ-ਭੂਮੀ ਹੈ। ਹਿੰਦੂ, ਜੈਨ, ਬੁੱਧ ਅਤੇ ਸਿੱਖ ਧਰਮ ਭਾਰਤ ਦੀ ਦੇਣ ਹਨ। ਸ਼ਿੰਟੋ, ਤਾਓ ਅਤੇ ਕਾਨਫਿਊਸ਼ਿਸ ਧਰਮ ਚੀਨ ਅਤੇ ਜਾਪਾਨ ਦੀ ਦੇਣ ਹਨ। ਯਹੂਦੀ, ਈਸਾਈ, ਜ਼ੋਰੋਅਸਤੀਅਨ ਅਤੇ ਇਸਲਾਮ ਮੱਧ ਪੂਰਬ ਵਿਚ ਜਨਮੇ ਹਨ। ਸਪੱਸ਼ਟ ਹੈ ਕਿ ਸਾਰੇ ਧਰਮ ਪੂਰਬ ਵਿਚ ਪੈਦਾ ਹੋਏ ਹਨ।

ਇਨ੍ਹਾਂ ਸਾਰੇ ਧਰਮਾਂ ਨੇ ਇਸ ਸੰਸਾਰ ਅਤੇ ਇਸ ਸੰਸਾਰ ਵਿਚਲੇ ਲੋਕਾਂ ਅਤੇ ਉਨ੍ਹਾਂ ਦੇ ਜੀਵਨ ਨੂੰ ਤੁੱਛ ਅਤੇ ਨਿਗੂਣਾ ਬਣਾ ਕੇ ਪੇਸ਼ ਕੀਤਾ ਹੈ। ਕੇਵਲ ਦੋ ਧਰਮ ਈਸਵੀ ਸਦੀ ਦੇ ਹੋਂਦ ਵਿਚ ਆਉਣ ਉਪਰੰਤ ਜਨਮੇ ਹਨ, ਪਹਿਲਾ ਇਸਲਾਮ ਧਰਮ ਅਤੇ ਦੂਜਾ ਸਿੱਖ ਧਰਮ। ਧਰਮਾਂ ਨੂੰ ਉਪਜਾਉਣ ਵਾਲੇ ਦੇਸ਼ਾਂ ਵਿਚ ਕੈਲੰਡਰ ਸੂਰਜ ਉੱਤੇ ਨਹੀਂ, ਚੰਦਰਮਾ ਉਤੇ ਆਧਾਰਿਤ ਹੈ।

ਯਹੂਦੀ, ਈਸਾਈ ਅਤੇ ਇਸਲਾਮ ਤਿੰਨ ਧਰਮਾਂ ਕੋਲ ਇਕ-ਜੀਵਨ ਦਾ ਹੀ ਸੰਕਲਪ ਹੈ ਜਦੋਂ ਕਿ ਸਾਰੇ ਭਾਰਤੀ ਧਰਮਾਂ ਵਿਚ ਪੁਨਰ-ਜੀਵਨ ਅਰਥਾਤ ਅਨੇਕਾਂ ਜਨਮਾਂ ਅਤੇ ਜੂਨਾਂ ਦਾ ਸੰਕਲਪ ਹੈ।

ਸਾਰੇ ਧਰਮ ਸਰੀਰ ਦੀ ਨਾਸ਼ਮਾਨਤਾ ਅਤੇ ਆਤਮਾ ਦੀ ਅਮਰਤਾ ਦੀਆਂ ਗੱਲਾਂ ਕਰਦੇ ਰਹੇ ਹਨ। ਭਾਰਤ ਵਿਚ ਹਜ਼ਾਰਾਂ ਸਾਲ ਪੂਜਾ, ਪਾਠ, ਹਵਨ, ਯੱਗ ਆਦਿ ਮੁਕਤੀ ਪ੍ਰਾਪਤੀ ਦੇ ਉਦੇਸ਼ ਨਾਲ ਸਾਡੇ ਜੀਵਨ ਦਾ ਧੁਰਾ ਬਣੇ ਰਹੇ ਹਨ।

ਜਦੋਂ ਗੱਲਾਂ ਸਦੀਵਤਾ ਦੀਆਂ ਕੀਤੀਆਂ ਜਾਣ ਤਾਂ ਉਸ ਵਿਚ ਕੁਝ ਸਦੀਆਂ ਜਾਂ ਸਾਲਾਂ ਦਾ ਅੰਤਰ ਕੋਈ ਅਰਥ ਨਹੀਂ ਰੱਖਦਾ, ਸੋ ਘੰਟਿਆਂ, ਮਿੰਟਾਂ, ਸਕਿੰਟਾਂ ਦੇ ਵਿਚਾਰਨ ਦੀ ਵਾਰੀ ਕਿੱਥੇ ਆਉਂਦੀ ਹੈ!

ਸੰਜੋਗ ਵਸ ਜਿੱਥੇ ਕਿਧਰੇ ਵੀ ਧਰਮ ਦਾ ਬੋਲਬਾਲਾ ਵਧੇਰੇ ਹੈ, ਉੱਥੇ ਹੀ ਸਮੇਂ ਦੀ ਪਾਬੰਦੀ ਦੀ ਘਾਟ ਹੈ। ਧਾਰਮਿਕ ਰਸਮਾਂ-ਰੀਤਾਂ ਵਿਚ ਰੀਤ ਦਾ ਮਹੱਤਵ ਹੈ, ਲਗਣ ਵਾਲਾ ਸਮਾਂ ਕੋਈ ਅਰਥ ਨਹੀਂ ਰੱਖਦਾ।

ਸਮੇਂ ਦੀ ਪਾਬੰਦੀ ਨਾ ਹੋਣ ਦਾ ਦੂਜਾ ਕਾਰਨ ਸਾਡੇ ਸਮਾਜ ਦਾ ਖੇਤੀ-ਪ੍ਰਧਾਨ ਦੇਸ਼ ਹੋਣਾ ਹੈ। ਖੇਤੀ ਦੇ ਕੰਮ ਵਿਚ ਦਿਨਾਂ ਅਤੇ ਕਈ ਵਾਰੀ ਹਫ਼ਤਿਆਂ ਦਾ ਵੀ ਕੋਈ ਫ਼ਰਕ ਨਹੀਂ ਪੈਂਦਾ। ਇਸ ਲਈ ਖੇਤੀ ਦੇ ਸੰਦਰਭ ਵਿਚ ਜਦੋਂ ਵੀ ਪ੍ਰੋਗਰਾਮ ਬਣਦੇ ਹਨ ਤਾਂ ਉਹ ਦਿਨ ਜਾਂ ਸਪਤਾਹ ਨੂੰ ਇਕਾਈ ਮਿਥ ਕੇ ਬਣਾਏ ਜਾਂਦੇ ਹਨ।

ਖੇਤੀ-ਪ੍ਰਧਾਨ ਸਮਾਜ ਵਿਚ ਕੁਝ ਵੀ ਵਕਤ ਸਿਰ ਅਤੇ ਨੇਮ-ਅਨੁਸਾਰ ਨਹੀਂ ਹੁੰਦਾ। ਰਿਸ਼ਤੇਦਾਰ ਦੋ ਦਿਨ ਵਾਸਤੇ ਆਉਂਦੇ ਹਨ, ਹਫ਼ਤਾ ਠਹਿਰ ਜਾਂਦੇ ਹਨ। ਲੋਕ ਗਲਤੀ ਨਾਲ ਦੂਜੀ ਬੱਸ ਵਿਚ ਚੜ੍ਹ ਜਾਂਦੇ ਹਨ ਅਤੇ ਉਤਰਨ ਦੀ ਬਜਾਏ ਉਸੇ ਬੱਸ ਵਿਚ ਹੀ ਬੈਠੇ ਰਹਿੰਦੇ ਹਨ ਅਤੇ ਵਲਾ ਪਾ ਕੇ ਆਪਣੇ ਨਿਸ਼ਾਨੇ ਉਤੇ ਅਪੜਦੇ ਹਨ। ਅਣਦੱਸੇ ਹੀ ਪ੍ਰਾਹੁਣਿਆਂ ਦਾ ਆ ਜਾਣਾ, ਖੇਤੀਬਾੜੀ ਆਧਾਰਿਤ ਸਮਾਜ ਵਿਚ ਆਮ ਗੱਲ ਹੈ। ਇਸ ਪ੍ਰਵਿਰਤੀ ਨੂੰ ਪੇਂਡੂ ਲੋਕ ਆਪਣੇ ਖੁੱਲ੍ਹੇ-ਖੁਲਾਸੇ ਸੁਭਾਅ ਦੀ ਸੰਗਿਆ ਦੇ ਕੇ ਉਚਿਤ ਠਹਿਰਾਉਂਦੇ ਹਨ। ਇਹ ਉਦਾਹਰਣਾਂ ਸਮੇਂ ਪ੍ਰਤੀ ਅਣਗਿਹਲੀ ਸੰਬੰਧੀ ਹਨ।

ਖੇਤੀਬਾੜੀ ਉਤੇ ਆਧਾਰਿਤ ਸਮਾਜ ਦੇ ਅੰਦਰ ਵੜ ਕੇ ਵੇਖਿਆ ਜਾਵੇ ਤਾਂ ਸਮੇਂ ਦੇ ਨਾਲ ਨਾਲ ਸਾਧਨਾਂ ਅਤੇ ਪਦਾਰਥਾਂ ਦੀ ਫ਼ਜ਼ੂਲ-ਖਰਚੀ ਦਾ ਅਨੁਭਵ ਵੀ ਸਹਿਜੇ ਹੀ ਹੋ ਜਾਂਦਾ ਹੈ। ਕੁਝ ਵੀ ਨੇਮ ਨਾਲ ਜਾਂ ਢੰਗ ਤਰੀਕੇ ਨਾਲ ਨਹੀਂ ਹੋ ਰਿਹਾ ਹੁੰਦਾ। ਪੇਂਡੂ ਸਮਾਗਮਾਂ ਵਿਚ ਜਾਂ ਤਾਂ ਚੀਜ਼ਾਂ ਥੁੜ੍ਹ ਜਾਂਦੀਆਂ ਹਨ ਜਾਂ ਬੱਚ ਜਾਂਦੀਆਂ ਹਨ।

ਅਜਿਹੀ ਫ਼ਜ਼ੂਲ-ਖਰਚੀ ਦੀ ਮਿਸਾਲ ਸਾਡੇ ਵਿਆਹਾਂ ਸਮੇਂ ਸਹਿਜੇ ਹੀ ਵੇਖੀ ਜਾ ਸਕਦੀ ਹੈ। ਬਰਾਤ ਦੱਸੇ ਤੋਂ ਕਈ ਵਾਰੀ ਦੁੱਗਣੀ ਆ ਜਾਂਦੀ ਹੈ। ਕਈ ਵਾਰੀ ਪ੍ਰਬੰਧ ਦੁੱਗਣੀ ਬਰਾਤ ਦਾ ਕੀਤਾ ਹੁੰਦਾ ਹੈ ਪਰ ਬਰਾਤ ਦੱਸੇ ਨਾਲੋਂ ਘੱਟ ਆ ਜਾਂਦੀ ਹੈ।

ਪਿੰਡਾਂ ਵਿਚ ਕੁਝ ਵੀ ਸਮੇਂ ਸਿਰ ਪਹੁੰਚਣ ਦੀ ਸੰਭਾਵਨਾ ਅਜੇ ਨਹੀਂ ਬਣੀ।

ਗੱਡੀ ਜਾਂ ਬੱਸ, ਆਵੇ ਆਵੇ, ਨਾ ਆਵੇ ਨਾ ਆਵੇ।

ਇਸ ਸਾਰੇ ਵਰਤਾਰੇ ਦਾ ਆਧਾਰ ਖੇਤੀਬਾੜੀ ਦੀ ਮੀਂਹ ਉੱਤੇ ਨਿਰਭਰਤਾ ਹੈ। ਮੀਂਹ ਦੀ ਅਨਿਸ਼ਚਿੱਤਤਾ ਨੇ ਸਾਰੇ ਜੀਵਨ ਨੂੰ ਅਨਿਸ਼ਚਿਤ ਕੀਤਾ ਹੋਇਆ ਹੈ।

ਕੁਝ ਦਹਾਕੇ ਪਹਿਲਾਂ ਖੇਤੀਬਾੜੀ ਵਾਲੇ ਸਮਾਜ ਵਿਚ ਸਮਾਂ ਪਹਿਰਾਂ ਵਿਚ ਮਾਪਿਆਂ ਜਾਂਦਾ ਸੀ ਅਤੇ ਹਰੇਕ ਪਹਿਰ ਤਿੰਨ ਘੰਟੇ ਦਾ ਸੀ, ਸੋ ਕੋਈ ਵਿਅਕਤੀ ਇਕ-ਦੋ ਘੰਟੇ ਦੇਰ ਨਾਲ ਪਹੁੰਚਣ ਦੇ ਬਾਵਜੂਦ, ਉਸੇ ਪਹਿਰ ਵਿਚ ਪਹੁੰਚਣ ਕਾਰਨ, ਦੇਰ ਨਾਲ ਆਇਆ ਨਹੀਂ ਸੀ ਸਮਝਿਆ ਜਾਂਦਾ।

ਮੀਂਹ ਉੱਤੇ ਖੇਤੀ ਦੀ ਨਿਰਭਰਤਾ ਘਟਣ ਨਾਲ ਜੀਵਨ ਵਿਚ ਬੇਨੇਮੀ ਵੀ ਘਟੇਗੀ ਅਤੇ ਸਮੇਂ ਦੀ ਪਾਬੰਦੀ ਦੇ ਮਹੱਤਵ ਨੂੰ ਲੋਕ ਸਮਝਣਗੇ।

ਸ਼ਹਿਰੀ ਚੇਤਨਾ ਦਾ ਆਧਾਰ, ਪੱਛਮੀ ਪ੍ਰਭਾਵਾਂ ਸਦਕਾ, ਵਿਗਿਆਨ ਬਣਦਾ ਜਾ ਰਿਹਾ ਹੈ। ਵਿਗਿਆਨ ਦੀ ਪ੍ਰਵਿਰਤੀ ਹਰ ਗੱਲ ਨੂੰ ਨਿਖੇੜ ਕੇ ਵੇਖਣ ਦੀ ਹੁੰਦੀ ਹੈ।

ਇਵੇਂ ਹੀ ਵਿਗਿਆਨ ਇਸ ਸੰਸਾਰ ਅਤੇ ਇਸ ਵਿਚਲੇ ਜੀਵਨ ਨੂੰ ਹੀ ਸੱਚ ਮੰਨਦਾ ਹੈ ਅਤੇ ਆਵਾਗਵਣ, ਮੁਕਤੀ ਆਦਿ ਦੇ ਅਰਥ ਵਿਗਿਆਨ ਦੇ ਸੰਦਰਭ ਵਿਚ ਕੁਝ ਵੀ ਅਰਥ ਨਹੀਂ ਰਖਦੇ।

ਹਰ ਇਕ ਚੀਜ਼ ਨੂੰ ਨਿਖੇੜਨ ਦੀ ਪ੍ਰਵਿਰਤੀ ਅਧੀਨ ਹੀ ਵਿਗਿਆਨ ਨੇ ਪਦਾਰਥ ਦੇ ਅਣੂ ਤੋਂ ਵੀ ਛੋਟੇ ਰੂਪ ਨੂੰ ਮਾਪਣ, ਤੋਲਣ, ਪਰਖਣ, ਨਿਰਖਣ ਆਦਿ ਦੇ ਢੰਗ-ਤਰੀਕੇ ਲੱਭ ਲਏ ਹਨ।

ਧਰਮ ਦੇ ਪ੍ਰਭਾਵ ਅਧੀਨ ਅਸੀਂ ਦਿਨ-ਰਾਤ ਨੂੰ ਅੱਠ ਪਹਿਰਾਂ ਵਿਚ ਵੰਡਿਆ ਸੀ। ਉਂਞ ਅਸੀਂ ਘੜੀਆਂ ਅਤੇ ਪਲਾਂ ਦੀਆਂ ਗੱਲਾਂ ਤਾਂ ਕਰਦੇ ਸਾਂ ਪਰ ਇਨ੍ਹਾਂ ਦੀ ਗਿਣਤੀ ਕਰਨ ਦਾ ਕੋਈ ਨਿਸ਼ਚਿਤ ਢੰਗ ਨਹੀਂ ਸੀ, ਜਦੋਂ ਕਿ ਵਿਗਿਆਨ ਨੇ ਮਿੰਟਾਂ, ਸਕਿੰਟਾਂ ਦੇ ਹਜ਼ਾਰਵੇਂ, ਲੱਖਵੇਂ ਹਿੱਸੇ ਤੱਕ ਮਾਪਣ ਦੀ ਯੋਗਤਾ ਪ੍ਰਾਪਤ ਕਰ ਲਈ ਹੈ।

ਵਿਗਿਆਨ ਨੇ ਸਾਨੂੰ ਮਿੰਟਾਂ, ਸਕਿੰਟਾਂ ਦਾ ਸੰਕਲਪ ਦਿੱਤਾ ਹੈ ਅਤੇ ਹਰ ਮਸ਼ੀਨ ਦੀ ਗਤੀ ਅਤੇ ਗੇੜੇ ਖਾਣ ਦੀ ਗਤੀ ਨੂੰ ਮਾਪਣ ਵਾਲੇ ਯੰਤਰਾਂ ਦਾ ਨਿਰਮਾਣ ਕੀਤਾ ਹੈ।

ਇਨ੍ਹਾਂ ਸਾਰੀਆਂ ਗੱਲਾਂ ਸਦਕਾ ਸਕਿੰਟ, ਮਿੰਟ, ਘੰਟੇ, ਦਿਨ, ਮਹੀਨੇ, ਸਾਲ, ਦਹਾਕੇ ਆਦਿ ਇਕ ਦੂਜੇ ਨਾਲ ਜੁੜ ਗਏ ਹਨ।

ਜਿਸ ਨੇ ਸ਼ਹਿਰ ਵਿਚ ਰਹਿਣਾ ਹੈ, ਉਸ ਨੂੰ ਘੰਟਿਆਂ, ਮਿੰਟਾਂ ਅਰਥਾਤ ਸਮੇਂ ਦੀ ਪ੍ਰਵਾਹ ਕਰਨੀ ਹੀ ਪਵੇਗੀ।

ਉਦਯੋਗੀਕਰਣ ਵਿਚ ਗਤੀ ਦਾ ਵਿਸ਼ੇਸ਼ ਮਹੱਤਵ ਹੈ। ਕਾਰਖਾਨੇ ਨੇ ਨਿਸ਼ਚਿਤ ਸਮੇਂ ਚਲਣਾ ਹੈ, ਕਾਮੇ ਨੇ ਉਸ ਥਾਂ ਨਿਸ਼ਚਿਤ ਸਮੇਂ ਪਹੁੰਚਣਾ ਹੈ, ਮਸ਼ੀਨ ਨੂੰ ਕੱਚਾ ਮਾਲ ਨਿਸ਼ਚਿਤ ਸਮੇਂ ਪ੍ਰਦਾਨ ਕਰਨਾ ਹੈ। ਇਕ ਨਿਸ਼ਚਿਤ ਮਾਤਰਾ ਵਿਚ ਸਾਮਾਨ ਤਿਆਰ ਹੋਣਾ ਹੈ, ਉਸ ਦੀ ਨਿਸ਼ਚਿਤ ਸਮੇਂ ਸਪਲਾਈ ਹੋਣੀ ਹੈ ਅਤੇ ਉਸ ਦੀ ਨਿਸ਼ਚਿਤ ਥਾਵਾਂ ਉੱਤੇ ਨਿਸ਼ਚਿਤ ਬੰਦਿਆਂ ਨੂੰ ਨਿਸ਼ਚਿਤ ਢੰਗ ਨਾਲ ਨਿਸ਼ਚਿਤ ਮੁੱਲ ਉੱਤੇ ਵਿਕਰੀ ਹੋਣੀ ਹੈ। ਮੁਨਾਫ਼ਾ ਅਤੇ ਕਮਿਸ਼ਨ ਨਿਸ਼ਚਿਤ ਹਨ।

ਮੀਂਹ ਪਵੇ ਨਾ ਪਵੇ, ਕਾਰਖ਼ਾਨੇ ਚੱਲਣੇ ਹਨ, ਦਫ਼ਤਰ ਖੁੱਲ੍ਹਣੇ ਹਨ, ਟੈਕਸ ਭਰੇ ਜਾਣੇ ਹਨ, ਗੱਡੀਆਂ ਨੇ ਚੱਲਣਾ ਹੈ, ਕਰਮਚਾਰੀਆਂ ਨੂੰ ਤਨਖਾਹਾਂ ਮਿਲਣੀਆਂ ਹਨ। ਬਜਟ ਨਿਸ਼ਚਿਤ ਸਮੇਂ ਤੋਂ ਪ੍ਰਹਿਲਾਂ ਪਾਸ ਹੋਣਾ ਹੈ, ਅਖ਼ਬਾਰ ਨਿਸ਼ਚਿਤ ਸਮੇਂ ਛੱਪਣਾ ਹੈ, ਬਿਜਲੀ, ਪਾਣੀ ਆਦਿ ਦੇ ਬਿਲਾਂ ਦੀ ਨਿਸ਼ਚਿਤ ਸਮੇਂ ਅਦਾਇਗੀ ਕਰਨੀ ਪੈਣੀ ਹੈ, ਅਰਥਾਤ ਸਭ ਕੁਝ ਨਿਸ਼ਚਿਤ ਹੋ ਗਿਆ ਹੈ। ਦੁੱਧ ਨਿਸ਼ਚਿਤ ਸਮੇਂ ਮਿਲਣਾ ਹੈ, ਪਾਣੀ ਨਿਸ਼ਚਿਤ ਸਮੇਂ ਆਉਣਾ ਹੈ, ਬੱਸ-ਗੱਡੀ ਨੇ ਨਿਸ਼ਚਿਤ ਸਮੇਂ ਚਲ ਪੈਣਾ ਹੈ, ਕੰਮ ਨਿਸ਼ਚਿਤ ਮਾਤਰਾ ਵਿਚ ਨਿਸ਼ਚਿਤ ਸਮੇਂ ਉਪਜ ਪੈਣਾ ਹੈ।

ਅਜਿਹੀ ਸਥਿਤੀ ਵਿਚ ਮਨੁੱਖ ਕਿਥੇ ਅਤੇ ਕਿਵੇਂ ਅਵੇਸਲਾ ਹੋ ਸਕਦਾ ਹੈ ?

ਜੋ ਕੁਝ ਵਿਗਿਆਨ ਨੇ ਉਪਜਾਇਆ ਹੈ, ਉਸ ਦੀ ਕਾਰਜ-ਕੁਸ਼ਲਤਾ ਇਕ ਵਿਸ਼ੇਸ਼ ਸਮੇਂ ਵਿਚ ਮਾਪੀ ਜਾਂਦੀ ਹੈ।

ਹੁਣ ਤਾਂ ਅਸੀਂ ਕਹਿੰਦੇ ਹਾਂ ਕਿ ਦਿੱਲੀ ਇਤਨੇ ਮੀਲ ਦੂਰ ਹੈ, ਕੁਝ ਸਾਲਾਂ ਤੱਕ ਅਸੀਂ ਕਹਿਣ ਲੱਗ ਜਾਵਾਂਗੇ ਕਿ ਦਿੱਲੀ ਇਤਨੇ ਘੰਟੇ ਦੂਰ ਹੈ।

ਰੇਡੀਓ, ਟੀ.ਵੀ., ਸਿਨੇਮੇ ਆਦਿ ਸਭ ਕੁਝ ਸਮੇਂ ਅਨੁਸਾਰ ਚੱਲ ਰਹੇ ਹਨ।

ਜੇ ਸਭ ਕੁਝ ਹੀ ਨੇਮਬੱਧ ਹੋ ਗਿਆ ਹੈ ਤਾਂ ਮਨੁੱਖ ਬੇਨੇਮਾ ਹੋ ਕੇ ਚੱਲੇਗਾ ਕਿਵੇਂ ?

ਜਦੋਂ ਕੋਈ ਪੇਂਡੂ ਵੱਡੇ ਸ਼ਹਿਰ ਵਿਚ ਚਲਾ ਜਾਂਦਾ ਹੈ ਤਾਂ ਉਹ ਉਸ ਥਾਂ ਦੇ ਜੀਵਨ ਦੀ ਗਤੀ ਵੇਖ ਕੇ ਹੀ ਚਕਰਾ ਜਾਂਦਾ ਹੈ।

ਸਪੱਸ਼ਟ ਹੈ ਕਿ ਉਹ ਬੇਨੇਮੇ ਕੰਮਾਂ ਵਾਲੀ ਥਾਂ ਤੋਂ ਨੇਮਬਧ ਕੰਮਾਂ ਵਾਲੀ ਥਾਂ 'ਤੇ ਅਪੜ ਕੇ ਨਵੀਂ ਸਥਿਤੀ ਨਾਲ ਆਪਣੇ ਆਪ ਨੂੰ ਜੋੜ ਨਹੀਂ ਸਕਦਾ।

ਸਾਡੇ ਸ਼ਹਿਰਾਂ ਵਿਚ ਉਸ ਹੱਦ ਤੱਕ ਉਦਯੋਗੀਕਰਣ ਨਹੀਂ ਹੋਇਆ ਕਿ ਅਸੀਂ ਯੂਰਪੀ ਜੀਵਨ ਦੀ ਜਟਿਲਤਾ ਅਤੇ ਤੇਜ਼ੀ ਨੂੰ ਸਮਝ ਸਕੀਏ।

ਜਦੋਂ ਵਿਆਹਾਂ ਲਈ ਜੰਞ ਘਰ ਅਤੇ ਹੋਟਲ, ਬਹਿਰੇ ਅਤੇ ਬੈਂਡ ਵਾਜੇ ਵਾਲੇ, ਸਫ਼ਰ ਲਈ ਬਸਾਂ ਅਤੇ ਟੈਕਸੀਆਂ ਅਤੇ ਇਵੇਂ ਹੀ ਡਾਕਟਰ, ਵਕੀਲ ਆਦਿ ਘੰਟਿਆਂ ਦੇ ਹਿਸਾਬ ਨਾਲ ਕਾਰਜ ਕਰਨਗੇ ਅਤੇ ਸਾਨੂੰ ਤਨਖਾਹ ਜਾਂ ਉਜਰਤ ਮਹੀਨਿਆਂ ਦੀ ਥਾਂ ਘੰਟਿਆਂ ਦੇ ਹਿਸਾਬ ਨਾਲ ਮਿਲੇਗੀ ਤਾਂ ਅਸੀਂ ਨਾ ਕੇਵਲ ਸਮੇਂ ਦੇ ਪਾਬੰਦ ਹੋ ਜਾਵਾਂਗੇ ਸਗੋਂ ਸਮੇਂ ਤੋਂ ਅੱਗੇ ਲੰਘਣ ਦਾ ਯਤਨ ਵੀ ਕਰਾਂਗੇ।

ਸੱਚ ਤਾਂ ਇਹ ਹੈ ਕਿ ਅਜੇ ਸਾਡੇ ਪਦਾਰਥਕ ਹਾਲਾਤ ਅਤੇ ਸਾਡੇ ਕੰਮਾਂ-ਕਾਰਾਂ ਦੀ ਕਿਸਮ ਅਜਿਹੀ ਨਹੀਂ ਬਣੀ ਕਿ ਅਸੀਂ ਸਮੇਂ ਦੇ ਮਹੱਤਵ ਨੂੰ ਜਾਣ ਸਕੀਏ।

ਅਸੀਂ ਕਾਰਜ-ਕੁਸ਼ਲਤਾ ਦੇ ਇਕ ਅਜਿਹੇ ਯੁਗ ਵਿਚ ਦਾਖ਼ਲ ਹੋ ਰਹੇ ਹਾਂ, ਜਿਥੇ ਕਿਸੇ ਵੀ ਪ੍ਰਕਾਰ ਦੀ ਦੇਰੀ ਦਾ ਸਾਨੂੰ ਹਰਜਾਨਾ ਦੇਣਾ ਪਵੇਗਾ। ਇਸ ਸਥਿਤੀ ਵਿਚ ਸਾਨੂੰ ਸਮੇਂ ਦਾ ਪਾਬੰਦ ਹੋਣਾ ਹੀ ਪਵੇਗਾ।

ਸਮੇਂ ਦੀ ਪਾਬੰਦੀ, ਅਮੀਰੀ ਦਾ ਪ੍ਰਮਾਣ ਹੁੰਦੀ ਹੈ।

ਅਮੀਰ ਅਤੇ ਖੁਸ਼ਹਾਲ ਮੁਲਕ ਹੀ ਸਮੇਂ ਦੇ ਪਾਬੰਦ ਹਨ ਜਾਂ ਸਮੇਂ ਦੀ ਪਾਬੰਦੀ ਕਾਰਨ ਹੀ ਉਹ ਖੁਸ਼ਹਾਲ ਅਤੇ ਅਮੀਰ ਹਨ।

ਕਿਸੇ ਨੂੰ ਉਡੀਕ ਵਿਚ ਰੱਖਣਾ, ਉਸ ਦੀ ਬੇਇੱਜ਼ਤੀ ਕਰਨ ਅਤੇ ਉਸ ਨੂੰ ਨੁਕਸਾਨ ਪਹੁੰਚਾਉਣ ਦੇ ਬਰਾਬਰ ਹੁੰਦਾ ਹੈ।

ਦੇਰੀ ਸਭ ਪ੍ਰਕਾਰ ਦੇ ਭ੍ਰਿਸ਼ਟਾਚਾਰ ਦਾ ਕਾਰਨ ਹੁੰਦੀ ਹੈ। ਸਾਡੀਆਂ ਬਹੁਤੀਆਂ ਨਿਰਾਸਤਾਵਾਂ ਕੰਮਾਂ ਦੇ ਸਮੇਂ ਸਿਰ ਨਾ ਹੋਣ ਵਿਚੋਂ ਜਨਮਦੀਆਂ ਹਨ।

ਦਫ਼ਤਰਾਂ ਵਿਚ ਲੱਗਣ ਵਾਲੇ ਸਭ ਪ੍ਰਕਾਰ ਦੇ ਇਤਰਾਜ਼ਾਂ ਦਾ ਆਧਾਰ ਇਹ ਹੈ ਕਿ

ਕੰਮ ਥੋੜ੍ਹਾ ਹੈ, ਸਮਾਂ ਵਧੇਰੇ ਹੈ ਅਤੇ ਇਤਰਾਜ਼ ਲਾ-ਲਾ ਕੇ ਕੰਮ ਨੂੰ ਫੈਲਾਇਆ ਅਤੇ ਵਧਾਇਆ ਜਾਂਦਾ ਹੈ।

ਨਿੱਜੀ ਅਦਾਰੇ ਸਮੇਂ ਦੀ ਪਾਬੰਦੀ ਕਾਰਨ ਹੀ ਮੁਨਾਫ਼ਾ ਕਮਾਉਂਦੇ ਹਨ।

ਬੈਂਕ, ਅਖ਼ਬਾਰਾਂ, ਗੱਡੀਆਂ, ਹਵਾਈ ਜਹਾਜ਼, ਰੇਡੀਓ, ਟੈਲੀਵਿਜ਼ਨ, ਫ਼ੌਜ, ਸਕੂਲ, ਕਾਰਖ਼ਾਨੇ ਆਦਿ ਸਮੇਂ ਦੀ ਪਾਬੰਦੀ ਪ੍ਰਤਿ ਅਵੇਸਲੇ ਨਹੀਂ ਹੋ ਸਕਦੇ।

ਸਪੱਸ਼ਟ ਹੈ ਕਿ ਭਵਿੱਖ ਉਨ੍ਹਾਂ ਲੋਕਾਂ, ਸੰਸਥਾਵਾਂ ਅਤੇ ਅਦਾਰਿਆਂ ਦਾ ਹੈ ਜਿਹੜੇ ਸਮੇਂ ਦੇ ਪਾਬੰਦ ਹੋਣਗੇ।

ਸਮੇਂ ਦੀ ਪਾਬੰਦੀ ਦੇ ਮਨੋਵਿਗਿਆਨਕ ਲਾਭ ਵੀ ਹਨ।

ਸਮੇਂ ਦਾ ਪਾਬੰਦ ਵਿਅਕਤੀ ਬਹਾਨੇ ਲਾਉਣ ਤੋਂ ਬਚਿਆ ਰਹਿੰਦਾ ਹੈ। ਕਿਉਂਕਿ ਉਹ ਕੰਮ ਸਮੇਂ ਸਿਰ ਸ਼ੁਰੂ ਕਰੇਗਾ, ਸੋ ਉਸ ਦੇ ਸਾਰੇ ਕੰਮ ਹੋ ਜਾਣਗੇ, ਉਸ ਦੀਆਂ ਪ੍ਰਾਪਤੀਆਂ ਦਾ ਪੱਧਰ ਉੱਚਾ ਹੋ ਜਾਵੇਗਾ ਅਤੇ ਉਸ ਵਿਚ ਨਵੇਂ ਕੰਮ ਕਰਨ ਦਾ ਉਤਸ਼ਾਹ ਜਾਗੇਗਾ।

ਸਮੇਂ ਦੀ ਪਾਬੰਦੀ ਖਾਣ-ਪੀਣ, ਖਰਚ ਆਦਿ ਨੂੰ ਵੀ ਪ੍ਰਭਾਵਿਤ ਕਰੇਗੀ। ਇਹ ਸਮੇਂ ਦੇ ਪਾਬੰਦ ਵਿਅਕਤੀ ਦੀਆਂ ਆਦਤਾਂ ਨੂੰ ਸਵੱਛ ਬਣਾ ਕੇ, ਉਸ ਨੂੰ ਪ੍ਰਸ਼ੰਸਾ ਦਾ ਪਾਤਰ ਬਣਾਵੇਗੀ। ਉਹ ਮਾਪ-ਤੋਲ ਕੇ ਖਾਵੇਗਾ, ਉਸ ਦੀ ਸਿਹਤ ਠੀਕ ਰਹੇਗੀ, ਸੋ ਉਹ ਲੰਮੀ ਉਮਰ ਭੋਗੇਗਾ।

ਉਸ ਨੂੰ ਸੰਤਾਨ-ਸੰਜਮ ਬਾਰੇ ਦੱਸਣ ਦੀ ਲੋੜ ਨਹੀਂ ਪਏਗੀ।

ਉਹ ਸਮੇਂ ਦੀ ਪਕੜ ਵਿਚ ਨਹੀਂ ਸਗੋਂ ਸਮਾਂ ਉਸ ਦੀ ਪਕੜ ਵਿਚ ਆ ਜਾਵੇਗਾ।

ਹੁਣ ਵਿਕਾਸ ਕੇਵਲ ਉਹੀ ਕਰਨਗੇ, ਜਿਹੜੇ ਸਮੇਂ ਦੇ ਪਾਬੰਦ ਹੋਣਗੇ।

੦੦੦

# ਪ੍ਰਸ਼ੰਸਾ

ਪ੍ਰਸ਼ੰਸਾ ਦਾ ਮਹੱਤਵ ਇਸ ਗੱਲ ਉੱਤੇ ਨਿਰਭਰ ਕਰਦਾ ਹੈ ਕਿ ਪ੍ਰਸ਼ੰਸਾ ਕਰਨ ਵਾਲਾ ਆਪ ਕਿੰਨਾ ਕੁ ਪ੍ਰਸ਼ੰਸਾਯੋਗ ਹੈ।

ਬੇਨੇਮੀ ਜਾਂ ਬੇਅਸੂਲੀ ਜਾਂ ਅਣਕਮਾਈ ਪ੍ਰਸ਼ੰਸਾ ਸਾਡਾ ਕੁਝ ਸੰਵਾਰਦੀ ਘੱਟ ਹੈ ਅਤੇ ਵਿਗਾੜਦੀ ਵਧੇਰੇ ਹੈ। ਕਿਸੇ ਮੂਰਖ ਦੀ ਪ੍ਰਸ਼ੰਸਾ ਕਰ ਵੇਖੋ, ਉਹ ਆਪਣੀ ਮੂਰਖਤਾ ਦੇ ਅਨੇਕਾਂ ਨਵੇਂ ਨਮੂਨੇ ਪੇਸ਼ ਕਰਨ ਵਿਚ ਰੁੱਝ ਜਾਵੇਗਾ।

ਕਹਿੰਦੇ ਹਨ, ਜਿਸ ਦਾ ਕੰਮ ਬੋਲਦਾ ਹੈ, ਉਸ ਨੂੰ ਆਪਣੇ ਕੰਮ ਬਾਰੇ ਬੋਲਣ ਜਾਂ ਦੱਸਣ ਦੀ ਲੋੜ ਨਹੀਂ।

ਕਈ ਲੋਕ ਉਸ ਕੁੱਕੜ ਵਰਗੇ ਹੁੰਦੇ ਹਨ, ਜਿਸ ਨੂੰ ਭਰਮ ਹੋ ਗਿਆ ਸੀ ਕਿ ਸੂਰਜ ਤਾਂ ਉਸ ਦੇ ਬਾਂਗ ਦੇਣ ਨਾਲ ਹੀ ਚੜ੍ਹਦਾ ਹੈ।

ਕਈ ਨੇਤਾ ਅਜਿਹੇ ਹੁੰਦੇ ਹਨ, ਜਿਹੜੇ ਸਮਝਦੇ ਹਨ ਕਿ ਉਨ੍ਹਾਂ ਦੀ ਅਗਵਾਈ ਤੋਂ ਬਿਨਾਂ, ਕੌਮ ਯਤੀਮ ਹੋ ਜਾਵੇਗੀ।

ਲੱਖਾਂ ਲੋਕ ਅਮਰ ਹੋਣਾ ਚਾਹੁੰਦੇ ਹਨ ਜਦੋਂ ਕਿ ਉਨ੍ਹਾਂ ਦੇ ਸਮੁੱਚੇ ਜੀਵਨ ਵਿਚ ਇਕ ਵੀ ਘੰਟਾ ਅਜਿਹਾ ਨਹੀਂ ਹੁੰਦਾ, ਜਿਸ ਉੱਤੇ ਉਹ ਆਪ ਹੀ ਮਾਣ ਕਰ ਸਕਣ ਜਾਂ ਜਿਸ ਦੇ ਆਧਾਰ ਉੱਤੇ ਉਨ੍ਹਾਂ ਦੀ ਪ੍ਰਸ਼ੰਸਾ ਕੀਤੀ ਜਾ ਸਕੇ।

ਸੱਚੀ ਪ੍ਰਸ਼ੰਸਾ ਵਿਚ ਪ੍ਰਸੰਨਤਾ ਲੁਕੀ ਹੁੰਦੀ ਹੈ।

ਪ੍ਰਸ਼ੰਸਾ ਪ੍ਰਾਪਤ ਕਰਨੀ ਜਿਉਂਦੇ ਰਹਿਣ ਦਾ ਪ੍ਰਮੁੱਖ ਉਦੇਸ਼ ਹੈ। ਪ੍ਰਸ਼ੰਸਾ-ਪ੍ਰਾਪਤੀ ਲਈ ਮਨੁੱਖ ਔਖੇ ਤੋਂ ਔਖਾ ਕੰਮ ਕਰਨ ਲਈ ਵੀ ਤਿਆਰ ਹੋ ਜਾਂਦਾ ਹੈ।

ਪਿਆਰ ਅਸਲ ਵਿਚ ਪ੍ਰਸ਼ੰਸਾ ਅਤੇ ਮੋਹ ਉੱਤੇ ਉਸਰਿਆ ਰਿਸ਼ਤਾ ਹੁੰਦਾ ਹੈ।

ਮੁੱਢਲੇ ਰੂਪ ਵਿਚ ਉਹ ਰਿਸ਼ਤੇ ਦੁੱਖ ਦਿੰਦੇ ਹਨ, ਜਿਹੜੇ ਨਫ਼ਰਤ ਬੀਜਦੇ ਹਨ।

ਨਫ਼ਰਤ ਕੁਝ ਬਰਦਾਸ਼ਤ ਕਰਨ ਦੀ ਅਸਮਰੱਥਾ ਵਿਚੋਂ ਉਪਜਦੀ ਹੈ।

ਹੈਰਾਨੀ ਦੀ ਗੱਲ ਹੈ ਕਿ ਅਸੀਂ ਸਾਰੇ ਆਪ ਤਾਂ ਪ੍ਰਸ਼ੰਸਾ ਪ੍ਰਾਪਤ ਕਰਨੀ ਚਾਹੁੰਦੇ ਹਾਂ ਪਰ ਸਾਨੂੰ ਦੂਜਿਆਂ ਵਿਚ ਕੁਝ ਵੀ ਪ੍ਰਸ਼ੰਸਾਯੋਗ ਪ੍ਰਤੀਤ ਨਹੀਂ ਹੁੰਦਾ। ਇਹੀ ਇਕ ਕਾਰਨ ਹੈ ਕਿ ਅਸੀਂ ਆਪਣੀ ਪ੍ਰਸ਼ੰਸਾ ਆਪ ਕਰਨ ਵਿਚ ਰੁੱਝ ਗਏ ਹਾਂ। ਆਪਣੀਆਂ ਤਸਵੀਰਾਂ ਸਜਾਉਣੀਆਂ, ਆਪਣੇ ਜਨਮ ਦਿਹਾੜੇ ਮਨਾਉਣੇ, ਵਿਆਹ ਦੀਆਂ ਫਿਲਮਾਂ, ਐਲਬਮਾਂ ਆਦਿ ਵੇਖਣੀਆਂ ਆਪਣੀ ਪ੍ਰਸ਼ੰਸਾ ਕਰਨ ਦੇ ਕੁਝ ਢੰਗ ਹਨ।

ਮਕਾਨ ਦੀ ਚੱਠ ਕਰਨੀ ਜਾਂ ਕਿਸੇ ਵੀ ਪ੍ਰਕਾਰ ਦਾ ਇਕੱਠ ਕਰਨਾ ਅਸਲ ਵਿਚ ਪ੍ਰਸ਼ੰਸਾ-ਪ੍ਰਾਪਤੀ ਦੇ ਉਦੇਸ਼ ਨਾਲ ਹੀ ਕੀਤਾ ਜਾਂਦਾ ਹੈ।

ਹੋਰ ਤਾਂ ਹੋਰ, ਜਿੱਥੇ ਸਾਡੀ ਪ੍ਰਸ਼ੰਸਾ ਹੋਣੀ ਹੋਵੇ, ਉੱਥੇ ਪਹੁੰਚਣ ਦੇ ਅਸੀਂ ਕਈ ਢੰਗ ਵਰਤਦੇ ਹਾਂ ਅਤੇ ਉੱਥੇ ਪਹੁੰਚਣ ਵਿਚ ਅਸੀਂ ਦੇਰ ਨਹੀਂ ਕਰਦੇ।

ਸੱਚੀ ਪ੍ਰਸ਼ੰਸਾ ਉਹ ਹੁੰਦੀ ਹੈ ਜਿਹੜੀ ਨਿਰਸੁਆਰਥ ਹੋਵੇ, ਜਿਹੜੀ ਕਿਸੇ ਦੀ ਪਿੱਠ ਪਿੱਛੇ ਕੀਤੀ ਜਾਵੇ ਅਤੇ ਉਸ ਵਿਅਕਤੀ ਵੱਲੋਂ ਕੀਤੀ ਜਾਵੇ ਜਿਹੜਾ ਆਪ ਸਲਾਹੁਣ ਯੋਗ ਅਤੇ ਪ੍ਰਸ਼ੰਸਾ ਯੋਗ ਹੋਵੇ।

ਬਹੁਤੀਆਂ ਹਾਲਤਾਂ ਵਿਚ ਪ੍ਰਸ਼ੰਸਾ ਕਰਨ ਦਾ ਅਸਲ ਅਤੇ ਛੁਪਿਆ ਹੋਇਆ ਉਦੇਸ਼ ਆਪਣੀ ਪ੍ਰਸ਼ੰਸਾ ਕਰਵਾਉਣਾ ਹੁੰਦਾ ਹੈ।

ਪ੍ਰਸ਼ੰਸਾ ਬੜਾ ਹੀ ਪਤਲਾ ਜਾਲਾ ਹੈ, ਜਿਸ ਵਿਚ ਹਰ ਕੋਈ ਫੱਸ ਜਾਂਦਾ ਹੈ।

ਹਰ ਵਿਅਕਤੀ ਪ੍ਰਸ਼ੰਸਾ ਲਈ ਤਾਂਘ ਰਿਹਾ ਹੈ।

ਅਜੇ ਉਹ ਔਰਤ ਨਹੀਂ ਜੰਮੀ, ਜਿਹੜੀ ਆਪਣੀ ਸੁਭਾਵਿਕ ਸੁੰਦਰਤਾ ਨਾਲ ਸੰਤੁਸ਼ਟ ਹੋਵੇ ਅਤੇ ਜਿਹੜੀ ਆਪਣੀ ਪ੍ਰਸ਼ੰਸਾ ਤੋਂ ਅੱਕ ਗਈ ਹੋਵੇ।

ਲੇਖਕਾਂ ਅਤੇ ਕਵੀਆਂ ਵਿਚ ਪ੍ਰਸ਼ੰਸਾ ਦੀ ਭੁੱਖ ਵਧੇਰੇ ਹੁੰਦੀ ਹੈ।

ਪ੍ਰਸ਼ੰਸਾ ਚੰਗੀ ਹੀ ਤਾਂ ਹੈ ਕਿਉਂਕਿ ਇਹ ਕਦੇ-ਕਦਾਈਂ ਹੀ ਮਿਲਦੀ ਹੈ।

ਪ੍ਰਸ਼ੰਸਾ ਕੀਤੀ ਹੀ ਉਦੋਂ ਜਾ ਸਕਦੀ ਹੈ ਜਦੋਂ ਮਨ ਖੇੜੇ ਵਿਚ ਹੋਵੇ। ਆਮ ਕਰਕੇ ਅਸੀਂ ਉਨ੍ਹਾਂ ਨੂੰ ਪਿਆਰ ਕਰਦੇ ਹਾਂ ਜੋ ਸਾਡੀ ਪ੍ਰਸ਼ੰਸਾ ਕਰਨ ਪਰ ਨਿੰਦਾ ਕਰਨ ਵਾਲਿਆਂ ਦੀ ਗੱਲ ਵਧੇਰੇ ਧਿਆਨ ਨਾਲ ਸੁਣੀ ਜਾਂਦੀ ਹੈ।

ਜਦੋਂ ਕਿਸੇ ਦੀ ਪ੍ਰਸ਼ੰਸਾ ਕੀਤੀ ਜਾਵੇ ਤਾਂ ਭਾਵੇਂ ਉਹ ਵਿਅਕਤੀ ਉਹੋ ਜਿਹਾ ਨਾ ਹੋਵੇ, ਜਿਹੋ ਜਿਹਾ ਉਸ ਨੂੰ ਪ੍ਰਸ਼ੰਸਾ ਰਾਹੀਂ ਦਰਸਾਇਆ ਗਿਆ ਹੋਵੇ ਪਰ ਉਹ ਉਹੋ ਜਿਹਾ ਬਣਨ ਦਾ ਕੁਝ ਯਤਨ ਜ਼ਰੂਰ ਕਰਦਾ ਹੈ।

ਯੋਗ ਪ੍ਰਸ਼ੰਸਾ ਨਾਲ ਅਸੀਂ ਵਧੇਰੇ ਤੱਤਪਰ ਅਤੇ ਕਾਰਜਸ਼ੀਲ ਹੁੰਦੇ ਹਾਂ, ਅਯੋਗ ਪ੍ਰਸ਼ੰਸਾ ਨਾਲ ਅਸੀਂ ਘਮੰਡ ਅਤੇ ਆਡੰਬਰ ਦਾ ਸ਼ਿਕਾਰ ਹੋ ਜਾਂਦੇ ਹਾਂ।

ਸਭ ਤੋਂ ਉੱਚੀ ਕਿਸਮ ਦੀ ਪ੍ਰਸ਼ੰਸਾ ਉਹ ਹੈ ਜਿਸ ਵਿਚ ਅਰਦਾਸ ਵਾਲੀ ਗੰਭੀਰਤਾ ਹੋਵੇ, ਜਿਹੜੀ ਸਾਡੀ ਆਤਮਾ ਨਾਲ ਇਕ-ਸੁਰ ਹੋ ਜਾਵੇ।

ਬਹੁਤੇ ਲੋਕਾਂ ਵਿਚ ਪ੍ਰਸ਼ੰਸਾ ਕਰਨ ਦਾ ਹੁਨਰ ਨਹੀਂ ਹੁੰਦਾ, ਉਹ ਚਾਪਲੂਸੀ ਜਾਂ ਵਿਅੰਗ ਕਰ ਰਹੇ ਹੁੰਦੇ ਹਨ। ਜਿਵੇਂ ਘਿਸਰ ਕੇ ਲੰਘਣ ਵਾਲੇ ਤੋਂ ਸਾਨੂੰ ਪਤਾ ਲੱਗ ਜਾਂਦਾ ਹੈ ਕਿ ਉਹ ਸੁਭਾਵਿਕ ਹੀ ਘਿਸਰ ਗਿਆ ਹੈ ਜਾਂ ਉਸ ਨੇ ਜਾਣ ਕੇ ਅਜਿਹਾ ਕੀਤਾ ਹੈ, ਉਵੇਂ ਹੀ ਪ੍ਰਸ਼ੰਸਾ ਦੀ ਸ਼ਬਦਾਵਲੀ ਤੋਂ ਸਾਨੂੰ ਸਪਸ਼ਟ ਪਤਾ ਲੱਗ ਜਾਂਦਾ ਹੈ ਕਿ ਪ੍ਰਸ਼ੰਸਾ ਸੁਭਾਵਕ ਹੈ ਜਾਂ ਬਨਾਵਟ ਭਰੀ ਨੁਮਾਇਸ਼ ਹੈ।

ਜਦੋਂ ਤੁਸੀਂ ਕੁਝ ਬਣੋਂਗੇ ਤਾਂ ਤੁਹਾਡੇ ਪੈਰੀਂ ਹੱਥ ਲਾਉਣ ਵਾਲੇ ਕਈ ਭਾਣਜੇ, ਭਤੀਜੇ

ਉਪਜ ਪੈਣਗੇ। ਜਦੋਂ ਤੁਸੀਂ ਕਿਸੇ ਅਹੁਦੇ 'ਤੇ ਲੱਗੋਗੇ ਤਾਂ ਕਈ ਅਜਨਬੀ ਤੁਹਾਡੇ ਨਾਲ ਆਪਣੀਆਂ ਰਿਸ਼ਤੇਦਾਰੀਆਂ ਉਸਾਰ ਲੈਣਗੇ।

ਜਿਹੜਾ ਲੋੜ ਨਾਲੋਂ ਵਧੇਰੇ ਅਤੇ ਤੁਹਾਡੇ ਸਾਹਮਣੇ ਪ੍ਰਸ਼ੰਸਾ ਕਰਦਾ ਹੈ, ਉਹ ਤੁਹਾਡੀ ਪਿੱਠ ਪਿਛੇ ਜ਼ਰੂਰ ਤੁਹਾਡੀ ਨਿੰਦਾ ਵੀ ਕਰੇਗਾ।

ਪ੍ਰਸ਼ੰਸਾ, ਸਾਡੇ ਸਮੁੱਚੇ ਵਰਤਾਰੇ ਵਿਚ ਹੋਣੀ ਚਾਹੀਦੀ ਹੈ।

ਉਹ ਪ੍ਰਸ਼ੰਸਾ, ਪ੍ਰਸ਼ੰਸਾ ਨਹੀਂ ਹੁੰਦੀ, ਜਿਹੜੀ ਬੋਲਣੀ ਪਵੇ।

ਜਿਵੇਂ ਘੁੰਡ ਵਿਚਲਾ ਚਿਹਰਾ ਵਧੇਰੇ ਸੁੰਦਰ ਪ੍ਰਤੀਤ ਹੁੰਦਾ ਹੈ, ਉਵੇਂ ਹੀ ਲੁਕੀ ਹੋਈ ਪ੍ਰਸ਼ੰਸਾ ਵਧੇਰੇ ਕਾਰਗਰ ਹੁੰਦੀ ਹੈ।

ਪ੍ਰਸ਼ੰਸਾ ਸੱਚੀ ਉਹ ਹੈ, ਜਿਹੜੀ ਕਰਨ ਲਈ ਅਸੀਂ ਤਰਲੋ-ਮੱਛੀ ਹੋ ਜਾਈਏ ਅਤੇ ਪ੍ਰਸ਼ੰਸਾ ਕਰਨੀ ਸਾਡੀ ਆਪਣੀ ਜ਼ਰੂਰਤ ਬਣ ਜਾਵੇ।

ਜਦੋਂ ਅਸੀਂ ਰੱਬ ਦੀ ਪ੍ਰਸ਼ੰਸਾ ਕਰਦੇ ਹਾਂ, ਉਹ ਪ੍ਰਸ਼ੰਸਾ ਅਰਦਾਸ ਬਣ ਜਾਂਦੀ ਹੈ ਅਤੇ ਸਾਨੂੰ ਆਨੰਦ ਮਿਲਦਾ ਹੈ। ਇਹ ਸਾਡੀ ਆਦਤ ਬਣ ਜਾਂਦੀ ਹੈ ਕਿ ਕਿਸੇ ਦੀ ਪ੍ਰਸ਼ੰਸਾ ਕਰਨ ਲਈ ਅਸੀਂ ਉਹੀ ਉਪਮਾਵਾਂ ਅਤੇ ਵਿਸ਼ੇਸ਼ਣ ਵਰਤ ਲੈਂਦੇ ਹਾਂ, ਜਿਹੜੇ ਆਮ ਕਰਕੇ ਰੱਬ ਲਈ ਵਰਤੇ ਜਾਂਦੇ ਹਨ।

ਸੱਚੀ ਅਤੇ ਸੁੱਚੀ ਪ੍ਰਸ਼ੰਸਾ ਕਰਨੀ ਸਾਡੀ ਮਾਨਸਿਕ ਅਮੀਰੀ ਦਾ ਪ੍ਰਮਾਣ ਹੁੰਦੀ ਹੈ ਪਰ ਇਸ ਪੱਖ ਤੋਂ ਕੋਈ ਕੋਈ ਹੀ ਅਮੀਰ ਹੁੰਦਾ ਹੈ।

ਹਾਕਮਾਂ ਅਤੇ ਅਮੀਰਾਂ ਤੋਂ ਡਰਨ ਵਾਲੇ ਤਾਂ ਅਨੇਕਾਂ ਹੁੰਦੇ ਹਨ ਪਰ ਉਨ੍ਹਾਂ ਦਾ ਪ੍ਰਸ਼ੰਸਕ ਕੋਈ ਨਹੀਂ ਹੁੰਦਾ।

ਡਰ ਕੇ ਕੀਤੀ ਹੋਈ ਪ੍ਰਸ਼ੰਸਾ ਕੋਈ ਅਰਥ ਨਹੀਂ ਰੱਖਦੀ। ਦੂਜੇ ਪਾਸੇ ਮਹਾਨ ਕਾਰਨਾਮਿਆਂ ਦੀ ਪ੍ਰਸ਼ੰਸਾ ਕਰਕੇ ਹੀ ਅਸੀਂ ਉਨ੍ਹਾਂ ਵਿਚ ਸ਼ਾਮਲ ਹੋ ਸਕਦੇ ਹਾਂ।

ਪ੍ਰਸ਼ੰਸਾ, ਅਗਿਆਨਤਾ ਉਤੇ ਆਧਾਰਤ ਨਹੀਂ ਹੋਣੀ ਚਾਹੀਦੀ।

ਮਹਾਨ ਵਿਅਕਤੀ, ਉਨ੍ਹਾਂ ਨੂੰ ਵਕਤ ਬਰਬਾਦ ਕਰਨ ਵਾਲੇ ਸਮਝਦੇ ਹਨ, ਜਿਹੜੇ ਅਗਿਆਨਤਾ ਵਸ ਉਨ੍ਹਾਂ ਦੀ ਪ੍ਰਸ਼ੰਸਾ ਕਰਦੇ ਹਨ।

ਪ੍ਰਸ਼ੰਸਾ ਕਰਨੀ ਬੜੀ ਸੂਝ ਅਤੇ ਸਿਆਣਪ ਵਾਲਾ ਹੁਨਰ ਹੈ।

ਕਿਸੇ ਨੀਚ ਵਿਅਕਤੀ ਦੀ ਸਹਾਇਤਾ ਕਰਨੀ ਪ੍ਰਸ਼ੰਸਾਯੋਗ ਹੈ ਪਰ ਅਜਿਹੇ ਕਿਸੇ ਵਿਅਕਤੀ ਤੋਂ ਪ੍ਰਸ਼ੰਸਾ ਕਰਵਾਉਣੀ ਪ੍ਰਸ਼ੰਸਾਯੋਗ ਨਹੀਂ ਹੁੰਦੀ।

ਕਿਸੇ ਮਾਲਕ ਦੀ ਅਸਲ ਪ੍ਰਸ਼ੰਸਾ ਉਹ ਹੁੰਦੀ ਹੈ, ਜਿਹੜੀ ਮਾਲਕ ਦੀ ਪਿੱਠ ਪਿਛੇ, ਸਭ ਤੋਂ ਘੱਟ ਤਨਖਾਹ ਲੈਣ ਵਾਲਾ ਕਰਮਚਾਰੀ ਕਰੇ।

ਬਹੁਤੇ ਲੋਕ ਕਿਸੇ ਮਹਾਨ ਵਿਅਕਤੀ ਨੂੰ ਸ਼ਰਧਾਂਜਲੀ ਦਿੰਦਿਆਂ ਅਸਲ ਵਿਚ ਆਪਣੀ ਪ੍ਰਸ਼ੰਸਾ ਦੇ ਕਾਰਜ ਵਿਚ ਰੁੱਝ ਜਾਂਦੇ ਹਨ।

ਅਜਿਹੇ ਵਿਅਕਤੀ ਆਪਣੇ ਆਪ ਦੀ ਮਾਲਿਸ਼ ਕਰਨ ਦੇ ਆਦੀ ਹੁੰਦੇ ਹਨ।

ਪ੍ਰਸ਼ੰਸਾ ਅਤੇ ਝੋਲੀ ਚੁੱਕਣ ਵਿਚ ਸੁਹਿਰਦਤਾ ਅਤੇ ਸੁਆਰਥ ਵਾਲਾ ਅੰਤਰ ਹੈ।

ਝੋਲੀ ਚੁੱਕਣ ਵਾਲੇ ਦੇ ਚਿਹਰੇ ਉਤੇ ਬੇਸ਼ਰਮੀ ਦੇ ਅਨੇਕਾਂ ਰੰਗ ਉਭਰਦੇ ਹਨ।

ਅਜਿਹੇ ਵਿਅਕਤੀ ਦਿਨ ਦਿਹਾੜੇ ਡਾਕਾ ਮਾਰਦੇ ਹਨ, ਕਿਉਂਕਿ ਅਜਿਹੇ ਲੋਕ ਮਨੁੱਖੀ ਸਮਾਜ ਨੂੰ ਲੱਗੀ ਸਿਉਂਕ ਹੁੰਦੇ ਹਨ।

ਇਹ ਸਾਡੇ ਉਤੇ ਨਿਰਭਰ ਕਰਦਾ ਹੈ ਕਿ ਅਸੀਂ ਪ੍ਰਸ਼ੰਸਾ ਦੇ ਯੋਗ ਹਾਂ ਜਾਂ ਝੋਲੀ ਚੁੱਕੇ ਜਾਣ ਦੇ। ਝੋਲੀ-ਚੁੱਕ ਸਾਡਾ ਵਿਕਾਸ ਰੋਕ ਦਿੰਦੇ ਹਨ ਅਤੇ ਸਾਡਾ ਕੱਦ ਆਪਣੇ ਕੱਦ ਦੇ ਬਰਾਬਰ ਕਰ ਲੈਂਦੇ ਹਨ।

ਇਵੇਂ ਹੀ ਚਾਪਲੂਸੀ ਕਰਨ ਵਾਲੇ ਹੋਰ ਭਾਵੇਂ ਕੁਝ ਹੋਣ, ਕਿਸੇ ਦੇ ਮਿੱਤਰ ਨਹੀਂ ਹੋ ਸਕਦੇ। ਚਾਪਲੂਸ ਬੰਦ ਦਰਵਾਜ਼ਿਆਂ ਵਿਚੋਂ ਵੀ ਲੰਘ ਜਾਂਦੇ ਹਨ।

ਇਤਿਹਾਸ ਦੇ ਕਈ ਦੁਖਾਂਤ ਝੋਲੀ-ਚੁੱਕਾਂ ਅਤੇ ਚਾਪਲੂਸਾਂ ਦੀ ਦੇਣ ਸਨ।

ਡੂੰਘੀ, ਵਿਸ਼ਾਲ ਅਤੇ ਸਦੀਵੀ ਪ੍ਰਸ਼ੰਸਾ ਉਹ ਖੁਸ਼ੀ ਹੁੰਦੀ ਹੈ ਜਿਹੜੀ ਸਾਨੂੰ ਮਿਹਨਤ ਨਾਲ ਕੀਤੇ ਆਪਣੇ ਕੰਮ ਵਿਚੋਂ ਪ੍ਰਾਪਤ ਹੋਵੇ।

ਕਿਸੇ ਵਿਅਕਤੀ ਵੱਲੋਂ ਕੀਤੀ ਜਾਣ ਵਾਲੀ ਪ੍ਰਸ਼ੰਸਾ ਦਾ ਮੁੱਲ, ਉਸ ਵੱਲੋਂ ਆਪਣੇ ਕੰਮ ਪ੍ਰਤਿ ਸੁਹਿਰਦਤਾ ਦੇ ਅਨੁਪਾਤ ਵਿਚ ਹੁੰਦਾ ਹੈ।

ਜਿਵੇਂ ਪਛਾਵੇਂ ਨਾਲ ਕਿਸੇ ਵਿਅਕਤੀ ਦਾ ਅਸਲ ਕੱਦ ਨਾ ਵੱਧਦਾ ਹੈ ਨਾ ਘੱਟਦਾ ਹੈ, ਉਵੇਂ ਹੀ ਆਪਣੇ ਕੰਮ ਵਿਚੋਂ ਪ੍ਰਸੰਨਤਾ ਪ੍ਰਾਪਤ ਕਰਨ ਵਾਲੇ ਵਿਅਕਤੀ, ਕਿਸੇ ਦੀ ਪ੍ਰਸ਼ੰਸਾ ਜਾਂ ਨਿੰਦਾ ਦੀ ਪ੍ਰਵਾਹ ਨਹੀਂ ਕਰਦੇ।

ਪ੍ਰਸ਼ੰਸਾ, ਬਹਾਦਰੀ ਅਤੇ ਤਿਆਗ ਦੇ ਜਜ਼ਬੇ ਵਿਚੋਂ ਉਪਜਦੀ ਹੈ।

ਬਹਾਦਰੀ, ਸ਼ਖ਼ਸੀਅਤ ਦਾ ਉਹ ਲੱਛਣ ਹੁੰਦਾ ਹੈ, ਜਿਸ ਦੀ ਦੁਸ਼ਮਣ ਵੀ ਪ੍ਰਸ਼ੰਸਾ ਕਰਦਾ ਹੈ। ਬਹਾਦਰ ਸਦਾ ਪ੍ਰਸੰਨ ਹੁੰਦੇ ਹਨ ਅਤੇ ਪ੍ਰਸੰਨਤਾ ਮਨ ਦੀ ਅਮੀਰੀ ਹੁੰਦੀ ਹੈ, ਜਿਹੜੀ ਉਹ ਕੰਮ ਕਰਦਿਆਂ ਮਿਲਦੀ ਹੈ, ਜਿਸ ਨੂੰ ਕਰਨ ਦੀ ਮਜਬੂਰੀ ਨਹੀਂ ਹੁੰਦੀ ਪਰ ਫਿਰ ਵੀ ਉਸ ਨੂੰ ਪ੍ਰਸੰਨ-ਚਿਤ ਨਾਲ ਕੀਤਾ ਜਾਂਦਾ ਹੈ।

ਪ੍ਰਸ਼ੰਸਾਯੋਗ ਬਹਾਦਰ ਵਿਅਕਤੀ ਉਹ ਹੁੰਦਾ ਹੈ, ਜਿਹੜਾ ਨਿਹੱਥੇ ਬਹਾਦਰ-ਦੁਸ਼ਮਣ ਨੂੰ ਜੰਗ ਦੇ ਮੈਦਾਨ ਵਿਚ ਆਪਣੀ ਤਲਵਾਰ ਉਧਾਰੀ ਦੇ ਦੇਵੇ।

ਉਹ ਵਿਅਕਤੀ ਪ੍ਰਸ਼ੰਸਾਯੋਗ ਹੁੰਦਾ ਹੈ, ਜਿਸ ਦੀ ਹਾਜ਼ਰੀ ਵਿਚ ਸਾਨੂੰ ਆਪਣਾ ਆਪ ਚੰਗਾ ਲਗੇ ਅਤੇ ਜਿਸ ਨੂੰ ਵੇਖ ਕੇ, ਮਿਲ ਕੇ ਸਾਡੀਆਂ ਸਾਰੀਆਂ ਭੁੱਖਾਂ ਮਿੱਟ ਜਾਣ।

ਕੀ ਤੁਸੀਂ ਪ੍ਰਸ਼ੰਸਾਯੋਗ ਹੋ?

❂❂❂

- ਸੁੰਦਰਤਾ ਦਾ ਪ੍ਰਭਾਵ ਅੰਸ਼ਾਂ ਵਿਚ ਨਹੀਂ, ਸਮੁੱਚਤਾ ਵਿਚ ਪੈਂਦਾ ਹੈ।
- ਦੋਸਤ ਵਿੱਛੜ ਕੇ ਦੁੱਖ ਦਿੰਦੇ ਹਨ, ਦੁਸ਼ਮਣ ਮਿਲ ਕੇ ਦੁੱਖ ਦਿੰਦੇ ਹਨ।
- ਇਸਤਰੀ ਜਦੋਂ ਰੁੱਸਦੀ ਹੈ, ਮਨਾਏ ਜਾਣ ਦੀ ਸੰਭਾਵਨਾ ਰੱਖ ਕੇ ਰੁੱਸਦੀ ਹੈ।
- ਦੀਵਾਨੇ ਭੋਗੀ ਹੁੰਦੇ ਹਨ, ਪ੍ਰੇਮੀ ਤਿਆਗੀ ਹੁੰਦੇ ਹਨ।
- ਬੱਚਿਆ ਦਾ ਡਾਕਟਰ, ਮਾਂਵਾਂ ਵਿਚ ਬੜਾ ਹਰਮਨ ਪਿਆਰਾ ਹੁੰਦਾ ਹੈ।
- ਅੱਖਾਂ, ਸਾਡੇ ਦਿਮਾਗ ਦਾ ਨੰਗਾ ਭਾਗ ਹੁੰਦੀਆਂ ਹਨ।
- ਸਭ ਪ੍ਰਕਾਰ ਦੇ ਸੰਜਮ, ਖਾਣ ਦੇ ਸੰਜਮ ਨਾਲ ਆਰੰਭ ਹੁੰਦੇ ਹਨ।
- ਜਿਨ੍ਹਾਂ ਨੂੰ ਰੋਣਾ ਨਹੀਂ ਆਉਂਦਾ, ਉਹ ਬੜੇ ਜ਼ਾਲਮ ਹੁੰਦੇ ਹਨ।
- ਦੁਸ਼ਮਣ ਚੁਣਨ ਲਗਿਆ, ਮਨਮਾਨੀ ਨਹੀਂ ਕੀਤੀ ਜਾ ਸਕਦੀ।
- ਹਾਸਾ ਆਜ਼ਾਦੀ ਵਿਚੋ ਉਪਜਦਾ ਹੈ ਅਤੇ ਆਜ਼ਾਦੀ ਉਪਜਾਉਂਦਾ ਹੈ।
- ਕਾਹਲੀ ਨਾਲ ਕੀਤੇ ਵਿਆਹ ਦਾ ਸਾਰੀ ਉਮਰ ਪਛਤਾਵਾ ਰਹਿੰਦਾ ਹੈ।
- ਭੁੱਖੇ ਮੁੱਨਖ ਕੋਲ ਰੋਟੀ ਰਾੜ੍ਹਣ ਜਾਂ ਆਲੂ ਛਿੱਲਣ ਦਾ ਸਬਰ ਨਹੀਂ ਹੁੰਦਾ।
- ਘੱਟ ਖਾਧੇ, ਘੱਟ ਸੁਤੇ, ਘੱਟ ਬੋਲੇ ਦਾ ਕਦੇ ਪਛਤਾਵਾ ਨਹੀ ਹੁੰਦਾ।
- ਹਾਰਨ ਵਾਲੇ ਨੂੰ ਕੋਈ ਨਹੀਂ ਸੁਣਦਾ।
- ਪ੍ਰੇਮੀ ਆਪਣੇ ਆਪ ਨੂੰ ਰੱਬ ਦਾ ਰਿਸ਼ਤੇਦਾਰ ਸਮਝਦੇ ਹਨ।
- ਫਲ, ਕੁਦਰਤ ਦੀਆਂ ਮਠਿਆਈਆਂ ਹਨ।
- ਬੇਕਾਬੂ ਹੋਈ ਭੈੜੀ ਆਦਤ ਨੂੰ ਐਬ ਕਹਿੰਦੇ ਹਨ।
- ਇਤਿਹਾਸ ਦੇ ਕਈ ਦੁਖਾਂਤ ਭੋਲੀ-ਚੁੱਕਾਂ ਦੀ ਦੇਣ ਹੁੰਦੇ ਹਨ।
- ਸਾਰੇ ਇਨਕਲਾਬ, ਬੱਚਿਆਂ ਨੂੰ ਸਮਰਪਿਤ ਹੁੰਦੇ ਹਨ।
- ਦੁੱਖ ਹੀ ਸੁੱਖਾਂ ਦੇ ਅਰਥ ਨਿਰਧਾਰਿਤ ਕਰਦੇ ਹਨ।
- ਕਈ ਰਿਸ਼ਤਿਆਂ ਵਿਚ ਕੇਵਲ ਮੂਰਖਤਾ ਦੀ ਸਾਂਝ ਹੁੰਦੀ ਹੈ।

unistarbooks.com

UNISTAR BOOKS PVT. LTD.
INDIA
Chandigarh : 26-27 Top Floor, Sector 34A
Ph.: +91-172-5077427, 5077428, 5089761
Ludhiana : Punjabi Bhawan • +9198154 71219

ISBN 81-7142-923-8
9788171429233
Rs. 100/-